# ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਦਾ ਆਲੋਚਨਾਤਮਕ ਅਧਿਐਨ

**SIKH ITYHAS NAAL SAMBANDHIT NATKAN DA ALOCHNATMAK ADHIYAN**

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ
ਆਰਟਸ ਫ਼ੈਕਲਟੀ ਅਧੀਨ ਪੀ-ਐਚ.ਡੀ.
ਦੀ ਡਿਗਰੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**

2011

ਖੋਜਾਰਥੀ
ਰਮੇਸ਼ ਸਿੰਘ

**ਗੁਰੂ ਨਾਨਕ ਸਿੱਖ ਅਧਿਐਨ ਵਿਭਾਗ**
**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**

# ਤਤਕਰਾ


ਪੰਨਾ ਨੰ:

ਭੂਮਿਕਾ 3-8

ਅਧਿਆਇ ਪਹਿਲਾ 9-63

ਇਤਿਹਾਸਕ ਨਾਟਕ ਅਤੇ ਪੰਜਾਬੀ ਇਤਿਹਾਸਕ ਨਾਟਕ

ੳ. ਇਤਿਹਾਸਕ ਨਾਟਕ : ਪਰਿਭਾਸ਼ਾ ਤੇ ਸਰੂਪ

ਅ. ਇਤਿਹਾਸਕ ਨਾਟਕ : ਨਾਟ-ਸੰਗਠਨ

ੲ. ਸਿੱਖ ਇਤਿਹਾਸਕ ਨਾਟਕ : ਇਕ ਸਰਵੇਖਣ

ਸ. ਸਿੱਖ ਇਤਿਹਾਸਕ ਨਾਟਕ : ਨਾਟ-ਸੰਗਠਨ

ਅਧਿਆਇ ਦੂਜਾ 64-162

ਸਿੱਖ ਇਤਿਹਾਸ ਨਾਲ ਸੰਬੰਧਿਤ ਪੰਜਾਬੀ ਨਾਟਕਾਂ ਦਾ ਆਲੋਚਨਾਤਮਕ ਅਧਿਐਨ

ੳ. ਗੁਰੂ ਸਾਹਿਬਾਨ ਨਾਲ ਸੰਬੰਧਿਤ ਨਾਟਕ

1. ਸ੍ਰੀ ਗੁਰੂ ਨਾਨਕ ਦੇਵ ਨਾਲ ਸੰਬੰਧਿਤ ਨਾਟਕ

2. ਸ੍ਰੀ ਗੁਰੂ ਅਰਜਨ ਦੇਵ ਨਾਲ ਸੰਬੰਧਿਤ ਨਾਟਕ

3. ਸ੍ਰੀ ਗੁਰੂ ਤੇਗ ਬਹਾਦਰ ਨਾਲ ਸੰਬੰਧਿਤ ਨਾਟਕ

4. ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਨਾਟਕ

ਅ. ਸਿੱਖ ਨਾਇਕ/ਨਾਇਕਾਵਾਂ ਨਾਲ ਸੰਬੰਧਿਤ ਨਾਟਕ

1. ਬੰਦਾ ਬਹਾਦਰ ਨਾਲ ਸੰਬੰਧਿਤ ਨਾਟਕ

2. ਮਹਾਰਾਜਾ ਰਣਜੀਤ ਸਿੰਘ ਨਾਲ ਸੰਬੰਧਿਤ ਨਾਟਕ

3. ਜੱਸਾ ਸਿੰਘ ਆਹਲੂਵਾਲੀਆ ਨਾਲ ਸੰਬੰਧਿਤ ਨਾਟਕ

ੲ. ਸਿੱਖ ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ/ਲਹਿਰਾਂ ਨਾਲ ਸੰਬੰਧਿਤ ਨਾਟਕ

ਸ. ਸਿੱਖ ਇਤਿਹਾਸ ਤੋਂ ਪ੍ਰੇਰਿਤ ਸੁਤੰਤਰਤਾ ਸੰਗਰਾਮ ਨਾਲ ਸੰਬੰਧਿਤ ਨਾਟਕ

ਅਧਿਆਇ ਤੀਜਾ 163-255

**ਗੁਰੂ ਸਾਹਿਬਾਨ ਨਾਲ ਸੰਬੰਧਿਤ ਪ੍ਰਮੁੱਖ ਨਾਟਕਾਂ ਦਾ ਆਲੋਚਨਾਤਮਕ ਅਧਿਐਨ**

ੳ. **ਗੁਰ ਬਿਨ ਘੋਰ ਅੰਧਾਰ** (ਸ੍ਰੀ ਗੁਰੂ ਨਾਨਕ ਦੇਵ ਨਾਲ ਸੰਬੰਧਿਤ ਨਾਟਕ) ਸੁਰਜੀਤ ਸਿੰਘ ਸੇਠੀ

ਅ. **ਤੱਤੀ ਤਵੀ ਦਾ ਸੱਚ** (ਸ੍ਰੀ ਗੁਰੂ ਅਰਜਨ ਦੇਵ ਨਾਲ ਸੰਬੰਧਿਤ ਨਾਟਕ) ਆਤਮਜੀਤ

ੲ. **ਚਮਕੌਰ ਦੀ ਗੜ੍ਹੀ** (ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਨਾਟਕ) ਹਰਚਰਨ ਸਿੰਘ

ਅਧਿਆਇ ਚੌਥਾ 256-289

**ਸਿੱਖ ਨਾਇਕਾਂ ਨਾਲ ਸੰਬੰਧਿਤ ਪ੍ਰਮੁੱਖ ਨਾਟਕਾਂ ਦਾ ਆਲੋਚਨਾਤਮਕ ਅਧਿਐਨ**

ੳ. ਬੰਦਾ ਬਹਾਦਰ ਨਾਲ ਸੰਬੰਧਿਤ ਸੰਤ ਸਿੰਘ ਸੇਖੋਂ ਦੁਆਰਾ ਰਚਿਤ ਨਾਟਕ **ਬੰਦਾ ਬਹਾਦਰ**

ਅ. ਮਹਾਰਾਜਾ ਰਣਜੀਤ ਸਿੰਘ ਨਾਲ ਸੰਬੰਧਿਤ ਸਤੀਸ਼ ਕੁਮਾਰ ਵਰਮਾ ਦੁਆਰਾ ਰਚਿਤ ਨਾਟਕ **ਲੋਕ ਮਨਾਂ ਦਾ ਰਾਜ਼ਾ**

ਅਧਿਆਇ ਪੰਜਵਾਂ 290-301

**ਸਥਾਪਨਾਵਾਂ ਤੇ ਸਿੱਟੇ**

**ਪੁਸਤਕ-ਸੂਚੀ** 302-316

# ਭੂਮਿਕਾ

ਨਾਟਕ ਸਾਹਿਤ ਦਾ ਇਕ ਅਜਿਹਾ ਰੂਪ ਹੈ ਜੋ ਜ਼ਿੰਦਗੀ ਦੇ ਯਥਾਰਥ ਦੇ ਸਭ ਤੋਂ ਨੇੜੇ ਹੈ। ਇਹ ਦੁੱਖ-ਸੁੱਖ ਦੇ ਪ੍ਰਭਾਵ ਹੇਠਾਂ ਲੋਕਾਂ ਦੇ ਵਿਵਹਾਰਾਂ ਦਾ ਇਸ਼ਾਰਿਆਂ ਰਾਹੀਂ ਅਭਿਨੈ ਹੈ। ਇਸ ਨੂੰ ਸਾਮੂਹਿਕ ਕਲਾ ਵੀ ਕਿਹਾ ਗਿਆ ਹੈ। ਇਸ ਨੂੰ ਰੰਗਮੰਚ ਦੇ ਅਨੁਕੂਲ ਹੋਣਾ ਜ਼ਰੂਰੀ ਮੰਨਿਆ ਗਿਆ ਹੈ ਕਿਉਂਕਿ ਇਹ ਸੁਹਜ ਸੁਆਦ ਦੇਣ ਤੋਂ ਦੇ ਨਾਲ ਨਾਲ ਸਮਾਜ ਦੀ ਰਹਿਨੁਮਾਈ ਦੀ ਭੂਮਿਕਾ ਵੀ ਨਿਭਾਉਂਦਾ ਹੈ। ਇਸ ਤਰ੍ਹਾਂ ਨਾਟਕ ਮਨੁੱਖੀ ਜੀਵਨ ਦੀ ਕਲਾਤਮਕ ਪੇਸ਼ਕਾਰੀ ਕਰਦਾ ਹੈ ਕਿਉਂਕਿ ਇਹ ਇਕ ਜੀਵੰਤ ਸਾਹਿਤ ਰੂਪ ਅਤੇ ਪ੍ਰਦਰਸ਼ਿਤ ਕਲਾ ਹੈ, ਜਿਸ ਨੂੰ ਪੜ੍ਹਿਆ, ਦੇਖਿਆ ਅਤੇ ਮਾਣਿਆ ਹੀ ਨਹੀਂ ਸਗੋਂ ਮਾਨਸਿਕ ਤੌਰ ਤੇ ਹੰਢਾਇਆ ਵੀ ਜਾਂਦਾ ਹੈ। ਇਸ ਲਈ ਮਨੁੱਖੀ ਜੀਵਨ ਦਾ ਇਸ ਸਾਕਰਾਤਮਕ ਸਾਹਿਤ-ਰੂਪ ਨਾਲ ਬੜਾ ਨੇੜਲਾ ਸੰਬੰਧ ਹੈ।

ਮਨੁੱਖੀ ਜੀਵਨ ਨੂੰ ਜਿੱਥੇ ਸਮਾਜਿਕ, ਆਰਥਿਕ, ਰਾਜਨੀਤਿਕ ਇਤਿਹਾਸਕ ਅਤੇ ਹੋਰ ਕਈ ਪਹਿਲੂਆਂ ਨੇ ਪ੍ਰਭਾਵਿਤ ਕੀਤਾ ਹੈ ਉੱਥੇ ਵਿਭਿੰਨ ਧਰਮਾਂ ਨੇ ਵੀ ਇਸ ਨੂੰ ਹਰ ਯੁੱਗ ਵਿਚ ਵਿਆਪਕ ਰੂਪ ਵਿਚ ਪ੍ਰਭਾਵਿਤ ਕੀਤਾ ਹੈ। ਇਸ ਲਈ ਲਗਪਗ ਹਰ ਧਰਮ ਨਾਲ ਸੰਬੰਧ ਰੱਖਣ ਵਾਲੇ ਨਾਟਕਕਾਰਾਂ ਨੇ ਆਪਣੇ ਧਾਰਮਿਕ ਆਗੂਆਂ ਦੀਆਂ ਜੀਵਨ ਘਟਨਾਵਾਂ, ਧਾਰਮਿਕ ਸਿਧਾਂਤਾਂ ਤੇ ਜੀਵਨ ਅਨੁਭਵਾਂ ਨੂੰ ਆਧਾਰ ਬਣਾ ਕੇ ਨਾਟਕਾਂ ਦੀ ਰਚਨਾ ਕੀਤੀ ਹੈ। ਇਸੇ ਲਈ ਸੰਸਾਰ ਦੇ ਨਾਟ-ਇਤਿਹਾਸ ਵਿਚ ਧਰਮ ਅਤੇ ਨਾਟਕ ਦਾ ਅਨਿਖੜਵਾਂ

ਸੰਬੰਧ ਰਿਹਾ ਹੈ। ਨਾਟਕ ਕਲਾ ਦੇ ਇਤਿਹਾਸ ਤੇ ਝਾਤੀ ਮਾਰਨ ਉਤੇ ਪਤਾ ਲੱਗਦਾ ਹੈ ਕਿ ਸੰਸਾਰ ਦੇ ਸਾਰੇ ਦੇਸ਼ਾਂ ਵਿਚ ਨਾਟਕ ਕਲਾ ਦਾ ਆਰੰਭ ਧਰਮ ਤੋਂ ਹੀ ਹੋਇਆ ਹੈ ਜਾਂ ਫਿਰ ਧਰਮ ਨਾਲ ਇਸ ਦਾ ਨੇੜੇ ਦਾ ਸੰਬੰਧ ਰਿਹਾ ਹੈ। ਇਸ ਤਰ੍ਹਾਂ ਧਾਰਮਿਕ ਨਾਟਕ ਇਕ ਅਜਿਹਾ ਨਾਟ-ਰੂਪ ਹੈ ਜਿਸ ਵਿਚ ਕਿਸੇ ਧਰਮ ਦੀਆਂ ਧਾਰਮਿਕ ਸ਼ਖ਼ਸੀਅਤਾਂ ਦੀਆਂ ਜੀਵਨ ਘਟਨਾਵਾਂ ਪੇਸ਼ ਕੀਤੀਆਂ ਗਈਆਂ ਹੋਣ, ਧਾਰਮਿਕ ਸਿਧਾਂਤਾਂ ਦਾ ਪ੍ਰਚਾਰ ਕੀਤਾ ਗਿਆ ਹੋਵੇ ਜਾਂ ਫਿਰ ਧਾਰਮਿਕ ਅਨੁਭਵਾਂ ਦੀ ਗੱਲ ਕੀਤੀ ਗਈ ਹੋਵੇ। ਇਨ੍ਹਾਂ ਧਾਰਮਿਕ ਨਾਟਕਾਂ ਵਿਚ ਰੂਹਾਨੀ ਕਦਰਾਂ ਕੀਮਤਾਂ ਦੀ ਗੱਲ ਵੀ ਕੀਤੀ ਗਈ ਹੁੰਦੀ ਹੈ।

ਉਪਰੋਕਤ ਦੀ ਲੋਅ ਵਿਚ ਸਪਸ਼ਟ ਹੈ ਕਿ ਪੰਜਾਬੀ ਧਾਰਮਿਕ ਨਾਟਕ ਮੂਲ ਰੂਪ ਵਿਚ ਵਧੇਰੇ ਕਰਕੇ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕ ਹੀ ਹੋਵੇਗਾ। ਮੇਰੇ ਖੋਜ-ਪ੍ਰਬੰਧ ਦਾ ਵਿਸ਼ਾ ਵੀ 'ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਦਾ ਆਲੋਚਨਾਤਮਕ ਅਧਿਐਨ' ਹੈ। ਪੰਜਾਬੀ ਨਾਟਕ ਦੇ ਆਲੋਚਕਾਂ ਨੇ ਅਜੇ ਤੱਕ ਪੰਜਾਬੀ ਇਤਿਹਾਸਕ ਨਾਟਕਾਂ ਦਾ ਨਾਟਕੀ ਨਜ਼ਰੀਏ ਤੋਂ ਅਧਿਐਨ ਨਹੀਂ ਕੀਤਾ। ਉਨ੍ਹਾਂ ਸਾਹਮਣੇ ਇਤਿਹਾਸ ਇਕ ਤੱਥ ਦੇ ਰੂਪ ਵਿਚ ਹੀ ਦ੍ਰਿਸ਼ਟੀਗੋਚਰ ਹੋਇਆ ਹੈ। ਇਸ ਲਈ ਪੰਜਾਬੀ ਇਤਿਹਾਸਕ ਨਾਟਕ ਸੰਬੰਧੀ ਇਤਿਹਾਸ ਦੇ ਪ੍ਰਸੰਗ ਵਿਚ ਕੇਵਲ ਵਿਅਕਤੀਗਤ ਰੂਪ ਵਿਚ ਹੀ ਚਰਚਾ ਹੋਈ ਹੈ। ਸਮੁੱਚੇ ਤੌਰ 'ਤੇ ਇਤਿਹਾਸਕ ਨਾਟਕ ਵਿਸ਼ੇਸ਼ ਕਰ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਉਤੇ ਅਜੇ ਡੂੰਘਾ ਅਧਿਐਨ ਹੋਣਾ ਬਾਕੀ ਹੈ। ਪ੍ਰਸਤੁਤ ਕਾਰਜ ਇਸ ਦ੍ਰਿਸ਼ਟੀ ਤੋਂ ਆਪਣੀ ਪ੍ਰਾਸੰਗਿਕਤਾ ਗ੍ਰਹਿਣ ਕਰਦਾ

ਹੈ। ਇਸ ਸੰਦਰਭ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਦਾ ਆਲੋਚਨਾਤਮਕ ਅਧਿਐਨ ਹੋਰ ਵੀ ਡੂੰਘੇ ਅਰਥ ਗ੍ਰਹਿਣ ਕਰਦਾ ਹੈ। ਪੰਜਾਬੀ ਵਿਚ ਸਿੱਖ ਇਤਿਹਾਸਕ ਨਾਟਕ ਲਿਖਣ ਦੀ ਪਿਰਤ ਭਾਈ ਵੀਰ ਸਿੰਘ ਨੇ ਆਪਣੇ ਨਾਟਕ 'ਰਾਜਾ ਲੱਖਦਾਤਾ ਸਿੰਘ' ਨਾਲ ਪਾਈ ਹੈ ਤੇ ਇਸ ਨੂੰ ਅੱਗੇ ਤੋਰਨ ਵਿਚ ਐਸ.ਐਸ.ਅਮੋਲ, ਸੰਤ ਸਿੰਘ ਸੇਖੋਂ, ਹਰਚਰਨ ਸਿੰਘ, ਬਲਵੰਤ ਗਾਰਗੀ, ਪਾਂਧੀ ਨਨਕਾਣਵੀ, ਗੁਰਦਿਆਲ ਸਿੰਘ ਫੁੱਲ, ਸੁਰਜੀਤ ਸਿੰਘ ਸੇਠੀ, ਆਤਮਜੀਤ, ਸਤੀਸ਼ ਕੁਮਾਰ ਵਰਮਾ ਆਦਿ ਨਾਟਕਕਾਰਾਂ ਨੇ ਪੂਰਨ ਯੋਗਦਾਨ ਪਾਇਆ ਹੈ। ਪ੍ਰਸਤੁਤ ਖੋਜ ਕਾਰਜ ਇਸ ਸਾਰੇ ਨਾਟ-ਸਾਹਿਤ ਦਾ ਆਲੋਚਨਾਤਮਕ ਅਧਿਐਨ ਕਰਨ ਹਿਤ ਕਾਰਜਸ਼ੀਲ ਹੈ। ਇਸ ਅਧਿਐਨ ਲਈ ਖੋਜ-ਪ੍ਰਬੰਧ ਵਿਚ ਮੁੱਖ ਤੌਰ ਤੇ ਪੰਜ ਅਧਿਆਇ ਬਣਾਏ ਗਏ ਹਨ।

ਖੋਜ-ਪ੍ਰਬੰਧ ਦੇ ਪਹਿਲੇ ਅਧਿਆਇ 'ਇਤਿਹਾਸਕ ਨਾਟਕ ਅਤੇ ਪੰਜਾਬੀ ਇਤਿਹਾਸਕ ਨਾਟਕ' ਵਿਚ ਇਤਿਹਾਸਕ ਨਾਟਕ ਦੀ ਪਰਿਭਾਸ਼ਾ ਤੇ ਸਰੂਪ, ਇਤਿਹਾਸਕ ਨਾਟਕ ਦਾ ਨਾਟ-ਸੰਗਠਨ, ਸਿੱਖ ਇਤਿਹਾਸਕ ਨਾਟਕ ਦੇ ਸਰਵੇਖਣ ਅਤੇ ਸਿੱਖ ਇਤਿਹਾਸਕ ਨਾਟਕਾਂ ਦੇ ਨਾਟ-ਸੰਗਠਨ ਸੰਬੰਧੀ ਅਧਿਐਨ ਕੀਤਾ ਗਿਆ ਹੈ। ਦੂਜੇ ਅਧਿਆਇ ਵਿਚ 'ਸਿੱਖ ਇਤਿਹਾਸ ਨਾਲ ਸੰਬੰਧਿਤ ਪੰਜਾਬੀ ਨਾਟਕਾਂ ਦਾ ਆਲੋਚਨਾਤਮਕ ਅਧਿਐਨ' ਕੀਤਾ ਗਿਆ ਹੈ। ਅਧਿਐਨ ਦੀ ਸਖ਼ੈਨਤਾ ਲਈ ਇਸ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਗੁਰੂ ਸਾਹਿਬਾਨ ਨਾਲ ਸੰਬੰਧਿਤ ਨਾਟਕ ਲਏ ਗਏ ਹਨ ਜਿਨ੍ਹਾਂ ਵਿਚ ਸ੍ਰੀ ਗੁਰੂ ਨਾਨਕ ਦੇਵ, ਸ੍ਰੀ ਗੁਰੂ ਅਰਜਨ ਦੇਵ, ਸ੍ਰੀ ਗੁਰੂ ਤੇਗ਼ ਬਹਾਦਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਨਾਟਕ ਲਏ

ਗਏ ਹਨ। ਇਸੇ ਤਰ੍ਹਾਂ ਦੂਜੇ ਭਾਗ ਵਿਚ ਸਿੱਖ ਨਾਇਕ/ਨਾਇਕਾਵਾਂ ਨਾਲ ਸੰਬੰਧਿਤ ਨਾਟਕ ਲਏ ਗਏ ਹਨ ਜਿਨ੍ਹਾਂ ਵਿਚ ਬੰਦਾ ਬਹਾਦਰ, ਮਹਾਰਾਜਾ ਰਣਜੀਤ ਸਿੰਘ ਅਤੇ ਜੱਸਾ ਸਿੰਘ ਆਹਲੂਵਾਲੀਆ ਨਾਲ ਸੰਬੰਧਿਤ ਨਾਟਕ ਲਏ ਗਏ ਹਨ। ਇਸੇ ਤਰ੍ਹਾਂ ਤੀਜੇ ਭਾਗ ਵਿਚ ਸਿੱਖ ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ/ਲਹਿਰਾਂ ਨਾਲ ਸੰਬੰਧਿਤ ਨਾਟਕ ਲਏ ਗਏ ਹਨ ਤੇ ਇਸ ਅਧਿਆਇ ਦੇ ਚੌਥੇ ਭਾਗ ਵਿਚ ਸਿੱਖ ਇਤਿਹਾਸ ਤੋਂ ਪ੍ਰੇਰਿਤ ਸੁਤੰਤਰਤਾ ਸੰਗਰਾਮ ਨਾਲ ਸੰਬੰਧਿਤ ਨਾਟਕਾਂ ਦਾ ਆਲੋਚਨਾਤਮਕ ਅਧਿਐਨ ਕੀਤਾ ਗਿਆ ਹੈ।

ਖੋਜ-ਪ੍ਰਬੰਧ ਦੇ ਤੀਜੇ ਅਧਿਆਇ ਗੁਰੂ ਸਾਹਿਬਾਨ ਨਾਲ ਸੰਬੰਧਿਤ ਪ੍ਰਮੁੱਖ ਨਾਟਕਾਂ ਦਾ ਆਲੋਚਨਾਤਮਕ ਅਧਿਐਨ ਦੇ ਅੰਤਰਗਤ ਸੁਰਜੀਤ ਸਿੰਘ ਸੇਠੀ ਰਚਿਤ 'ਗੁਰ ਬਿਨ ਘੋਰ ਅੰਧਾਰ', ਆਤਮਜੀਤ ਰਚਿਤ 'ਤੱਤੀ ਤਵੀ ਦਾ ਸੱਚ' ਅਤੇ ਹਰਚਰਨ ਸਿੰਘ ਰਚਿਤ 'ਚਮਕੌਰ ਦੀ ਗੜ੍ਹੀ' ਨਾਟਕਾਂ ਦਾ ਦੀਰਘ ਅਧਿਐਨ ਕੀਤਾ ਗਿਆ ਹੈ।

ਖੋਜ-ਪ੍ਰਬੰਧ ਦੇ ਚੌਥੇ ਅਧਿਆਇ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਦਾ ਆਲੋਚਨਾਤਮਕ ਅਧਿਐਨ ਕੀਤਾ ਗਿਆ ਹੈ। ਇਸ ਵਿਚ ਸੰਤ ਸਿੰਘ ਸੇਖੋਂ ਰਚਿਤ,' ਬੰਦਾ ਬਹਾਦਰ' (ਬੰਦਾ ਬਹਾਦਰ ਨਾਲ ਸੰਬੰਧਿਤ ਨਾਟਕ) ਤੇ ਸਤੀਸ਼ ਕੁਮਾਰ ਵਰਮਾ ਰਚਿਤ 'ਲੋਕ ਮਨਾਂ ਦਾ ਰਾਜਾ' (ਮਹਾਰਾਜਾ ਰਣਜੀਤ ਸਿੰਘ ਨਾਲ ਸੰਬੰਧਿਤ ਨਾਟਕਾਂ ਦਾ ਆਲੋਚਨਾਤਮਕ ਅਧਿਐਨ ਕੀਤਾ ਗਿਆ ਹੈ ਕਿਉਂਕਿ ਇਹ ਦੋਵੇਂ ਨਾਟਕ ਸਿੱਖ ਇਤਿਹਾਸ ਦੇ ਪ੍ਰਮੁੱਖ ਨਾਇਕਾਂ ਦੀ ਤਰਜਮਾਨੀ ਕਰਦੇ ਹਨ।

ਉਪਰੋਕਤ ਅਧਿਐਨ ਉਪਰੰਤ ਪੰਜਵੇਂ ਅਤੇ ਅੰਤਿਮ ਅਧਿਆਇ ਵਿਚ ਸਥਾਪਨਾਵਾਂ ਤੇ ਸਿੱਟਿਆਂ ਦੇ ਰੂਪ ਵਿਚ ਅਧਿਐਨ ਦੇ ਕੇਂਦਰੀ ਨੁਕਤਿਆਂ ਦਾ ਵਰਨਣ ਕੀਤਾ ਗਿਆ ਹੈ। ਅੰਤ ਵਿਚ ਉਨ੍ਹਾਂ ਪੁਸਤਕਾਂ ਦੀ ਸੂਚੀ ਦਿੱਤੀ ਗਈ ਹੈ ਜੋ ਕਿਸੇ ਨਾ ਕਿਸੇ ਰੂਪ ਵਿਚ ਇਸ ਖੋਜ-ਕਾਰਜ ਲਈ ਸਹਾਈ ਹੋਈਆਂ ਹਨ। ਪੁਸਤਕ-ਸੂਚੀ ਵਿਚ ਨਾਂ ਭਾਰਤੀ ਪਰੰਪਰਾ ਅਨੁਸਾਰ ਲਿਖੇ ਗਏ ਹਨ ਭਾਵ ਪਹਿਲਾਂ ਲੇਖਕ ਦਾ ਨਾਂ ਅਤੇ ਬਾਅਦ ਵਿਚ ਉਪ ਨਾਮ ਦਿੱਤਾ ਗਿਆ ਹੈ। ਪੰਜਾਬੀ ਜਗਤ ਵਿਚ ਸ਼ਬਦ-ਜੋੜਾਂ ਦੀਆਂ ਵਿਭਿੰਨਤਾਵਾਂ ਦੇ ਮੱਦੇਨਜ਼ਰ ਉਹ ਸ਼ਬਦ-ਜੋੜ ਵਰਤੇ ਗਏ ਹਨ ਜਿਹੜੇ ਅਧਿਕਤਰ ਰੂਪ ਵਿਚ ਪ੍ਰਵਾਨ ਹੋਏ ਹਨ।

ਮੈਂ ਉਨ੍ਹਾਂ ਸਭ ਵਿਦਵਾਨਾਂ, ਸਨੇਹੀਆਂ ਦਾ ਧੰਨਵਾਦੀ ਹਾਂ ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਖੋਜ-ਕਾਰਜ ਸੰਪੂਰਨ ਹੋ ਸਕਿਆ ਹੈ। ਆਪਣੇ ਨਿਗਰਾਨ ਪ੍ਰੋਫ਼ੈਸਰ ਜਸਪਾਲ ਕੌਰ ਕਾਂਗ, ਚੇਅਰਪਰਸਨ, ਗੁਰੂ ਨਾਨਕ ਸਿੱਖ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਅਤੇ ਸਹਿ ਨਿਗਰਾਨ ਪ੍ਰੋਫ਼ੈਸਰ ਸਤੀਸ਼ ਕੁਮਾਰ ਵਰਮਾ, ਪ੍ਰੋਫ਼ੈਸਰ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦੀ ਹਾਂ, ਜਿਨ੍ਹਾਂ ਨੇ ਮੈਨੂੰ ਸਮੇਂ ਸਮੇਂ ਉਤੇ ਅਗਵਾਈ ਦੇ ਕੇ ਮੇਰੇ ਖੋਜ-ਕਾਰਜ ਨੂੰ ਮੁਕੰਮਲ ਕਰਨ ਵਿਚ ਮੇਰੀ ਸਹਾਇਤਾ ਕੀਤੀ। ਪਿਤਾ ਸ੍ਰੀ ਕਾਲਾ ਸਿੰਘ ਤੇ ਮਾਤਾ ਸ੍ਰੀਮਤੀ ਮਾਇਆ ਬਾਈ ਨੇ ਵੀ ਹਮੇਸ਼ਾ ਮੈਨੂੰ ਇਹ ਖੋਜ-ਕਾਰਜ ਕਰਨ ਲਈ ਉਤਸ਼ਾਹਿਤ ਕੀਤਾ ਹੈ। ਮੈਨੂੰ ਨਾਲ ਨਾਲ ਆਪਣੀ ਪਤਨੀ ਬਲਜੀਤ ਕੌਰ, ਬੇਟੇ ਗੁਰਵਿੰਦਰ ਸਿੰਘ ਤੇ ਬੇਟੀ ਪ੍ਰਿੰਯਕਾ ਦਾ ਵੀ ਇਸ ਖੋਜ ਕਾਰਜ ਦੇ

ਦੌਰਾਨ ਪੂਰਾ ਸਹਿਯੋਗ ਪ੍ਰਾਪਤ ਹੋਇਆ ਹੈ। ਇਸ ਤੋਂ ਇਲਾਵਾ ਮੈਂ ਆਪਣੇ ਗੁਰਭਾਈ ਗੁਰਸੇਵਕ ਲੰਬੀ, ਮਿੱਤਰ ਸੀ.ਪੀ. ਕੰਬੋਜ, ਅਤੇ ਕਮਲ ਕੰਪਿਊਟਰ ਦੇ ਅਵਤਾਰ ਸਿੰਘ ਦਾ ਧੰਨਵਾਦੀ ਹਾਂ ਜਿਨ੍ਹਾਂ ਸਦਕਾ ਮੈਂ ਇਹ ਖੋਜ-ਪ੍ਰਬੰਧ ਮੁਕੰਮਲ ਕਰ ਸਕਿਆ ਹਾਂ।

ਅੰਤ ਵਿਚ ਬੜੀ ਨਿਮਰਤਾ ਸਹਿਤ ਮੈਂ ਇਸ ਖੋਜ-ਕਾਰਜ ਨੂੰ ਵਿਦਵਾਨਾਂ ਤੇ ਪਾਠਕਾਂ ਦੀ ਨਜ਼ਰ ਕਰਦਾ ਹਾਂ।

ਰਮੇਸ਼ ਸਿੰਘ
(ਰਮੇਸ਼ ਸਿੰਘ)
26-9-11

ਅਧਿਆਇ ਪਹਿਲਾ

# ਇਤਿਹਾਸਕ ਨਾਟਕ ਅਤੇ ਪੰਜਾਬੀ ਇਤਿਹਾਸਕ ਨਾਟਕ

# ਇਤਿਹਾਸਕ ਨਾਟਕ ਅਤੇ ਪੰਜਾਬੀ ਇਤਿਹਾਸਕ ਨਾਟਕ

## ੳ. ਇਤਿਹਾਸਕ ਨਾਟਕ : ਪਰਿਭਾਸ਼ਾ ਤੇ ਸਰੂਪ

ਦੁਨੀਆਂ ਇੱਕ ਰੰਗਮੰਚ ਹੈ। ਇੱਥੇ ਜਿਹੜਾ ਵੀ ਪ੍ਰਾਣੀ ਆਉਂਦਾ ਹੈ, ਆਪਣਾ ਆਪਣਾ ਰੋਲ ਨਿਭਾ ਕੇ ਚਲਾ ਜਾਂਦਾ ਹੈ। ਜਿਹੜਾ ਵਿਅਕਤੀ ਚੰਗਾ ਰੋਲ ਅਦਾ ਕਰਦਾ ਹੈ ਉਸ ਨੂੰ ਚੰਗੇ ਅਤੇ ਜਿਹੜਾ ਮਾੜਾ ਰੋਲ ਅਦਾ ਕਰਦਾ ਹੈ ਉਸ ਨੂੰ ਮਾੜੇ ਰੋਲ ਨਾਲ ਯਾਦ ਕੀਤਾ ਜਾਂਦਾ ਹੈ। ਸਮਾਜ ਦੇ ਪ੍ਰਾਣੀਆਂ ਵਿਚ ਕਈ ਅਜਿਹੀਆਂ ਸ਼ਖ਼ਸੀਅਤਾਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ ਜਿਨ੍ਹਾਂ ਦੇ ਕਾਰਨਾਮਿਆਂ ਨੂੰ ਲੋਕ ਸਦੀਆਂ ਤਕ ਯਾਦ ਰੱਖਦੇ ਹਨ। ਉਨ੍ਹਾਂ ਦੇ ਇਹ ਤਤਕਾਲੀ ਕਾਰਨਾਮੇ ਇਤਿਹਾਸ ਬਣ ਜਾਂਦੇ ਹਨ। ਇਸ ਇਤਿਹਾਸ ਨੂੰ ਸਾਹਿਤਕਾਰ ਵੱਖ ਵੱਖ ਰੂਪ ਦਿੰਦੇ ਹਨ। ਇਨ੍ਹਾਂ ਸਾਹਿਤ-ਰੂਪਾਂ ਵਿਚ ਇੱਕ ਰੂਪ ਨਾਟਕ ਹੈ ਜਿਸ ਵਿਚ ਸੰਵਾਦ, ਕਲਾਤਮਕ ਕ੍ਰਿਆਵਾਂ ਤੇ ਸੰਗੀਤ ਸ਼ਾਮਲ ਹੁੰਦਾ ਹੈ। ਭਰਤ ਮੁਨੀ ਦਾ ਨਾਟਯ ਸ਼ਾਸਤਰ, ਜਿਸ ਨੂੰ ਅਸੀਂ ਪੰਜਵਾਂ ਵੇਦ ਕਹਿੰਦੇ ਹਾਂ, ਵਿਚ ਦੱਸਿਆ ਗਿਆ ਹੈ ਕਿ ਨਾਟਕ ਦੀ ਰਚਨਾ ਬ੍ਰਹਮਾ ਤੋਂ ਹੋਈ ਹੈ। ਭਰਤ ਮੁਨੀ ਦੇ ਕਥਨ ਅਨੁਸਾਰ, ਸੰਸਾਰੀ ਲੋਕਾਂ ਦੇ ਸੁੱਖ-ਦੁੱਖ ਦੀ ਕਹਾਣੀ ਅਤੇ ਲੋਕਾਂ ਦੇ ਸੁਝਾਵਾਂ ਦਾ ਵਰਣਨ ਜਿੱਥੇ ਅਭਿਨੈ ਦੇ ਭਿੰਨ ਭਿੰਨ ਅੰਗਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ, ਉਸ (ਅਭਿਨੈ ਪ੍ਰਧਾਨ ਕਹਾਣੀ) ਨੂੰ ਨਾਟਯ ਕਿਹਾ ਜਾਂਦਾ ਹੈ।[1] ਨਾਟਯ ਦੁੱਖ-ਸੁੱਖ ਦੇ ਪ੍ਰਭਾਵ ਹੇਠਾਂ ਲੋਕਾਂ ਦੇ ਵਿਵਹਾਰਾਂ ਦਾ ਇਸ਼ਾਰਿਆਂ ਰਾਹੀਂ ਅਭਿਨੈ ਹੈ। ਇਹ ਅਭਿਨੈ ਨਕਲ ਹੈ ਲੇਕਿਨ ਇਹ ਨਕਲ ਕਲਾਤਮਕ ਹੈ ਜਿਹੜੀ ਲੋਕਾਂ ਦੇ ਵਿਵਹਾਰਾਂ ਅਤੇ ਮਨੋਭਾਵਾਂ ਨੂੰ ਕਾਲਪਨਿਕ ਅਨੁਭਵ ਰਾਹੀਂ ਪੇਸ਼ ਕਰਦੀ ਹੈ।

ਨਾਟਕ ਦੇ ਕਈ ਪ੍ਰਕਾਰ ਹਨ। ਇਕ ਪ੍ਰਕਾਰ ਇਤਿਹਾਸਕ ਨਾਟਕ ਹੈ। ਇਤਿਹਾਸਕ ਨਾਟਕ ਉਹ ਹੁੰਦੇ ਹਨ ਜਿਸ ਵਿਚ ਬੀਤੇ ਇਤਿਹਾਸ ਦਾ ਵਰਣਨ ਹੋਵੇ। ਲੇਕਿਨ ਇਤਿਹਾਸਕ ਨਾਟਕ ਵਿਚ ਇਤਿਹਾਸਕ ਘਟਨਾਵਾਂ ਨੂੰ ਹੂ-ਬ-ਹੂ ਪੇਸ਼ ਨਹੀਂ ਕੀਤਾ ਜਾਂਦਾ, ਸਗੋਂ ਉਨ੍ਹਾਂ ਦਾ ਰੂਪਾਂਤਰਣ ਕਰਕੇ ਪੇਸ਼ ਕੀਤਾ ਜਾਂਦਾ ਹੈ।

ਅਸਲ ਵਿਚ ਨਾਟਕ ਸਾਹਿਤ ਦਾ ਇਕ ਅਜਿਹਾ ਰੂਪ ਹੈ ਜੋ ਜ਼ਿੰਦਗੀ ਦੇ ਯਥਾਰਥ ਦੇ ਸਭ ਤੋਂ ਨੇੜੇ ਹੈ। ਇਸ ਨੂੰ ਸਮੂਹਿਕ ਕਲਾ ਵੀ ਕਿਹਾ ਗਿਆ ਹੈ। ਪੱਛਮੀ ਵਿਦਵਾਨਾਂ ਵਿਚੋਂ ਮੁੱਢਲਾ ਚਿੰਤਕ ਅਰਸਤੂ ਹੈ ਜਿਸ ਨੇ ਨਾਟਕ ਨੂੰ ਸਿੱਧਿਆਂ ਪਰਿਭਾਸ਼ਿਤ ਨਹੀਂ ਕੀਤਾ ਪਰ ਉਹ ਨਾਟਕ ਨੂੰ ਅਨੁਕਰਣ ਆਖਦਾ ਹੈ। ਉਸ ਅਨੁਸਾਰ ਤ੍ਰਾਸਦੀ (ਦੁਖਾਂਤ ਨਾਟਕ) ਕਾਰਜ ਦਾ ਅਨੁਭਵ ਹੈ ਜਿਹੜਾ ਗੰਭੀਰ ਸੰਪੂਰਨ ਤੇ ਖਾਸ ਆਕਾਰ ਦਾ ਹੁੰਦਾ ਹੈ ਤੇ ਬੋਲੀ ਹਰ ਭਾਂਤ ਦੇ ਕਲਾਤਮਕ ਗਹਿਣਿਆਂ ਨਾਲ ਸ਼ਿੰਗਾਰੀ ਹੁੰਦੀ ਹੈ।ਨਾਟਕ ਦੇ ਵੱਖ ਵੱਖ ਹਿੱਸਿਆਂ ਵਿਚ ਕਈ ਭਾਂਤ ਦੇ ਵਰਨ ਨਹੀਂ, ਕਾਰਜ ਹੁੰਦੇ ਹਨ, ਜਿਹੜੇ ਤਰਸ ਤੇ ਡਰ ਉਪਜਾ ਕੇ ਵਾਧੂ ਭਾਵਾਂ ਦਾ ਅਸਲੀ ਨਿਕਾਸ ਕਰਦੇ ਹਨ।

ਨਾਟਕ ਦੀ ਵਿਧਾ ਦੇ ਪ੍ਰਸੰਗ ਵਿਚ ਇਤਿਹਾਸਕ ਨਾਟਕ ਵੀ ਅਰਥ ਗ੍ਰਹਿਣ ਕਰਦਾ ਹੈ। ਲੇਕਿਨ ਇਤਿਹਾਸਕ ਨਾਟਕ ਦੀ ਪਰਿਭਾਸ਼ਾ ਤੇ ਸਰੂਪ ਨੂੰ ਜਾਣਨ ਤੋਂ ਪਹਿਲਾਂ ਇਤਿਹਾਸ ਕੀ ਹੈ, ਬਾਰੇ ਜਾਣਨਾ ਜ਼ਰੂਰੀ ਹੈ ਕਿਉਂਕਿ ਇਤਿਹਾਸਕ ਨਾਟਕ ਦੀ ਆਧਾਰ-ਭੂਮੀ ਵਿਚ ਇਤਿਹਾਸ ਪਿਆ ਹੁੰਦਾ ਹੈ। ਇਤਿਹਾਸ ਇੱਕ ਅਜਿਹੇ ਬੋਹੜ ਦੇ ਦਰੱਖਤ ਦੀ ਤਰ੍ਹਾਂ ਹੈ ਜੋ ਸਮੇਂ ਤੇ ਸਥਾਨ ਉੱਤੇ ਵਿਜੇ ਪਾ ਕੇ ਸੰਘਣੀ ਛਾਂ ਦੇਣ ਵਾਲੇ ਪੱਤਿਆਂ ਵਿਚਕਾਰ ਤ੍ਰੇਲ ਦੇ

ਤੁਪਕੇ ਸਾਂਭ ਕੇ ਰੱਖਦਾ ਹੈ ਤਾਂ ਜੋ ਲੂੰਹਦੀ ਧੁੱਪ ਵਿਚ ਸੜ ਕੇ ਆਏ ਆਸਰਾ ਲੈਣ ਵਾਲੇ ਮੁਸਾਫ਼ਰਾਂ ਨੂੰ ਠੰਡਕ ਪ੍ਰਦਾਨ ਕਰੇ। ਅਸਲ ਵਿਚ ਇਤਿਹਾਸ ਭੂਤ ਕਾਲੀਨ ਲੋਕਾਂ ਦਾ ਕਾਲਕ੍ਰਮ ਅਨੁਸਾਰ ਕੀਤਾ ਸੰਗ੍ਰਹਿ ਹੈ ਕਿਉਂਕਿ ਸਾਹਿਤ ਦਾ ਸੰਬੰਧ ਸਮਾਜ ਨਾਲ ਹੁੰਦਾ ਹੈ ਇਸ ਪ੍ਰਕਾਰ ਸਾਹਿਤ ਕੁਝ ਵਿਸ਼ੇਸ਼ ਲੋਕਾਂ ਦਾ ਜਾਂ ਸਾਧਾਰਨ ਲੋਕਾਂ ਦਾ ਕਲਪਨਾ ਤੋਂ ਪ੍ਰਭਾਵਿਤ ਇਤਿਹਾਸ ਹੀ ਹੁੰਦਾ ਹੈ, ਨਾਟਕ ਸਾਹਿਤ ਦਾ ਹੀ ਇੱਕ ਮਹੱਤਵਪੂਰਨ ਅੰਗ ਹੈ। ਇਸ ਲਈ ਨਾਟਕ ਅਤੇ ਇਤਿਹਾਸ ਦਾ ਡੂੰਘਾ ਸੰਬੰਧ ਹੈ। ਇਸੇ ਪ੍ਰਸੰਗ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੇ ਇਤਿਹਾਸ ਅਤੇ ਸਿੱਖ ਧਰਮ ਦਾ ਗੂੜ੍ਹਾ ਰਿਸ਼ਤਾ ਹੈ। ਪੰਜਾਬ ਦਾ ਇਤਿਹਾਸ ਸਿਰਜਣ ਵਾਲੇ ਹੀ ਪੰਜਾਬੀ ਯੋਧੇ ਹੋਏ ਹਨ। ਇਹ ਦੁਸ਼ਮਣ ਦਾ ਟਾਕਰਾ ਤਾਂ ਕਰਨਾ ਜਾਣਦੇ ਹਨ ਪਰੰਤੂ ਜਬਰ ਤੇ ਜ਼ੁਲਮ ਅੱਗੇ ਝੁਕਣਾ ਨਹੀਂ, ਜਿਸ ਕਾਰਨ ਪੰਜਾਬ ਰੰਗਭੂਮੀ ਘੱਟ ਪਰ ਰਣਭੂਮੀ ਵੱਧ ਰਿਹਾ ਹੈ। ਇੱਥੇ ਨੇਜ਼ਿਆਂ, ਤੀਰਾਂ ਤੇ ਤਲਵਾਰਾਂ ਵੇਖ ਕੇ ਲੋਕਾਂ ਨੇ ਤਾੜੀਆਂ ਨਹੀਂ ਵਜਾਈਆਂ ਸਗੋਂ ਦੁਸ਼ਮਣ ਦਾ ਟਾਕਰਾ ਸੀਨੇ ਤਾਣ ਕੇ ਕੀਤਾ ਹੈ। ਇੱਥੇ ਜੀਵਨ ਨਾਲ ਜੂਝ ਰਿਹਾ ਪਾਤਰ ਅਭਿਨੈ ਕਰਨ ਵਾਸਤੇ ਨਹੀਂ ਉਠਿਆ ਸਗੋਂ ਆਪਣੇ ਸਾਥੀਆਂ ਨੂੰ ਸੱਚੀ-ਸੁੱਚੀ ਸੂਰਬੀਰਤਾ ਦੀ ਖੇਡ ਨਿਡਰ ਹੋ ਕੇ ਖੇਡਣ ਦੀ ਜਾਂਚ ਦੱਸ ਗਿਆ ਹੈ। ਸਿੱਖ ਪਾਤਰਾਂ ਨੇ ਜਦ ਪਹਿਲੀ ਵਾਰ ਮੰਚ ਤੇ ਪ੍ਰਵੇਸ਼ ਕੀਤਾ ਤਾਂ ਮਰਦਾਨੇ ਰਬਾਬੀ ਨੇ ਉਨ੍ਹਾਂ ਦੀ ਪੈਰ-ਚਾਲ ਨੂੰ ਸੰਗੀਤ ਦੇ ਤਾਲ ਨਾਲ ਜੋੜ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ਾਲ ਕਲਪਨਾ ਵਾਲੇ ਸੂਤਰਧਾਰ ਨੇ ਪੰਜ ਸਿੱਖਾਂ ਦੀ ਕਾਇਆ ਪਲਟ ਕੇ ਜਦੋਂ ਉਨ੍ਹਾਂ ਨੂੰ ਸਿੰਘ ਸਾਜਿਆ ਤਾਂ ਦਰਸ਼ਕ ਇਸ

ਸੂਰਬੀਰਤਾ ਭਰਪੂਰ ਨਾਟਕ ਨੂੰ ਵੇਖ ਕੇ ਮੰਤਰ ਮੁਗਧ ਹੋ ਗਏ। ਇਸ ਮਹਾਨ ਨਾਟ ਨੇ ਪੰਜਾਬ ਦੇ ਇਤਿਹਾਸ ਦਾ ਮੂੰਹ ਮੋੜ ਦਿੱਤਾ।[2]

ਧਰਮ ਅਤੇ ਨਾਟ-ਇਤਿਹਾਸ ਦਾ ਆਪਸੀ ਰਿਸ਼ਤਾ ਚਿਰਾਂ ਤੋਂ ਚੱਲਿਆ ਆ ਰਿਹਾ ਹੈ। ਇਸ ਨੂੰ ਅਲੱਗ ਨਹੀਂ ਕੀਤਾ ਜਾ ਸਕਦਾ ਕਿਉਂਕਿ ਨਾਟਕ ਉਤਨਾ ਹੀ ਪੁਰਾਣਾ ਹੈ ਜਿਤਨਾ ਮਨੁੱਖੀ ਇਤਿਹਾਸ। ਮਨੁੱਖ ਨੇ ਜਦੋਂ ਅਜੇ ਬੋਲਣਾ ਨਹੀਂ ਸਿੱਖਿਆ ਸੀ ਤਾਂ ਉਦੋਂ ਤੋਂ ਹੀ ਉਸ ਨੇ ਆਪਣੇ ਆਂਗਿਕ ਇਸ਼ਾਰਿਆਂ ਰਾਹੀਂ ਇੱਕ ਦੂਜੇ ਨੂੰ ਆਪਣੇ ਹਿਰਦੇ ਵਿਚੋਂ ਉਠਦੇ ਮਨੋਭਾਵਾਂ ਨੂੰ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ। ਇਉਂ ਨਾਟਕ ਦਾ ਅਸਲੀ ਰੂਪ ਹੈ ਨਾਚ ਗਾਣਿਆਂ ਰਾਹੀਂ ਅਭਿਨੈ ਕਰਨਾ ਤੇ ਇਹ ਭਾਰਤ ਦੇ ਪ੍ਰਾਚੀਨ ਮੰਦਰਾਂ ਦੀਆਂ ਦੀਵਾਰਾਂ ਤੇ ਬਣੇ ਹੋਏ ਅਨੇਕਾਂ ਚਿੱਤਰ ਇਸ ਗੱਲ ਦੀ ਗਵਾਹੀ ਦੇ ਰਹੇ ਹਨ ਕਿ ਧਰਮ ਤੇ ਨਾਟਕ ਦਾ ਆਪਸੀ ਰਿਸ਼ਤਾ ਮੁੱਢ ਕਦੀਮ ਤੋਂ ਚੱਲਿਆ ਆ ਰਿਹਾ ਹੈ। ਲਿਹਾਜ਼ਾ ਨਾਟ ਕਲਾ ਧਾਰਮਿਕ ਮੰਦਰਾਂ ਵਿਚੋਂ ਉਤਪੰਨ ਹੋਈ ਤੇ ਅੱਜ ਰੰਗਮੰਚ ਤੇ ਪਹੁੰਚ ਕੇ ਵਿਕਸਿਤ ਹੋ ਰਹੀ ਹੈ। ਨਾਟਕ ਤੇ ਧਰਮ ਦੇ ਸੰਬੰਧਾਂ ਬਾਰੇ ਗੱਲਬਾਤ ਕਰਦੇ ਹੋਏ ਨਾਟਕਕਾਰ ਡਾ. ਹਰਚਰਨ ਸਿੰਘ ਕਹਿੰਦੇ ਹਨ ਕਿ, ਆਰੰਭ ਵਿਚ ਨਾਟਕ ਧਰਮ ਦਾ ਹੀ ਇੱਕ ਅੰਗ ਸੀ। ਮੁੱਢਲੇ ਕਾਲ ਦੇ ਯੂਨਾਨੀ ਨਾਟਕ ਧਰਮ ਨਾਲ ਪੂਰੀ ਤਰ੍ਹਾਂ ਸੰਬੰਧਿਤ ਸਨ। ਸਦੀਆਂ ਤੋਂ ਬਾਅਦ ਹੀ ਉਨ੍ਹਾਂ ਨੂੰ ਮੰਦਿਰਾਂ ਤੋਂ ਬਾਹਰ ਨਿਕਲ ਕੇ ਲੌਕਿਕ ਰੂਪ ਧਾਰਨ ਕਰਨਾ ਪਿਆ।[3]

ਨਾਟਕ ਕਲਾ ਦੇ ਇਤਿਹਾਸ ਨੂੰ ਖੋਜਣ ਤੇ ਪਤਾ ਲੱਗਦਾ ਹੈ ਕਿ ਦੁਨੀਆਂ ਦੇ ਸਾਰੇ ਹੀ ਦੇਸ਼ਾਂ ਵਿਚ ਨਾਟਕ ਕਲਾ ਦੀ ਸ਼ੁਰੂਆਤ ਧਰਮ ਤੋਂ ਹੀ ਹੋਈ। ਸੰਸਾਰ ਦੀਆਂ ਦੋ ਪ੍ਰਾਚੀਨਤਮ ਨਾਟ-ਪਰੰਪਰਾਵਾਂ ਯੂਨਾਨੀ ਤੇ ਭਾਰਤੀ

ਭਾਵ ਸੰਸਕ੍ਰਿਤ ਹਨ। ਇਨ੍ਹਾਂ ਦੋਹਾਂ ਹੀ ਨਾਟ-ਪਰੰਪਰਾਵਾਂ ਦਾ ਨਿਕਾਸ ਤੇ ਵਿਕਾਸ ਧਰਮ ਨਾਲ ਜੁੜਿਆ ਹੋਇਆ ਹੈ। ਇਹ ਦੋਵੇਂ ਹੀ ਨਾਟ-ਪਰੰਪਰਾਵਾਂ ਇਤਿਹਾਸ ਤੇ ਮਿਥਿਹਾਸ ਨਾਲ ਭਰੀਆਂ ਪਈਆਂ ਹਨ। ਯੂਨਾਨੀ ਨਾਟਕ ਦੀ ਉਤਪਤੀ ਬਾਰੇ ਮਿੱਥ ਹੈ ਕਿ ਡਾਇਓਨੀਸੀਅਸ ਆਪਣੇ ਪਿਤਾ ਦਾ ਲਾਡਲਾ ਸੀ। ਉਸ ਦੀ ਮਤਰੇਈ ਮਾਂ ਨੂੰ ਡਾਇਓਨੀਸੀਅਸ ਦੇ ਇਕੱਲੇ ਵਾਰਸ ਹੋਣ ਤੋਂ ਘਿਰਣਾ ਸੀ। ਇਸ ਲਈ ਉਸ ਨੇ ਡਾਇਓਨੀਸੀਅਸ ਦੀ ਮੌਤ ਵਾਸਤੇ ਦੂਤਾਂ ਨੂੰ ਭੇਜਿਆ। ਡਾਇਓਨੀਸੀਅਸ ਦੇ ਪਿਤਾ ਨੂੰ ਜਦ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਨੇ ਆਪਣੀ ਸ਼ਕਤੀ ਨਾਲ ਆਪਣੇ ਪੁੱਤਰ ਡਾਇਓਨੀਸੀਅਸ ਨੂੰ ਪਹਿਲਾਂ ਬੱਕਰਾ ਤੇ ਫੇਰ ਬਲਦ ਬਣਾ ਦਿੱਤਾ। ਪਰ ਦੂਤਾਂ ਨੇ ਉਸ ਨੂੰ ਫੜ ਕੇ ਮਾਰ ਦਿੱਤਾ। ਖ਼ੁਸ਼ਕਿਸਮਤੀ ਨਾਲ ਉਸ ਦੀ ਆਪਣੀ ਮਾਂ ਨੇ ਉਸ ਦੀ ਆਤਮਾ ਬਚਾ ਕੇ ਪਿਉ ਪਾਸ ਭੇਜ ਦਿੱਤੀ। ਪਿਤਾ ਨੇ ਉਹ ਸੈਮਲੀ ਨਾਮੀ ਸੁੰਦਰੀ ਨੂੰ ਦੇ ਦਿੱਤੀ ਜਿਸ ਨੇ ਡਾਇਓਨੀਸੀਅਸ ਨੂੰ ਆਪਣੇ ਗਰਭ ਵਿਚ ਪਾਲ ਕੇ ਪੁਨਰ-ਜਨਮ ਦਿੱਤਾ। ਡਾਇਓਨੀਸੀਅਸ ਦੀ ਇਹ ਸ਼ਹੀਦੀ ਅਤੇ ਪੁਨਰ-ਜਨਮ ਯੂਨਾਨੀਆਂ ਵਿਚ ਧਰਮ ਉਪਾਸ਼ਨਾ ਅਤੇ ਸਭਿਆਚਾਰ ਲਈ ਬੜੀਆਂ ਅਹਿਮ ਤੇ ਗੰਭੀਰ ਘਟਨਾਵਾਂ ਬਣ ਗਈਆਂ। ਯੂਨਾਨੀ ਨਾਟਕ ਦਾ ਮੰਤਵ ਕਿਉਂਕਿ ਧਾਰਮਿਕ ਉਪਾਸ਼ਨਾ ਹੀ ਸਮਝਿਆ ਜਾਂਦਾ ਸੀ, ਇਸੇ ਲਈ ਨਾਟਕ ਡਾਇਓਨੀਸੀਅਸ ਦੇਵਤਾ ਦੇ ਪੂਜਾ ਘਰ ਵਿਚ ਖੇਡਿਆ ਜਾਂਦਾ ਸੀ। ਡਾ. ਤਿਰਲੋਚਨ ਸਿੰਘ ਅਨੁਸਾਰ, ਜਿਵੇਂ ਸਿੱਖ ਆਪਣੇ ਰੋਜ਼ਾਨਾ ਅਰਦਾਸੇ ਵਿਚ ਆਪਣੇ ਸ਼ਹੀਦਾਂ ਨੂੰ ਯਾਦ ਕਰਦੇ ਹਨ ਤਿਵੇਂ ਹੀ ਡਾਇਓਨੀਸੀਅਸ ਦੀ ਸ਼ਹੀਦੀ ਯੂਨਾਨੀਆਂ ਦੀ ਪੂਜਾ, ਉਨ੍ਹਾਂ ਦੇ ਗੀਤ, ਉਨ੍ਹਾਂ

ਦੀਆਂ ਧਾਰਮਿਕ ਰਸਮਾਂ, ਉਨ੍ਹਾਂ ਦੇ ਤਿਉਹਾਰਾਂ ਦਾ ਧਰਮ ਜ਼ਰੂਰੀ ਅੰਗ ਬਣ ਗਿਆ।[4]

ਯੂਨਾਨ ਵਾਂਗ ਭਾਵੇਂ ਚੀਨੀ ਸਾਹਿਤ ਦਾ ਧਰਮ ਨਾਲ ਪਰੋਖ ਅਤੇ ਵਿਲੱਖਣ ਸੰਬੰਧ ਤਾਂ ਨਹੀਂ ਹੈ ਪਰ ਆਮ ਕਰਕੇ ਇਨ੍ਹਾਂ ਨਾਟਕਾਂ ਦੇ ਸ਼ਹਿਨਸ਼ਾਹ, ਰਾਜ ਕੁਮਾਰ, ਵਜ਼ੀਰ ਅਤੇ ਮਸ਼ਹੂਰ ਜਰਨੈਲ ਹੀ ਹੁੰਦੇ ਸਨ ਪਰ ਪੂਜਾ ਕਰਨ ਵਾਲੇ ਤੱਤ ਇਨ੍ਹਾਂ ਨਾਟਕਾਂ ਵਿਚ ਵੀ ਮੌਜੂਦ ਸਨ। ਮੱਧਕਾਲ ਦੇ ਅੰਗਰੇਜ਼ੀ ਸਾਹਿਤ ਵਿਚ ਤਾਂ ਮਿਰੇਕਲ ਤੇ ਮੋਰੈਲਟੀ ਨਾਟਕਾਂ ਦੀ ਹੀ ਭਰਮਾਰ ਰਹੀ ਹੈ। ਇਨ੍ਹਾਂ ਦਾ ਆਸ਼ਾ ਵੀ ਧਰਮ ਵਾਂਗ ਸਦਾਚਾਰ ਤੇ ਉਪਦੇਸ਼ਾਤਮਕ ਰਿਹਾ ਹੈ। ਭਾਰਤ ਵਿਚ ਕਲਾ ਦੀ ਰੀਤ ਬਹੁਤ ਪੁਰਾਣੀ ਹੈ। ਇਹ ਇਤਿਹਾਸ ਤੇ ਮਿਥਿਹਾਸ ਦਾ ਮਿਲਗੋਭਾ ਹੈ। ਇਸ ਨਾਟਕ ਕਲਾ ਦੇ ਦੋ ਮੱਤ ਹਨ। ਇੱਕ ਮੱਤ ਅਨੁਸਾਰ ਭਾਰਤ ਵਿਚ ਨਾਟਕ ਕਲਾ ਦਾ ਆਰੰਭ ਧਰਮ ਤੋਂ ਹੋਇਆ ਹੈ। ਦੂਜੇ ਮੱਤ ਅਨੁਸਾਰ ਭਾਰਤ ਵਿਚ ਨਾਟ-ਕਲਾ ਦਾ ਆਰੰਭ ਲੋਕ ਰੁਚੀਆਂ ਤੋਂ ਹੋਇਆ ਮੰਨਿਆ ਜਾਂਦਾ ਹੈ। ਇਨ੍ਹਾਂ ਨਾਟਕਾਂ ਦਾ ਸੰਬੰਧ ਭਾਰਤ ਵਿਚ ਰਿਗਵੇਦ ਤੋਂ ਚੱਲਿਆ ਆ ਰਿਹਾ ਹੈ। ਉਸ ਸਮੇਂ ਦੇ ਵਿਚਾਰ ਅਨੁਸਾਰ ਵੀ ਨਾਟਕ ਕਲਾ ਦਾ ਆਰੰਭ ਧਾਰਮਿਕ ਸੋਮੇ ਤੋਂ ਹੋਇਆ ਮੰਨਿਆ ਜਾਂਦਾ ਹੈ। ਭਾਰਤੀ ਪਰੰਪਰਾ ਦੀ ਹਰ ਇਕ ਕਲਾ ਨੂੰ ਧਾਰਮਿਕਤਾ ਨਾਲ ਜੋੜ ਕੇ ਬ੍ਰਹਮਾ ਦੀ ਪੈਦਾ ਕੀਤੀ ਹੋਈ ਤੇ ਦੇਵ ਲੋਕ ਵਿਚੋਂ ਆਈ ਦੱਸਣਾ ਸੰਸਕ੍ਰਿਤੀਆਂ ਦੀ ਆਮ ਰੁਚੀ ਰਹੀ ਹੈ। ਕਿਹਾ ਜਾਂਦਾ ਹੈ ਕਿ ਜਦੋਂ ਸ੍ਰਿਸ਼ਟੀ ਸਤਿਯੁਗ ਅਤੇ ਦੁਆਪਰ ਲੰਘ ਕੇ ਤਰੇਤੇ ਯੁਗ ਵਿਚ ਆਈ ਤਾਂ ਲੋਕ ਵਿਸ਼ੇ ਵਿਕਾਰਾਂ ਵਿਚ ਲੀਨ ਹੋ ਚੁੱਕੇ ਸਨ ਤਾਂ ਇੰਦਰ ਦੇਵਤੇ ਨੇ ਬ੍ਰਹਮਾ ਕੋਲ ਜਾ ਕੇ ਅਰਜ਼ ਗੁਜ਼ਾਰੀ :

ਉਦੋਂ ਦੇਵਤਿਆਂ ਦੇ ਰਾਜੇ ਇੰਦਰ ਨੇ ਬ੍ਰਹਮਾ ਨੂੰ ਬੇਨਤੀ ਕੀਤੀ ਕਿ ਸਾਨੂੰ ਇਹੋ ਜਿਹਾ 'ਖਿਡੌਣਾ' ਦਿਉ ਜਿਹੜਾ ਅੱਖਾਂ ਅਤੇ ਕੰਨਾਂ, ਦੋਹਾਂ ਇੰਦਰੀਆਂ ਨੂੰ ਸੁਖ ਦੇਵੇ। ਸ਼ੂਦਰ ਆਦਿ ਨੂੰ ਚਾਰ ਵੇਦ ਸੁਣਾਏ ਵੀ ਨਹੀ ਜਾ ਸਕਦੇ, ਇਸ ਲਈ ਪੰਜਵੇਂ (ਵੇਦ) ਦੀ ਰਚਨਾ ਕਰੋ। ਇਸ ਲਈ ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੋਣਾ ਚਾਹੀਦਾ।[5]

ਵੇਦਾਂ ਦਾ ਭਾਰਤੀ ਸੰਸਕ੍ਰਿਤੀ ਅਤੇ ਹਿੰਦੂ ਧਰਮ ਨਾਲ ਵਿਸ਼ੇਸ਼ ਸੰਬੰਧ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਦੁਨੀਆਂ ਦੇ ਬਾਕੀ ਦੇਸ਼ਾਂ ਵਾਂਗ ਸੰਸਕ੍ਰਿਤ ਨਾਟਕ ਦੀ ਅਧਾਰਸ਼ਿਲਾ ਵੀ ਧਾਰਮਿਕ ਹੈ। ਯੂਨਾਨੀ ਤੇ ਸੰਸਕ੍ਰਿਤ ਨਾਟ-ਪਰੰਪਰਾਵਾਂ ਦੋਵੇਂ ਹੀ ਕਿਸੇ ਨਾ ਕਿਸੇ ਰੂਪ ਵਿਚ ਧਰਮ ਨਾਲ ਸੰਬੰਧਿਤ ਰਹੀਆਂ ਹਨ। ਭਾਵੇਂ ਇਨ੍ਹਾਂ ਦਾ ਨਿਕਾਸ ਤੇ ਵਿਕਾਸ ਵੱਖਰੇ ਵੱਖਰੇ ਢੰਗ ਨਾਲ ਹੀ ਹੋਇਆ ਹੈ। ਭਾਰਤ ਦੀਆਂ ਲੋਕ ਨਾਟ-ਪਰੰਪਰਾਵਾਂ ਵਿਚ ਧਰਮ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਭਾਰਤੀ ਜਾਂ ਸੰਸਕ੍ਰਿਤ ਨਾਟ-ਪਰੰਪਰਾ ਦਾ ਪ੍ਰਭਾਵ ਪੂਰਬੀ ਦੇਸ਼ਾਂ ਦੀਆਂ ਨਾਟ-ਪਰੰਪਰਾਵਾਂ ਤੇ ਯੂਨਾਨੀ ਨਾਟ-ਪਰੰਪਰਾ ਦਾ ਪ੍ਰਭਾਵ ਪੱਛਮੀ ਦੇਸ਼ਾਂ ਦੀਆਂ ਸਮੂਹ ਨਾਟ-ਪਰੰਪਰਾਵਾਂ ਤੇ ਦੇਖਣ ਨੂੰ ਮਿਲਦਾ ਹੈ। ਯੂਨਾਨੀ ਨਾਟਕ ਦੁਖਾਂਤ ਨਾਟਕ ਹੈ ਤੇ ਭਾਰਤੀ ਨਾਟਕ ਸੁਖਾਂਤ ਹੈ। ਭਾਰਤੀ ਲੋਕ ਦੁਖਾਂਤ ਸਹਾਰ ਨਹੀਂ ਸਕਦੇ ਪਰ ਪੱਛਮੀ ਨਾਟਕਕਾਰਾਂ ਦਾ ਵਿਚਾਰ ਹੈ ਕਿ ਦੁਖਾਂਤ ਨਾਲ ਹਿਰਦਾ ਸ਼ੁੱਧ ਹੋ ਜਾਂਦਾ ਹੈ। ਅਰਸਤੂ ਦੇ ਵਿਰੇਚਨ ਸਿਧਾਂਤ ਦਾ ਆਧਾਰ ਦੁਖਾਂਤ ਹੀ ਹੈ। ਪਰ ਸੰਸਕ੍ਰਿਤ ਨਾਟਕ ਵਿਚ ਹਿੰਦੂ ਮੱਤ ਦਾ ਕਰਮ ਸਿਧਾਂਤ ਕੰਮ ਕਰਦਾ ਹੈ। ਉਪਰੋਕਤ ਨਾਟ-ਪਰੰਪਰਾਵਾਂ ਦੀ ਜਾਣਕਾਰੀ ਉਪਰੰਤ ਹੀ ਇਤਿਹਾਸਕ ਨਾਟਕ ਨੂੰ ਸਮਝਣਾ ਬਣਦਾ ਹੈ ਲੇਕਿਨ ਇਸ ਤੋਂ ਪਹਿਲਾਂ ਇਤਿਹਾਸ ਬਾਰੇ ਜਾਣਨਾ ਜ਼ਰੂਰੀ ਹੈ।

ਇਤਿਹਾਸ ਪੰਜਾਬੀ ਭਾਸ਼ਾ ਦੀ ਜਣਨੀ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ : ਇਤਿਹਾਸ, ਤਵਾਰੀਖ, ਹਿਸਟਰੀ, ਵੀਰ-ਗਾਥਾ, ਇਤਿਹਾਸਕ ਗਵਾਹ, ਪਰੰਪਰਾ, ਉਹ ਗ੍ਰੰਥ ਜਿਸ ਵਿਚ ਬੀਤੇ ਹੋਏ ਜ਼ਮਾਨੇ ਦੀਆਂ ਪ੍ਰਸਿੱਧ ਘਟਨਾਵਾਂ ਅਤੇ ਮਸ਼ਹੂਰ ਵਿਅਕਤੀਆਂ/ਪੁਰਸ਼ਾਂ ਦਾ ਵਰਨਣ ਹੋਵੇ ਜਾਂ ਜਿਸ ਵਿਚ ਧਰਮ ਅਰਥ ਕਾਮ ਮੋਕਸ਼ (ਚਾਰ ਪਦਾਰਥ) ਦਾ ਉਪਦੇਸ਼ ਪ੍ਰਾਚੀਨ ਕਥਾ ਕਹਾਣੀਆਂ ਦੇ ਮਾਧਿਅਮ ਦੁਆਰਾ ਕੀਤਾ ਗਿਆ ਹੋਵੇ।[6] ਅੰਗਰੇਜ਼ੀ ਭਾਸ਼ਾ ਵਿਚ ਇਤਿਹਾਸ ਲਈ ਹਿਸਟਰੀ ਸ਼ਬਦ ਵਰਤਿਆ ਜਾਂਦਾ ਹੈ ਜਿਸਦਾ ਅਰਥ ਹੈ ਅਤੀਤ ਕਾਲ ਦੀਆਂ ਘਟਨਾਵਾਂ ਦਾ ਬਿਰਤਾਂਤ। ਇਸ ਨੂੰ 'ਪੁਣ-ਛਾਣ' ਜਾਂ ਜਾਂਚ ਪੜਤਾਲ ਆਦਿ ਵੀ ਕਿਹਾ ਜਾਂਦਾ ਹੈ। ਸਭ ਤੋਂ ਪਹਿਲਾਂ ਪੰਜਵੀਂ ਸਦੀ ਈਸਵੀ ਪੂਰਵ ਵਿਚ ਹੋਰੋਦੋਤਸ ਨੇ ਆਪਣੀਆਂ ਉਨ੍ਹਾਂ ਰਚਨਾਵਾਂ ਲਈ ਹਿਸਟਰੀ ਸ਼ਬਦ ਦੀ ਵਰਤੋਂ ਕੀਤੀ ਜਿਸ ਵਿਚ ਯੂਨਾਨ ਅਤੇ ਪਰਸ਼ੀਅਨਾਂ ਦੇ ਯੁੱਧਾਂ ਦਾ ਬਿਆਨ ਸੀ। ਇਉਂ ਇਤਿਹਾਸ ਮਨੁੱਖੀ ਸਮਾਜਾਂ ਦੇ ਪਿਛਲੇ ਵਿਕਾਸ ਦਾ ਅਧਿਐਨ ਹੈ ਅਤੇ ਇਹ ਵਿਸ਼ੇਸ਼ ਤੌਰ ਤੇ ਉਸ ਕਾਲ ਦਾ ਅਧਿਐਨ ਹੈ ਜਿਸ ਦੇ ਲਈ ਲਿਖਤੀ ਰਿਕਾਰਡ ਉਪਲਬਧ ਹਨ। ਇਨ੍ਹਾਂ ਅਰਥਾਂ ਵਿਚ ਵਿਗਿਆਨ ਪਿਛਲੀਆਂ ਘਟਨਾਵਾਂ ਨੂੰ ਸਿੱਖਣ ਦੀ ਪ੍ਰਣਾਲੀਬੱਧ ਕੋਸ਼ਿਸ਼ ਨੂੰ ਪ੍ਰਗਟਾਉਂਦਾ ਹੈ ਅਤੇ ਉਨ੍ਹਾਂ ਦੇ ਤਸਦੀਕ ਕਰਦਾ ਹੈ, ਉਨ੍ਹਾਂ ਨੂੰ ਇੱਕ ਦੂਜੇ ਨਾਲ ਜੋੜਦਾ ਹੈ ਅਤੇ ਸਾਡੀ ਸਭਿਅਤਾ ਉੱਪਰ ਉਨ੍ਹਾਂ ਦੇ ਪ੍ਰਭਾਵ ਦਾ ਪਤਾ ਲਗਾਉਂਦਾ ਹੈ।

ਅਸਲ ਵਿਚ ਅਸੀਂ ਵਰਤਮਾਨ ਨੂੰ ਨਹੀਂ ਸਮਝ ਸਕਦੇ ਜਦੋਂ ਤਕ ਭੂਤਕਾਲ ਨੂੰ ਨਾ ਸਮਝ ਸਕੀਏ ਪਰ ਇਤਿਹਾਸ ਸਾਨੂੰ ਇਸ ਗੱਲ ਦੀ ਮੁਕੰਮਲ ਵਿਆਖਿਆ ਨਹੀਂ ਦੇ ਸਕਦਾ ਕਿਉਂਕਿ ਜੋ ਕਿਸੇ ਤਰ੍ਹਾਂ ਵਰਤਮਾਨ

ਭੂਤਕਾਲ ਵਿਚੋਂ ਵਿਕਸਿਤ ਹੋਇਆ। ਕਿਸੇ ਯਕੀਨ ਨਾਲ ਭਵਿੱਖ ਬਾਰੇ ਅਨੁਮਾਨ ਲਗਾ ਸਕਦੇ ਹਾਂ। ਇਤਿਹਾਸ ਸ਼ਬਦ ਆਪਣੇ ਆਪ ਵਿਚ ਅਸਪਸ਼ਟ ਹੈ। ਅਸੀਂ ਮਨੁੱਖ ਦੀ ਹਰ ਕਿਰਿਆ ਨੂੰ ਇਤਿਹਾਸ ਨਹੀਂ ਕਹਿ ਸਕਦੇ ਸਿਰਫ ਇਤਿਹਾਸ ਉਸ ਨੂੰ ਕਹਿ ਸਕਦੇ ਹਾਂ ਜਿਸ ਤੋਂ ਅਤੀਤ ਦਾ ਬੋਧ ਹੋਵੇ ਅਤੇ ਭਵਿੱਖ ਵਰਤਮਾਨ ਦੀ ਕਿਸੇ ਨਵੀਂ ਦਿਸ਼ਾ ਦਾ ਸੂਚਕ ਹੋਵੇ। ਇਉਂ ਇਤਿਹਾਸ ਇਕ ਤਰ੍ਹਾਂ ਦੀ ਜਾਂਚ ਪੜਤਾਲ ਹੈ। ਇਹ ਜਾਂਚ ਪੜਤਾਲ ਇਤਿਹਾਸ ਦੀ ਵਿਧੀ ਨਾਲ ਹੁੰਦੀ ਹੈ ਇਸ ਦੀ ਪ੍ਰਕ੍ਰਿਤੀ ਨਾਲ ਨਹੀਂ। ਇਤਿਹਾਸ ਦਾ ਸੰਬੰਧ ਕੇਵਲ ਅਤੀਤ ਨਾਲ ਨਹੀਂ ਹੁੰਦਾ ਸਗੋਂ ਇਸ ਦਾ ਸੰਬੰਧ ਵਰਤਮਾਨ ਨਾਲ ਵੀ ਹੁੰਦਾ ਹੈ। ਅਤੀਤ ਵਰਤਮਾਨ ਵਿਚ ਸਮਾਇਆ ਹੁੰਦਾ ਹੈ ਤੇ ਵਰਤਮਾਨ ਭਵਿੱਖ ਵਿਚ ਆਉਣ ਵਾਲੀਆਂ ਪ੍ਰਸਥਿਤੀਆਂ ਵਿਚ ਵੀ ਮੌਜੂਦ ਹੋਵੇਗਾ। ਇਉਂ ਇਤਿਹਾਸ ਇਤਿਹਾਸਕਾਰ ਅਤੇ ਉਸ ਦੇ ਤੱਥਾਂ ਵਿਚ ਪਰਸਪਰ ਨਿਰੰਤਰ ਪ੍ਰਕ੍ਰਿਆ ਦਾ ਨਾਂ ਹੈ। ਵਰਤਮਾਨ ਅਤੇ ਅਤੀਤ ਵਿਚ ਸੰਵਾਦ ਨਾ ਮੁੱਕਣ ਵਾਲਾ ਹੈ। ਇਤਿਹਾਸ ਕੇਵਲ ਤੱਥਾਂ ਦੇ ਆਧਾਰ ਤੇ ਹੁੰਦਾ ਹੈ ਪਰ ਇਤਿਹਾਸਕਾਰ ਇਸ ਨੂੰ ਕਦੋਂ ਹੋਇਆ ਤੋਂ ਕਿਵੇਂ ਹੋਇਆ ਵਿਚ ਵੀ ਬਦਲ ਸਕਦਾ ਹੈ। ਇਸ ਤਰ੍ਹਾਂ ਕਿ ਕਿਸੇ ਵੀ ਭੂਗੋਲਿਕ ਖਿੱਤੇ ਵਿਚ ਰਹਿਣ ਵਾਲੇ ਮਨੁੱਖੀ ਸਮਾਜ ਦੇ ਵਿਕਾਸ ਦੀ ਜਾਂਚ ਪੜਤਾਲ ਅਤੇ ਉਸ ਦੀ ਤੱਥ ਆਧਾਰਿਤ ਯੁੱਧ ਸਾਪੇਖ ਵਿਆਖਿਆ ਤੋਂ ਪ੍ਰਾਪਤ ਹੋਏ ਸਿੱਟਿਆਂ ਦੇ ਆਧਾਰ ਤੇ ਉਸ ਦੀ ਭਵਿੱਖਮੁਖੀ ਤੋਰ ਨੂੰ ਸਮਝਣਾ ਹੀ ਇਤਿਹਾਸ ਹੈ।

ਪੁਰਾਤਨ ਇਤਿਹਾਸ ਮੋਟੇ ਤੌਰ ਤੇ ਦੋ ਭਾਗਾਂ ਵਿਚ ਵਿਚਰਦਾ ਹੈ। ਇਕ ਭਾਗ ਇਸ ਦਾ ਰਾਜਨੀਤਿਕ ਤੇ ਦੂਜਾ ਸਭਿਆਚਾਰਕ ਹੈ। ਇਹ ਇਕ ਦੂਜੇ ਦੇ ਵਿਰੋਧੀ ਨਹੀਂ ਪੂਰਕ ਹਨ। ਰਾਜਨੀਤਿਕ ਇਤਿਹਾਸ, ਅੱਜ ਤਕ ਜੋ ਲਿਖਿਆ ਗਿਆ ਹੈ, ਰਾਜਿਆਂ ਮਹਾਰਾਜਿਆਂ ਤਕ ਹੀ ਸੀਮਿਤ ਹੈ। ਇਸ

ਵਿਚ ਉਨ੍ਹਾਂ ਦੇ ਜੰਗਾਂ-ਯੁੱਧਾਂ ਤੇ ਬਗ਼ਾਵਤਾਂ ਆਦਿ ਦਾ ਵਰਣਨ ਮਿਲਦਾ ਹੈ। ਇਸ ਨੂੰ ਵਿਅੰਗ ਨਾਲ 'ਢੋਲ ਤੂਤੀ' ਦਾ ਇਤਿਹਾਸ ਵੀ ਕਹਿੰਦੇ ਹਨ, ਇਸ ਲਈ ਸਿੱਕਿਆਂ ਸਤੰਭਾਂ ਤੇ ਸ਼ਿਲਾਲੇਖ ਆਦਿ ਸਰੋਤਾਂ ਦਾ ਅਧਿਐਨ ਕਰਨਾ ਪੈਂਦਾ ਹੈ ਪਰ ਜਦੋਂ ਸਭਿਆਚਾਰਕ ਇਤਿਹਾਸ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਸ ਵਿਚ ਸਮੁੱਚੇ ਸਮਾਜ ਦੀ ਤਸਵੀਰ ਦਾ ਜ਼ਿਕਰ ਆਉਂਦਾ ਹੈ। ਇਸ ਵਿਚ ਗੁਰੂਆਂ, ਪੀਰਾਂ, ਮਹਾਨ ਪੁਰਸ਼ਾਂ, ਯੋਧਿਆਂ, ਕਾਇਦੇ ਕਾਨੂੰਨ, ਸਾਹਿਤ, ਲੋਕਧਾਰਾ ਤੇ ਧਾਰਮਿਕ ਗ੍ਰੰਥਾਂ ਆਦਿ ਦਾ ਜ਼ਿਕਰ ਆਉਂਦਾ ਹੈ। ਪਰ ਆਧੁਨਿਕ ਇਤਿਹਾਸ ਦੇ ਅਰਥ ਬਦਲ ਗਏ ਹਨ। ਅੱਜ ਦਾ ਇਤਿਹਾਸਕਾਰ ਤੱਥਾਂ ਦੇ ਆਧਾਰ ਉਤੇ ਇਤਿਹਾਸ ਸਿਰਜਦਾ ਹੈ ਅਤੇ ਲਿਖਦਾ ਹੈ। ਅੱਜ ਇਤਿਹਾਸ ਵਿਚ ਚੰਦਰਮਾ ਤੇ ਚੰਦਰਯਾਨ ਦੇ ਇਤਿਹਾਸ ਦੀ ਵੀ ਗੱਲ ਹੁੰਦੀ ਹੈ ਭਾਵ ਸਮੁੱਚੇ ਵਿਗਿਆਨ ਦੀ ਗੱਲ ਹੁੰਦੀ ਹੈ ਯਾਨੀ ਕਿ ਕੋਈ ਵੀ ਸਮਾਜ ਦਾ ਅਜਿਹਾ ਪੱਖ ਨਹੀਂ ਜਿਸ ਨੂੰ ਇਤਿਹਾਸ ਲਿਖਣ ਲੱਗਿਆਂ ਨਹੀਂ ਛੋਹਿਆ ਜਾਂਦਾ। ਮੱਧ ਯੁੱਗ ਵਿਚ ਇਤਿਹਾਸ ਨੂੰ ਕਲਾ ਹੀ ਕਿਹਾ ਜਾਂਦਾ ਸੀ ਪਰ ਆਧੁਨਿਕ ਯੁੱਗ ਵਿਚ ਇਤਿਹਾਸ ਨੂੰ ਵਿਗਿਆਨ ਦਾ ਨਾਮ ਦਿੱਤਾ ਗਿਆ ਹੈ। ਇਹ ਵਾਦ ਵਿਵਾਦ 19ਵੀਂ ਸਦੀ ਦੇ ਅੱਧ ਤੋਂ ਬਾਅਦ ਸ਼ੁਰੂ ਹੋਇਆ ਕਿ ਇਤਿਹਾਸ ਨੂੰ ਕਲਾ ਕਿਹਾ ਜਾਵੇ ਜਾਂ ਵਿਗਿਆਨ। ਇਤਿਹਾਸਕਾਰ ਯਾਰਕ ਭਾਵੇਂ ਇਤਿਹਾਸ ਨੂੰ ਵਿਗਿਆਨ ਦੇ ਘੇਰੇ ਵਿਚ ਰੱਖਦਾ ਹੋਇਆ ਇਸ ਨੂੰ 19ਵੀਂ ਸਦੀ ਦੀ ਦੇਣ ਕਹਿੰਦਾ ਹੈ। ਇਸੇ ਪ੍ਰਕਾਰ ਆਧੁਨਿਕ ਇਤਿਹਾਸਕਾਰਾਂ ਨੇ ਵਿਅਕਤੀ ਵਿਸ਼ੇਸ਼ ਮੂਲਕ ਸੰਕਲਪ ਨੂੰ ਤਿਆਗ ਕੇ ਸਮੁੱਚੇ ਮਨੁੱਖੀ ਵਿਕਾਸ ਦੇ ਆਧਾਰਾਂ ਨੂੰ ਲੱਭਣ ਦਾ ਯਤਨ ਕੀਤਾ ਹੈ। ਅੱਜ ਦੇ ਇਤਿਹਾਸਕਾਰ ਨੇ ਮਨੁੱਖੀ ਵਿਕਾਸ ਦੇ ਕਾਰਨਾਂ ਕਾਰਜਾਂ ਵਿਚਲੇ ਸੰਬੰਧਾਂ ਅਤੇ ਸਿੱਟਿਆ ਦੇ

ਆਧਾਰ ਤੇ ਇੱਕ ਸਾਂਝਾ ਨੇਮ ਉਸਾਰਿਆ ਹੈ, ਜਿਸ ਨੂੰ ਇਤਿਹਾਸਕ ਦਵੰਦਵਾਦ ਦਾ ਨਾਮ ਦਿੱਤਾ ਗਿਆ ਹੈ। ਇਸਨੂੰ ਅੱਜ ਵਿਗਿਆਨਕ ਇਤਿਹਾਸ ਕਿਹਾ ਜਾਣ ਲੱਗ ਪਿਆ ਹੈ। ਇਤਿਹਾਸ ਨੂੰ ਕਲਾ ਮੰਨਣ ਵਾਲਿਆਂ ਨੇ ਆਪਣਾ ਤਰਕ ਇਹ ਪੇਸ਼ ਕੀਤਾ ਹੈ ਕਿ ਇਤਿਹਾਸ ਦਾ ਸੰਬੰਧ ਕਾਲ-ਵਿਸ਼ੇਸ਼ ਨਾਲ ਹੁੰਦਾ ਹੈ, ਜਦ ਕਿ ਵਿਗਿਆਨ ਦਾ ਸੰਬੰਧ ਕਿਸੇ ਕਾਲ-ਵਿਸ਼ੇਸ਼ ਨਾਲ ਨਾ ਹੋ ਕੇ ਆਮ ਨਿਯਮਾਂ ਨਾਲ ਹੁੰਦਾ ਹੈ। ਇਤਿਹਾਸਕਾਰੀ ਵਿਚ ਵਿਗਿਆਨ ਵਾਂਗ ਆਮ ਨੇਮ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ। ਇਸ ਸੰਬੰਧ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਤਿਹਾਸ ਵਿਚ ਕੇਵਲ ਤੱਥ ਹੀ ਨਹੀਂ ਹੁੰਦੇ ਬਲਕਿ ਤੱਥਾਂ ਦੀ ਵਿਆਖਿਆ ਵੀ ਹੁੰਦੀ ਹੈ, ਜਿਸ ਵਿਚ ਕਦੋਂ ਦੇ ਨਾਲ ਕਿਵੇਂ ਵਾਪਰਿਆ ਵੀ ਹੁੰਦਾ ਹੈ। ਕਲਾ ਦਾ ਇਤਿਹਾਸ ਨਾਲ ਜੇਕਰ ਕੋਈ ਸੰਬੰਧ ਹੈ ਤਾਂ ਕੇਵਲ ਉਸ ਸਥਿਤੀ ਵਿਚ ਹੈ ਜਦੋਂ ਇਤਿਹਾਸਕਾਰ ਆਪਣੇ ਪ੍ਰਮਾਣਾਂ ਨੂੰ ਬਿਆਨ ਕਰਦਾ ਹੈ। ਇਸ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ ਕਿ ਜੇ ਇਤਿਹਾਸ ਨੂੰ ਸ਼ੈਲੀ ਨਾਲ ਜੋੜੀਏ ਤਾਂ ਇਹ ਨਾਟਕ ਵਿਚ ਵਧੇਰੇ ਨਜ਼ਦੀਕ ਪ੍ਰਤੀਤ ਹੁੰਦਾ ਹੈ। ਸਾਹਿਤਕਾਰ ਤੇ ਇਤਿਹਾਸਕਾਰ ਦੇ ਬੁਨਿਆਦੀ ਅੰਤਰ ਨੂੰ ਸਮਝਣਾ ਜ਼ਰੂਰੀ ਹੈ। ਇਤਿਹਾਸਕਾਰ ਦੀ ਭਾਸ਼ਾ ਅਤੇ ਸ਼ੈਲੀ ਅਲੰਕਾਰਕ ਸੁਹਜ ਸਿਰਜਣ ਵਿਚ ਨਹੀਂ ਹੁੰਦੀ ਬਲਕਿ ਭਾਸ਼ਾ ਦੀ ਸਰਲਤਾ ਅਤੇ ਸਪਸ਼ਟਤਾ ਵਿਚ ਹੁੰਦੀ ਹੈ। ਕਲਾ ਵਿਚ ਭਾਵਾਤਮਕ ਸ਼ੈਲੀ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੈ ਪਰ ਇਤਿਹਾਸਕਾਰ ਦੀ ਸ਼ੈਲੀ ਦਾ ਆਧਾਰ ਇਸ ਵਿਚ ਤੱਥਾਂ ਨੂੰ ਤਾਰਕਿਕ ਪੱਧਰ ਤੇ ਵਿਸ਼ਲੇਸ਼ਣਾਤਮਕ ਕਰਨਾ ਹੁੰਦਾ ਹੈ। ਕੁਝ ਵਿਦਵਾਨਾਂ ਦਾ ਮੱਤ ਹੈ ਕਿ ਕਲਪਨਾ ਨੂੰ ਇਤਿਹਾਸਕ ਗਿਆਨ ਦਾ ਸ੍ਰੋਤ ਮੰਨਿਆ ਜਾਣਾ ਚਾਹੀਦਾ ਹੈ।

ਮੈਕਾਲੇ ਦਾ ਪ੍ਰਸਿੱਧ ਕਥਨ ਹੈ ਕਿ ਇਕ ਨਿਪੁੰਨ ਇਤਿਹਾਸਕਾਰ ਦਾ ਆਪਣੇ ਬਿਰਤਾਂਤ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸ਼ਕਤੀਸ਼ਾਲੀ ਕਲਪਨਾ ਦਾ ਧਾਰਨੀ ਹੋਣਾ ਜ਼ਰੂਰੀ ਹੈ। ਸਾਹਿਤਕ ਕਲਪਨਾ ਅਤੇ ਇਤਿਹਾਸਕ ਕਲਪਨਾ ਦੀ ਪ੍ਰਕ੍ਰਿਤੀ ਵਿਚ ਅੰਤਰ ਇਹ ਹੈ ਕਿ ਸਾਹਿਤਕਾਰ ਸਵੈ-ਇੱਛਾ ਅਧੀਨ ਕਲਪਨਾ ਦੇ ਆਧਾਰ ਤੇ ਕੋਈ ਸਿਰਜਣਾ ਕਰਦਾ ਹੈ ਤੇ ਇਤਿਹਾਸਕਾਰ ਦੀ ਕਲਪਨਾ ਇਤਿਹਾਸਕ ਹਵਾਲਿਆਂ ਤੇ ਆਧਾਰਿਤ ਹੁੰਦੀ ਹੈ। ਇਤਿਹਾਸਕ ਕਲਪਨਾ ਤੱਥ-ਕੇਂਦਰਿਤ ਹੁੰਦੀ ਹੈ। ਇਸ ਤਰ੍ਹਾਂ ਇਤਿਹਾਸ ਨਾ ਸ਼ੁੱਧ ਵਿਗਿਆਨ ਹੈ ਅਤੇ ਨਾ ਹੀ ਸ਼ੁੱਧ ਕਲਾ। ਤੱਥਾਂ ਦੇ ਨਿਰੀਖਣ ਸਮੇਂ ਇਤਿਹਾਸਕ ਕਲਪਨਾ ਤੱਥ-ਕੇਂਦਰਿਤ ਹੁੰਦੀ ਹੈ। ਇਤਿਹਾਸਕਾਰ ਦਾ ਨਜ਼ਰੀਆ ਵਿਗਿਆਨਕ ਹੋਣਾ ਚਾਹੀਦਾ ਹੈ, ਪਰ ਬਿਆਨ ਕਲਾਤਮਕ ਹੋਣਾ ਚਾਹੀਦਾ ਹੈ, ਭਾਵਾਤਮਕ ਨਹੀਂ ਹੋਣਾ ਚਾਹੀਦਾ। ਇਉਂ ਮਹੱਤਵਪੂਰਨ ਘਟਨਾਵਾਂ ਜੋ ਵਿਸ਼ੇਸ਼ ਦੇਸ਼, ਸਮਾਜ ਜਾਂ ਵਿਅਕਤੀਆਂ ਨਾਲ ਵਾਪਰੀਆਂ ਹੋਣ, ਨੂੰ ਇਤਿਹਾਸ ਕਹਿੰਦੇ ਹਨ। ਇਸ ਤਰ੍ਹਾਂ ਇਤਿਹਾਸ ਸਭਿਆ ਸਮਾਜ ਵਿਚ ਰਹਿੰਦੇ ਮਨੁੱਖ ਦੀ ਕਹਾਣੀ ਹੈ ਅਤੇ ਇਤਿਹਾਸਕਾਰ ਦੀ ਨਿਰਭਰਤਾ ਤੱਥਾਂ ਤੇ ਹੁੰਦੀ ਹੈ। ਨਾਟਕ ਜਾਂ ਸਾਹਿਤ ਸਿਰਫ ਤੱਥਾਂ ਤਕ ਹੀ ਸੀਮਿਤ ਨਹੀਂ ਹੁੰਦਾ ਬਲਕਿ ਤੱਥਾਂ ਪਿੱਛੇ ਲੁੱਕੇ ਸੱਚ ਨੂੰ ਉਭਾਰਦਾ ਹੈ। ਇਤਿਹਾਸ ਬੀਤੇ ਸਮੇਂ ਦੀਆਂ ਗ਼ਲਤੀਆਂ ਨੂੰ ਦੱਸਦਾ ਹੈ, ਵਰਤਮਾਨ ਅਤੇ ਭਵਿੱਖ ਲਈ ਸੁਚੇਤ ਕਰਦਾ ਹੈ। ਇਤਿਹਾਸ ਮਨੁੱਖ ਦੀ ਜਾਣਨ ਇੱਛਾ, ਸੋਚ ਸ਼ਕਤੀ ਅਤੇ ਖੋਜ ਬਿਰਤੀ ਨੂੰ ਤੀਖਣਤਾ ਪ੍ਰਦਾਨ ਕਰਦਾ ਹੈ। ਇਤਿਹਾਸ ਹੋਰ ਕੁੱਝ ਨਹੀਂ ਸਗੋਂ ਇਸ ਧਰਤੀ ਦੇ ਜਨਮ ਤੋਂ ਇਸ ਉਤੇ ਵਾਪਰੀਆਂ ਘਟਨਾਵਾਂ ਦਾ ਵੇਰਵਾ ਹੈ।

ਨਾਟਕ ਅਤੇ ਇਤਿਹਾਸ ਦੋਵੇਂ ਹੀ ਆਪਣੇ ਆਪ ਵਿਚ ਸੁਤੰਤਰ ਵੀ ਹਨ ਤੇ ਇਕ ਦੂਜੇ ਵਿਚ ਸੰਮਿਲਤ ਵੀ ਹਨ। ਇਨ੍ਹਾਂ ਦੇ ਅੰਤਰ-ਸੰਬੰਧਾਂ ਬਾਰੇ ਜੇ ਗੱਲ ਕੀਤੀ ਜਾਵੇ ਤਾਂ ਵਿਦਵਾਨ ਇਨ੍ਹਾਂ ਨੂੰ ਇਕ ਹੀ ਰੂਪ ਸਮਝਦੇ ਹਨ। ਨਾਟਕ ਕਾਰਜ ਪੱਖੋਂ ਤਨਾਉ ਯੁਕਤ ਸਥਿਤੀਆਂ ਵਿਚੋਂ ਗੁਜ਼ਰਦਾ ਹੋਇਆ ਨਿਸ਼ਚਿਤ ਸਥਿਤੀਆਂ ਵੱਲ ਵਧਦਾ ਹੈ ਤੇ ਇਸੇ ਤਰ੍ਹਾਂ ਇਤਿਹਾਸ ਵਿਚਲੇ ਕਾਰਨ-ਕਾਰਜ ਦੇ ਸੰਬੰਧਾਂ ਵਿਚੋਂ ਘਟਨਾਵਾਂ ਦੀ ਇਕ ਲੜੀ ਪੈਦਾ ਹੁੰਦੀ ਹੈ। ਇਸ ਤਰ੍ਹਾਂ ਇਨ੍ਹਾਂ ਵਿਚ ਅੰਤਰ ਵੀ ਹੈ ਤੇ ਸਮਰੂਪਤਾ ਵੀ ਹੈ। ਅਸਲ ਵਿਚ ਇਤਿਹਾਸ ਦੀ ਸਥਿਤੀ ਦਸਤਾਵੇਜ਼ੀ ਹੈ ਤੇ ਨਾਟਕ ਦੀ ਵਿਧੀ ਸਿਰਜਨਾਤਮਕ ਹੈ। ਨਾਟਕ ਇਤਿਹਾਸ ਵਿਚ ਵਿਚਰਦਾ ਹੋਇਆ ਵੀ ਸੁਤੰਤਰ ਹੋ ਕੇ ਚੱਲਦਾ ਹੈ ਤੇ ਸਮਾਜ ਨੂੰ ਕੋਈ ਸੁਨੇਹਾ ਦੇ ਜਾਂਦਾ ਹੈ ਜਦ ਕਿ ਇਤਿਹਾਸ ਵਿਚ ਕੇਵਲ ਵਾਪਰੀ ਘਟਨਾ ਦਾ ਸਮਾਂ ਤੇ ਤਰੀਕ ਆਦਿ ਹੀ ਦਿੱਤੀ ਹੁੰਦੀ ਹੈ। ਇਸ ਲਈ ਇਤਿਹਾਸ ਵਿਚ ਕਲਪਨਾ ਦੀ ਗੁੰਜਾਇਸ਼ ਘੱਟ ਹੁੰਦੀ ਹੈ। ਇਤਿਹਾਸ ਘਟਨਾ ਦੇ ਵਾਪਰਨ ਬਾਰੇ ਦੱਸਦਾ ਹੈ ਜਦ ਕਿ ਨਾਟਕ ਇਸ ਘਟਨਾ ਦੇ ਵਾਪਰਨ ਪਿੱਛੇ ਪਏ ਕਾਰਨਾਂ ਨੂੰ ਸਾਹਮਣੇ ਲਿਆਉਂਦਾ ਹੈ ਕਿਉਂਕਿ ਨਾਟਕਕਾਰ ਇਤਿਹਾਸਕ ਨਾਟਕ ਦੀ ਰਚਨਾ ਕਰਨ ਲੱਗਿਆਂ ਉਸ ਦਾ ਰੂਪਾਂਤਰਣ ਕਰਦਾ ਹੈ। ਉਸ ਨੇ ਇਕ ਪਾਸੇ ਇਤਿਹਾਸਕ ਤੱਥਾਂ ਨੂੰ ਰੂਪ-ਵਿਗਾੜ ਤੋਂ ਬਿਨਾਂ ਪੇਸ਼ ਕਰਨਾ ਹੁੰਦਾ ਹੈ ਅਤੇ ਦੂਜੇ ਪਾਸੇ ਇਤਿਹਾਸਕ ਤੱਥਾਂ ਤੇ ਆਧਾਰਿਤ ਅਜਿਹੀ ਸਿਰਜਨਾ ਕਰਨੀ ਹੁੰਦੀ ਹੈ ਜੋ ਪ੍ਰਾਪਤ ਨਾਟ-ਪ੍ਰਤਿਮਾਨਾਂ ਉੱਪਰ ਆਪਣੀ ਪਹਿਚਾਣ ਕਰਵਾ ਕੇ ਮੌਲਿਕਤਾ ਦਾ ਅਹਿਸਾਸ ਕਰਵਾ ਸਕੇ। ਨਾਟਕਕਾਰ ਇਤਿਹਾਸ ਤੋਂ ਇਤਿਹਾਸਕ ਨਾਟਕ ਦੀ ਸਿਰਜਨਾ ਕਰਦਾ ਹੈ। ਇਉਂ ਇਹ ਇਕ ਰੂਪ ਤੋਂ ਦੂਸਰੇ ਰੂਪ ਦੀ ਸਿਰਜਣਾ ਭਾਵ ਰੂਪਾਂਤਰਣ ਹੈ।

ਨਾਟਕਕਾਰ ਨੇ ਸਾਹਿਤ-ਸਿਰਜਨਾ ਕਰਨੀ ਹੁੰਦੀ ਹੈ, ਇਤਿਹਾਸ ਨਹੀਂ ਰਚਨਾ ਹੁੰਦਾ। ਇਉਂ ਇਤਿਹਾਸਕ ਨਾਟਕਕਾਰ ਇਤਿਹਾਸ ਦਾ ਅਜਨਬੀਕਰਨ ਕਰਦਾ ਹੈ। ਇਉਂ ਰੂਪਾਂਤਰਣ ਦੀ ਪ੍ਰਕ੍ਰਿਆ ਨੂੰ ਰੂਸੀ ਰੂਪਵਾਦੀਆਂ ਨੇ ਅਜਨਬੀਕਰਣ ਦਾ ਨਾਮ ਦਿੱਤਾ ਹੈ। ਸਾਹਿਤਕਾਰ ਜਿਸ ਤਰ੍ਹਾਂ ਵਸਤੂ ਯਥਾਰਥ ਦਾ ਅਜਨਬੀਕਰਣ ਕਰਦਾ ਹੈ ਉਸੇ ਤਰ੍ਹਾਂ ਹੀ ਇਤਿਹਾਸ ਦਾ ਅਜਨਬੀਕਰਣ ਕਰਦਾ ਹੈ। ਰੂਪ ਵਿਧੀਆਂ ਜਿੱਥੇ ਬਿਰਤਾਂਤ ਵਿਚ ਕਥਾ ਦਾ ਰੂਪ ਧਾਰਦੀਆਂ ਹਨ ਉੱਥੇ ਨਾਟਕ ਵਿਚ ਕਥਾ ਦੀ ਬਜਾਏ ਕਥਾਨਕ ਦਾ ਰੂਪ ਗ੍ਰਹਿਣ ਕਰਦੀਆਂ ਹਨ। ਇੱਕ ਨਾਟਕ ਦਾ ਸੰਰਚਨਾਤਮਕ ਕਾਰਣ ਕਹਾਣੀ ਜਾਂ ਮਿੱਥ ਹੁੰਦਾ ਹੈ। ਅਸਲ ਗੱਲ ਇਹ ਹੈ ਕਿ ਕਹਾਣੀ ਜਾਂ ਮਿੱਥ ਆਪਣੇ ਆਪ ਵਿਚ ਨਾਟਕ ਦੀ ਸੰਰਚਨਾ ਨਹੀਂ ਹੁੰਦੀ। ਇਤਿਹਾਸਕ ਨਾਟਕ ਦੀ ਸਿਰਜਣਾ ਲਈ ਨਾਟਕਕਾਰ ਇਤਿਹਾਸਕ ਘਟਨਾਵਾਂ ਦੀ ਤਰਤੀਬ, ਆਕਾਰ ਅਤੇ ਰੂਪ ਵਿਚ ਨਾਟਕੀ ਲੋੜਾਂ ਅਨੁਸਾਰ ਵਾਧਾ ਘਾਟਾ ਕਰਦਾ ਹੈ। ਇਸ ਲਈ ਇਤਿਹਾਸ ਦੇ ਨਾਟਕੀ ਰੂਪਾਂਤਰਣ ਦਾ ਅਧਿਐਨ ਨਾਟਕ ਦੀ ਰੂਪ ਵਿਧਾ ਦੀਆਂ ਬੁਨਿਆਦੀ ਰੀਤੀਆਂ ਅਤੇ ਕਲਾ-ਜੁਗਤਾਂ ਦੇ ਸੰਦਰਭ ਵਿਚ ਹੀ ਸੰਭਵ ਹੈ। ਰੂਪਾਂਤਰਣ ਦੀ ਪ੍ਰਕ੍ਰਿਆ ਵਿਸ਼ੇਸ਼ ਰੂਪ ਵਿਧਾ ਦੀਆਂ ਕਲਾ-ਜੁਗਤਾਂ ਰਾਹੀਂ ਆਪਣੀ ਨੁਹਾਰ ਉਜਾਗਰ ਕਰਦੀ ਹੈ।

ਇਤਿਹਾਸਕ ਨਾਟਕ ਨੂੰ ਲਿਖਣ ਲੱਗਿਆਂ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਹੜਾ ਵੀ ਇਤਿਹਾਸਕ ਨਾਟਕ ਲਿਖਿਆ ਜਾ ਰਿਹਾ ਹੁੰਦਾ ਹੈ, ਨਾਟਕਕਾਰ ਕੋਲ ਪਹਿਲਾਂ ਹੀ ਉਸ ਨਾਟਕ ਦੇ ਇਤਿਹਾਸ ਦੀ ਜਾਣਕਾਰੀ ਹੁੰਦੀ ਹੈ, ਕਿਉਂਕਿ ਉਸ ਨੇ ਉਸ ਇਤਿਹਾਸ ਨੂੰ ਚੰਗੀ ਤਰ੍ਹਾਂ ਪੜ੍ਹਿਆ ਹੁੰਦਾ ਹੈ। ਹੁਣ ਸਵਾਲ ਇਹ ਉਠਦਾ ਹੈ ਕਿ ਇਤਿਹਾਸਕ

ਨਾਟਕਕਾਰ ਨੇ ਸਾਹਿਤ ਰਚਨਾ ਕਰਨੀ ਹੁੰਦੀ ਹੈ, ਇਤਿਹਾਸ ਨਹੀਂ ਰਚਨਾ ਹੁੰਦਾ ਤੇ ਨਾ ਹੀ ਹੂ-ਬਹੂ ਇਤਿਹਾਸ ਨੂੰ ਪੇਸ਼ ਕਰਨਾ ਹੁੰਦਾ ਹੈ। ਫਿਰ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕ ਲਿਖਣ ਲੱਗਿਆਂ ਤਾਂ ਹੋਰ ਵੀ ਗਹਿਰ ਗੰਭੀਰ ਹੋ ਕੇ ਸੋਚਣਾ ਪੈਂਦਾ ਹੈ ਕਿਉਂਕਿ ਗੁਰੂ ਸਾਹਿਬ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮੰਚ ਤੇ ਦਿਖਾਉਣ ਦੀ ਮਨਾਹੀ ਹੈ। ਇਸ ਸੰਬੰਧ ਵਿਚ ਨਾਟਕਕਾਰ ਨਾਟਕ ਦੀ ਇਸ ਤਰ੍ਹਾਂ ਰਚਨਾ ਕਰਦਾ ਹੈ ਕਿ ਉਹ ਕਿਸੇ ਹੋਰ ਇਤਿਹਾਸਕ ਪਾਤਰ ਕੋਲੋਂ ਸਿੱਖ ਇਤਿਹਾਸ ਦੀ ਤਵਾਰੀਖ ਪੇਸ਼ ਕਰਵਾਉਂਦਾ ਹੈ ਤੇ ਸਮਕਾਲੀ ਸਮੇਂ ਦੀ ਭਾਸ਼ਾ, ਸਮੱਸਿਆਵਾਂ ਆਦਿ ਨਾਲ ਜੋੜ ਕੇ ਸਰੋਤਿਆਂ ਜਾਂ ਪਾਠਕਾਂ ਨੂੰ ਸਿੱਖਿਆ ਦਿੱਤੀ ਜਾਂਦੀ ਹੈ। ਇਉਂ ਉਸ ਸਮੇਂ ਦੀ ਗੌਰਵਤਾ ਮਹਿਸੂਸ ਕਰਾਉਣੀ ਹੁੰਦੀ ਹੈ ਤਾਂ ਜੋ ਸਮੇਂ ਦੇ ਵਾਰਿਸ ਉਸ ਗੌਰਵਤਾ ਨੂੰ ਮਹਿਸੂਸ ਕਰਦੇ ਹੋਏ ਆਪਣੇ ਵਿਚ ਆ ਚੁੱਕੀਆਂ ਤਰੁੱਟੀਆਂ ਦੂਰ ਕਰ ਸਕਣ। ਅਸਲ ਵਿਚ ਨਾਟਕ ਦੂਹਰੀ ਪ੍ਰਕਿਰਤੀ ਦਾ ਧਾਰਨੀ ਹੈ ਪਰ ਇਤਿਹਾਸਕ ਨਾਟਕ ਤੀਹਰੀ ਪ੍ਰਕ੍ਰਿਤੀ ਦਾ ਧਾਰਨੀ ਹੁੰਦਾ ਹੈ ਕਿਉਂਕਿ ਇਸ ਵਿਚ ਇਤਿਹਾਸ, ਸਾਹਿਤ ਤੇ ਰੰਗਮੰਚ ਤਿੰਨਾਂ ਦਾ ਸੁਮੇਲ ਕਰਾਉਣਾ ਹੁੰਦਾ ਹੈ। ਇਤਿਹਾਸ ਦੇ ਨਾਟਕੀ ਰੂਪਾਂਤਰਣ ਦੀਆਂ ਸਮੱਸਿਆਵਾਂ ਇਨ੍ਹਾਂ ਤਿੰਨਾਂ ਅਨੁਸ਼ਾਸਨਾਂ ਦੇ ਪ੍ਰਕਿਰਤਕ-ਤਨਾਅ ਵਿਚੋਂ ਪੈਦਾ ਹੁੰਦੀਆਂ ਹਨ। ਹਰ ਨਾਟਕਕਾਰ ਇਨ੍ਹਾਂ ਤਿੰਨਾਂ ਸਮੱਸਿਆਵਾਂ ਦਾ ਸਮਾਧਾਨ ਕਰਦਾ ਹੋਇਆ ਆਪਣੀ ਨਾਟ-ਸੰਵੇਦਨਾ ਅਨੁਸਾਰ ਨਾਟ-ਰਚਨਾ ਕਰਦਾ ਹੈ। ਭਾਰਤੀ ਵਿਦਵਾਨਾਂ ਨੇ ਨਾਟਯ-ਸ਼ਾਸਤਰ ਨੂੰ ਪੰਜਵਾਂ ਵੇਦ ਇਸੇ ਲਈ ਆਖਿਆ ਹੈ ਕਿਉਂਕਿ ਇਸ ਵਿਚ ਰਿਗਵੇਦ, ਸਾਮਵੇਦ, ਯਜੁਰਵੇਦ ਤੇ ਅਥਰਵਵੇਦ ਚਾਰਾਂ ਹੀ ਵੇਦਾਂ ਦਾ ਨਿਚੋੜ ਹੈ। ਭਰਤ ਮੁਨੀ ਨੇ ਨਾਟਯ ਵੇਦ ਦੀ ਰਚਨਾ ਲਈ ਕਿਹਾ ਹੈ ਕਿ

ਬ੍ਰਹਮਾ ਨੇ ਰਿਗਵੇਦ ਵਿਚੋਂ 'ਪਾਠਯ' (ਸੰਵਾਦ ਸ਼ੈਲੀ), ਸਾਮਵੇਦ ਵਿਚੋਂ ਗੀਤ ਸ਼ੈਲੀ, ਯਜੁਰਵੇਦ ਵਿਚੋਂ ਅਭਿਨੈ ਦੀਆਂ ਅਨੇਕ ਸ਼ੈਲੀਆਂ ਤੇ ਅਥਰਵਵੇਦ ਵਿਚੋਂ 'ਰਸ' ਗ੍ਰਹਿਣ ਕੀਤਾ। ਇਸ ਤਰ੍ਹਾਂ ਸੰਪੂਰਨ ਗਿਆਨ ਦੇ ਸਵਾਮੀ, ਮਹਾਤਮਾ ਤੇ ਭਗਵਾਨ ਰੂਪ ਬ੍ਰਹਮਾ ਨੇ ਵੇਦਾਂ ਤੇ ਉਪਵੇਦਾਂ ਦੇ ਤੱਤ ਲੈ ਕੇ ਨਾਟਯ ਵੇਦ ਦੀ ਰਚਨਾ ਕੀਤੀ।[7] ਭਰਤ ਮੁਨੀ ਨੇ ਸੰਵਾਦ ਨੂੰ ਨਾਟਕ ਦਾ ਸਰੀਰ ਮੰਨਿਆ ਹੈ। ਰਿਗਵੇਦ ਵਿਚ 'ਯਮ-ਯਮੀ ਸੰਵਾਦ' ਵਰਗੇ ਅਨੇਕ ਨਾਟਕੀ ਸੰਵਾਦ ਮਿਲਦੇ ਹਨ। ਭਰਤ ਨੇ ਨਾਟਕ ਵਿਚ ਸੰਵਾਦ ਰੱਖਣ ਦੀ ਪ੍ਰੇਰਣਾ ਰਿਗਵੇਦ ਤੋਂ ਲਈ ਹੈ। ਭਰਤ ਮੁਨੀ ਸਾਮਵੇਦ ਦੀ ਗੀਤ ਸ਼ੈਲੀ ਨੂੰ ਨਾਟਕ ਦੇ ਪ੍ਰਾਣ ਮੰਨਦਾ ਹੈ। ਅਭਿਨਵ ਗੁਪਤ ਅਨੁਸਾਰ ਸੰਵਾਦ ਤੇ ਗੀਤ ਦੋਹਾਂ ਦਾ ਨਾਟਕ ਵਿਚ ਬਹੁਤ ਮਹੱਤਵ ਹੈ। ਭਾਰਤ ਦੀ ਸਭ ਤੋਂ ਪ੍ਰਾਚੀਨ ਗੀਤ ਸ਼ੈਲੀ ਧਰੂਪਦ ਹੈ। ਭਰਤ ਨੇ ਇਸ ਗੀਤ ਸ਼ੈਲੀ ਨੂੰ ਨਾਟਕ ਲਈ ਪ੍ਰਵਾਨ ਕੀਤਾ ਹੈ।[8]

ਭਾਰਤੀ ਨਾਟ-ਪਰੰਪਰਾ ਦੁਨੀਆਂ ਦੀ ਸਭ ਤੋਂ ਪੁਰਾਣੀ ਨਾਟ-ਪਰੰਪਰਾ ਹੈ। ਹੱੜਪਾ-ਮੋਹੰਜੋਦੜੋ ਦੀ ਸਭਿਅਤਾ ਦੇ ਅਵਸ਼ੇਸ਼ਾਂ ਤੋਂ ਜੋ ਸਾਨੂੰ ਜਾਣਕਾਰੀ ਮਿਲੀ ਹੈ ਉਸ ਮੁਤਾਬਿਕ ਦ੍ਰਾਵਿੜ ਲੋਕਾਂ ਵਿਚ ਨਾਟਕ ਕਲਾ ਵੀ ਉੱਤਮ ਦਰਜੇ ਦੀ ਸੀ। ਇਸ ਸੰਬੰਧੀ ਇਕ ਨਾਚ ਕਰਦੀ ਮੂਰਤੀ ਵੀ ਪ੍ਰਾਪਤ ਹੋਈ ਹੈ। ਕੁਝ ਵਿਦਵਾਨ ਯੂਨਾਨੀ ਨਾਟ-ਕਲਾ ਨੂੰ ਸੰਸਾਰ ਦੀ ਸਭ ਤੋਂ ਪੁਰਾਣੀ, ਨਾਟ-ਕਲਾ ਮੰਨਦੇ ਹਨ ਪਰ ਜੇ ਦੁਨੀਆਂ ਦੀ ਸਭ ਤੋਂ ਪੁਰਾਣੀ ਹੜੱਪਾ-ਮੋਹੰਜੋਦੜੋ ਦੀ ਸੱਭਿਅਤਾ ਹੈ ਤਾ ਇਹ ਜ਼ਰੂਰੀ ਹੈ ਕਿ ਨਾਟ-ਕਲਾ ਵੀ ਭਾਰਤੀਆਂ ਦੀ ਦੇਣ ਹੈ। ਇਸ ਤੋਂ ਬਾਅਦ ਸੰਸਾਰ ਪ੍ਰਸਿੱਧ ਨਾਟਕਕਾਰ ਕਾਲੀਦਾਸ ਦੇ ਨਾਟਕ, ਜੋ ਸੰਸਕ੍ਰਿਤ ਵਿਚ ਸਾਨੂੰ ਮਿਲਦੇ ਹਨ, ਜਿਵੇਂ 'ਸ਼ਕੁੰਤਲਾ', ਜਿਸ ਦਾ ਅਨੁਵਾਦ ਸੰਸਾਰ ਦੀਆਂ ਤਕਰੀਬਨ ਸਾਰੀਆਂ ਹੀ

ਵਿਕਸਿਤ ਭਾਸ਼ਾਵਾਂ ਵਿਚ ਹੋ ਚੁੱਕਿਆ ਹੈ, ਨਾਟਕ ਕਲਾ ਦਾ ਉੱਤਮ ਨਮੂਨਾ ਹੈ। ਇਸੇ ਪ੍ਰਕਾਰ ਪੰਜਾਬੀ ਨਾਟਕ ਕਲਾ ਲੋਕ ਨਾਟ ਰੂਪਾਂ ਭਾਵ ਰਾਮ ਲੀਲ੍ਹਾ ਤੇ ਰਾਸ ਲੀਲ੍ਹਾ ਖੇਡਣ ਵਾਲਿਆਂ ਤੋਂ ਵਿਕਸਿਤ ਹੁੰਦੀ ਹੈ। ਜਦ ਅੰਗਰੇਜ਼ਾਂ ਨੇ ਭਾਰਤ ਤੇ ਅਧਿਕਾਰ ਜਮਾ ਲਿਆ ਤਾਂ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਭਾਰਤੀ ਸਾਹਿਤ ਨੇ ਆਧੁਨਿਕਤਾ ਵਿਚ ਪ੍ਰਵੇਸ਼ ਕੀਤਾ। ਆਧੁਨਿਕ ਸਾਹਿਤ ਦੇ ਵਿਕਾਸ ਦੇ ਸਮਾਨਾਂਤਰ ਹੀ ਆਧੁਨਿਕ ਪੰਜਾਬੀ ਨਾਟਕ ਦਾ ਰੂਪ ਸਾਡੇ ਸਾਹਮਣੇ ਆਇਆ। ਇਹ ਪੰਜਾਬੀ ਨਾਟਕ ਸਿੱਧਾ ਪੱਛਮੀ ਨਾਟਕ ਕਲਾ ਦੇ ਜ਼ਰੀਏ ਸਾਡੇ ਕੋਲ ਪਹੁੰਚਿਆ ਤੇ ਵਿਕਸਿਤ ਹੋਇਆ ਹੈ। ਸ੍ਰੀਮਤੀ ਨੌਰਾ ਰਿਚਰਡਜ਼ ਨੂੰ ਪੰਜਾਬੀ ਨਾਟਕ ਤੇ ਰੰਗਮੰਚ ਦੀ ਮੋਢੀ ਦੇ ਤੌਰ ਤੇ ਯਾਦ ਕੀਤਾ ਜਾਂਦਾ ਹੈ ਜਿਸ ਨੇ ਲਾਹੌਰ ਵਿਚ ਇਕ ਨਾਟਕ ਮੰਡਲੀ ਤਿਆਰ ਕੀਤੀ ਜਿਸ ਨੂੰ 'ਸਰਸਵਤੀ ਸਟੇਜ ਸੁਸਾਇਟੀ' ਦਾ ਨਾਮ ਦਿੱਤਾ ਗਿਆ। ਇਸ ਮੰਡਲੀ ਦੇ ਹੋਣਹਾਰ ਕਲਾਕਾਰ ਆਈ.ਸੀ. ਨੰਦਾ ਨੇ ਪੰਜਾਬੀ ਇਕਾਂਗੀ ਨਾਟਕ 'ਦੁਲਹਨ' 1913 ਈ. ਵਿਚ ਲਿਖ ਕੇ ਪੰਜਾਬੀ ਸਾਹਿਤ ਵਿਚ ਇਕ ਨਵਾਂ ਸਾਹਿਤ-ਰੂਪ ਭਾਵ ਆਧੁਨਿਕ ਨਾਟਕ ਸ਼ਾਮਲ ਕਰ ਦਿੱਤਾ। ਇਸ ਤੋਂ ਪਹਿਲਾਂ ਸਾਡੇ ਕੋਲ ਅਨੁਵਾਦ ਦੇ ਤੌਰ ਤੇ ਚਰਨ ਸਿੰਘ ਦਾ ਨਾਟਕ 'ਸ਼ਕੁੰਤਲਾ' ਮਿਲਦਾ ਹੈ। ਇਸ ਤੋਂ ਇਲਾਵਾ ਪੰਜਾਬੀ ਦਾ ਪਹਿਲਾ ਧਾਰਮਿਕ ਤੇ ਇਤਿਹਾਸਕ ਨਾਟਕ ਭਾਈ ਵੀਰ ਸਿੰਘ ਨੇ 1910 ਈ. ਵਿਚ 'ਰਾਜਾ ਲੱਖਦਾਤਾ ਸਿੰਘ' ਲਿਖਿਆ ਜਿਸ ਨੂੰ ਲਿਖਣ ਦਾ ਉਦੇਸ਼ ਸਿੱਖ ਮੱਤ ਵਿਚ ਆਈ ਗਿਰਾਵਟ ਨੂੰ ਆਪਣੇ ਗੌਰਵਤਾ ਭਰੇ ਵਿਰਸੇ ਨਾਲ ਜਾਣ ਪਹਿਚਾਣ ਕਰਾਉਣਾ ਤੇ ਲੋਕਾਂ ਨੂੰ ਸਿੱਖ ਧਰਮ ਨਾਲ ਜੋੜਨਾ ਸੀ। ਵਿਧੀਵਤ ਰੂਪ ਸਿੱਖ ਵਿਸ਼ੇ ਨਾਲ ਸੰਬੰਧਿਤ ਪੰਜਾਬੀ ਦਾ ਪਹਿਲਾ ਧਾਰਮਿਕ ਨਾਟਕ 1952 ਈ. ਵਿਚ ਡਾ. ਹਰਚਰਨ ਸਿੰਘ ਨੇ (ਸ੍ਰੀ ਗੁਰੂ ਨਾਨਕ ਦੇਵ ਦੇ ਜੀਵਨ ਨਾਲ ਸੰਬੰਧਿਤ) 'ਪੁੰਨਿਆ ਦਾ ਚੰਨ' ਲਿਖਿਆ ਜਿਸ ਨੂੰ ਗੁਰੂ ਜੀ ਦੀ ਪੰਜਵੀਂ ਜਨਮ

ਸ਼ਤਾਬਦੀ ਮੌਕੇ 1969 ਵਿਚ ਦੁਬਾਰਾ ਸੋਧ ਕੇ ਲਿਖਿਆ ਗਿਆ ਹੈ ਇਸ ਨਾਟਕ ਵਿਚ ਆਧੁਨਿਕ ਨਾਟਕ ਕਲਾ ਦੇ ਸਾਰੇ ਗੁਣ ਮੌਜੂਦ ਹਨ। ਇਸ ਤੋਂ ਬਾਅਦ ਜੋ ਵੀ ਧਾਰਮਿਕ ਜਾਂ ਇਤਿਹਾਸਕ ਨਾਟਕ ਲਿਖੇ ਗਏ ਉਹ ਗੁਰੂ ਸਾਹਿਬਾਂ ਦੇ ਜਨਮ ਜਾ ਸ਼ਹੀਦੀ ਸ਼ਤਾਬਦੀ ਨਾਲ ਸੰਬੰਧਿਤ ਲਿਖੇ ਗਏ ਤੇ ਕੁਝ ਗੁਰੂ ਦੇ ਸਿੰਘਾਂ ਨਾਲ ਸੰਬੰਧਿਤ ਨਾਟਕ ਵੀ ਲਿਖੇ ਗਏ। ਜਿਵੇਂ ਹਰਚਰਨ ਸਿੰਘ ਨੇ 'ਚਮਕੌਰ ਦੀ ਗੜ੍ਹੀ', 'ਸਰਹੰਦ ਦੀ ਕੰਧ' ਤੇ 'ਇਤਿਹਾਸ ਜਵਾਬ ਮੰਗਦਾ ਹੈ' ਆਦਿ ਲਿਖੇ, ਜਿਹੜੇ ਸਿੱਖ ਇਤਿਹਾਸ ਨਾਲ ਸੰਬੰਧਿਤ ਇਤਿਹਾਸਕ ਨਾਟਕ ਵੀ ਹਨ। ਇਹ ਇਤਿਹਾਸਕ ਨਾਟਕ ਤਿੰਨ ਤਰ੍ਹਾਂ ਦੇ ਹਨ, ਜਿਹੜੇ ਐਲਿਸ ਫਰਮਰ ਦੀ ਨਿਮਨਲਿਖਤ ਧਾਰਨਾ ਤੇ ਪੂਰੇ ਉਤਰਦੇ ਹਨ :

ਪਹਿਲੀ ਕਿਸਮ ਦੇ ਉਹ ਨਾਟਕ ਹਨ ਜਿਨ੍ਹਾਂ ਵਿਚ ਧਾਰਮਿਕ ਰੀਤੀ-ਰਿਵਾਜਾਂ ਅਤੇ ਧਾਰਮਿਕ ਮਰਿਆਦਾ ਨੂੰ ਪਿਛੋਕੜ ਵਿਚ ਰੱਖਿਆ ਜਾਂਦਾ ਹੈ। ਦੂਜੀ ਕਿਸਮ ਦੇ ਉਹ ਨਾਟਕ ਹਨ ਜਿਨ੍ਹਾਂ ਵਿਚ ਧਾਰਮਿਕ ਵਿਅਕਤੀਆਂ ਦੀਆਂ ਜੀਵਨ ਘਟਨਾਵਾਂ ਨੂੰ ਬਿਆਨ ਕੀਤਾ ਹੋਵੇ ਅਤੇ ਤੀਜੀ ਕਿਸਮ ਦੇ ਉਹ ਨਾਟਕ ਹਨ ਜਿਨ੍ਹਾਂ ਵਿਚ ਕਿਸੇ ਧਰਮ ਵਿਸ਼ੇਸ਼ ਦੇ ਸਿਧਾਂਤਾਂ ਜਾਂ ਨੈਤਿਕ ਨਿਯਮਾਂ ਦਾ ਪ੍ਰਚਾਰ ਕੀਤਾ ਗਿਆ ਹੋਵੇ।[9]

ਅਸਲ ਵਿਚ ਇਤਿਹਾਸਕ ਨਾਟਕ ਉਹ ਹੁੰਦਾ ਹੈ ਜਿਸ ਨਾਲ ਸਮੁੱਚੀ ਕੌਮ ਦੀ ਕਿਸਮਤ ਬੱਝੀ ਹੋਵੇ। ਇਸ ਵਿਚ ਪਾਤਰ ਵੀ ਇਤਿਹਾਸਕ ਹੀ ਹੁੰਦੇ ਹਨ, ਭਾਵੇਂ ਕਲਪਨਿਕ ਪਾਤਰ ਵੀ ਲਏ ਜਾਂਦੇ ਹਨ ਪਰ ਉਨ੍ਹਾਂ ਵਿਚ ਵੀ ਇਤਿਹਾਸਕਤਾ ਡੁੱਲ੍ਹ ਡੁੱਲ੍ਹ ਪੈਂਦੀ ਹੈ। ਇਨ੍ਹਾਂ ਨੂੰ ਨਾਟਕ ਵਿਚ ਗੌਣ ਪਾਤਰ ਦੇ ਤੌਰ ਤੇ ਲਿਆ ਜਾਂਦਾ ਹੈ।

ਇਸ ਦੀ ਭਾਸ਼ਾ ਵੱਖਰੀ ਪਹਿਚਾਣ ਦੀ ਲਖਾਇਕ ਹੁੰਦੀ ਹੈ। ਇਹ ਆਮ ਬੋਲਚਾਲ ਦੀ ਭਾਸ਼ਾ ਤੋਂ ਵੱਖਰੀ ਦਿੱਖ ਸਿਰਜਦੀ ਹੈ। ਐਲਮ ਕੀਰ ਨਾਟਕ ਦੀ ਭਾਸ਼ਾ ਨੂੰ ਆਮ ਬੋਲਚਾਲ ਦੀ ਭਾਸ਼ਾ ਨਾਲੋਂ ਇਸ ਤਰ੍ਹਾਂ ਵੱਖਰੇ ਰੂਪ ਵਿਚ ਪੇਸ਼ ਕਰਦਾ ਹੈ:

(ੳ) ਨਾਟਕ ਦੀ ਭਾਸ਼ਾ ਵਿਚ ਵਿਸ਼ੇਸ਼ ਵਾਕ ਵਿਗਿਆਨ ਅਨੁਸ਼ਾਸਨ ਦੀ ਪਾਲਣਾ ਕੀਤੀ ਜਾਂਦੀ ਹੈ।

(ਅ) ਨਾਟਕ ਦੀ ਭਾਸ਼ਾ ਵਿਚ ਸੂਚਨਾਗਤ ਗਹਿਨਤਾ ਹੁੰਦੀ ਹੈ।

(ੲ) ਨਾਟਕ ਦੀ ਭਾਸ਼ਾ ਸਾਧਾਰਨ ਤੌਰ ਤੇ ਪਰਸਪਰ ਵਿਆਪੀ (Over Lapping) ਨਹੀਂ ਹੁੰਦੀ।[10]

ਇਸ ਤੋਂ ਇਲਾਵਾ ਇਤਿਹਾਸਕ ਨਾਟਕ ਵਿਚ ਸਾਧਾਰਨ ਨਾਟਕ ਵਾਲੇ ਵੀ ਸਾਰੇ ਗੁਣ ਮੌਜੂਦ ਹੁੰਦੇ ਹਨ। ਇਹ ਨਾਟਕ ਇਤਿਹਾਸਕ ਵਿਅਕਤੀਆਂ ਅਤੇ ਸਥਿਤੀਆਂ ਦੇ ਉੱਪਰ ਆਧਾਰਿਤ ਹੁੰਦਾ ਹੈ ਅਤੇ ਇਸ ਵਿਚ ਇਤਿਹਾਸਕ ਵਾਤਾਵਰਨ ਦੀ ਉਸਾਰੀ ਵੀ ਅਤਿ ਜ਼ਰੂਰੀ ਹੈ। ਇਤਿਹਾਸਕ ਨਾਟਕ ਵਿਚ ਇਸ ਗੱਲ ਦਾ ਵੀ ਖਾਸ ਧਿਆਨ ਰੱਖਿਆ ਜਾਂਦਾ ਹੈ ਕਿ ਇਸ ਨਾਟਕ ਨੇ ਵਰਤਮਾਨ ਸਥਿਤੀ ਵਿਚ ਵਿਚਰਨਾ ਹੁੰਦਾ ਹੈ ਤੇ ਇਤਿਹਾਸ ਤੇ ਵਰਤਮਾਨ ਨੂੰ ਧਿਆਨ ਵਿਚ ਰੱਖ ਕੇ ਇਤਿਹਾਸਕ ਨਾਟਕ ਦੀ ਸਿਰਜਨਾ ਕਰਨੀ ਹੁੰਦੀ ਹੈ ਤਾਂ ਜੋ ਸਰੋਤਿਆਂ ਨੂੰ ਇਸ ਦੀ ਭਾਸ਼ਾ ਚੰਗੀ ਤਰ੍ਹਾਂ ਸਮਝ ਆ ਸਕੇ। ਇਸ ਨਾਟਕ ਵਿਚ ਸਾਧਾਰਨ ਨਾਟਕ ਵਾਂਗ ਲਿਖਤ-ਪਾਠ ਵਿਚ ਖੇਡ-ਪਾਠ ਦੇ ਅੰਸ਼ ਮੌਜੂਦ ਹੁੰਦੇ ਹਨ। ਇਸ ਨਾਟਕ ਵਿਚ ਨਾਟਕਕਾਰ ਵੀ ਨਿਰਦੇਸ਼ਕੀ ਸੂਚਨਾਵਾਂ ਦਿੰਦਾ ਹੈ। ਇਸ ਤੋਂ ਇਲਾਵਾ ਲਿਖਤ-ਪਾਠ ਨੂੰ ਖੇਡ-ਪਾਠ ਵਿਚ ਰੂਪਾਂਤਰਿਤ ਕਰਨ ਲਈ ਨਿਰਦੇਸ਼ਕ, ਅਦਾਕਾਰ, ਹੋਰ ਸਹਾਇਕ

ਕਲਾਕਾਰ ਅਤੇ ਦਰਸ਼ਕਾਂ ਨੇ ਵੀ ਆਪਣੀ ਪੂਰੀ ਭੂਮਿਕਾ ਨਿਭਾਉਣੀ ਹੁੰਦੀ ਹੈ।

ਇਤਿਹਾਸਕ ਨਾਟਕ ਨੂੰ ਲਿਖਣ ਤੋਂ ਬਾਅਦ ਖੇਡਣ ਸਮੇਂ ਦੋ ਗੱਲਾਂ ਨੂੰ ਧਿਆਨ ਵਿਚ ਰੱਖਣਾ ਅਤਿ ਜ਼ਰੂਰੀ ਹੈ। ਪਹਿਲੀ ਗੱਲ ਤਾਂ ਨਾਟਕ ਬਾਰੇ ਇਤਿਹਾਸਕ ਸਥਿਤੀ ਪੂਰੀ ਤਰ੍ਹਾਂ ਪ੍ਰਤੀਤ ਕਰਾਉਣੀ ਤੇ ਦੂਸਰੀ ਵਰਤਮਾਨ ਨਾਟਕ ਵਿਚੋਂ ਇਤਿਹਾਸਕ ਸਥਿਤੀਆਂ ਦਾ ਅਨੰਦ ਮਾਣ ਸਕਣਾ। ਇਤਿਹਾਸਕ ਨਾਟਕ ਵਿਚ ਵਸਤੂਗਤ ਵਿਭਿੰਨਤਾ ਵੀ ਨਾਟਕ ਸੰਗਠਨ, ਪਾਤਰਾਂ, ਭਾਸ਼ਾ, ਮੰਚ, ਵਸਤੂ-ਸਮੱਗਰੀ, ਕਲਾ-ਜੁਗਤਾਂ ਆਦਿ ਦੇ ਸੰਦਰਭ ਵਿਚ ਹੁੰਦੀ ਹੈ।

ਇਤਿਹਾਸਕ ਨਾਟਕ ਦੇ ਸੰਬੰਧ ਵਿਚ ਕਿਹਾ ਜਾ ਸਕਦਾ ਹੈ ਕਿ ਇੱਕ ਇਤਿਹਾਸਕ ਘਟਨਾ ਕਿਸੇ ਨਾਟਕਕਾਰ ਲਈ ਕਿੰਨੀ ਵੀ ਵਜ਼ਨਦਾਰ ਕਿਉਂ ਨਾ ਹੋਏ, ਉਹ ਇਕ ਆਮ ਵਾਪਰੀ ਘਟਨਾ ਤੋਂ ਵੱਧ ਅਹਿਮੀਅਤ ਨਹੀਂ ਰੱਖਦੀ। ਅਜਿਹੇ ਇਤਿਹਾਸਕ ਨਾਟਕ ਵਿਚ ਲੋਕ ਭਲਾਈ ਦੇ ਮੰਤਵ ਨੂੰ ਵੀ ਮੱਦੇਨਜ਼ਰ ਰੱਖਿਆ ਜਾਂਦਾ ਹੈ। ਇਤਿਹਾਸਕ ਨਾਟਕ ਦਾ ਲੋਕ ਭਲਾਈ ਦੇ ਮੰਤਵ ਨਾਲ ਜੁੜਿਆ ਹੋਣਾ ਕੇਵਲ ਉਨ੍ਹਾਂ ਅਰਥਾਂ ਵਿਚ ਹੀ ਹੋ ਸਕਦਾ ਹੈ ਜਿਨ੍ਹਾਂ ਵਿਚ ਇਤਿਹਾਸ ਜੁੜਦਾ ਹੈ। ਇੱਥੇ ਇਹ ਵੀ ਗੱਲ ਇਤਿਹਾਸਕ ਨਾਟਕ ਤੋਂ ਸਿੱਖਣੀ ਹੁੰਦੀ ਹੈ ਕਿ ਭੂਤਕਾਲ ਵਿਚ ਹੋਈਆਂ ਗ਼ਲਤੀਆਂ ਨੂੰ ਵਰਤਮਾਨ ਵਿਚ ਲੋਕਾਂ ਦੁਆਰਾ ਨਾ ਦੁਹਰਾਇਆ ਜਾਵੇ। ਇਹ ਸਾਹਿਤ ਦਾ ਸਮੁੱਚਾ ਰੂਪ ਹੁੰਦਾ ਹੈ ਜੋ ਲੋਕ ਭਲਾਈ ਨਾਲ ਜੁੜਿਆ ਹੁੰਦਾ ਹੈ। ਇਹ ਵਿਅਕਤੀਗਤ ਸਮੱਸਿਆਵਾਂ ਉੱਪਰ ਕੇਂਦਰਿਤ ਨਹੀਂ ਹੁੰਦਾ ਬਲਕਿ ਇਹ ਤਾਂ ਸਮੁੱਚੀ ਕੌਮ ਨਾਲ ਜੁੜਿਆ ਹੁੰਦਾ ਹੈ। ਇਸ ਨੂੰ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਦੁਖਾਂਤ ਜਾਂ ਸੁਖਾਂਤ ਦਾ ਸੰਬੰਧ ਕਿਸੇ ਵਿਅਕਤੀ ਦੀ ਦਲੇਰੀ

ਜਾਂ ਥੋੜ੍ਹ ਚਿਰੀ ਕਿਸਮਤ ਨਾਲ ਹੁੰਦਾ ਹੈ ਪਰ ਇਤਿਹਾਸਕ ਨਾਟਕ ਲੋਕਾਂ ਦੇ ਸਮੂਹ ਅਤੇ ਮੁੱਢਲੇ ਤੌਰ ਤੇ ਕੌਮਾਂ ਨਾਲ ਸੰਬੰਧਿਤ ਹੁੰਦਾ ਹੈ।

ਅਸਲ ਵਿਚ ਇਤਿਹਾਸਕ ਨਾਟਕ ਲਿਖਣ ਵਾਲੇ ਨਾਟਕਕਾਰ ਦਾ ਕੰਮ ਇਤਿਹਾਸਕ ਨਾਟਕ ਵਿਚ ਤਣਾਉ ਭਰਪੂਰ ਘਟਨਾਵਾਂ ਦੀ ਚੋਣ ਕਰਨਾ ਹੈ। ਇਹ ਨਾਟਕ ਕੋਈ ਵੱਖਰੀ ਵਿਧਾ ਨਹੀਂ ਹੈ ਬਲਕਿ ਵਸਤੂ ਸਮੱਗਰੀ ਕਾਰਨ ਸਾਧਾਰਨ ਨਾਟਕ ਤੋਂ ਇਤਿਹਾਸਕ ਨਾਟਕ ਵੱਖ ਹੁੰਦਾ ਹੈ। ਕਿਸੇ ਵੀ ਰਚਨਾ ਨੂੰ ਨਿਰਪੇਖ ਵਿਧਾਗਤ ਪਰਿਪੇਖ ਵਿਚ ਰੱਖ ਕੇ ਅਧਿਐਨ ਕਰਨ ਨਾਲ ਨਿਸ਼ਚਿਤ ਰੂਪ ਵਿਚ ਉਸ ਰਚਨਾ ਦੀ ਅੰਤਰੀਵ ਸੰਰਚਨਾ ਤਕ ਅਪੜਿਆ ਜਾ ਸਕਦਾ ਹੈ ਪਰੰਤੂ ਕਿਸੇ ਰਚਨਾ ਸੰਤੁਲਿਤ ਮੁਲਾਂਕਣ ਲਈ ਇਹ ਜ਼ਰੂਰੀ ਹੈ ਕਿ ਉਸ ਨੂੰ ਇਤਿਹਾਸਕ ਪਰਿਪੇਖ ਵਿਚ ਰੱਖ ਕੇ ਦੇਖਿਆ ਜਾਵੇ। ਕਿਸੇ ਵੀ ਕਵੀ ਜਾਂ ਕਲਾਕਾਰ ਕੋਲ ਆਪਣਾ ਪੂਰਾ ਅਰਥ ਨਹੀਂ ਹੁੰਦਾ ਉਸ ਦੀ ਸਮਝ ਤਦ ਹੀ ਆਉਂਦੀ ਹੈ ਜੇਕਰ ਉਸ ਨੂੰ ਬੀਤ ਚੁੱਕੇ ਕਵੀਆਂ ਜਾਂ ਕਲਾਕਾਰਾਂ ਨਾਲ ਸੰਬੰਧਿਤ ਕਰਕੇ ਦੇਖਣ ਦਾ ਯਤਨ ਕੀਤਾ ਜਾਵੇ। ਇਸ ਲਈ ਜੇ ਅਸੀਂ ਪੰਜਾਬੀ ਇਤਿਹਾਸਕ ਨਾਟਕ ਦੀ ਗੱਲ ਕਰੀਏ ਤਾਂ ਪਹਿਲਾਂ ਇਸ ਦੇ ਉਦਭਵ ਬਾਰੇ ਪਤਾ ਲਗਾਉਣਾ ਪਵੇਗਾ ਪਰ ਅਜੇ ਤਕ ਸਾਡੇ ਸਾਹਮਣੇ ਕੋਈ ਵਿਗਿਆਨਕ ਤੱਥ ਨਹੀਂ ਆਇਆ ਜਿਸ ਨੂੰ ਮੰਨ ਕੇ ਅਸੀਂ ਪੰਜਾਬੀ ਇਤਿਹਾਸਕ ਨਾਟਕ ਦੇ ਉਦਭਵ ਦਾ ਪਤਾ ਲਗਾ ਸਕੀਏ। ਕੁਝ ਇਤਿਹਾਸਕਾਰ ਤੇ ਆਲੋਚਕ ਪੰਜਾਬੀ ਨਾਟਕ ਨੂੰ ਹੜੱਪਾ-ਮੋਹੰਜੋਦੜੋ ਦੀ ਸਭਿਅਤਾ ਤੋਂ ਉਦਭਵ ਹੋਇਆ ਮੰਨਦੇ ਹਨ ਪਰ ਕੁੱਝ ਪੰਜਾਬੀ ਨਾਟਕ ਦਾ ਆਰੰਭ ਨੌਰਾ ਰਿਚਰਡਜ਼ ਰਾਹੀਂ ਅੰਗਰੇਜ਼ੀ ਨਾਟ-ਸਾਹਿਤ ਦੇ ਪਏ ਪ੍ਰਭਾਵ ਕਾਰਨ ਆਈ.ਸੀ.ਨੰਦਾ ਦੇ ਨਾਟਕ ਦੁਲਹਨ (1913) ਤੋਂ ਮੰਨਦੇ ਹਨ। ਇੱਥੇ

ਇੱਕ ਗੱਲ ਸੋਚਣ ਵਾਲੀ ਹੈ ਕਿ ਕੋਈ ਵੀ ਸਾਹਿਤ ਰਚਨਾ ਕੇਵਲ ਬਾਹਰੀ ਪ੍ਰਭਾਵ ਦੇ ਕਾਰਨ ਨਹੀਂ ਹੋ ਸਕਦੀ ਉਸ ਲਈ ਉਸ ਸਮੇਂ ਦੇ ਸਮਾਜ ਦੀਆਂ ਆਪਣੀਆਂ ਸਥਿਤੀਆਂ ਜ਼ਿੰਮੇਵਾਰ ਹੁੰਦੀਆਂ ਹਨ। ਅਸਲ ਵਿਚ ਰੂਪ ਵਿਧਾਵਾਂ/ਖਲਾਅ ਵਿਚੋਂ ਆਪਣੀ ਹੋਂਦ ਨਹੀਂ ਸਿਰਜਦੀਆਂ ਸਗੋਂ ਕਿਸੇ ਵਿਸ਼ੇਸ਼ ਭੂਗੋਲਿਕ ਇਲਾਕੇ, ਭਾਸ਼ਾ, ਸਭਿਆਚਾਰਕ ਖਿੱਤੇ ਦੀਆਂ ਆਰਥਿਕ, ਰਾਜਨੀਤਕ, ਧਾਰਮਿਕ, ਸਮਾਜਿਕ ਤੇ ਮਾਨਸਿਕ ਪ੍ਰਸਥਿਤੀਆਂ ਕਿਸੇ ਰੂਪ-ਵਿਧਾ ਦੇ ਉਦਭਵ ਅਤੇ ਵਿਕਾਸ ਦਾ ਅਧਾਰ-ਤੱਤ ਹੁੰਦੀਆਂ ਹਨ। ਸਪਸ਼ਟ ਹੈ ਕਿ ਕਿਸੇ ਸਮਾਜ ਦੀ ਇਤਿਹਾਸਕ ਸਥਿਤੀ ਰੂਪ ਵਿਧਾਵਾਂ ਦੇ ਉਦਭਵ ਅਤੇ ਵਿਗਠਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਸ ਤਰ੍ਹਾਂ ਕਿਸੇ ਸਾਹਿਤ ਵਿਧਾ ਦਾ ਉਦਭਵ ਜਾਂ ਵਿਗਠਨ ਕਿਸੇ ਸ੍ਰੇਣੀ ਦੇ ਉਦਭਵ ਜਾਂ ਵਿਗਠਨ ਨਾਲ ਸੰਬੰਧਿਤ ਹੁੰਦਾ ਹੈ। ਕਿਸੇ ਸਾਹਿਤ ਵਿਧਾ ਦੇ ਉਦਭਵ ਦੀ ਸੰਭਾਵਨਾ ਕਿਸੇ ਸ੍ਰੇਣੀ ਦੇ ਉਦਭਵ ਨਾਲ ਹੁੰਦੀ ਹੈ। ਕਿਸੇ ਸਾਹਿਤ ਵਿਗਠਨ ਦੀ ਸੰਭਾਵਨਾ ਕਿਸੇ ਸ੍ਰੇਣੀ ਦੇ ਵਿਗਠਨ ਨਾਲ ਹੁੰਦੀ ਹੈ। ਇਸ ਲਈ ਉਨ੍ਹਾਂ ਸਥਿਤੀਆਂ ਤੇ ਪ੍ਰਸਥਿਤੀਆਂ ਨੂੰ ਦ੍ਰਿਸ਼ਟੀਗੋਚਰ ਕਰਨਾ ਬਣਦਾ ਹੈ ਜਿਨ੍ਹਾਂ ਕਾਰਨ ਪੰਜਾਬੀ ਨਾਟਕ ਦਾ ਉਦਭਵ ਸੰਭਵ ਹੋਇਆ।

ਇਤਿਹਾਸ ਉਹ ਬੌਧਿਕ ਰੂਪ ਹੈ ਜਿਸ ਵਿਚ ਸੱਭਿਅਤਾ ਆਪਣੇ ਸਮੇਂ ਦਾ ਠੀਕ ਪਤਾ ਲੱਭਦੀ ਹੈ। ਇਤਿਹਾਸ ਮਨੁੱਖੀ ਤਜਰਬਿਆਂ ਦਾ ਰਿਕਾਰਡ ਹੈ ਜਿਸ ਤੋਂ ਮਨੁੱਖ ਨੂੰ ਉਸ ਬਾਰੇ ਸਮਝਣ ਵਿਚ ਮਦਦ ਮਿਲਦੀ ਹੈ ਜਿੱਥੇ ਉਹ ਰਹਿੰਦਾ ਹੈ। ਇਤਿਹਾਸ ਸਮੁੱਚੇ ਸਮਾਜ ਦੇ ਸਾਰੇ ਪੱਖਾਂ ਦਾ, ਇਸ ਦੀਆਂ ਤਬਦੀਲੀਆਂ ਅਤੇ ਇਸ ਦੇ ਵਾਧਿਆਂ ਦਾ ਅਧਿਐਨ ਹੈ। ਇਤਿਹਾਸ ਸੱਭਿਆ ਸਮਾਜ ਵਿਚ ਰਹਿੰਦੇ ਮਨੁੱਖ ਦੀ ਕਹਾਣੀ ਹੈ। ਇਤਿਹਾਸ ਦੀ ਰੂਪ ਰੇਖਾ

ਕੇਵਲ ਮਜ੍ਹਬੀ ਘਟਨਾਵਾਂ ਨਾਲ ਨਹੀਂ ਉਘੜਦੀ ਬਲਕਿ ਹਰ ਪ੍ਰਕਾਰ ਦੀਆਂ ਘਟਨਾਵਾਂ ਇਸ ਦੀ ਰੂਪ ਰੇਖਾ ਉਘਾੜਨ ਵਿਚ ਸਹਾਈ ਹੁੰਦੀਆਂ ਹਨ। ਇਉਂ ਮਹੱਤਵਪੂਰਨ ਘਟਨਾਵਾਂ, ਜੋ ਵਿਸ਼ੇਸ਼ ਦੇਸ਼, ਸਮਾਜ ਜਾਂ ਆਦਮੀ ਨਾਲ ਵਾਪਰੀਆਂ ਹੋਣ, ਨੂੰ ਇਤਿਹਾਸ ਮੰਨਿਆ ਜਾ ਸਕਦਾ ਹੈ। ਅਜੋਕੇ ਸਮੇਂ ਮੁਤਾਬਿਕ ਮਨੁੱਖ ਵੱਲੋਂ ਕੱਢੀਆਂ ਮਹਾਨ ਕਾਢਾਂ, ਸਮਾਜ ਦੇ ਸਭਿਆਚਾਰਕ ਪੱਖਾਂ ਨੂੰ ਵਿਚਾਰਨਾ ਅਤੇ ਮਨੁੱਖ ਦੇ ਕੀਤੇ ਹੋਏ ਮਹਾਨ ਕੰਮਾਂ, ਉਸ ਦੀਆਂ ਸਫ਼ਲਤਾਵਾਂ ਅਤੇ ਅਸਫ਼ਲਤਾਵਾਂ ਦਾ ਵਰਣਨ ਵੀ ਇਤਿਹਾਸ ਕਹਾਉਂਦਾ ਹੈ। ਹਰ ਸਾਹਿਤ ਰੂਪ ਵਿਚ ਸਮਾਜ ਦੇ ਸਭਿਆਚਾਰ ਦਾ ਕੋਈ ਨਾ ਕੋਈ ਅੰਗ ਜਾਂ ਪੜਾਅ ਜ਼ਰੂਰ ਹੁੰਦਾ ਹੈ। ਇਤਿਹਾਸਕਾਰ ਦੀ ਨਿਰਭਰਤਾ ਤੱਥਾਂ ਤੇ ਹੁੰਦੀ ਹੈ। ਇਤਿਹਾਸ ਬੀਤੇ ਸਮੇਂ ਦੀਆਂ ਗਲਤੀਆਂ ਨੂੰ ਦੱਸਦਾ ਹੈ। ਵਰਤਮਾਨ ਅਤੇ ਭਵਿੱਖ ਲਈ ਸੁਚੇਤ ਕਰਦਾ ਹੈ। ਇਤਿਹਾਸ ਦੀ ਜਾਣਕਾਰੀ ਪ੍ਰਾਪਤ ਕਰਕੇ ਮਨੁੱਖ ਦਾ ਇਰਾਦਾ ਕੁੱਝ ਕਰ ਗੁਜ਼ਰਨ ਲਈ ਪੱਕਾ ਹੋ ਜਾਂਦਾ ਹੈ ਬੀਤੇ ਸਮੇਂ ਤੋਂ ਲਾਭ ਉਠਾ ਕੇ ਮਨੁੱਖ ਮਹੱਤਵਪੂਰਨ ਕਾਰਜ ਕਰ ਸਕਦਾ ਹੈ। ਇਤਿਹਾਸ ਮਨੁੱਖ ਦੀ ਜਾਣਨ ਦੀ ਇੱਛਾ, ਸੋਚ ਸ਼ਕਤੀ ਅਤੇ ਖੋਜ ਬਿਰਤੀ ਨੂੰ ਤੀਖਣਤਾ ਪ੍ਰਦਾਨ ਕਰਦਾ ਹੈ। ਭਵਿੱਖ ਵਿਚ ਕੁੱਝ ਕਰ ਗੁਜ਼ਰਨ ਲਈ ਉਦਮਸ਼ੀਲ ਬਣਾਉਂਦਾ ਹੈ। ਇਤਿਹਾਸ ਮਨੁੱਖ ਦੀ ਜ਼ਿੰਦਗੀ ਦੇ ਹਰੇਕ ਪੱਖ ਨੂੰ ਉਜਾਗਰ ਕਰਦਾ ਹੈ।[11] ਇਤਿਹਾਸ ਹਮੇਸ਼ਾ ਸੱਚ ਦੀ ਸਿਰਜਣਾ ਹੁੰਦਾ ਹੈ। ਇਹ ਸਾਨੂੰ ਦੱਸਦਾ ਹੈ ਕਿ ਸੱਚ ਕਦੇ ਵੀ ਨਹੀਂ ਮਰਦਾ। ਇਤਿਹਾਸ ਮਰ ਚੁੱਕੇ ਰਾਜਿਆਂ ਬਾਰੇ ਹੀ ਜਾਣਕਾਰੀ ਨਹੀਂ ਦਿੰਦਾ ਸਗੋਂ ਇਹ ਇਕ ਬੁੱਧੀ ਭਰਪੂਰ ਵਿਗਿਆਨ ਹੈ ਜਿਹੜਾ ਸਿਆਣੇ ਮਨੁੱਖਾਂ ਨੂੰ ਦੂਜਿਆਂ ਦੀਆਂ ਉਦਾਹਰਣਾਂ ਰਾਹੀਂ ਲਾਭ ਪਹੁੰਚਾਉਂਦਾ ਹੈ। ਇਤਿਹਾਸ ਨੂੰ ਵਿਸ਼ੇਸ਼ ਵਿਅਕਤੀਆਂ

ਦਾ ਗਿਆਨ ਹੈ। ਇਤਿਹਾਸ ਇਕ ਪ੍ਰਮੁੱਖ ਸੋਮਾ ਹੈ ਜਿਸ ਤੋਂ ਬੀਤੇ ਸਮੇਂ ਬਾਰੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਤਿਹਾਸ ਮਨੁੱਖ ਬਾਰੇ ਭਰਪੂਰ ਜਾਣਕਾਰੀ ਦਿੰਦਾ ਹੈ।[12] ਇਤਿਹਾਸ ਦੇ ਤਜਰਬੇ ਦੁਆਰਾ ਹੀ ਮਨੁੱਖ ਚੰਗਾ ਮਾੜਾ ਪਰਖਣ ਦੇ ਯੋਗ ਹੋ ਸਕਦਾ ਹੈ। ਇਤਿਹਾਸ ਨਿਰੀਖਣ ਅਤੇ ਆਲੋਚਨਾਤਮਕ ਬਿਰਤੀ ਨੂੰ ਪ੍ਰਚੰਡ ਕਰਦਾ ਹੈ।[13] ਮਨੁੱਖ ਦੀਆਂ ਸਕੀਮਾਂ ਭੂਤ ਦੇ ਤਜਰਬੇ ਦਾ ਨਿਰਧਾਰਨ ਹੁੰਦੀਆਂ ਹਨ। ਇਤਿਹਾਸ ਖੋਜ ਹੀ ਹੈ ਜੋ ਮਨੁੱਖ ਦੀ ਦੁਨੀਆਂ ਬਾਰੇ ਜਾਣਨ ਦੀ ਇੱਛਾ ਨੂੰ ਤ੍ਰਿਪਤ ਕਰਦੀ ਹੈ। ਇਤਿਹਾਸ ਦੁਆਰਾ ਹੀ ਮਨੁੱਖ ਸੰਸਾਰ ਨੂੰ ਸਮਝਦਾ ਹੈ। ਮਨੁੱਖ ਦੇ ਜਨਮ ਤੋਂ ਲੈ ਕੇ ਹੁਣ ਤਕ ਦੇ ਜੀਵਨ ਵਿਚ ਆਏ ਉਤਰਾ ਚੜ੍ਹਾਅ ਦਾ ਵੇਰਵਾ ਇਤਿਹਾਸ ਹੀ ਦੱਸਦਾ ਹੈ।[14] ਇਤਿਹਾਸ ਨੂੰ ਇੱਕ ਨਿਰੋਲ ਕਾਲਗਤੀ ਦਾ ਲਗਾਤਾਰ ਵੇਗ ਨਾ ਮੰਨ ਕੇ ਬੀਤ ਚੁੱਕੇ ਕਾਲ ਨੂੰ ਸਮਕਾਲੀਨਤਾ ਦੇ ਅਰਥ ਵਿਚ ਘੋਖਣ ਦੀ ਆਵਸ਼ਕਤਾ ਹੁੰਦੀ ਹੈ। ਇਕ ਸਿਰਜਨਾਤਮਕ ਇਤਿਹਾਸਕਾਰ ਜਦੋਂ ਅਤੀਤ ਨੂੰ ਇਤਿਹਾਸ ਵਿਚ ਢਾਲਦਾ ਹੈ ਤਾਂ ਉਸ ਸਮੇਂ ਉਹ ਕਿਸੇ ਜਾਤੀ ਦੀਆਂ ਸਾਰੀਆਂ ਪ੍ਰਾਪਤੀਆਂ ਨੂੰ ਇਕ ਭਰਪੂਰ ਸਜਿੰਦ, ਗਤੀਸ਼ੀਲ ਕਾਰਜ ਵਿਚ ਬੰਨ੍ਹ ਦਿੰਦਾ ਹੈ। ਉਹ ਘਟਨਾਵਾਂ ਅਤੇ ਤੱਥਾਂ ਨੂੰ ਵਰਤਮਾਨ ਜੀਵੰਤ ਪੱਧਰ ਤੇ ਜੋੜਦਾ ਹੈ। ਇਤਿਹਾਸਕਾਰ ਦਾ ਕੰਮ ਸਿਰਫ ਤੱਥਾਂ ਅਤੇ ਘਟਨਾਵਾਂ ਨੂੰ ਜੋੜਨਾ ਹੀ ਨਹੀਂ ਸਗੋਂ ਉਨ੍ਹਾਂ ਨੂੰ ਜੀਵੰਤ ਗਤੀਸ਼ੀਲ ਰੂਪਾਂਤਰ ਵਿਚ ਉਜਾਗਰ ਕਰਨਾ ਵੀ ਹੈ। ਇਸੇ ਰੂਪਾਂਤਰ ਦੁਆਰਾ ਹੀ ਇਤਿਹਾਸ ਬੀਤ ਚੁੱਕੇ ਨੂੰ ਸਮਕਾਲੀਨਤਾ ਦਾ ਹਾਣੀ ਬਣਾਉਂਦਾ ਹੈ।[15] ਸਭ ਆਦਰਸ਼ ਬੀਤ ਜਾਂਦੇ ਹਨ ਪਰ ਮਰਦੇ ਕਦੇ ਨਹੀਂ। ਜੋ ਪੁਰਾਣਾ ਬੀਤ ਚੁੱਕਾ ਹੈ ਉਹ ਵੀ ਨਵੇਂ ਅਤੇ ਜੀਵੰਤ ਵਿਚ ਜੀਉ ਰਿਹਾ ਹੈ। ਜਿਵੇਂ ਆਦਮੀ ਮਰਦੇ ਰਹਿੰਦੇ ਹਨ ਪਰ

ਸਮਾਜ ਦੀ ਨਿਰਭਰਤਾ ਅਟੁੱਟ ਪ੍ਰਵਾਹ ਵਾਂਗ ਕਾਇਮ ਰਹਿੰਦੀ ਹੈ। ਵਿਚਾਰ ਅਤੇ ਪ੍ਰਵਿਰਤੀਆਂ ਉਦੈ ਰਹਿੰਦੀਆਂ ਹਨ ਇਤਿਹਾਸ ਤੋਂ ਕਿਸੇ ਸੱਚ ਦੀ ਸਿੱਖਿਆ ਮਿਲਦੀ ਹੈ। ਇਤਿਹਾਸ ਇਕ ਨਦੀ ਦੀ ਤਰ੍ਹਾਂ ਹੈ ਜਿਸ ਦੇ ਭਾਗ ਨਹੀਂ ਕੀਤੇ ਜਾ ਸਕਦੇ।[16] ਇਤਿਹਾਸ ਕਦੇ ਵੀ ਖ਼ਤਮ ਨਹੀਂ ਹੁੰਦਾ। ਇਤਿਹਾਸਕਾਰ ਦਾ ਕੰਮ ਨਾਮੁਕੰਮਲ ਹੀ ਹੁੰਦਾ ਹੈ ਅਤੇ ਉਸ ਦਾ ਲਕਸ਼ ਦੂਰ ਹੈ। ਵਰਤਮਾਨ ਭੂਤ ਦੀ ਉਪਜ ਹੈ। ਅਸੀਂ ਸਾਰੇ ਬੀਤ ਚੁੱਕੇ ਨਾਲ ਜੁੜੇ ਹੋਏ ਹਾਂ। ਵਰਤਮਾਨ ਭਵਿੱਖ ਨਾਲ ਬੱਝਾ ਹੈ। ਇਹ ਕੜੀ ਕਦੇ ਵੀ ਖ਼ਤਮ ਨਹੀਂ ਹੋ ਸਕਦੀ ਹੈ। ਅਸੀਂ ਸਾਰੇ ਇਤਿਹਾਸਕ ਪੂੰਜੀ ਹਾਂ। ਸਾਡੇ ਖ਼ੂਨ ਵਿਚ ਵਡੇਰਿਆਂ ਦੇ ਖ਼ੂਨ ਦੀਆਂ ਬੂੰਦਾਂ ਸਮਾਈਆਂ ਹਨ। ਉਨ੍ਹਾਂ ਦੀਆਂ ਗੁਪਤ ਯਾਦਾਂ ਸਾਡੇ ਦਿਲ ਵਿਚ ਧੜਕਦੀਆਂ ਹਨ।

ਇਤਿਹਾਸ ਵਰਤਮਾਨ ਦੀ ਹੋਂਦ ਨੂੰ ਸਮਝਣ ਲਈ ਇਸ ਨੂੰ ਭੂਤ ਵਿਚੋਂ ਜੰਮਦਾ ਅਤੇ ਨਿਖਾਰਦਾ ਭਾਸਦਾ ਹੈ। ਇਤਿਹਾਸਕਾਰੀ ਵਰਤਮਾਨ ਦੀ ਉਸਾਰੀ ਤੇ ਭਵਿੱਖ ਦਾ ਨਿਰਮਾਣ ਕਰਦੀ ਹੈ। ਕਿਸੇ ਦੇਸ਼ ਜਾਂ ਜਾਤੀ ਦੇ ਸਾਹਿਤ ਤੋਂ ਇਤਿਹਾਸ ਦੀ ਰੂਪ-ਰੇਖਾ ਉਘੜਦੀ ਹੈ। ਮਹਾਂਕਾਵਿ, ਰਾਮਾਇਣ, ਮਹਾਂਭਾਰਤ ਆਦਿ ਪੁਰਾਤਨ ਇਤਿਹਾਸ ਹੀ ਹਨ ਇਨ੍ਹਾਂ ਵਿਚ ਪਰਾਸਰੀਰਕ ਅੰਸ਼ ਦੇ ਪ੍ਰਵੇਸ਼ ਸਦਕਾ ਅਸੀਂ ਇਨ੍ਹਾਂ ਨੂੰ ਇਤਿਹਾਸ ਨਹੀਂ ਕਹਿ ਸਕਦੇ। ਕਲਣ ਦਾ 'ਰਾਜ ਤਰੰਗਣੀ' ਕਵਿਤਾ ਵਿਚ ਕਸ਼ਮੀਰ ਦਾ ਇਤਿਹਾਸ ਹੀ ਹੈ। ਇਤਿਹਾਸ ਵਿਚ ਮਿਥਿਕ ਤੱਤਾਂ ਦੀ ਅਣਹੋਂਦ ਹੁੰਦੀ ਹੈ। ਮਿਥਿਕ ਤੱਤਾਂ ਦੀ ਮੌਜੂਦਗੀ ਕਾਰਨ ਹੀ ਰਮਾਇਣ, ਮਹਾਂਭਾਰਤ ਨੂੰ ਸੰਦੇਹ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਇਤਿਹਾਸ ਕਦੇ ਵੀ ਛੁਪਦਾ ਨਹੀਂ ਜਿਵੇਂ ਸ਼ਾਹ ਮੁਹੰਮਦ ਆਪਣੇ 'ਜੰਗਨਾਮਾਂ ਸਿੰਘਾਂ ਤੇ ਫਰੰਗੀਆਂ' ਵਿਚ ਇਤਿਹਾਸਕ ਸੱਚ ਨੂੰ ਬਿਆਨ ਕਰਦਾ

ਹੋਇਆ ਸਿੰਘਾਂ ਦੀ ਬਹਾਦਰੀ ਦੇ ਗੁਣ ਵੀ ਗਾਉਂਦਾ ਹੈ ਤੇ ਇਕ ਸਰਕਾਰ ਬਾਝੋਂ ਹੋਈ ਹਾਰ ਨੂੰ ਵੀ ਬਿਆਨਦਾ ਹੈ ਕਿਉਂਕਿ ਇਤਿਹਾਸ ਕਿਸੇ ਦਾ ਤਰਸ ਨਹੀਂ ਕਰਦਾ ਉਹ ਤਾਂ ਸੱਚਾਈ ਤੇ ਟਿਕਿਆ ਹੁੰਦਾ ਹੈ। ਕਿੱਸਾ, ਵਾਰ, ਜੰਗਨਾਮੇ, ਮਹਾਂਕਾਵਿ ਆਦਿ ਸਾਹਿਤ ਰੂਪਾਂ ਨੂੰ ਇਤਿਹਾਸ ਲਈ ਵਰਤਿਆ ਜਾ ਸਕਦਾ ਹੈ। ਇਤਿਹਾਸ ਸੰਮਿਲਤ ਸਾਹਿਤ ਦਾ ਪ੍ਰਭਾਵ ਦੇਸ਼ ਜਾਂ ਜਾਤੀ ਦੇ ਆਚਰਣ ਨੂੰ ਢਾਲਦਾ ਹੀ ਨਹੀਂ ਸਗੋਂ ਭਵਿੱਖ ਤੇ ਵੀ ਅਸਰਦਾਇਕ ਹੁੰਦਾ ਹੈ। ਮਹਾਨ ਇਤਿਹਾਸਕ ਲਹਿਰਾਂ ਕਿਸੇ ਬੋਧਿਕ ਨਮੂਨੇ ਜਾਂ ਪ੍ਰਧਾਨ ਵਿਚਾਰ ਤੋਂ ਬਣਾਈਆਂ ਜਾਂਦੀਆਂ ਹਨ ਜੋ ਪਹਿਲਾਂ ਸਾਹਿਤ ਵਿਚ ਹੀ ਪੁੰਗਰਦਾ ਅਤੇ ਫੁੱਟਦਾ ਹੈ। ਇਤਿਹਾਸ ਹੋਰ ਕੁਝ ਨਹੀਂ ਸਗੋਂ ਇਸ ਧਰਤੀ ਦੇ ਜਨਮ ਤੋਂ ਇਸ ਉਤੇ ਵਾਪਰੀਆਂ ਘਟਨਾਵਾਂ ਦੇ ਮਹਾਨ ਨਾਟਕ ਦਾ ਵੇਰਵਾ ਹੈ।[17] ਇਤਿਹਾਸ ਦੀ ਆਧੁਨਿਕ ਧਾਰਨਾ ਇਕ ਸਾਧਾਰਨ ਕਹਾਣੀ ਹੀ ਨਹੀਂ ਬਲਕਿ ਘਟਨਾਵਾਂ ਦੀ ਪੜਚੋਲ ਹੈ। ਇਤਿਹਾਸ ਇਕ ਐਸੀ ਤਸਵੀਰ ਹੈ ਜਿਸ ਦਾ ਫਰੇਮ ਨਹੀਂ ਹੁੰਦਾ ਜਿਸ ਤਰ੍ਹਾਂ ਇਕ ਪੱਥਰ ਦੀ ਬਣਤਰ ਹੁੰਦੀ ਹੈ।[18] ਪਹਿਲੇ ਲਿਖੇ ਇਤਿਹਾਸ ਤੋਂ ਇਤਿਹਾਸ ਸਿਰਜਣਾ ਬਣੇ ਬਣਾਏ ਇਤਿਹਾਸ ਨੂੰ ਦੁਹਰਾਉਣ ਦੇ ਸਮਾਨ ਹੈ। ਕਿਸੇ ਸਮੇਂ ਦਾ ਸਰਕਾਰੀ ਰਿਕਾਰਡ, ਸ਼ਿਲਾਲੇਖ, ਸਿੱਕੇ, ਸਬੂਤ ਆਦਿ ਅਨੇਕ ਵਾਰ ਵੱਖਰੇ ਨਤੀਜੇ ਦੇ ਧਾਰਨੀ ਹੁੰਦੇ ਹਨ। ਇਤਿਹਾਸ ਦਾ ਸੱਚ ਕਦੇ ਨਹੀਂ ਮਰਦਾ।[19]

ਇਤਿਹਾਸ ਇਕ ਰਿਪੋਰਟ ਦੀ ਤਰ੍ਹਾਂ ਹੈ ਜਿਸ ਵਿਚ ਭਾਵਕਤਾ ਅਤੇ ਕਲਪਨਾ ਪ੍ਰਵਾਨ ਨਹੀਂ ਹੁੰਦੀ। ਇਤਿਹਾਸ ਵਿਅਕਤੀਆਂ ਦੇ ਗੁਣਾਂ ਔਗੁਣਾਂ ਅਤੇ ਬਾਹਰੀ ਜ਼ਿੰਦਗੀ ਨਾਲ ਕੋਈ ਸਰੋਕਾਰ ਨਹੀਂ ਰੱਖਦਾ। ਇਤਿਹਾਸ ਮਨੁੱਖਾਂ ਦਾ ਅਧਿਐਨ ਸਮੂਹਾਂ ਦੇ ਰੂਪ ਵਿਚ ਕਰਦਾ ਹੈ, ਜੋ ਵਿਅਕਤੀ ਵਿਲੱਖਣਤਾ

ਦੀ ਪ੍ਰਵਾਹ ਨਹੀਂ ਕਰਦਾ। ਅਸਲ ਵਿਚ ਇਤਿਹਾਸ ਦਇਆ ਰਹਿਤ ਹੁੰਦਾ ਹੈ।[20] ਇਤਿਹਾਸ ਨੂੰ ਸਮਝਣ ਲਈ ਡੂੰਘੀ ਦ੍ਰਿਸ਼ਟੀ ਜ਼ਰੂਰੀ ਹੈ ਅਤੇ ਉਸ ਬਾਰੇ ਪੂਰਨ ਗਿਆਨ ਦੀ ਲੋੜ ਅਨਿਵਾਰੀ ਹੈ। ਸੱਚ ਤਕ ਵਿਹਾਰਕ ਸਰਗਰਮੀ ਦੁਆਰਾ ਹੀ ਪਹੁੰਚਿਆ ਜਾ ਸਕਦਾ ਹੈ। ਸੱਚ ਮਨੁੱਖ ਦੁਆਰਾ ਕੀਤੀ ਗਈ ਡੂੰਘੀ ਖੋਜ ਦਾ ਹੀ ਪ੍ਰਗਟਾਵਾ ਹੈ। ਨਵੇਂ ਤੱਥਾਂ ਦੁਆਰਾ ਜੋ ਪਤਾ ਹੈ ਉਹ ਸਦੀਵੀ ਸੱਚ ਨਹੀਂ ਇਸ ਲਈ 'ਜੋ ਪਤਾ ਨਹੀਂ' ਦਾ ਪਤਾ ਲਾਉਣਾ ਸੱਚ ਦੀ ਉਸਾਰੀ ਕਰਨਾ ਹੈ।[21] ਇਤਿਹਾਸ ਸ਼ਬਦ ਹਿਸਟਰੀ ਦਾ ਰੂਪਾਂਤਰ ਹੈ। ਹਿਸਟਰੀ ਯੂਨਾਨੀ ਸ਼ਬਦ 'ਹਿਸਟਰੀਆਂ' ਤੋਂ ਆਇਆ ਹੈ, ਜਿਸ ਦਾ ਅਰਥ 'ਖੋਜ' ਹੈ।[22] ਵਿਆਖਿਆ ਇਤਿਹਾਸ ਦਾ ਅਨਿਵਾਰੀ ਅੰਗ ਹੈ। ਇਤਿਹਾਸਕ ਤੱਥ ਇਤਿਹਾਸਕ ਸਮੱਗਰੀ ਹਨ, ਜਦ ਤਕ ਇਸ ਵਿਵਰਣ ਵਿਚ ਵਿਆਖਿਆ-ਵਿਸ਼ਲੇਸ਼ਣ ਨੂੰ ਆਧਾਰ ਨਹੀਂ ਬਣਾਇਆ ਜਾਂਦਾ। ਇਤਿਹਾਸ ਦਾ ਵਿਸ਼ਵਾਸ ਘਟਨਾਵਾਂ ਨੂੰ ਤਰਤੀਬ ਦੇਣ ਵਿਚ ਹੁੰਦਾ ਹੈ।[23] ਇਤਿਹਾਸ ਮਿਤੀਆਂ ਅਨੁਸਾਰ ਘਟਨਾਵਾਂ ਦਾ ਰਿਕਾਰਡ ਹੀ ਹੁੰਦਾ ਹੈ। ਇਤਿਹਾਸ ਨੂੰ ਸਾਧਾਰਨ ਅਰਥਾਂ ਵਿਚ ਸਮਾਜ ਦੀਆਂ ਭੂਤਕਾਲੀ ਘਟਨਾਵਾਂ ਤਕ ਹੀ ਸੀਮਿਤ ਰੱਖਿਆ ਜਾਂਦਾ ਹੈ। ਇਸ ਨੂੰ ਸੀਮਿਤ ਕਰਨ ਦਾ ਮਤਲਬ ਇਸ ਵਿਚਲੀ ਗਤੀਸ਼ੀਲਤਾ ਤੋਂ ਮੁਨਕਰ ਹੋਣਾ ਹੈ। ਇਤਿਹਾਸ ਦਾ ਸੰਬੰਧ ਵਰਤਮਾਨ ਅਤੇ ਭੂਤ ਦੋਹਾਂ ਨਾਲ ਹੈ। ਇਤਿਹਾਸਕਾਰ ਵਰਤਮਾਨ ਅਤੇ ਭੂਤ ਵਿਚਕਾਰ ਪੁਲ ਦਾ ਕੰਮ ਕਰਦਾ ਹੈ।[24] ਇਤਿਹਾਸ ਇਕ ਗਤੀਸ਼ੀਲ ਪ੍ਰਕ੍ਰਿਆ ਹੈ। ਵਰਤਮਾਨ ਅਤੇ ਅਤੀਤ ਵਿਚਕਾਰ ਇਕ ਨਾ ਮੁੱਕਣ ਵਾਲਾ ਸੰਬੰਧ ਹੈ। ਇਤਿਹਾਸਕਾਰ ਨਿਰੋਲ ਘਟਨਾਵਾਂ ਬਾਰੇ ਤੱਥ ਪੇਸ਼ ਕਰਦਾ ਹੈ ਪਰ ਸਾਹਿਤਕਾਰ ਘਟਨਾਵਾਂ ਤੇ ਤੱਥਾ ਪਿੱਛੇ ਲੁੱਕੀ ਜੀਵਨ ਰੌਂ ਨੂੰ ਪਛਾਣਦਾ ਹੈ ਅਤੇ ਸਮੇਂ ਦੀ ਸਮੁੱਚੀ ਰੂਹ ਨੂੰ ਉਜਾਗਰ ਕਰ ਦਿੰਦਾ ਹੈ।[25]

ਇਸ ਲਈ ਇਤਿਹਾਸਕ ਨਾਟਕ ਦੀ ਸੰਰਚਨਾ ਬੜੇ ਡੂੰਘੇ ਧਿਆਨ ਦੀ ਮੰਗ ਕਰਦੀ ਹੈ ਕਿਉਂਕਿ ਇਤਿਹਾਸਕ ਨਾਟਕ ਇੱਕ ਪਾਸੇ ਇਤਿਹਾਸ ਤੇ ਦੂਜੇ ਪਾਸੇ ਗਲਪ ਦਾ ਸੁਮੇਲ ਹੈ।

## ਅ) ਇਤਿਹਾਸਕ ਨਾਟਕ ਦਾ ਨਾਟ-ਸੰਗਠਨ

ਇਤਿਹਾਸਕ ਨਾਟਕ ਦੇ ਨਾਟ-ਸੰਗਠਨ ਨੂੰ ਸਮਝਣ ਹਿਤ ਸਭ ਤੋਂ ਪਹਿਲਾਂ ਕਥਾਨਕ ਦਾ ਅਧਿਐਨ ਜ਼ਰੂਰੀ ਹੈ। ਇਤਿਹਾਸਕ ਨਾਟਕ ਦਾ ਕਥਾਨਕ ਇਤਿਹਾਸਕ ਪਾਤਰਾਂ ਅਨੁਸਾਰ ਹੋਣਾ ਚਾਹੀਦਾ ਹੈ। ਨਾਟਕ ਦਾ ਵਿਸ਼ਾ ਮੱਧ ਕਾਲੀਨ ਇਤਿਹਾਸ ਵਿਚੋਂ ਲਿਆ ਗਿਆ ਹੋਵੇ ਤਾਂ ਉਸ ਸਮੇਂ ਦੇ ਸੂਰਮਿਆਂ, ਰਾਜਿਆਂ-ਮਹਾਰਾਜਿਆਂ, ਕਾਜ਼ੀਆਂ ਅਤੇ ਆਮ ਸਿਪਾਹੀਆਂ ਵਾਲੀ ਵਰਤਮਾਨ ਵਿਚ ਸਮਝ ਆ ਸਕਣ ਵਾਲੀ ਠਾਠ-ਬਾਠ ਹੋਣੀ ਚਾਹੀਦੀ ਹੈ ਤੇ ਇਨ੍ਹਾਂ ਦਾ ਸੰਵਾਦ ਵਰਤਮਾਨ ਵਿਚ ਸਮਝ ਆ ਸਕਣ ਵਾਲੀ ਬੋਲੀ ਵਿਚ ਹੋਣਾ ਚਾਹੀਦਾ ਹੈ ਤਾਂ ਲੋਕਾਂ ਨੂੰ ਇਤਿਹਾਸ ਪਰਿਪੇਖ ਦੀ ਸਮਝ ਆ ਸਕੇ ਤੇ ਨਾਲ ਹੀ ਨਾਟਕ ਮੰਚਿਤ ਹੋ ਸਕੇ। ਲੇਕਿਨ ਬਾਹਰੀ ਦਿੱਖ ਮੱਧਕਾਲ ਵਾਲੀ ਹੀ ਹੋਣੀ ਚਾਹੀਦੀ ਹੈ। ਜੇ ਕਿਸੇ ਰਾਜੇ ਮਹਾਰਾਜੇ ਦੇ ਸੰਵਾਦ ਹੋਣ ਤਾਂ ਉਹ ਰਾਜਿਆਂ ਵਾਲੀ ਕੜਕ-ਦੜਕ ਵਾਲੇ ਹੋਣਗੇ, ਅਸੀਂ ਉਸ ਦੇ ਸੰਵਾਦ ਆਮ ਆਦਮੀ ਦੇ ਸੰਵਾਦਾਂ ਵਾਲੇ ਨਹੀਂ ਵਰਤਾਂਗੇ। ਜਿਵੇਂ ਔਰੰਗਜ਼ੇਬ ਨੂੰ ਨਾਟਕ ਵਿਚ ਲਿਆ ਜਾਵੇ ਤਾਂ ਉਸ ਦੀ ਬਾਹਰੀ ਦਿੱਖ ਔਰੰਗਜ਼ੇਬ ਵਰਗੀ ਹੋਵੇਗੀ ਤੇ ਉਸ ਦੀ ਬੋਲੀ ਉਸ ਦੇ ਨਿਰਦਈ, ਕੱਟੜਪੰਥੀ ਇਸਲਾਮ ਵਾਲੀ, ਰੋਹਬਦਾਰ, ਪ੍ਰਭਾਵ ਪਾਊ ਤੇ ਕੜਕ-ਦੜਕ ਵਾਲੀ ਹੋਵੇਗੀ, ਜਿਵੇਂ ਹਰਚਰਨ ਸਿੰਘ ਦੇ ਨਾਟਕ ਚਮਕੌਰ ਦੀ ਗੜ੍ਹੀ ਦੇ ਜ਼ਫ਼ਰਨਾਮੇ ਵਾਲੇ ਭਾਗ ਵਿਚ ਔਰੰਗਜ਼ੇਬ ਦੇ ਮੂੰਹੋਂ ਇਹ ਸੰਵਾਦ ਬੁਲਾਏ ਗਏ ਹਨ :

ਔਰੰਗਜ਼ੇਬ: ਉਸ ਵਿਚ ਸਿੱਖਾਂ ਦੇ ਪੀਰ ਨੇ ਐਸੀ ਬੇਬਾਕੀ ਨਾਲ ਮੈਨੂੰ ਲਾਹਨਤਾਂ ਪਾਈਆ ਹਨ।ਕਿ ਮੇਰੀ ਜ਼ਮੀਰ ਥਰਥਰਾ ਗਈ ਹੈ,ਮੇਰਾ ਵਜੂਦ ਪਿੰਜਿਆ ਗਿਆ ਹੈ। ਪਤਾ ਨਹੀਂ ਉਸ ਦਾ ਜ਼ਿਹਨ ਉਤੇ ਕਿਆ ਅਸਰ ਹੋਇਆ ਸਾਰੀ ਰਾਤ ਇੱਕ ਪਲ ਨੀਂਦ ਨਹੀਂ ਆਈ। ਸਵੇਰ ਸਾਰ ਜ਼ਰਾ ਅੱਖ ਲੱਗੀ ਤਾ ਐਸਾ ਖੌਫ਼ਨਾਕ ਖ਼ਾਬ ਆਇਆ ਕਿ ਬਿਆਨੋ ਬਾਹਰ।[26]

ਇਸ ਨਾਟਕ ਵਿਚ ਭਾਵੇਂ ਗੱਲ ਮੱਧਕਾਲ ਦੇ ਸਮੇਂ ਦੀ ਹੈ ਪਰ ਬੋਲੀ ਸਮਝਾਉਣ ਵਾਲੀ ਸ਼ੈਲੀ ਵਰਤਮਾਨ ਭਾਸ਼ਾ ਦੀ ਹੈ ਜੋ ਆਮ ਬੋਲਚਾਲ ਤੇ ਸਮਝ ਆਉਣ ਵਾਲੀ ਭਾਸ਼ਾ ਹੈ। ਔਰੰਗਜ਼ੇਬ ਦੇ ਇਹ ਸੰਵਾਦ ਸਰੋਤਿਆਂ ਨੂੰ ਮੱਧਕਾਲ ਵਾਲੇ ਸਮੇਂ ਵਿਚ ਕਲਪਨਾ ਦੇ ਜ਼ਰੀਏ ਲੈ ਜਾਣਗੇ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਹੋਈਆਂ ਲੜਾਈਆਂ, ਔਰੰਗਜ਼ੇਬ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਦੇ ਚਾਂਦਨੀ ਚੌਕ ਵਿਚ ਸੀਸ ਉਤਾਰਨ ਤੋਂ ਲੈ ਕੇ ਔਰੰਗਜ਼ੇਬ ਦੇ ਮਰਨ ਤਕ, ਉਧਰ ਸ੍ਰੀ ਗੁਰੂ ਗੋਬਿੰਦ ਸਿੰਘ, ਚਾਰੇ ਸਾਹਿਬਜ਼ਾਦੇ, ਚਾਲੀ ਮੁਕਤੇ ਤੇ ਉਸ ਸਮੇਂ ਜੋ ਜੋ ਘਟਨਾਵਾਂ ਵਾਪਰੀਆਂ ਸਰੋਤਿਆਂ ਨੂੰ ਇਤਿਹਾਸਕ ਘਟਨਾਵਾਂ ਦੀ ਕਲਪਨਾ ਕਰਨ ਲਈ ਇਹ ਸੰਵਾਦ ਮਜਬੂਰ ਕਰਨਗੇ। ਇਸ ਲਈ ਇਤਿਹਾਸਕ ਨਾਟਕ ਦੇ ਕਥਾਨਕ ਸੰਵਾਦ ਇਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ ਜਿਨ੍ਹਾਂ ਨੂੰ ਸੁਣ ਜਾਂ ਪੜ੍ਹ ਕੇ ਜਾਂ ਰੰਗਮੰਚ ਤੇ ਅਦਾਕਾਰੀ ਕਰ ਰਹੇ ਪਾਤਰਾਂ ਨੂੰ ਦੇਖ ਕੇ ਸਰੋਤੇ ਉਸ ਸਮੇਂ ਦੀਆਂ ਘਟਨਾਵਾਂ ਨੂੰ ਮਹਿਸੂਸ ਕਰਨ, ਸੋਚਣ ਲਈਂ ਮਜਬੂਰ ਹੋ ਜਾਣ, ਘ੍ਰਿਣਾਦਾਇਕ ਪਾਤਰ ਨੂੰ ਘਿਰਨਾ ਕਰਨ ਲੱਗਣ ਤੇ ਬਹਾਦਰੀ ਕਰਨ ਵਾਲੇ ਪਾਤਰ ਵਰਗਾ ਆਪਣੇ ਆਪ ਨੂੰ ਮਹਿਸੂਸ ਕਰਨ, ਜਿਵੇਂ ਡਾ. ਹਰਚਰਨ ਸਿੰਘ ਦੇ ਨਾਟਕ 'ਹਿੰਦ ਦੀ ਚਾਦਰ' ਵਿਚ

ਜਦੋਂ ਗੁਰੂ ਤੇਗ ਬਹਾਦਰ ਦਾ ਸੀਸ ਧੜ ਨਾਲੋਂ ਅਲੱਗ ਕਰ ਦਿੱਤਾ ਜਾਂਦਾ ਹੈ ਤਾਂ 'ਰੰਗਰੇਟਾ ਗੁਰੂ ਦਾ ਬੇਟਾ' ਭਾਈ ਜੈਤਾ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਾ ਹੋਇਆ ਸੀਸ ਉਠਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਵੱਲ ਕੂਚ ਕਰ ਲੈਂਦਾ ਹੈ ਜਿੱਥੇ ਆਨੰਦਪੁਰ ਸਾਹਿਬ ਵਿਖੇ ਉਹ ਠਹਿਰੇ ਹੋਏ ਸਨ। ਅਜਿਹੇ ਦਲੇਰਾਨਾ ਪਾਤਰ ਵਰਗਾ ਬਣਨ ਲਈ ਸਰੋਤੇ ਆਪਣੇ ਆਪ ਨੂੰ ਭਾਈ ਜੈਤੇ ਵਰਗਾ ਬਣਨਾ ਮਹਿਸੂਸ ਕਰਨਗੇ।

ਅਸਲ ਵਿਚ ਕਥਾਨਕ ਤੋਂ ਭਾਵ ਘਟਨਾਕ੍ਰਮ ਤੋਂ ਹੁੰਦਾ ਹੈ। ਇਨ੍ਹਾਂ ਘਟਨਾਵਾਂ ਨੂੰ ਵਿਸ਼ੇਸ਼ ਪਰਿਸਥਿਤੀ ਵਿਚ ਰੱਖ ਕੇ ਪਾਤਰਾਂ ਨੂੰ ਉਘਾੜਿਆ ਜਾਂਦਾ ਹੈ ਜਿਸ ਵਿਚ ਪਾਤਰ ਅਹਿਮ ਭੂਮਿਕਾ ਨਿਭਾਉਂਦੇ ਹਨ। ਕਥਾਨਕ ਜ਼ਿੰਦਗੀ ਦੀਆਂ ਘਟਨਾਵਾਂ ਨੂੰ ਇਸ ਤਰ੍ਹਾਂ ਸਾਡੇ ਸਾਹਮਣੇ ਪੇਸ਼ ਕਰਦਾ ਹੈ ਜਿਸ ਦੀ ਕੇਂਦਰੀ ਰੌਚਿਕਤਾ ਯਥਾਰਥ ਦਾ ਭੁਲੇਖਾ ਪਾਉਂਦੀ ਹੈ। ਭਾਰਤੀ ਤੇ ਪੱਛਮੀ ਵਿਦਵਾਨਾਂ ਨੇ ਕਥਾਨਕ ਵੱਲ ਉਚਿਤ ਧਿਆਨ ਦਿੱਤਾ ਹੈ। ਜਿਵੇਂ ਅਰਸਤੂ ਨੇ ਕਥਾਨਕ ਦੇ ਦੋ ਭਾਗ ਮੰਨੇ ਹਨ:

1. ਉਲਝਾਊ (ਇਸ ਦਾ ਅਰਥ ਨਾਟਕੀ ਗੁੰਝਲ ਤੋਂ ਹੈ)
2. ਸੁਲਝਾਊ (ਇਸ ਭਾਗ ਵਿਚ ਨਾਟਕੀ ਗੁੰਝਲ ਨੂੰ ਖੋਲ੍ਹਿਆ ਜਾਂਦਾ ਹੈ)

ਇਸ ਤਰ੍ਹਾਂ ਕਥਾਨਕ ਕਾਰਜ ਵਾਪਰਨ ਦੀ ਅਨੁਕ੍ਰਿਤੀ ਹੈ ਕਿਉਂਕਿ ਕਥਾਨਕ ਤੋਂ ਮਤਲਬ ਘਟਨਾ-ਪ੍ਰਬੰਧ ਤੋਂ ਹੈ। ਹਰ ਇਕ ਨਾਟਕ ਘਟਨਾਵਾਂ ਤੇ ਅਧਾਰਿਤ ਹੁੰਦਾ ਹੈ ਜੋ ਸਰੀਰਕ ਤੇ ਮਾਨਸਿਕ ਦੋਹਾਂ ਤਰ੍ਹਾਂ ਦੀਆਂ ਹੋ ਸਕਦੀਆਂ ਹਨ। ਅਰਸਤੂ ਨੇ ਨਾਟਕੀ ਕਥਾਨਕ ਦੇ ਛੇ ਗੁਣ ਨਿਰਧਾਰਤ ਕੀਤੇ ਹਨ: ਏਕਤਾ, ਪੂਰਣਤਾ, ਸੰਭਾਵਿਤਾ, ਸਹਿਜ ਵਿਕਾਸ, ਕੌਤੂਹਲ, ਸਾਧਾਰਣੀਕਰਣ। ਕੋਈ ਵੀ ਨਾਟਕ ਕਥਾਨਕ ਤੋਂ ਬਿਨਾਂ ਹੋਂਦ ਵਿਚ ਨਹੀਂ ਆ

ਸਕਦਾ ਕਿਉਂਕਿ ਖੇਡ-ਪਾਠ ਦਾ ਆਧਾਰ ਨਿਸ਼ਚਿਤ ਰੂਪ ਵਿਚ ਇਕ ਕਥਾਨਕ ਹੁੰਦਾ ਹੈ। ਖੇਡ-ਪਾਠ ਦਾ ਕਾਰਜ ਅਨੁਕ੍ਰਿਤੀ ਉੱਪਰ ਆਧਾਰਿਤ ਹੋਣ ਕਾਰਨ ਵਿਸ਼ੇ ਪ੍ਰਗਟਾਅ ਲਈ ਵੱਖ ਵੱਖ ਘਟਨਾਵਾਂ ਨੂੰ ਵੀ ਕ੍ਰਮ ਵਿਚ ਰੱਖਣਾ ਪੈਂਦਾ ਹੈ। ਅਰਸਤੂ ਨੇ ਕਾਰਜ-ਅਨੁਕ੍ਰਿਤੀ ਨੂੰ ਕਥਾਨਕ ਕਿਹਾ ਹੈ ਤੇ ਭਾਰਤੀ ਅਚਾਰੀਆਂ ਨੇ ਕਥਾਨਕ ਦੇ ਪੰਜ ਜੁਜ਼ ਦੱਸੇ ਹਨ:

1. ਦ੍ਰਿਸ਼ਯਾ
2. ਸੂਚਿਯਾ
3. ਅਵਸਾਰਾ
4. ਪ੍ਰਕ੍ਰਿਤੀ
5. ਸੰਧੀ

ਭਾਵੇਂ ਭਾਰਤੀ ਅਚਾਰੀਆਂ ਅਤੇ ਪੱਛਮੀ ਚਿੰਤਕਾਂ ਨੇ ਨਾਟਕ ਨੂੰ ਪੰਜ ਅੰਕਾਂ ਵਿਚ ਵੰਡਿਆ ਹੈ ਪਰ ਤਿੰਨ ਅੰਕਾਂ ਵਾਲੇ ਨਾਟਕ ਲਿਖਣ ਤੇ ਖੇਡਣ ਦਾ ਅੱਜ ਜ਼ਿਆਦਾ ਰਿਵਾਜ ਹੈ, ਜਿਵੇਂ:

1. ਪਹਿਲੇ ਅੰਕ ਵਿਚ ਗੁੰਝਲ ਦਾ ਆਰੰਭ ਹੈ।
2. ਦੂਜੀ ਵਿਚ ਗੁੰਝਲ ਪੀਡੀ ਹੁੰਦੀ ਹੈ।
3. ਤੀਜੇ ਵਿਚ ਗੁੰਝਲ ਖੋਲ੍ਹਣ ਦਾ ਯਤਨ ਕੀਤਾ ਜਾਂਦਾ ਹੈ।

ਅੱਜ ਪੰਜਾਬੀ ਨਾਟਕ ਨਵੀਆਂ ਤੋਂ ਨਵੀਆਂ ਸ਼ੈਲੀਆਂ ਵਿਚ ਲਿਖੇ ਜਾ ਰਹੇ ਹਨ। ਨਾਟਕ ਕਥਾਨਕ ਰਹਿਤ ਵੀ ਅਖਵਾਏ ਪਰ ਉਨ੍ਹਾਂ ਵਿਚ ਵੀ ਕਿਸੇ ਨਾ ਕਿਸੇ ਰੂਪ ਵਿਚ ਕਥਾਨਕ ਦੀ ਹੋਂਦ ਨਜ਼ਰ ਆਉਂਦੀ ਹੈ, ਜਿਵੇਂ ਸੁਰਜੀਤ ਸਿੰਘ ਸੇਠੀ ਦਾ ਨਾਟਕ 'ਕਿੰਗ ਮਿਰਜ਼ਾ ਤੇ ਸਪੇਰਾ' ਦੀ ਉਦਾਹਰਣ ਲਈ ਜਾ ਸਕਦੀ ਹੈ ਭਾਵੇਂ ਕਿ ਇਹ ਐਬਸਰਡਵਾਦੀ ਨਾਟਕ ਹੈ। ਕਿਸੇ ਵੀ

ਨਾਟਕ ਦਾ ਕਥਾਨਕ ਹੋਣਾ ਜ਼ਰੂਰੀ ਹੈ ਕਿਉਂਕਿ ਕਥਾਨਕ ਹੀ ਘਟਨਾਵਾਂ ਨੂੰ ਤਰਤੀਬ ਦਿੰਦਾ ਹੈ, ਜਿਸ ਵਿਚ ਵਿਚਰਦਾ ਪਾਤਰ ਆਪਣੇ ਆਪ ਹੀ ਨਾਟਕੀ ਕਾਰਜ ਵੱਲ ਪ੍ਰੇਰਿਆ ਜਾਂਦਾ ਹੈ। ਇਹ ਤਾਂ ਹੀ ਸੰਭਵ ਹੁੰਦਾ ਹੈ ਜੇਕਰ ਘਟਨਾ ਦਾ ਕਾਰਨ ਕਾਰਜ ਹੋਵੇ ਤਦ ਹੀ ਨਾਟਕਕਾਰ ਆਪਣੀ ਵਿਚਾਰਧਾਰਾ ਨੂੰ ਸੁਚੱਜੇ ਢੰਗ ਨਾਲ ਪ੍ਰਗਟਾਅ ਸਕਦਾ ਹੈ ਤੇ ਦਰਸ਼ਕ ਜਾਂ ਪਾਠਕ ਮਨੋਰੰਜਨ ਦੇ ਨਾਲ ਨਾਲ ਜੀਵਨ ਦੀ ਸੱਚਾਈ ਜਾਣ ਸਕਣਗੇ।

ਇਤਿਹਾਸਕ ਨਾਟਕ ਵਿਚ ਰੰਗਮੰਚ ਦਾ ਖ਼ਾਸ ਖਿਆਲ ਰੱਖਿਆ ਜਾਂਦਾ ਹੈ। ਖਾਸ ਕਰਕੇ ਸਿੱਖ ਇਤਿਹਾਸਕ ਨਾਟਕਾਂ ਵਿਚ ਆਪਣੇ ਗੁਰੂ ਨੂੰ ਸਟੇਜ ਤੇ ਜਾਂ ਰੰਗਮੰਚ ਤੇ ਮਨੁੱਖੀ ਰੂਪ ਵਿਚ ਦਿਖਾਉਣ ਦੀ ਮਨਾਹੀ ਹੈ। ਉਹ ਇਹ ਸੋਚਦੇ ਹਨ ਕਿ ਮਨੁੱਖ ਇਕ ਸ਼ਬਦ ਗੁਰੂ ਦੇ ਬਰਾਬਰ ਹੋ ਹੀ ਨਹੀਂ ਸਕਦਾ। ਈਸਾਈ ਧਰਮ ਵਿਚ ਵੀ ਈਸਾਈ ਆਪਣੇ ਗੁਰੂ ਨੂੰ ਮਨੁੱਖੀ ਰੂਪ ਵਿਚ ਪ੍ਰਤੱਖ ਨਹੀਂ ਦੇਖ ਸਕਦੇ। ਇਸਲਾਮ ਧਰਮ ਤਾਂ ਪਹਿਲਾਂ ਹੀ ਕੋਮਲ ਕਲਾ ਤੇ ਨਾਚ ਗਾਣਿਆਂ ਦੇ ਵਿਰੁੱਧ ਹੈ। ਉਹ ਆਪਣੇ ਗੁਰੂ ਜਾਂ ਪੀਰ ਨੂੰ ਰੰਗਮੰਚ ਤੇ ਮਨੁੱਖੀ ਰੂਪ ਵਿਚ ਨਹੀਂ ਦੇਖ ਸਕਦੇ। ਇਸੇ ਤਰ੍ਹਾਂ ਸਿੱਖ ਧਰਮ ਵਿਚ ਵੀ ਸਿੱਖ ਆਪਣੇ ਗੁਰੂ ਨੂੰ ਸਟੇਜ ਤੇ ਮਨੁੱਖੀ ਰੂਪ ਵਿਚ ਨਹੀਂ ਦੇਖ ਸਕਦੇ। ਕੁਝ ਧਰਮ ਅਜਿਹੇ ਵੀ ਹਨ ਜੋ ਰੰਗਮੰਚ ਤੇ ਆਪਣੇ ਗੁਰੂ ਨੂੰ ਮਨੁੱਖੀ ਜਾਮੇ ਵਿਚ ਪੇਸ਼ ਕਰਦੇ ਹਨ ਉਨ੍ਹਾਂ ਦੇ ਧਰਮ ਵਿਚ ਅਜਿਹੀ ਕੋਈ ਮਨਾਹੀ ਨਹੀਂ, ਜਿਵੇਂ ਹਿੰਦੂ ਧਰਮ ਵਿਚ ਦੇਵੀ ਦੇਵਤਿਆਂ ਤੇ ਕ੍ਰਿਸ਼ਨ, ਰਾਮ ਚੰਦਰ ਆਦਿ ਨੂੰ ਰੰਗਮੰਚ ਤੇ ਮਨੁੱਖੀ ਰੂਪ ਵਿਚ ਦਿਖਾਉਣ ਦੀ ਕੋਈ ਮਨਾਹੀ ਨਹੀਂ ਹੈ। ਇਸ ਲਈ ਧਾਰਮਿਕ ਨਾਟਕਾਂ ਵਿਚ ਪਾਤਰ ਉਸਾਰੀ ਅਤੇ ਵਾਤਾਵਰਨ ਸਿਰਜਣ ਸਮੇਂ ਖਾਸ ਖਿਆਲ ਰੱਖਿਆ ਜਾਂਦਾ ਹੈ ਤਾਂ ਜੋ ਕਿਸੇ

ਧਰਮ ਨੂੰ ਮੰਨਣ ਵਾਲਿਆਂ ਦੇ ਹਿਰਦੇ ਨੂੰ ਕੋਈ ਠੇਸ ਨਾ ਪਹੁੰਚੇ। ਦੂਸਰਾ ਗੁਰੂ ਨੂੰ ਰੰਗਮੰਚ ਤੇ ਨਾ ਦਿਖਾ ਕੇ ਉਸ ਦੇ ਬਾਰੇ ਵਿਚ ਕਿਸੇ ਸਿੱਖ ਵੱਲੋਂ ਪਰਦੇ ਦੇ ਪਿਛੋਂ ਆਵਾਜ਼ ਰਾਹੀਂ ਕਿਰਦਾਰ ਨੂੰ ਉਸਾਰਿਆ ਜਾਂਦਾ ਹੈ।

ਧਰਮ ਨਾਲ ਸੰਬੰਧਿਤ ਇਤਿਹਾਸਕ ਨਾਟਕ ਵਿਚ ਸੰਵਾਦ ਭਾਵ ਵਾਰਤਾਲਾਪ ਕੁਦਰਤੀ ਤੇ ਸੁਭਾਵਿਕ ਹੁੰਦੇ ਹਨ ਜੋ ਪਾਤਰਾਂ ਦੇ ਅਨੁਕੂਲ ਹੋਣੇ ਚਾਹੀਦੇ ਹਨ। ਇਸ ਤਰ੍ਹਾਂ ਸਿੱਖ ਇਤਿਹਾਸਕ ਨਾਟਕਾਂ ਵਿਚ ਦਸ ਗੁਰੂ ਸਾਹਿਬਾਨ ਸਮੇਤ ਮਹਾਨ ਸਿੱਖ ਸ਼ਖ਼ਸੀਅਤਾਂ ਨੂੰ ਮੰਚ ਤੇ ਦਿਖਾਉਣਾ ਵਰਜਿਤ ਹੈ। ਇਨ੍ਹਾਂ ਦੀ ਸ਼ਖ਼ਸੀਅਤ ਨੂੰ ਵਾਰਤਾਲਾਪ ਰਾਹੀਂ ਕਿਸੇ ਇਤਿਹਾਸਕ ਪਾਤਰਾਂ ਦੇ ਮੂੰਹੋਂ ਬੁਲਾਇਆ ਜਾਂਦਾ ਹੈ ਜਿਸ ਨਾਲ ਇਨ੍ਹਾਂ ਦੀ ਸ਼ਖ਼ਸੀਅਤ ਉਘੜ ਕੇ ਸਾਹਮਣੇ ਆ ਜਾਂਦੀ ਹੈ। ਮੰਚ ਤੇ ਇਤਿਹਾਸਕ ਨਾਟਕਾਂ ਦਾ ਵਾਤਾਵਰਨ ਇਸ ਤਰ੍ਹਾਂ ਪੈਦਾ ਕੀਤਾ ਜਾਂਦਾ ਹੈ ਕਿ ਜਿਸ ਨੂੰ ਦੇਖ ਕੇ ਸੁਭਾਵਿਕ ਹੀ ਉਸ ਸਮੇਂ ਦੇ ਇਤਿਹਾਸ ਵਿਚ ਸਰੋਤੇ ਵਿਚਰਨ ਲਗਦੇ ਹਨ। ਨਾਟਕਕਾਰ ਦਾ ਕੰਮ ਮੰਚ ਤੇ ਇਤਿਹਾਸ ਪੇਸ਼ ਕਰਨਾ ਨਹੀਂ ਹੁੰਦਾ ਸਗੋਂ ਇਤਿਹਾਸਕ ਘਟਨਾਵਾਂ ਨੂੰ ਪੇਸ਼ ਕਰਕੇ ਵਰਤਮਾਨ ਸਮਾਜ ਨੂੰ ਕੋਈ ਅਜਿਹਾ ਸੁਨੇਹਾ ਦੇਣਾ ਹੁੰਦਾ ਹੈ ਜਿਸ ਨੂੰ ਦੇਖ ਸੁਣ ਜਾਂ ਪੜ੍ਹ ਕੇ ਲੋਕ ਨੈਤਿਕ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਨ। ਸਿੱਖ ਇਤਿਹਾਸਕ ਨਾਟਕ ਸਾਨੂੰ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਧਰਮ, ਦੇਸ਼, ਆਨ-ਬਾਨ ਤੇ ਸ਼ਾਨ ਦੀ ਰੱਖਿਆ ਕਰਨੀ ਸਿਖਾਉਂਦੇ ਹਨ। ਇਨ੍ਹਾਂ ਨਾਟਕਾਂ ਦਾ ਰੰਗਮੰਚ ਆਮ ਕਰਕੇ ਸਾਦਾ ਤੇ ਯਥਾਰਥਕ ਹੁੰਦਾ ਹੈ। ਮਹਾਨ ਸਿੱਖ ਸ਼ਖ਼ਸੀਅਤਾਂ ਤੇ ਗੁਰੂ ਸਾਹਿਬਾਂ ਨੂੰ ਮੰਚ ਤੇ ਇਨਸਾਨੀ ਪਹਿਰਾਵੇ ਵਿਚ ਦਿਖਾਉਣ ਦੀ ਮਨਾਹੀ ਹੈ। ਇਸ ਬੰਦਿਸ਼ ਕਾਰਨ ਸਿੱਖ ਧਰਮ ਵਿਚ ਆਪਣੇ ਗੁਰੂ ਪ੍ਰਤੀ ਬੜੀ ਉੱਚੀ ਤੇ ਸੁੱਚੀ ਭਾਵਨਾ ਪਾਈ ਜਾਂਦੀ ਹੈ। ਗੁਰੂ ਬਾਰੇ ਭਾਵਨਾ ਦਾ ਇਜ਼ਹਾਰ ਇਸ ਪ੍ਰਕਾਰ ਹੋਇਆ ਹੈ।

ਬਲਿਹਾਰੀ ਗੁਰ ਆਪਣੈ ਦਿਉਹਾੜੀ ਸਦ ਵਾਰ।।

ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨਾ ਲਾਗੀ ਵਾਰ।।[27]

ਇਸ ਲਈ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਵਿਚ ਗੁਰੂ ਸਾਹਿਬਾਂ ਨੂੰ ਇਨਸਾਨੀ ਪਹਿਰਾਵੇ ਵਿਚ ਮੰਚ ਤੇ ਪੇਸ਼ ਕਰਨਾ ਸਿੱਖ ਧਰਮ ਦੇ ਉਲਟ ਹੈ। ਇਹ ਗੁਰੂ ਸਾਹਿਬਾਂ ਦੀ ਵਿਚਾਰਧਾਰਾ ਤੇ ਉਨ੍ਹਾਂ ਤੇ ਉਨ੍ਹਾਂ ਦੀ ਸਿੱਖਿਆ ਸੰਬੰਧੀ ਹੀ ਲਿਖੇ ਜਾਂਦੇ ਹਨ।

ਇਸ ਤਰ੍ਹਾਂ ਧਾਰਮਿਕ ਨਾਟਕ ਤੇ ਗ਼ੈਰ ਧਾਰਮਿਕ ਨਾਟਕ ਦੀਆਂ ਮੰਚੀ ਲੋੜਾਂ ਵੱਖ ਵੱਖ ਹਨ। ਧਾਰਮਿਕ ਨਾਟਕ ਵਿਚ ਜਿਸ ਮਹਾਂਪੁਰਸ਼ ਨੂੰ ਨਾਇਕ ਬਣਾ ਕੇ ਲਿਖਣਾ ਹੁੰਦਾ ਹੈ ਉਸ ਨੂੰ ਮੰਚ ਉੱਪਰ ਨਹੀਂ ਦਿਖਾ ਸਕਦੇ। ਉਸ ਲਈ ਦੂਸਰੇ ਪਾਤਰਾਂ ਦੀ ਚੋਣ ਕਰਨੀ ਪੈਂਦੀ ਹੈ ਜੋ ਵਾਰਤਾਲਾਪ ਰਾਹੀਂ ਉਸ ਮਹਾਂਪੁਰਸ਼ ਦੀ ਸ਼ਖ਼ਸੀਅਤ ਨੂੰ ਬਿਆਨ ਕਰਦਾ ਹੈ ਜਾਂ ਫਿਰ ਰੋਸ਼ਨੀ ਆਦਿ ਦੀ ਸਹਾਇਤਾ ਨਾਲ ਪਾਤਰਾਂ ਨੂੰ ਸਿਰਜਣ ਦੀ ਵਿਧੀ ਵਰਤਣੀ ਪੈਂਦੀ ਹੈ। ਕੁਝ ਅਜਿਹੇ ਨਾਟਕ ਹਨ ਜਿਨ੍ਹਾਂ ਵਿਚ ਕਿਸੇ ਮਹਾਂਪੁਰਸ਼ ਜਾਂ ਦੇਵੀ ਦੇਵਤੇ ਦਾ ਜ਼ਿਕਰ ਨਹੀਂ ਆਉਂਦਾ ਪਰ ਫਿਰ ਵੀ ਉਹ ਧਾਰਮਿਕ ਨਾਟਕ ਅਖਵਾਉਂਦੇ ਹਨ ਕੁੱਝ ਅਜਿਹੇ ਵੀ ਹਨ ਜਿਨ੍ਹਾਂ ਵਿਚ ਦੇਵੀ-ਦੇਵਤੇ ਪ੍ਰਵੇਸ਼ ਕਰਦੇ ਹਨ ਪਰ ਉਹ ਧਾਰਮਿਕ ਨਾਟਕ ਨਹੀਂ ਅਖਵਾਉਂਦੇ। ਇਸ ਤਰ੍ਹਾਂ ਧਾਰਮਿਕ ਤੇ ਗੈਰ-ਧਾਰਮਿਕ ਨਾਟਕਾਂ ਦੀਆਂ ਮੰਚੀ ਲੋੜਾਂ ਅਲੱਗ ਅਲੱਗ ਹੁੰਦੀਆਂ ਹਨ। ਗੈਰ-ਧਾਰਮਿਕ ਨਾਟਕਾਂ ਦੇ ਟਾਕਰੇ ਤੇ ਧਾਰਮਿਕ ਨਾਟਕਾਂ ਨੂੰ ਜ਼ਿਆਦਾ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਨਾਟਕ ਅਤੇ ਰੰਗਮੰਚ ਦਾ ਰਿਸ਼ਤਾ ਬਹੁਤ ਗੂੜ੍ਹਾ ਹੈ। ਨਾਟਕ ਵਿਚ ਰੰਗਮੰਚੀ ਤੱਤ ਪਹਿਲਾਂ ਹੀ ਮੌਜੂਦ ਹੁੰਦੇ ਹਨ। ਨਾਟਕ ਦੀ ਸਫ਼ਲਤਾ ਦਾ

ਪਤਾ ਉਸ ਨੂੰ ਰੰਗਮੰਚ ਤੇ ਖੇਡਣ ਨਾਲ ਹੀ ਲੱਗਦਾ ਹੈ। ਜਿਸ ਨਾਟਕ ਵਿਚ ਰੰਗਮੰਚੀ ਤੱਤ ਨਾ ਹੋਣ ਉਹ ਪੜ੍ਹੰਦੜ ਨਾਟਕ ਕਹਾਉਂਦਾ ਹੈ ਭਾਵ ਉਹ ਖਿਡੰਦੜ ਨਾਟਕ ਨਹੀਂ ਹੁੰਦਾ। ਇਸ ਤਰ੍ਹਾਂ ਨਾਟਕ ਦੇ ਲਿਖਤ-ਪਾਠ ਵਿਚ ਖੇਡ-ਪਾਠ ਦੀਆਂ ਸੰਭਾਵਨਾਵਾਂ ਨੂੰ ਨਿਰਦੇਸ਼ਕ, ਅਦਾਕਾਰ ਅਤੇ ਹੋਰ ਤਕਨੀਕੀ ਸਹਾਇਕ ਵਾਸਤਵਿਕਤਾ ਵਿਚ ਬਦਲਦੇ ਹਨ। ਰੰਗਮੰਚ ਤੇ ਧਰਮ ਨਾਲ ਸੰਬੰਧਿਤ ਇਤਿਹਾਸਕ ਨਾਟਕ ਨੂੰ ਪੇਸ਼ ਕਰਨ ਦੀ ਇੱਕ ਹੋਰ ਬਹੁਤ ਵੱਡੀ ਸਮੱਸਿਆ ਹੁੰਦੀ ਹੈ। ਉਹ ਇਹ ਹੈ ਕਿ ਜਿਸ ਧਾਰਮਿਕ ਸਮੂਹ ਦੇ ਸਾਹਮਣੇ ਨਾਟਕ ਪੇਸ਼ ਕੀਤਾ ਜਾ ਰਿਹਾ ਹੈ ਉਸ ਦੇ ਧਾਰਮਿਕ ਵਿਸ਼ਵਾਸਾਂ, ਭਾਵ੍ਨਾਵਾਂ, ਕੀਮਤਾਂ, ਅਕੀਦਿਆ ਤੇ ਪਰੰਪਰਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਕੋਈ ਅਜਿਹੀ ਗੱਲ ਨਾ ਕੀਤੀ ਜਾਵੇ ਜਿਸ ਨਾਲ ਉਨ੍ਹਾਂ ਦੇ ਜਜ਼ਬਾਤ ਨੂੰ ਠੇਸ ਪੁੱਜੇ। ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਇਕ ਧਾਰਮਿਕ ਸਮੂਹ ਕਿਸੇ ਵਿਸ਼ੇਸ਼ ਗੱਲ ਨੂੰ ਪਸੰਦ ਕਰਦਾ ਹੈ ਤੇ ਦੂਸਰਾ ਉਸ ਨੂੰ ਪਸੰਦ ਨਹੀਂ ਕਰਦਾ। ਇਸ ਲਈ ਇਨ੍ਹਾਂ ਗੱਲਾਂ ਦਾ ਖਾਸ ਖਿਆਲ ਰੱਖਿਆ ਜਾਣਾ ਚਾਹੀਦਾ ਹੈ। ਜੋ ਸਭ ਨੂੰ ਪਸੰਦ ਹੋਵੇ ਤੇ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ। ਇਸ ਲਈ ਮੰਚ ਤੇ ਅਜਿਹਾ ਵਾਤਾਵਰਨ ਪੈਦਾ ਕੀਤਾ ਜਾਣਾ ਚਾਹੀਦਾ ਹੈ ਜੋ ਮੌਜੂਦ ਧਾਰਮਿਕ ਸਮੂਹ ਦੀਆਂ ਭਾਵਨਾਵਾਂ ਦੇ ਅਨੁਕੂਲ ਹੋਵੇ। ਇਸ ਵਿਚ ਇੱਕ ਗੱਲ ਜੋ ਸਭ ਤੋਂ ਵੱਡੀ ਇਹ ਹੋਣੀ ਚਾਹੀਦੀ ਹੈ ਕਿ ਜਿਹੜਾ ਵੀ ਕੋਈ ਧਾਰਮਿਕ ਨਾਟਕ ਖੇਡਣਾ ਹੈ ਉਸ ਲਈ ਰੰਗਮੰਚ ਤੇ ਅਨੁਕੂਲ ਵਾਤਾਵਰਨ ਸਿਰਜਣ ਲਈ ਨਾਟਕੀ ਸਮੇਂ ਦੀ ਰਹਿਣੀ-ਬਹਿਣੀ, ਰੀਤਾਂ, ਰਸਮਾਂ-ਰਿਵਾਜਾਂ ਅਤੇ ਸਮੁੱਚੀ ਜੀਵਨ ਗਤੀ ਦੇ ਬਿਆਨ ਰਾਹੀਂ ਧਾਰਮਿਕ ਵਾਤਾਵਰਨ ਪੈਦਾ ਕੀਤਾ ਜਾਵੇ ਤੇ ਜਿਸ ਧਾਰਮਿਕ ਨਾਟਕ ਨੂੰ

ਖੇਡਣਾ ਹੈ ਉਸ ਦੇ ਸਾਰੇ ਪਾਤਰ ਧਾਰਮਿਕ ਹੋਣੇ ਚਾਹੀਦੇ ਹਨ। ਉਹ ਧਾਰਮਿਕ ਬਿਰਤੀ ਰੱਖਦੇ ਹੋਣੇ ਚਾਹੀਦੇ ਹਨ। ਜੇ ਇਸ ਦੇ ਉਲਟ ਕੋਈ ਧਾਰਮਿਕ ਨਾਟਕ ਵਿੱਚ ਵਿਰੋਧੀ ਪਾਤਰ ਜਿਵੇਂ ਨਵਾਬ ਖ਼ਾਨ ਜਾਂ ਔਰੰਗਜ਼ੇਬ ਆਦਿ ਲੈਣਾ ਹੈ ਤਾਂ ਉਹ ਵਿਰੋਧੀ ਰੰਗ ਵਿਚ ਪੂਰਾ ਰੰਗਿਆ ਹੋਣਾ ਚਾਹੀਦਾ ਹੈ।

ਧਾਰਮਿਕ ਨਾਟਕਾਂ ਵਿਚ ਆਮ ਕਰਕੇ ਸਿੱਖਿਆ ਦੇਣੀ ਹੁੰਦੀ ਹੈ। ਇਸ ਲਈ ਅਜਿਹੇ ਨਾਟਕਾਂ ਦਾ ਉਦੇਸ਼ ਕਿਸੇ ਮਹਾਂਪੁਰਸ਼ ਦੇ ਜੀਵਨ ਆਦਰਸ਼ ਨੂੰ ਨਵੇਂ ਢੰਗ ਨਾਲ ਜਾਂ ਪਰੰਪਰਾਵਾਦੀ ਰੂਪ ਵਿਚ ਪੇਸ਼ ਕਰਨਾ ਹੁੰਦਾ ਹੈ ਜਿਸ ਨਾਲ ਧਾਰਮਿਕ ਸਿੱਖਿਆ ਪ੍ਰਕਾਸ਼ਮਾਨ ਹੁੰਦੀ ਹੋਵੇ। ਧਾਰਮਿਕ ਨਾਟਕਾਂ ਦੇ ਖੇਤਰ ਵਿਚ ਅਦਾਕਾਰ ਦੇ ਤੌਰ ਤੇ ਅਦਾਕਾਰੀ ਰਾਹੀਂ, ਡਿਜ਼ਾਇਨਰ ਦੇ ਤੌਰ ਤੇ ਡਿਜ਼ਾਇਨ ਰਾਹੀਂ, ਲੇਖਕ ਦੇ ਤੌਰ ਤੇ ਲਿਖਤ ਰਾਹੀਂ ਅਤੇ ਨਿਰਮਾਤਾਵਾਂ ਦੇ ਤੌਰ ਤੇ ਨਿਰਮਾਣ ਰਾਹੀਂ ਦਰਸ਼ਕਾਂ ਨੂੰ ਕਾਇਲ ਕਰਨਾ ਹੁੰਦਾ ਹੈ। ਜੇ ਕੋਈ ਨਾਟਕ ਦਰਸ਼ਕਾਂ ਨੂੰ ਕੀਲ ਹੀ ਨਾ ਸਕੇ ਤਾਂ ਉਹ ਨਾਟਕ ਅਸਫ਼ਲ ਕਿਹਾ ਜਾਵੇਗਾ। ਇਸ ਲਈ ਧਾਰਮਿਕ ਨਾਟਕ ਨੂੰ ਖੇਡਣ ਲਈ ਬਹੁਤ ਮਿਹਨਤ ਦੀ ਲੋੜ ਹੁੰਦੀ ਹੈ ਤੇ ਨਿੱਕੀ ਨਿੱਕੀ ਗੱਲ ਨੂੰ ਬੜੀ ਸੰਜੀਦਗੀ ਨਾਲ ਧਿਆਨ ਵਿਚ ਰੱਖਣਾ ਪੈਂਦਾ ਹੈ। ਜਦੋਂ ਪੂਰੀ ਤਰ੍ਹਾਂ ਨਾਟਕ ਖੇਡਣ ਦੇ ਯੋਗ ਹੋ ਜਾਵੇ ਸਾਨੂੰ ਤਦ ਹੀ ਰੰਗਮੰਚ ਤੇ ਸਰੋਤਿਆਂ ਦੇ ਰੂਬਰੂ ਕਰਾਉਣਾ ਚਾਹੀਦਾ ਹੈ। ਇਸ ਲਈ ਧਾਰਮਿਕ ਨਾਟਕ ਲਿਖਣਾ ਤੇ ਫਿਰ ਰੰਗਮੰਚ ਤੇ ਪੇਸ਼ ਕਰਨਾ ਕੋਈ ਸੌਖਾ ਕੰਮ ਨਹੀਂ। ਇਸ ਦੇ ਲਿਖਣ ਸਮੇਂ ਬਹੁਤੀ ਸਮੱਗਰੀ ਦੀ ਲੋੜ ਨਹੀਂ ਪੈਂਦੀ ਕਿਉਂਕਿ ਇਹ ਇਕ ਇਤਿਹਾਸਕ ਨਾਟਕ ਹੁੰਦਾ ਹੈ ਤੇ ਇਤਿਹਾਸ ਵਿਚੋਂ ਹੀ ਬਣੀ ਬਣਾਈ ਸਮੱਗਰੀ ਉਪਲਬਧ ਹੋ ਜਾਂਦੀ ਹੈ ਪਰੰਤੂ ਖੇਡਣ

ਸਮੇਂ ਸਾਨੂੰ ਸੁਚੇਤ ਤੇ ਸਾਵਧਾਨ ਰਹਿਣਾ ਪੈਂਦਾ ਹੈ। ਸਥਾਨਿਕ ਪਰੰਪਰਾਵਾਂ ਤੇ ਪ੍ਰਸਥਿਤੀਆਂ ਹਮੇਸ਼ਾ ਸਾਹਮਣੇ ਰੱਖ ਕੇ ਹੀ ਧਾਰਮਿਕ ਨਾਟਕ ਖੇਡਿਆ ਜਾਣਾ ਚਾਹੀਦਾ ਹੈ ਤਾਂ ਹੀ ਇਹ ਸਿੱਖਿਆਦਾਇਕ ਬਣ ਸਕਦਾ ਹੈ। ਜੇ ਇਸ ਦੇ ਖੇਡਣ ਵਿਚ ਥੋੜ੍ਹੀ ਜਿਹੀ ਵੀ ਅਣਗਹਿਲੀ ਤੋਂ ਕੰਮ ਲਿਆ ਜਾਵੇ ਤਾਂ ਇਸ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ। ਇਸ ਲਈ ਇਕ ਹੋਰ ਸਮੱਸਿਆ ਹੈ। ਜੇ ਧਾਰਮਿਕ ਨਾਟਕ ਨੂੰ ਧਰਮ ਦੀ ਵਲਗਣ ਵਿਚ ਸੀਮਿਤ ਰੱਖਿਆ ਜਾਵੇ ਤਾਂ ਉਹ ਨਾਟਕ ਨਹੀਂ ਰਹਿੰਦਾ ਸਿਰਫ ਧਾਰਮਿਕ ਪ੍ਰਚਾਰ ਹੋ ਨਿਬੜਦਾ ਹੈ ਤੇ ਜੇ ਧਾਰਮਿਕ ਵਲਗਣਾਂ ਤੋਂ ਬਾਹਰ ਕੱਢ ਦਿੱਤਾ ਜਾਵੇ ਤਾਂ ਉਹ ਧਾਰਮਿਕ ਨਾਟਕ ਨਹੀਂ ਰਹਿੰਦਾ। ਇਸ ਲਈ ਧਾਰਮਿਕ ਨਾਟਕਕਾਰਾਂ ਨੂੰ ਧਾਰਮਿਕ ਨਾਟਕ ਦੀ ਸਿਰਜਨਾ ਕਰਨ ਲਈ ਬੜੀ ਸੰਜੀਦਗੀ ਤੋਂ ਕੰਮ ਲੈਣਾ ਪੈਂਦਾ ਹੈ। ਇਸ ਲਈ ਧਾਰਮਿਕ ਨਾਟਕ ਦੀ ਸਿਰਜਨਾ ਕਰਨ ਲਈ ਨਾ ਧਾਰਮਿਕ ਵਲਗਣ ਵਿਚ ਫਸਿਆ ਜਾਵੇ ਤੇ ਨਾ ਹੀ ਬਾਹਰ ਹੋਇਆ ਜਾਵੇ, ਸਗੋਂ ਧਾਰਮਿਕ ਦਾਇਰੇ ਵਿਚ ਰਹਿੰਦੇ ਹੋਏ ਨਾਟਕ ਤੇ ਰੰਗਮੰਚ ਦੀਆਂ ਤਕਨੀਕਾਂ ਨੂੰ ਸਮਝਦੇ ਹੋਏ ਹੀ ਧਾਰਮਿਕ ਨਾਟਕ ਦੀ ਸਿਰਜਨਾ ਕਰਨੀ ਚਾਹੀਦੀ ਹੈ ਤੇ ਰੰਗਮੰਚ ਤੇ ਪੇਸ਼ ਕਰਨਾ ਚਾਹੀਦਾ ਹੈ।

ਨਾਟਕ ਦਾ ਅਹਿਮ ਤੱਤ ਪਾਤਰ ਹੁੰਦਾ ਹੈ। ਨਾਟਕ ਦੇ ਮੁੱਖ ਪਾਤਰ ਨੂੰ ਨਾਇਕ ਜਾਂ ਨਾਇਕਾ ਕਹਿੰਦੇ ਹਨ, ਬਾਕੀ ਸਹਾਇਕ ਪਾਤਰ ਕਹਾਉਂਦੇ ਹਨ। ਇੰਜ ਇਕ ਨਾਟਕ ਵਿਚ ਕਈ ਤਰ੍ਹਾਂ ਦੇ ਪਾਤਰ ਹੁੰਦੇ ਹਨ ਪਰ ਬਹੁਤ ਸਾਰੇ ਵਿਦਵਾਨਾਂ ਨੇ ਪਾਤਰਾਂ ਦੀ ਗਿਣਤੀ ਦੋ ਪ੍ਰਕਾਰ ਦੀ ਦੱਸੀ ਹੈ। ਇਕਸਾਰ ਪਾਤਰ (ਫਲੈਟ ਕਰੈਕਟਰ) ਤੇ ਗੋਲ ਪਾਤਰ (ਰਾਊਂਡ ਕਰੈਕਟਰ)। ਨਾਟਕ ਵਿਚ ਇਕਸਾਰ ਪਾਤਰ ਵਿਕਾਸ ਨਹੀਂ ਕਰਦੇ ਤੇ ਉਹ ਇਕ ਸਮਾਨ

ਹੀ ਰਹਿੰਦੇ ਹਨ ਜਦ ਕਿ ਗੋਲ ਪਾਤਰ ਆਪਣੀ ਲਗਾਤਾਰ ਥਾਂ ਬਦਲਦੇ ਹੋਏ ਵਿਕਾਸ ਕਰਦੇ ਰਹਿੰਦੇ ਹਨ। ਇਉਂ ਨਾਟਕ ਵਿਚ ਪਾਤਰ ਤੇ ਪਾਤਰ ਚਿਤਰਣ ਕਥਾਨਕ ਤੋਂ ਬਾਅਦ ਨਾਟਕੀ ਰਚਨਾ ਦਾ ਪ੍ਰਮੁੱਖ ਤੱਤ ਹੈ। ਨਾਟਕਕਾਰ ਪਾਤਰਾਂ ਨੂੰ ਹੀ ਮੁੱਖ ਰੱਖ ਕੇ ਨਾਟਕ ਦੀ ਰਚਨਾ ਕਰਦਾ ਹੈ ਤੇ ਇਨ੍ਹਾਂ ਨੂੰ ਰੰਗਮੰਚ ਤੇ ਪੇਸ਼ ਕਰਕੇ ਆਪਣੇ ਵਿਚਾਰ ਦਰਸ਼ਕਾਂ ਸਾਹਮਣੇ ਪੇਸ਼ ਕਰਦਾ ਹੈ। ਭਾਰਤੀ ਨਾਟਕ ਅਚਾਰੀਆਂ ਨੇ ਨਾਇਕ ਦੇ ਚਾਰ ਮੁੱਖ ਭੇਦ ਮੰਨੇ ਹਨ:

1. ਧੀਰ ਲਲਿਤ
2. ਧੀਰ ਪ੍ਰਸ਼ਾਂਤ
3. ਧੀਰੋਦਾਰ
4. ਧੀਰੋਦਾਤ।

ਨਾਟਕਕਾਰ ਪਾਤਰ ਉਸਾਰੀ ਕਰਨ ਸਮੇਂ ਕੁੱਝ ਪਾਤਰਾਂ ਨੂੰ 'ਵਰਗ ਪਾਤਰ' ਤੇ ਕੁੱਝ ਨੂੰ ਵਿਅਕਤੀਗਤ ਰੱਖਣਾ ਚਾਹੁੰਦਾ ਹੈ। ਅੱਜ ਦਾ ਯੁੱਗ ਵਿਅਕਤੀਗਤ ਪਾਤਰਾਂ ਦਾ ਹੈ ਕਿਉਂਕਿ ਨਾਟਕ ਵਿਚ ਪਾਤਰਾਂ ਦੇ ਸੁਭਾਅ ਵਿਚ ਪਰਿਵਰਤਨ ਜ਼ਰੂਰੀ ਹੈ। ਇਸ ਦੇ ਸਿਵਾ ਇਕੋ ਜਿਹੇ ਸੁਭਾਅ ਦੇ ਨਾਇਕ ਨਾਟਕ ਵਿਚ ਇਸ ਲਈ ਨਹੀਂ ਲਏ ਜਾਂਦੇ ਕਿਉਂਕਿ ਉਨ੍ਹਾਂ ਦਾ ਸੁਭਾਅ ਸ਼ੁਰੂ ਤੋਂ ਲੈ ਕੇ ਅਖ਼ੀਰ ਤਕ ਇੱਕੋ ਜਿਹਾ ਹੁੰਦਾ ਹੈ ਜੋ ਥੋੜ੍ਹੀ ਬਹੁਤੀ ਤਬਦੀਲੀ ਆਉਂਦੀ ਹੈ ਉਹ ਨਾ ਮਾਤਰ ਹੀ ਹੁੰਦੀ ਹੈ ਉਨ੍ਹਾਂ ਦੇ ਆਪਣੇ ਚਰਿੱਤਰ ਵਿਚ ਕੋਈ ਤਬਦੀਲੀ ਨਹੀਂ ਆਉਂਦੀ।

ਪਾਤਰਾਂ ਬਿਨਾਂ ਕਥਾਨਕ ਤੇ ਪਾਤਰ ਦੇ ਅੰਤਰ ਸੰਬੰਧਾਂ ਬਾਹੇ ਕਿਹਾ ਜਾ ਸਕਦਾ ਹੈ ਕਿ ਕਥਾਨਕ ਦਾ ਸੰਬੰਧ ਘਟਨਾਕ੍ਰਮ ਨਾਲ ਹੈ ਤੇ ਘਟਨਾਵਾਂ ਪਾਤਰਾਂ ਤੋਂ ਬਿਨਾਂ ਨਹੀਂ ਘਟ ਸਕਦੀਆਂ। ਘਟਨਾਵਾਂ ਦੇ ਕ੍ਰਮ ਰਾਹੀਂ ਹੀ

ਚਰਿੱਤਰ ਚਿਤਰਣ ਹੁੰਦਾ ਹੈ। ਇਸ ਤਰ੍ਹਾਂ ਕਥਾਨਕ ਅਤੇ ਪਾਤਰ ਚਿਤਰਣ ਦੋਹਾਂ ਦੀ ਹੋਂਦ ਲਾਜ਼ਮੀ ਹੈ। ਦੋਵੇਂ ਇਕ ਦੂਜੇ ਉੱਪਰ ਆਧਾਰਿਤ ਹਨ। ਇਉਂ ਘਟਨਾਵਾਂ ਦੁਆਰਾ ਹੀ ਪਾਤਰਾਂ ਦਾ ਚਰਿੱਤਰ ਉਘੜਦਾ ਹੈ।

ਪਾਤਰ ਉਸਾਰੀ ਦੇ ਪੱਖ ਤੋਂ ਨਾਟਕ ਵਿਚਲੇ ਪਾਤਰ ਉਸ ਸਮੇਂ ਦੇ ਹਿੰਦੁਸਤਾਨ ਦੇ ਸਭਿਆਚਾਰ, ਧਾਰਮਿਕ ਅਤੇ ਸਿਆਸੀ ਜੀਵਨ ਦੀ ਪ੍ਰਤੀਨਿਧਤਾ ਕਰਦੇ ਹਨ। ਜਿਵੇਂ ਨਾਟਕ 'ਹਿੰਦ ਦੀ ਚਾਦਰ' ਵਿਚ ਕੁੱਲ ਪਾਤਰਾਂ ਦੀ ਗਿਣਤੀ ਪੰਝੀ ਹੈ। ਇਸ ਨਾਟਕ ਵਿਚ ਗੁਰੂ ਤੇਗ ਬਹਾਦਰ ਜੀ ਨੂੰ ਰੰਗਮੰਚ ਉਤੇ ਪੇਸ਼ ਕਰਨ ਤੋਂ ਬਗੈਰ ਹੀ ਦੂਜੇ ਪਾਤਰਾਂ ਰਾਹੀਂ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਬੜੀ ਚੰਗੀ ਤਰ੍ਹਾਂ ਉਘਾੜਿਆ ਹੈ। ਇਸ ਨਾਟਕ ਦੇ ਪਾਤਰਾਂ ਬਾਰੇ ਵਿਚਾਰ ਪ੍ਰਗਟ ਕਰਦਿਆਂ ਡਾ. ਹਰਚਰਨ ਸਿੰਘ ਲਿਖਦੇ ਹਨ :

ਇਤਿਹਾਸਕ ਨਾਟਕ ਵਿਚ ਨਾਟਕਕਾਰ ਨੂੰ ਪਾਤਰਾਂ ਦੀ ਚੋਣ ਵਿਚ ਬਹੁਤੀ ਖੁਲ੍ਹ ਨਹੀਂ ਹੁੰਦੀ। ਹਿੰਦ ਦੀ ਚਾਦਰ ਦੇ ਮੁੱਖ ਪਾਤਰ ਸੂਫ਼ੀ ਫ਼ਕੀਰ ਤੋਂ ਬਿਨਾਂ (ਜੋ ਔਰੰਗਜ਼ੇਬ ਦੀ ਫਿਰਕੂ ਹਕੂਮਤ ਵਿਰੁੱਧ ਆਵਾਜ਼ ਦਾ ਪ੍ਰਤੀਕ ਹੈ) ਸਾਰੇ ਇਤਿਹਾਸਕ ਵਿਅਕਤੀ ਹਨ।[28]

ਇਤਿਹਾਸਕ ਨਾਟਕਾਂ ਦੇ ਸੰਬੰਧ ਵਿਚ ਇਹ ਵੀ ਕਹਿਣਾ ਬਣਦਾ ਹੈ ਕਿ ਇਤਿਹਾਸਕ ਨਾਟਕਾਂ ਦਾ ਵਾਤਾਵਰਨ ਇਤਿਹਾਸਕ ਸਥਿਤੀਆਂ ਦੇ ਅਨੁਕੂਲ ਹੋਣਾ ਚਾਹੀਦਾ ਹੈ। ਜੇ ਘਟਨਾ ਮੱਧਕਾਲ ਨਾਲ ਸੰਬੰਧਿਤ ਹੈ ਤਾਂ ਉਸ ਅਨੁਸਾਰ ਵਾਤਾਵਰਨ ਮੱਧਕਾਲ ਦਾ ਹੀ ਪੈਦਾ ਕਰਨਾ ਪਵੇਗਾ। ਇਹ ਪਾਤਰਾਂ ਦੀ ਬੋਲੀ, ਵੇਸ਼ਭੂਸ਼ਾ, ਰੰਗਮੰਚ ਸੈਟਿੰਗ ਤੇ ਉਸ ਵਕਤ ਵੀ ਵਾਰਤਾਲਾਪ ਵਰਗੀ ਹੋਵੇਗੀ ਜੋ ਆਧੁਨਿਕ ਯੁੱਗ ਦੇ ਦਰਸ਼ਕਾਂ ਨੂੰ ਵੀ ਉਸ ਦੀ ਸਮਝ ਆ ਸਕਣ ਵਾਲੀ ਹੋਵੇ। ਨਾਟਕ ਵਿਚ ਵਾਰਤਾਲਾਪ ਦੋ ਅਰਥਾਂ ਲਈ ਵਰਤੀ ਜਾਂਦੀ ਹੈ:

1) ਨਾਟਕ ਦੀ ਕਹਾਣੀ ਨੂੰ ਅੱਗੇ ਤੋਰਨ ਲਈ

2) ਪਾਤਰ ਉਸਾਰੀ ਕਰਨ ਲਈ

ਇਸੇ ਪ੍ਰਕਾਰ ਵਾਰਤਾਲਾਪ ਪਾਤਰ ਉਸਾਰੀ ਵਿਚ ਨਿਖਾਰ, ਗੋਂਦ ਦੀ ਸੁਚੱਜਤਾ ਦਾ ਸੁਮੇਲ ਤੇ ਵਿਸ਼ੇ ਵਿਚ ਸਪਸ਼ਟਤਾ ਪੈਦਾ ਕਰਦੀ ਹੈ। ਅਸਲ ਵਿਚ ਨਾਟਕ ਹੈ ਹੀ ਵਾਰਤਾਲਾਪ, ਨਾਟਕ ਦਾ ਕਥਾਨਕ ਭਾਵੇਂ ਨਾ ਮੰਨਣਯੋਗ ਹੋਵੇ, ਕਥਾਨਕ ਵਿਚ ਭਾਵੇਂ ਕ੍ਰਿਆ ਨਾ ਹੋਵੇ, ਇਸ ਦਾ ਵਿਸ਼ਾ ਭਾਵੇਂ ਦਰਦਨਾਕ ਹੋਵੇ, ਇਸ ਵਿਚ ਤੱਥਾਂ ਦੀਆਂ ਗ਼ਲਤੀਆਂ ਹੋਣ, ਅਤਿਕਥਨੀ ਭਰਪੂਰ ਹੋਵੇ, ਇਹ ਸਾਰੀਆਂ ਗੱਲਾਂ ਭੁਲਾਈਆਂ ਜਾ ਸਕਦੀਆਂ ਹਨ, ਪਰ ਜੇ ਵਾਰਤਾਲਾਪ ਬੋਲਣ ਵਿਚ ਪੂਰੀ ਤਰ੍ਹਾਂ ਅਦਾ ਨਾ ਹੋ ਸਕੇ ਤਾਂ ਨਾਟਕ ਨੂੰ ਅਸਲ ਸਮਝੋ। ਨਾਟਕ ਵਿਚ ਪਾਤਰਾਂ ਦੀ ਵਾਰਤਾਲਾਪ ਵਿਚ ਵਾਰ ਵਾਰ ਦੁਹਰਾ ਆਉਣਾ ਉਨ੍ਹਾਂ ਦੀ ਮਾਨਸਿਕ ਅਵਸਥਾ ਨੂੰ ਉਜਾਗਰ ਕਰਨਾ ਹੈ। ਜਿਵੇਂ ਸੁਰਜੀਤ ਸਿੰਘ ਸੇਠੀ ਦੇ ਨਾਟਕ 'ਕਿੰਗ ਮਿਰਜ਼ਾ ਤੇ ਸਪੇਰਾ' ਜਿਹੇ ਐਬਸਰਡਵਾਦੀ ਨਾਟਕਾਂ ਵਿਚ ਇਸ ਦੀ ਵਰਤੋਂ ਕੀਤੀ ਗਈ ਹੈ। ਐਬਸਰਡਵਾਦੀ ਥੀਏਟਰ ਦੇ ਨਾਟਕਕਾਰਾਂ ਅਨੁਸਾਰ ਅੱਜ ਦਾ ਮਨੁੱਖ ਆਪਣੇ ਆਪ ਨੂੰ ਬੇਤੁਕਾ, ਅਰਥਹੀਨ, ਊਲ-ਜਲੂਲ ਤੇ ਇਸ ਸਮਾਜ ਵਿਚ ਗੁਆਚਿਆ ਹੋਇਆ ਸਮਝਦਾ ਹੈ। ਭਾਸ਼ਾ ਵਿਚ ਸਪਸ਼ਟਤਾ ਅਤੇ ਵਾਰਤਾਲਾਪ ਵਿਚ ਖ਼ੂਬਸੂਰਤੀ ਲਿਆਉਣ ਲਈ ਨਾਟਕਕਾਰ ਪਾਤਰਾਂ ਪਾਸੋਂ ਚਿਨ੍ਹਾਤਮਕ ਸ਼ੈਲੀ ਵਿਚ ਵਾਰਤਾਲਾਪ ਬੁਲਾਉਂਦੇ ਹਨ। ਨਾਟ-ਸ਼ਾਸਤਰੀਆਂ ਨੇ ਵਾਰਤਾਲਾਪ ਦੇ ਜ਼ਰੂਰੀ ਤੱਤਾਂ ਨੂੰ ਇਸ ਤਰ੍ਹਾਂ ਅੰਕਿਤ ਕੀਤਾ ਹੈ:

1. ਵਾਰਤਾਲਾਪ ਵਿਚ ਰਸ ਹੋਵੇ।

2. ਵਾਰਤਾਲਾਪ ਪਾਤਰ ਦੇ ਅਨੁਕੂਲ ਹੋਵੇ।

3. ਵਾਰਤਾਲਾਪ ਵਿਚ ਪ੍ਰਸ਼ਾਦ ਤੇ ਸੰਖੇਪਤਾ ਦਾ ਗੁਣ ਹੋਵੇ।

4. ਵਾਰਤਾਲਾਪ ਦਲੀਲ ਭਰਪੂਰ ਹੋਵੇ।

5. ਵਾਰਤਾਲਾਪ ਸਾਰਥਿਕ ਅਤੇ ਇਕ ਸੁਨਿਸ਼ਚਿਤ ਤਰਤੀਬ ਵਿਚ ਹੋਵੇ।

ਲੇਕਿਨ ਇਤਿਹਾਸਕ ਨਾਟਕਾਂ ਵਿਚ ਵਾਤਾਵਰਨ ਇਤਿਹਾਸਕ ਹੀ ਸਿਰਜਣਾ ਹੁੰਦਾ ਹੈ। ਜਿਸ ਵੀ ਸਮੇਂ ਦੇ ਬਾਰੇ ਨਾਟਕ ਲਿਖਿਆ ਗਿਆ ਹੋਵੇ ਉਸ ਸਮੇਂ ਦਾ ਵਾਤਾਵਰਨ ਰਚਣ ਲਈ ਇਕ ਨਾਟਕਕਾਰ ਨੂੰ ਉਸ ਸਮੇਂ ਬਾਰੇ ਇਤਿਹਾਸਕ ਜਾਣਕਾਰੀ ਹੋਣੀ ਜ਼ਰੂਰੀ ਹੈ ਤੇ ਉਸ ਵਕਤ ਦੇ ਇਤਿਹਾਸਕ ਲੋਕਾਂ ਦੇ ਰਹਿਣ-ਸਹਿਣ, ਬੋਲੀ, ਪਹਿਰਾਵਾ ਅਤੇ ਪੂਰਾ ਮਾਹੌਲ ਰਚਨਾ ਹੁੰਦਾ ਹੈ ਤਾਂ ਹੀ ਇਤਿਹਾਸਕ ਨਾਟਕ ਨੂੰ ਖੇਡਣ ਵਿਚ ਸਫ਼ਲਤਾ ਪ੍ਰਾਪਤ ਹੁੰਦੀ ਹੈ।

(ੲ) ਸਿੱਖ ਇਤਿਹਾਸਕ ਨਾਟਕ : ਇੱਕ ਸਰਵੇਖਣ

ਇਸ ਤੋਂ ਪਹਿਲਾਂ ਸਪਸ਼ਟ ਕੀਤਾ ਜਾ ਚੁੱਕਾ ਹੈ ਕਿ ਇਤਿਹਾਸਕ ਨਾਟਕ ਇਤਿਹਾਸਕ ਤੱਤ ਅਤੇ ਨਾਟਕੀ ਤੱਤਾਂ ਦੇ ਸੁਮੇਲ ਤੋਂ ਉਪਜਦਾ ਹੈ। ਨਾਟਕਕਾਰ ਇਤਿਹਾਸ ਵਿਚ ਕਲਪਨਾ ਦਾ ਸਮਾਵੇਸ਼ ਕਰਦਾ ਹੋਇਆ ਬੀਤੇ ਕਾਲ ਦੀ ਸਚਾਈ ਨੂੰ ਦ੍ਰਿਸ਼ਟਮਾਨ ਕਰਦਾ ਹੈ। ਇਤਿਹਾਸਕ ਸ਼ਖ਼ਸੀਅਤਾਂ ਸਾਹਿਤ ਵਿਚ ਭਾਵੁਕ ਆਤਮਾਵਾਂ ਰਾਹੀਂ ਅੰਕਿਤ ਹੁੰਦੀਆਂ ਹਨ। ਇਤਿਹਾਸਕਤਾ ਦੇ ਪ੍ਰਭਾਵ ਨੂੰ ਕਾਇਮ ਰੱਖਦਾ ਹੋਇਆ ਨਾਟਕਕਾਰ ਇਤਿਹਾਸਕ ਪਾਤਰਾਂ ਵਿਚ ਸਾਹਿਤਕਤਾ ਭਰ ਕੇ ਉਨ੍ਹਾਂ ਦਾ ਸੰਚਾਲਨ ਕਰਦਾ ਹੈ। ਇਤਿਹਾਸਕ ਨਾਟਕ ਦਾ ਰਚੇਤਾ ਦੂਹਰੀ ਮੁਸ਼ੱਕਤ ਦਾ ਧਾਰਨੀ ਬਣਦਾ ਹੈ। ਇਕ ਪਾਸੇ ਉਹ ਆਪਣੀ ਕਲਪਨਾ ਸ਼ਕਤੀ ਦੁਆਰਾ ਪਾਤਰਾਂ ਨੂੰ ਸਾਹਿਤਕਤਾ ਦਾ ਰੰਗ ਚਾੜ੍ਹਦਾ ਹੈ ਦੂਜੇ ਪਾਸੇ ਇਤਿਹਾਸ ਦੀ ਪ੍ਰਮਾਣਿਕਤਾ ਨੂੰ

ਅਸਗਾਹਤਾ ਪ੍ਰਦਾਨ ਕਰਦਾ ਹੈ। ਇਤਿਹਾਸਕਾਰ ਨਿਰੋਲ ਘਟਨਾਵਾਂ ਬਾਰੇ ਤੱਥ ਪੇਸ਼ ਕਰਦਾ ਹੈ ਪਰ ਸਾਹਿਤਕਾਰ ਘਟਨਾਵਾਂ ਤੇ ਤੱਥਾਂ ਪਿੱਛੇ ਲੁੱਕੀ ਜੀਵਨ ਰੌ ਨੂੰ ਪਛਾਣਦਾ ਹੈ ਅਤੇ ਸਮੇਂ ਦੀ ਸਮੁੱਚੀ ਰੂਹ ਨੂੰ ਉਜਾਗਰ ਕਰ ਦਿੰਦਾ ਹੈ। ਇਉਂ ਇਤਿਹਾਸਕ ਪਾਤਰਾਂ ਦਾ ਮਨੋਵਿਸ਼ਲੇਸ਼ਣ ਕਰਨਾ ਅਤੇ ਸਮੇਂ ਦੀ ਸਥਿਤੀ ਅੰਦਰ ਉਨ੍ਹਾਂ ਦਾ ਮਨੁੱਖੀ ਰੂਪ ਚਿਤਰਨਾ ਇਤਿਹਾਸਕਾਰ ਦਾ ਨਹੀਂ ਬਲਕਿ ਨਾਟਕਕਾਰ ਦਾ ਸੁਭਾਗ ਹੈ। ਵਿਗਿਆਨੀ ਭੌਤਿਕ ਸੱਚ ਦੀ ਤਲਾਸ਼ ਵਿਚ ਹੁੰਦਾ ਹੈ ਅਤੇ ਸਾਹਿਤਕਾਰ ਮਾਨਵੀ ਸੋਚ ਦੀ ਖੋਜ ਕਰਦਾ ਹੈ। ਇਤਿਹਾਸ ਵਿਚ ਰਾਸ਼ਟਰ ਅਤੇ ਸਮਾਜ ਵਿਅਕਤੀ ਦੇ ਮੁਕਾਬਲੇ ਉੱਚ ਅਵਸਥਾ ਤੇ ਉਪਸਥਿਤ ਹੈ। ਪਰ ਨਾਟਕਕਾਰ ਵਿਅਕਤੀ ਨੂੰ ਪ੍ਰਮੁੱਖਤਾ ਪ੍ਰਦਾਨ ਕਰਦਾ ਹੈ। ਨਾਟਕਕਾਰ ਇਤਿਹਾਸਕ ਸ਼ਖ਼ਸੀਅਤਾਂ ਨੂੰ ਸਹਿਜ ਮਾਨਵ ਦੀ ਤਰ੍ਹਾਂ ਅਪਣਾਉਂਦਾ ਹੈ ਅਤੇ ਉਨ੍ਹਾਂ ਦੇ ਜੀਵਨ ਕਰਮ ਨੂੰ ਮੰਨਣਯੋਗ ਹੈ। ਜਿੱਥੇ ਇਤਿਹਾਸਕਾਰ ਸਿਰਫ਼ ਵਿਆਖਿਆ ਤਕ ਹੀ ਸੀਮਿਤ ਰਹਿੰਦਾ ਹੈ, ਉੱਥੇ ਨਾਟਕਕਾਰ ਕਲਪਨਾ ਦਾ ਸਹਾਰਾ ਲੈ ਕੇ ਨਾਟਕ ਵਿਚ ਪ੍ਰਸਥਿਤੀਆਂ ਉਤਪੰਨ ਕਰਦੇ ਜਨ-ਸਾਧਾਰਨ ਦੇ ਜੀਵਨ ਦੇ ਰਹੱਸ ਖੋਲ੍ਹਦਾ ਹੈ ਅਤੇ ਘਟਨਾਵਾਂ ਵਿਚ ਕਾਰਜ ਕਰਨ ਦਾ ਸੰਬੰਧ ਸਥਾਪਿਤ ਕਰਦਾ ਹੈ। ਇਤਿਹਾਸਕ ਵਿਅਕਤੀ ਦੇ ਵਾਸਤਵਿਕ ਜੀਵਨ ਦਾ ਨਿਰੂਪਣ ਨਾਟਕਕਾਰ ਹੀ ਕਰਦਾ ਹੈ। ਉਹ ਸੱਚ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ ਜੋ ਇਤਿਹਾਸਕਾਰ ਨਹੀਂ ਕਰਦਾ। ਨਾਟਕਕਾਰ ਘਟਨਾ ਦੇ ਪਰਿਣਾਮ ਤੇ ਕੇਂਦਰਿਤ ਹੋਣ ਦੀ ਬਜਾਏ ਘਟਨਾ ਦੇ ਮੂਲ ਕਾਰਨਾਂ ਤੇ ਪ੍ਰਕਾਸ਼ ਪਾਉਂਦਾ ਹੈ ਅਤੇ ਪਾਤਰਾਂ ਦੀ ਸੂਖ਼ਮ ਤੋਂ ਸੂਖ਼ਮ ਭਾਵਨਾ ਨੂੰ ਉਜਾਗਰ ਕਰਦਾ ਹੈ। ਨਾਟਕਕਾਰ ਇਤਿਹਾਸਕ ਸੋਮਿਆਂ ਵਿਚ ਰਸ ਭਰ ਕੇ ਕਹਾਣੀ ਨੂੰ ਰਸਾਤਮਿਕ ਬਣਾ ਲੈਂਦਾ ਹੈ। ਪਾਠਕ ਦੇ ਮਨ ਨੂੰ ਇਕਰਾਰ

ਕਰਕੇ ਬੀਤੇ ਸਮੇਂ ਦੀ ਸਥਿਤੀ ਵਿਚ ਲੈ ਜਾਂਦਾ ਹੈ ਜਿਸ ਕਾਲ ਦਾ ਉਹ ਆਪਣੀ ਰਚਨਾ ਵਿਚ ਵਿਵਰਣ ਕਰ ਰਿਹਾ ਹੁੰਦਾ ਹੈ। ਹਰ ਰਚਨਾ ਪੜ੍ਹਨ ਵਾਲੇ ਦੇ ਮਨ ਨੂੰ ਥੋੜ੍ਹਾ ਬਹੁਤ ਪ੍ਰਭਾਵਿਤ ਕਰਦੀ ਹੈ। ਨਾਟਕ ਲੋਕਾਂ ਵਿਚ ਪਰਿਵਰਤਨ ਲਿਆਉਣ ਅਤੇ ਉਨ੍ਹਾਂ ਨੂੰ ਪ੍ਰੇਰਨ ਦਾ ਬੜਾ ਜ਼ਬਰਦਸਤ ਹਥਿਆਰ ਹੈ। ਨਾਟਕਕਾਰ ਇਤਿਹਾਸ ਨੂੰ ਅੰਕਿਤ ਕਰਕੇ ਵਰਤਮਾਨ ਲਈ ਉਪਯੋਗੀ ਬਣਾ ਦਿੰਦਾ ਹੈ ਅਤੇ ਵਰਤਮਾਨ ਜੀਵਨ ਨੂੰ ਉਦਮਸ਼ੀਲਤਾ ਪ੍ਰਦਾਨ ਕਰਦਾ ਹੈ। ਮਨੁੱਖ ਦੀਆਂ ਜੀਵਨ ਘਟਨਾਵਾਂ ਨੂੰ ਸੁਣਾ ਕੇ, ਉਨ੍ਹਾਂ ਦੇ ਦੁੱਖਾਂ-ਸੁੱਖਾਂ ਬਾਰੇ ਦੱਸ ਕੇ ਦਿਲਚਸਪ ਤੇ ਰੌਚਕ ਪਲਾਟ ਰਾਹੀਂ ਉਨ੍ਹਾਂ ਨੂੰ ਨਾ ਕੇਵਲ ਦੁਖਦਾਈ ਜੀਵਨ ਤੋਂ ਦੂਰ ਕਰਦਾ ਹੈ ਸਗੋਂ ਉਨ੍ਹਾਂ ਲੋਕਾਂ ਦੇ ਜੀਵਨ ਵਿਚ ਆਸ਼ਾ ਦੀ ਕਿਰਨ ਲਿਆਉਂਦਾ ਹੈ। ਇਤਿਹਾਸ ਕਿਸੇ ਵੀ ਆਸ਼ਾਵਾਦੀ ਦੇ ਵਿਸ਼ਵਾਸ ਨੂੰ ਠੇਸ ਨਹੀਂ ਪਹੁੰਚਾਉਂਦਾ। ਅਤੀਤ ਵਿਚ ਨਾਟਕਕਾਰ ਮਹੱਤਵਪੂਰਨ ਤੱਥਾਂ ਨੂੰ ਅਪਣਾ ਲੈਂਦਾ ਹੈ ਜੋ ਵਰਤਮਾਨ ਲਈ ਵੀ ਮਹੱਤਤਾ ਰੱਖਦੇ ਹਨ ਅਤੇ ਭਵਿੱਖ ਦੀ ਉਸਾਰੀ ਲਈ ਵੀ ਉਪਯੋਗੀ ਹੁੰਦੇ ਹਨ। ਸੱਭਿਅਤਾ ਇਤਿਹਾਸ ਵਿਚੋਂ ਹੀ ਆਪਣੀ ਸੰਸਕ੍ਰਿਤੀ ਲੱਭਦੀ ਹੈ, ਜਿਸ ਤੋਂ ਵਰਤਮਾਨ ਜੀਵਨ ਪ੍ਰਭਾਵਿਤ ਹੀ ਨਹੀਂ ਹੁੰਦਾ ਬਲਕਿ ਇਸ ਦਾ ਦ੍ਰਿਸ਼ਟੀਕੋਣ ਵੀ ਬਦਲ ਜਾਂਦਾ ਹੈ। ਇਤਿਹਾਸਕ ਨਾਟਕਕਾਰ ਨਾਟਕ ਦੇ ਪਾਤਰਾਂ ਨੂੰ ਉਨ੍ਹਾਂ ਦੀ ਇਤਿਹਾਸਕ ਸਥਿਤੀ ਅਤੇ ਸਥਿਤੀ ਮਹਾਨਤਾ ਵਿਚ ਰੱਖ ਕੇ ਹੀ ਚਿਤਰਦਾ ਹੈ, ਜਿਸ ਨਾਲ ਉਨ੍ਹਾਂ ਪਾਤਰਾਂ ਦੇ ਚਰਿੱਤਰ ਦੇ ਉਹ ਪਹਿਲੂ ਉਜਾਗਰ ਹੁੰਦੇ ਹਨ ਜਿਨ੍ਹਾਂ ਰਾਹੀਂ ਵਰਤਮਾਨ ਜੀਵਨ ਨੂੰ ਉਨ੍ਹਾਂ ਦੇ ਜੀਵਨ ਤੋਂ ਸਿੱਖਿਆ ਪ੍ਰਾਪਤ ਹੁੰਦੀ ਹੈ। ਸਾਹਿਤ ਤੇ ਇਤਿਹਾਸ ਇਕ ਦੂਜੇ ਦਾ ਸਿੱਧਾ-ਪੁੱਠਾ ਪਾਸਾ ਹਨ। ਇਤਿਹਾਸਕ ਨਾਟਕਕਾਰ ਪ੍ਰਮਾਣਿਕ ਤੱਥਾਂ ਨੂੰ ਗ੍ਰਹਿਣ

ਕਰਦਾ ਹੋਇਆ ਇਤਿਹਾਸਕ ਅਦਾਕਾਰਾਂ ਦੇ ਆਂਤਰਿਕ ਜਗਤ ਨੂੰ ਦ੍ਰਿਸ਼ਟਮਾਨ ਕਰਦਾ ਹੈ। ਨਾਟਕਕਾਰ ਮਾਨਵੀ ਸਰਵਕਾਲਿਕ ਸੱਚ ਨੂੰ ਉਘਾੜਨ ਦੀ ਕੋਸ਼ਿਸ਼ ਵਿਚ ਰਹਿੰਦਾ ਹੋਇਆ ਇਤਿਹਾਸਕ ਘਟਨਾਵਾਂ ਨੂੰ ਅਰਥ ਪ੍ਰਦਾਨ ਕਰਕੇ ਉਨ੍ਹਾਂ ਦਾ ਮੁਲਾਂਕਣ ਕਰਦਾ ਹੈ। ਇਸ ਲਈ ਨਾਟਕਕਾਰ ਦੀ ਅੰਤਰਦ੍ਰਿਸ਼ਟੀ ਅਤੇ ਇਤਿਹਾਸਕ ਤੱਥਾਂ ਦਾ ਸੰਤੁਲਨ ਹੋਣਾ ਅਨਿਵਾਰੀ ਹੈ। ਪ੍ਰਚਲਿਤ ਅਤੇ ਅਪ੍ਰਚਲਿਤ ਤੱਥਾਂ ਦਾ ਅਧਿਐਨ ਕਰਕੇ ਨਾਟਕਕਾਰ ਕੋਈ ਨਵੀਨ ਸਿਰਜਣਾ ਕਰਦਾ ਹੈ।

ਇਤਿਹਾਸਕ ਨਾਟਕਕਾਰ ਲਈ ਨਾਟਕ ਵਿਚਲੇ ਸਮੇਂ ਦੇ ਪਿਛੋਕੜ ਦਾ ਤੱਥ ਰੂਪ ਵਿਚ ਇਤਿਹਾਸ ਜਾਣ ਲੈਣਾ ਕਾਫ਼ੀ ਨਹੀਂ ਹੈ। ਇਤਿਹਾਸਕ ਨਾਟਕਕਾਰ ਭੂਤ ਦੀ ਜਿਸ ਕਾਤਰ ਨੂੰ ਨਾਟਕ ਦਾ ਵਿਸ਼ਾ ਬਣਾਉਂਦਾ ਹੈ ਉਸ ਸਮੇਂ ਦੀ ਸਮੁੱਚੀ ਰੂਹ ਨੂੰ ਨਿਰਪੱਖ ਦ੍ਰਿਸ਼ਟੀ ਨਾਲ ਉਜਾਗਰ ਕਰਦਾ ਹੈ। ਸਮੇਂ ਦੀ ਰੂਹ ਵੇਲੇ ਦੀ ਰਾਜਸੀ, ਧਾਰਮਿਕ, ਆਰਥਿਕ ਅਤੇ ਸਮਾਜਿਕ ਹਾਲਾਤ ਦੀ ਤਸਵੀਰ ਖਿੱਚਣ ਨਾਲ ਹੀ ਉਜਾਗਰ ਹੋ ਸਕਦੀ ਹੈ। ਪਰ ਇਹ ਸਭ ਕੁੱਝ ਪਾਤਰ ਦੇ ਕਾਰਜ ਨਾਲ ਸਹਿਜ ਸੁਭਾਅ ਹੀ ਉਘੜਨਾ ਚਾਹੀਦਾ ਹੈ। ਪਾਤਰ ਦੇ ਕਰਮ ਤੋਂ ਬਾਹਰ ਇਤਿਹਾਸਕ ਤੱਥਾਂ ਦਾ ਬਿਆਨ ਨਾਟਕ ਦਾ ਅੰਗ ਨਹੀਂ ਹੋ ਸਕਦਾ। ਪਾਤਰਾਂ ਦੇ ਕਰਮ, ਜਿਊਣ, ਵਿਗਸਣ ਦੀ ਕਹਾਣੀ ਹੀ ਇਤਿਹਾਸ ਦੇ ਪੰਨੇ ਪੇਸ਼ ਕਰ ਦੇਵੇ। ਇਤਿਹਾਸਕ ਨਾਟਕਕਾਰ ਪਾਤਰਾਂ ਦੇ ਸੁਭਾਅ ਵਿਚ ਐਨੀ ਤਬਦੀਲੀ ਨਹੀਂ ਲਿਆ ਸਕਦਾ ਜਿੰਨੀ ਸਮਾਜਿਕ ਅਤੇ ਮਨੋਵਿਗਿਆਨਕ ਨਾਟਕ ਦਾ ਰਚੈਤਾ ਕਿਉਂਕਿ ਇਤਿਹਾਸਕ ਵਿਅਕਤੀ ਆਪਣੇ ਸਮੇਂ ਅਤੇ ਸਥਿਤੀ ਨਾਲ ਸੰਬੰਧਿਤ ਹੁੰਦਾ ਹੈ। ਇਤਿਹਾਸਕ ਵਿਅਕਤੀ ਦਾ ਪ੍ਰਗਟਾਅ ਪਾਸਾ ਅਤੇ ਸੁਭਾਅ ਵਿਚ ਸੰਤੁਲਨ ਹੋਣਾ ਚਾਹੀਦਾ ਹੈ। ਪਾਤਰ

ਵਿਸ਼ਲੇਸ਼ਣ ਸਮੇਂ ਨਾਟਕਕਾਰ ਦੀ ਦ੍ਰਿਸ਼ਟੀ ਸੁਹਿਰਦ ਹੋਣੀ ਚਾਹੀਦੀ ਹੈ। ਧਰਮ, ਕੌਮ ਜਾਂ ਨਿੱਜੀ ਕਾਰਨਾਂ ਕਰਕੇ ਪੱਖਪਾਤੀ ਸਿਰਜਣਾ ਨਾਟਕ ਜਗਤ ਵਿਚ ਗੰਧਲੇਪਣ ਦਾ ਕਾਰਨ ਬਣਦੀ ਹੈ। ਇਤਿਹਾਸਕ ਸਥਿਤੀਆਂ ਵਿਚ ਪਏ ਵਿਅਕਤੀਆਂ ਦੀ ਮਾਨਸਿਕ ਅਵਸਥਾ ਅਨੁਭਵ ਕਰਨ ਲਈ ਮਨੋਵਿਗਿਆਨ ਦੀ ਜਾਣਕਾਰੀ ਵੀ ਜ਼ਰੂਰੀ ਹੈ।

ਇਤਿਹਾਸਕ ਨਾਟਕ ਭਾਵੇਂ ਨਿਰੋਲ ਇਤਿਹਾਸ ਨਹੀਂ ਹੁੰਦੇ ਪਰ ਇਤਿਹਾਸਕ ਸੱਚ ਦੀ ਅਵਹੇਲਨਾ ਵੀ ਨਹੀਂ ਕਰਦੇ। ਮਨੋਕਲਪਨਾ ਇੰਨੀ ਨਹੀਂ ਹੋਣੀ ਚਾਹੀਦੀ ਕਿ ਇਤਿਹਾਸ ਤੇ ਭਾਰੂ ਹੋ ਕੇ ਇਤਿਹਾਸਕ ਸੱਚ ਨੂੰ ਝੁਠਲਾ ਦੇਵੇ। ਜਦੋਂ ਇਤਿਹਾਸਕ ਪਾਤਰ ਨਾਟਕ ਦੇ ਉਦੇਸ਼ ਦੀ ਪੂਰਤੀ ਨਹੀਂ ਕਰਦੇ ਤਾਂ ਉਹ ਕਲਪਿਤ ਪਾਤਰਾਂ ਦਾ ਸਹਾਰਾ ਲੈਂਦਾ ਹੈ। ਇਤਿਹਾਸਕ ਪਾਤਰਾਂ ਨੂੰ ਉਨ੍ਹਾਂ ਦੇ ਸਮੇਂ ਅਤੇ ਸਥਿਤੀ ਨਾਲੋਂ ਨਿਖੇੜਿਆ ਨਹੀਂ ਜਾ ਸਕਦਾ। ਕਲਪਿਤ ਪਾਤਰ ਇਤਿਹਾਸਕ ਪਾਤਰਾਂ ਦੀ ਸਰੇਸ਼ਟਤਾ ਨੂੰ ਝੁਠਲਾਉਣ ਨਾ, ਸਗੋਂ ਉਨ੍ਹਾਂ ਦੇ ਵਿਅਕਤੀਤਵ ਦੇ ਹਰੇਕ ਪੱਖ ਨੂੰ ਸਪਸ਼ਟਤਾ ਬਖਸ਼ਣ। ਇਤਿਹਾਸ ਅਤੇ ਕਲਪਨਾ ਨੂੰ ਇਤਿਹਾਸਕ ਨਾਟਕ ਵਿਚ ਸੁਚੱਜੇ ਢੰਗ ਨਾਲ ਓਤਪ੍ਰੋਤ ਕੀਤਾ ਗਿਆ ਹੁੰਦਾ ਹੈ। ਉਸ ਸਮੇਂ ਦਾ ਯਥਾਰਥ ਅਤੇ ਰਾਜਸੀ, ਧਾਰਮਿਕ, ਆਰਥਿਕ ਅਤੇ ਸਮਾਜਿਕ ਸੁਭਾਅ ਪ੍ਰਗਟ ਹੋਣਾ ਆਵੱਸ਼ਕ ਹੈ। ਯੁੱਗ ਅਨੁਕੂਲ ਵਾਤਾਵਰਨ ਦਾ ਚਿਤਰਣ ਇਤਿਹਾਸਕ ਨਾਟਕ ਦਾ ਸ੍ਰੇਸ਼ਟ ਅੰਤ ਅਨਿਵਾਰੀ ਲੱਛਣ ਹੈ। ਇਤਿਹਾਸਕ ਨਾਟਕ ਪਾਠਕ ਨੂੰ ਆਪਣੇ ਸਮੇਂ ਤੋਂ ਦੂਰ ਅਤੀਤ ਵਿਚ ਲੈ ਜਾਂਦਾ ਹੈ। ਉਸ ਸਮੇਂ ਦੀ ਪਹਿਚਾਣ ਪਾਠਕ ਵਾਤਾਵਰਨ ਤੋਂ ਕਰਦਾ ਹੈ। ਜੇਕਰ ਨਾਟਕਕਾਰ ਪਾਠਕ ਜਾਂ ਸਰੋਤਿਆਂ ਨੂੰ ਉਸ ਸਮੇਂ ਵਿਚ ਨਹੀਂ ਲੈ ਜਾਂਦਾ ਜਿਸ ਕਾਲ ਨੂੰ ਨਾਟਕ ਵਿਚ ਅੰਕਿਤ ਕੀਤਾ

ਹੈ ਜਾਂ ਨਾਟਕ ਵਿਚਲੀ ਹੋਣੀ ਨੂੰ ਸਰੋਤੇ ਆਪਣੀ ਹੋਣੀ ਨਹੀਂ ਮਹਿਸੂਸ ਕਰਦੇ ਤਾਂ ਨਾਟਕਕਾਰ ਦੀ ਕ੍ਰਿਤ ਵਿਚ ਕਿਤੇ ਨਾ ਕਿਤੇ ਕੋਈ ਕਮੀ ਜ਼ਰੂਰ ਹੈ। ਇਤਿਹਾਸਕ ਨਾਟਕਕਾਰ ਭੂਤ ਦੀ ਸੱਚਾਈ ਨੂੰ ਤਿੱਖਾ ਅਤੇ ਡੂੰਘਾ ਕਰਕੇ ਅਤੀਤ ਦਾ ਵਰਤਮਾਨ ਨਾਲ ਅਟੁੱਟ ਰਿਸ਼ਤਾ ਪ੍ਰਗਟ ਕਰਦਾ ਹੈ। ਭਾਵੁਕਤਾ ਅਤੇ ਬੌਧਿਕਤਾ ਦੁਆਰਾ ਭੂਤ ਨੂੰ ਵਰਤਮਾਨ ਨਾਲ ਜੋੜਦਾ ਹੈ। ਇਤਿਹਾਸਕ ਨਾਟਕ ਦਾ ਮੰਤਵ ਵਧੇਰੇ ਬੀਤੇ ਸਮੇਂ ਨੂੰ ਸੰਜੀਵ ਕਰਕੇ ਵਰਤਮਾਨ ਸਮਾਜਕ ਜੀਵਨ ਦੀ ਸੰਪੂਰਣਤਾ ਨੂੰ ਆਪਣੇ ਸਥਾਨ ਵਿਚ ਸਾਕਾਰ ਕਰਦਾ ਹੈ।ਘਟਨਾ ਦਾ ਵਰਣਨ ਇਸ ਤਰ੍ਹਾਂ ਕੀਤਾ ਜਾਵੇ ਕਿ ਇਹ ਉਸ ਸਮੇਂ ਦੀ ਸਥਿਤੀ ਨੂੰ ਉਸ ਸਥਾਨ ਦਾ ਭਾਗ ਬਣਾ ਦੇਵੇ ਜਿਸ ਵਿਚ ਸਰੋਤਾ ਜੀਅ ਰਿਹਾ ਹੈ। ਨਾਟਕਕਾਰ ਇਤਿਹਾਸਕ ਸੱਚਾਈ ਨੂੰ ਕਾਇਮ ਰੱਖਦਾ ਹੋਇਆ ਵਰਤਮਾਨ ਅਤੇ ਭਵਿੱਖ ਲਈ ਸੁਰੱਖਿਅਤ ਕਰਦਾ ਹੋਇਆ ਇਤਿਹਾਸ ਨੂੰ ਵਿਸ਼ਾਲਤਾ ਪ੍ਰਦਾਨ ਕਰ ਦਿੰਦਾ ਹੈ। ਉਪਰੋਕਤ ਦੀ ਲੋਅ ਵਿਚ ਜਾਣਨਾ ਆਵੱਸ਼ਕ ਹੈ ਕਿ ਨਾਟਕ ਦੀ ਵਿਧਾ ਪੰਜਾਬੀ ਭਾਸ਼ਾ ਵਿਚ ਉੱਨਤ ਵਿਧਾ ਹੈ ਅਤੇ ਇਤਿਹਾਸਕ ਨਾਟਕ ਦੀ ਪਰੰਪਰਾ ਵੀ ਪੰਜਾਬੀ ਵਿਚ ਸਥਾਪਿਤ ਹੈ।

ਪੰਜਾਬੀ ਦੇ ਬਹੁਤੇ ਚਿੰਤਕ ਆਈ.ਸੀ. ਨੰਦਾ ਦੇ ਸਮਾਜਿਕ ਇਕਾਂਗੀ ਨਾਟਕ 'ਦੁਹਲਨ' (1913) ਤੋਂ ਪੰਜਾਬੀ ਨਾਟਕ ਦਾ ਮੁੱਢ ਮੰਨਦੇ ਹਨ, ਪਰੰਤੂ ਜੇਕਰ ਨੰਦਾ ਤੋਂ ਪੂਰਵ ਰਚਿਤ ਨਾਟਕਕਾਰ ਜਿਵੇਂ ਬਾਵਾ ਬੁੱਧ ਸਿੰਘ (ਚੰਦਰ ਹਰਿ, 1909) ਭਾਈ ਵੀਰ ਸਿੰਘ (ਰਾਜਾ ਲੱਖਦਾਤਾ ਸਿੰਘ, 1910), ਅਰੂੜ ਸਿੰਘ ਤਾਲਿਬ (ਸੁੱਕਾ ਸਮੁੰਦਰ, 1911) ਗੁਰਬਖਸ਼ ਸਿੰਘ ਬੈਰਿਸਟਰ (ਮਨਮੋਹਨ ਸਿੰਘ, 1912, ਨਾਟਕ ਰੂਪ ਕੌਰ, 1913) ਅਤੇ ਬ੍ਰਿਜ ਲਾਲ ਸ਼ਾਸਤਰੀ (ਪੂਰਨ ਨਾਟਕ, 1920) ਨੂੰ ਵੀ ਪੰਜਾਬੀ ਨਾਟਕ ਦੇ ਉਦਭਵ ਨਾਲ

ਜੋੜ ਲਿਆ ਜਾਵੇ ਤਾਂ ਪੰਜਾਬੀ ਨਾਟਕ ਦੀ ਉਮਰ ਇਕ ਸਦੀ ਦੇ ਕਰੀਬ ਹੋ ਗਈ ਹੈ।

ਇਸ ਲੜੀ ਵਿਚ ਹੀ ਪੰਜਾਬੀ ਵਿਚ ਇਤਿਹਾਸਕ ਨਾਟਕ ਵੀ ਰਚੇ ਗਏ। ਪੰਜਾਬੀ ਇਤਿਹਾਸਕ ਨਾਟਕਾਂ ਦੀ ਬੁਨਿਆਦ ਅਸਲ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਨਾਲ ਬੱਝਦੀ ਹੈ। ਸ੍ਰੀ ਗੁਰੂ ਨਾਨਕ ਦੇਵ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਤਕ ਦਸ ਗੁਰੂ ਸਾਹਿਬਾਨ, ਬੰਦਾ ਸਿੰਘ ਬਹਾਦਰ ਤੇ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਕਾਲ ਤਕ ਜੋ ਇਤਿਹਾਸ ਲਿਖਿਆ ਗਿਆ ਹੈ ਉਸ ਨੂੰ ਅਸੀਂ ਸਿੱਖ ਇਤਿਹਾਸ ਕਹਿੰਦੇ ਹਾਂ। ਦੂਜੇ ਪਾਸੇ ਇਹ ਵੀ ਸੱਚ ਹੈ ਕਿ ਕਿਤਾਬਾਂ ਤੋਂ ਪਰ੍ਹੇ ਵੀ ਇਤਿਹਾਸ ਰਚਿਆ ਗਿਆ ਜੋ ਮੌਖਿਕ ਰੂਪ ਰਾਹੀਂ ਪੀੜ੍ਹੀ-ਦਰ-ਪੀੜ੍ਹੀ ਸਾਡੇ ਤਕ ਪੁੱਜਿਆ ਹੈ। ਦੁਨੀਆਂ ਦੇ ਇਤਿਹਾਸ ਦੇ ਪੰਨਿਆਂ ਤੇ ਸਿੱਖ ਇਤਿਹਾਸ ਦੀ ਵੱਖਰੀ ਪਹਿਚਾਣ ਹੈ। ਪੰਜਾਬ ਵਿਚ ਜਾਂ ਪੰਜਾਬ ਤੋਂ ਬਾਹਰ ਸਿੱਖਾਂ ਨਾਲ ਸੰਬੰਧਿਤ ਜੋ ਵੀ ਘਟਨਾਵਾਂ ਵਾਪਰੀਆਂ ਉਸ ਨੂੰ ਅਸੀਂ ਸਿੱਖ ਇਤਿਹਾਸ ਦਾ ਨਾਮ ਦਿੰਦੇ ਹਾਂ। ਇਸ ਇਤਿਹਾਸ ਨੂੰ ਨਾਟਕੀ ਰੂਪ ਦੇਣ ਲਈ ਪੰਜਾਬੀ ਨਾਟਕਕਾਰਾਂ ਨੇ ਵੱਡਮੁੱਲਾ ਯੋਗਦਾਨ ਪਾਇਆ ਜਿਸ ਦੀ ਸ਼ੁਰੂਆਤ ਭਾਈ ਵੀਰ ਸਿੰਘ ਦੇ ਨਾਟਕ 'ਰਾਜਾ ਲੱਖਦਾਤਾ ਸਿੰਘ' ਨਾਲ ਹੁੰਦੀ ਹੈ। ਇਸ ਤੋਂ ਬਾਅਦ ਜ਼ਿਆਦਾਤਰ ਗੁਰੂ ਸਾਹਿਬਾਂ ਦੇ ਸ਼ਹੀਦੀ/ਜਨਮ ਸ਼ਤਾਬਦੀ ਨੂੰ ਸਮਰਪਿਤ ਨਾਟਕ ਲਿਖੇ ਗਏ ਤੇ ਕੁੱਝ ਨਾਟਕ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਇਕ/ਨਾਇਕਾਵਾਂ ਬਾਰੇ ਵੀ ਲਿਖੇ ਗਏ ਹਨ।

ਨਾਟਕ ਦੀ ਵਿਧਾ ਪੰਜਾਬੀ ਭਾਸ਼ਾ ਵਿਚ ਉੱਨਤ ਵਿਧਾ ਹੈ ਅਤੇ ਇਤਿਹਾਸਕ ਨਾਟਕ ਦੀ ਪਰੰਪਰਾ ਵੀ ਪੰਜਾਬੀ ਵਿਚ ਸਥਾਪਿਤ ਹੈ। ਸਿੱਖ

ਇਤਿਹਾਸ ਦੇ ਨਾਟਕੀ ਰੂਪ ਨੂੰ ਜਾਣਨ ਤੋਂ ਪਹਿਲਾਂ ਸਾਡੇ ਲਈ ਸਿੱਖ ਇਤਿਹਾਸ ਨੂੰ ਜਾਣਨਾ ਜ਼ਰੂਰੀ ਹੈ। ਸਿੱਖ ਇਤਿਹਾਸ ਦਾ ਆਗਾਜ਼ ਸ੍ਰੀ ਗੁਰੂ ਨਾਨਕ ਦੇਵ ਦੀ ਆਮਦ ਨਾਲ 1469 ਈ. ਤੋਂ ਹੋਇਆ ਤੇ ਦਸ ਗੁਰੂ ਸਾਹਿਬਾਨਾਂ ਦੇ ਸਮੁੱਚੇ ਜੀਵਨ ਕਾਲ ਵਿਚ ਸਿੱਖ ਧਰਮ ਨਾਲ ਸੰਬੰਧਿਤ ਜਿਹੜੇ ਜਿਹੜੇ ਸੂਰਮੇ, ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਚਾਲੀ ਮੁਕਤੇ, ਹਠੀਆਂ, ਜਪੀਆਂ, ਤਪੀਆਂ, ਜਿਨਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਜਿਨਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਤਨ ਆਰਿਆਂ ਨਾਲ ਚਿਰਾਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ ਆਦਿ ਪੱਖਾਂ ਨੂੰ ਸਿੱਖ ਇਤਿਹਾਸ ਵਿਚ ਲਿਆ ਗਿਆ ਹੈ ਤੇ ਇਨ੍ਹਾਂ ਨਾਲ ਸੰਬੰਧਿਤ ਨਾਟਕਾਂ ਨੂੰ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਦੀ ਸ੍ਰੇਣੀ ਵਿਚ ਰੱਖਿਆ ਜਾਂਦਾ ਹੈ। ਇਸ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਦਾ ਰਾਜ, ਜਿਸ ਨੂੰ ਅਸੀਂ ਸਿੱਖ ਰਾਜ ਦੇ ਨਾਮ ਨਾਲ ਜਾਣਦੇ ਹਾਂ, ਦੇ ਸਮੁੱਚੇ ਰਾਜ ਭਾਗ ਦੇ ਸਮੇਂ ਤਕ ਜੋ ਜੋ ਘਟਨਾਵਾਂ ਵਾਪਰੀਆਂ ਤੇ ਜਿਹੜੇ ਜਿਹੜੇ ਸਿੰਘਾਂ ਨੇ ਇਸ ਵਿਚ ਜੋ ਵੀ ਰੋਲ ਅਦਾ ਕੀਤਾ ਨੂੰ ਸਿੱਖ ਇਤਿਹਾਸ ਦੇ ਦਾਇਰੇ ਵਿਚ ਰੱਖਿਆ ਜਾਵੇਗਾ।

ਸਿੱਖ ਇਤਿਹਾਸ ਨਾਲ ਸੰਬੰਧਿਤ ਇਤਿਹਾਸਕ ਨਾਟਕਾਂ ਦਾ ਆਗਾਜ਼ ਭਾਈ ਵੀਰ ਸਿੰਘ ਦੇ ਨਾਟਕ 'ਰਾਜਾ ਲੱਖਦਾਤਾ ਸਿੰਘ' 1910 ਈ. ਤੋਂ ਹੁੰਦਾ ਹੈ ਤੇ ਅੱਜ ਤਕ ਜਿਹੜੇ ਜਿਹੜੇ ਨਾਟਕਕਾਰਾਂ ਨੇ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕ ਲਿਖੇ ਹਨ ਉਨ੍ਹਾਂ ਨੂੰ ਸਿੱਖ ਇਤਿਹਾਸਕ ਨਾਟਕਾਂ ਦੀ ਕੋਟੀ ਵਿਚ ਲਿਆ ਜਾਵੇਗਾ।

## ਸ. ਸਿੱਖ ਇਤਿਹਾਸਕ ਨਾਟਕਾਂ ਦਾ ਨਾਟ-ਸੰਗਠਨ

ਹਰ ਇਕ ਭਾਸ਼ਾ ਦੇ ਨਾਟਕ ਦਾ ਆਪਣਾ ਨਾਟ-ਸੰਗਠਨ ਹੁੰਦਾ ਹੈ, ਜਿਵੇਂ ਯੂਨਾਨੀ ਨਾਟਕ ਦਾ ਆਪਣਾ ਨਾਟ-ਸੰਗਠਨ ਤੇ ਸੰਸਕ੍ਰਿਤ ਨਾਟਕਾਂ ਦਾ ਆਪਣਾ ਨਾਟ-ਸੰਗਠਨ ਹੈ। ਇਸੇ ਪ੍ਰਕਾਰ ਸਿੱਖ ਇਤਿਹਾਸਕ ਨਾਟਕਾਂ ਦਾ ਵੀ ਆਪਣਾ ਨਾਟ-ਸੰਗਠਨ ਹੈ ਜਿਸ ਬਾਰੇ ਵਿਚਾਰ ਕਰਨੀ ਬਣਦੀ ਹੈ। ਨਾਟ-ਸੰਗਠਨ ਦਾ ਮੂਲ ਢਾਂਚਾ ਇਕੋ ਹੀ ਹੁੰਦਾ ਹੈ ਜਿਸ ਦਾ ਜ਼ਿਕਰ ਅਸੀਂ ਪਹਿਲਾਂ ਕਰ ਆਏ ਹਾਂ ਭਾਵ ਹਰ ਨਾਟਕ ਵਿਚ ਨਾਟ-ਵਸਤੂ, ਕਥਾਨਕ, ਪਾਤਰ, ਸੰਵਾਦ, ਰੰਗਮੰਚ ਆਦਿ ਤੱਤ ਹੁੰਦੇ ਹਨ। ਲੇਕਿਨ ਹਰ ਨਾਟ-ਪਰੰਪਰਾ ਵਿਚ ਇਹ ਤੱਤ ਅਲਗ ਅਲਗ ਰੂਪ ਵਿਚ ਸੰਯੋਜਿਤ ਹੁੰਦੇ ਹਨ। ਸਿੱਖ ਇਤਿਹਾਸਕ ਨਾਟਕ ਵਿਚ ਵੀ ਇਹ ਸਥਿਤੀ ਵਾਪਰਦੀ ਹੈ ਵਿਸ਼ੇਸ਼ ਕਰਕੇ ਉਦੋਂ ਜਦੋਂ ਜਿਸ ਮੁਖ ਪਾਤਰ ਬਾਰੇ ਨਾਟਕ ਲਿਖਿਆ ਜਾ ਰਿਹਾ ਹੈ ਜਾਂ ਉਸ ਨੂੰ ਹੀ ਮੰਚ ਤੇ ਲਿਆਉਣ ਦੀ ਮਨਾਹੀ ਹੋਵੇ। ਇਸ ਲਈ ਸਿੱਖ ਇਤਿਹਾਸਕ ਨਾਟਕ ਦੇ ਨਾਟ-ਸੰਗਠਨ ਨੂੰ ਵੱਖਰੀ ਤਰ੍ਹਾਂ ਵਿਚਾਰਿਆ ਜਾਣਾ ਜ਼ਰੂਰੀ ਹੈ।

ਸਿੱਖ ਇਤਿਹਾਸਕ ਨਾਟਕ ਦੇ ਨਾਟ-ਸੰਗਠਨ ਵਿਚ ਸਭ ਤੋਂ ਪਹਿਲੀ ਗੱਲ ਇਹ ਹੈ ਕਿ ਇਸ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਪਾਤਰ ਹੀ ਲਏ ਜਾਂਦੇ ਹਨ। ਦੂਸਰਾ ਇਹ ਹੈ ਕਿ ਇਸ ਵਿਚ ਕੋਈ ਵੀ ਮਨੁੱਖ ਗੁਰੂ ਦਾ ਰੂਪ ਨਹੀਂ ਧਾਰ ਸਕਦਾ। ਜੇਕਰ ਕਿਸੇ ਵੀ ਗੁਰੂ ਬਾਰੇ ਕੋਈ ਗੱਲ ਕਹਿਣੀ ਹੋਵੇ ਤਾਂ ਪਰਦੇ ਦੇ ਪਿਛੋਂ ਹੋਰ ਕਿਸੇ ਪਾਤਰ ਦੇ ਮੂੰਹੋਂ ਇਸ ਤਰ੍ਹਾਂ ਅਖਵਾਉਣੀ ਹੁੰਦੀ ਹੈ ਕਿ ਉਹ ਗੁਰੂ ਬਾਰੇ ਸ਼ਬਦਾਂ ਰਾਹੀਂ ਬਿਆਨ ਕਰੇ। ਇਉਂ ਕਿਸੇ ਵੀ ਸਿੱਖ ਗੁਰੂ ਨੂੰ ਰੰਗਮੰਚ ਤੇ ਦਿਖਾਉਣ ਦੀ ਮਨਾਹੀ ਹੈ। ਤੀਸਰਾ ਇਸ ਵਿਚ ਉਹ ਇਤਿਹਾਸਕ ਪਾਤਰ ਹੀ ਲਏ ਜਾਂਦੇ ਹਨ ਜਿਹੜੇ

ਦੇਖਣ ਨੂੰ ਉਸ ਸਮੇਂ ਦੇ ਲੱਗਦੇ ਹੋਣ ਜਿਹੜੇ ਸਮੇਂ ਵਿਚ ਘਟਨਾ ਵਾਪਰੀ ਹੋਵੇ ਤੇ ਬੋਲੀ ਵਰਤਮਾਨ ਲੋਕਾਂ ਦੀ ਸਮਝ ਆ ਸਕਣ ਵਾਲੀ ਹੋਣੀ ਚਾਹੀਦੀ ਹੈ। ਇਤਿਹਾਸਕ ਨਾਟਕ ਵਿਚ ਨਾਟ-ਵਸਤੂ ਦੀ ਉਸਾਰੀ ਲਈ ਇਤਿਹਾਸਕ ਪਾਤਰ ਹੀ ਲਏ ਜਾਂਦੇ ਹਨ ਲੇਕਿਨ ਲੋੜ ਪੈਣ ਤੇ ਮਨੋਕਲਪਿਤ ਪਾਤਰਾਂ ਨੂੰ ਵੀ ਲੈਣਾ ਪੈਂਦਾ ਹੈ ਪਰ ਇਨ੍ਹਾਂ ਨੂੰ ਬਹੁਤ ਘੱਟ ਲਿਆ ਜਾਂਦਾ ਹੈ। ਜਿਹੜਾ ਕੋਈ ਲਿਆ ਵੀ ਜਾਂਦਾ ਹੈ, ਉਹ ਉਸ ਨਾਟਕ ਦੇ ਸਮੇਂ ਅਤੇ ਸਥਾਨ ਦੀ ਪੂਰੀ ਤਰਜਮਾਨੀ ਕਰਦਾ ਹੈ।

ਅਸਲ ਵਿਚ ਧਰਮ ਅਤੇ ਨਾਟਕ ਮਨੁੱਖੀ ਸੱਭਿਅਤਾ ਦੇ ਵਿਕਾਸ ਅਤੇ ਪਾਸਾਰ ਦੀਆਂ ਅਜਿਹੀਆਂ ਦੋ ਸੰਸਕ੍ਰਿਤਕ ਸਿਰਜਨਾਵਾਂ ਹਨ, ਜਿਨ੍ਹਾਂ ਦਾ ਸੰਬੰਧ ਹਰ ਮਨੁੱਖੀ ਸਮੂਹ ਦੇ ਇਤਿਹਾਸ ਨਾਲ ਡੂੰਘੀ ਤਰ੍ਹਾਂ ਜੁੜਿਆ ਹੈ। ਨਾਟਕਕਾਰ ਹਰਚਰਨ ਸਿੰਘ ਅਨੁਸਾਰ, ਸ਼ੁਰੂ ਵਿਚ ਨਾਟਕ ਧਰਮ ਦਾ ਅੰਗ ਹੀ ਸੀ। ਮੁੱਢਲੇ ਕਾਲ ਦੇ ਯੂਨਾਨੀ ਨਾਟਕ ਧਰਮ ਨਾਲ ਪੂਰੀ ਤਰ੍ਹਾਂ ਸੰਬੰਧਿਤ ਸਨ। ਸਦੀਆਂ ਤੋਂ ਬਾਅਦ ਹੀ ਉਨ੍ਹਾਂ ਨੂੰ ਮੰਦਿਰਾਂ ਤੋਂ ਬਾਹਰ ਨਿਕਲ ਕੇ ਲੌਕਿਕ ਰੂਪ ਧਾਰਨ ਕਰਨਾ ਪਿਆ।[29] ਸੰਸਾਰ ਦੀਆਂ ਦੋ ਪ੍ਰਮੁੱਖ ਨਾਟ-ਪਰੰਪਰਾਵਾਂ ਯੂਨਾਨੀ ਤੇ ਭਾਰਤੀ ਜਾਂ ਸੰਸਕ੍ਰਿਤ ਹਨ। ਇਨ੍ਹਾਂ ਦੋਹਾਂ ਦਾ ਹੀ ਨਿਕਾਸ ਤੇ ਵਿਕਾਸ ਧਰਮ ਨਾਲ ਜੁੜਿਆ ਹੋਇਆ ਹੈ। ਇਹੋ ਜਿਹੇ ਧਾਰਮਿਕ ਨਾਟਕ ਪਹਿਲਾਂ ਮੰਦਿਰਾਂ ਵਿਚ ਹੀ ਖੇਡੇ ਜਾਂਦੇ ਸਨ ਪਰ ਬਾਅਦ ਵਿਚ ਰੰਗਮੰਚ ਤੇ ਵੀ ਖੇਡੇ ਜਾਣ ਲੱਗ ਪਏ। ਨਾਟਕ ਸਾਹਿਤ ਦਾ ਇਕ ਅਜਿਹਾ ਰੂਪ ਹੈ ਜੋ ਜ਼ਿੰਦਗੀ ਦੇ ਯਥਾਰਥ ਨਾਲ ਜੁੜਿਆ ਹੋਇਆ ਹੈ ਤੇ ਧਰਮ ਤੇ ਇਤਿਹਾਸ ਦਾ ਮੁੱਢ ਤੋਂ ਹੀ ਸੰਬੰਧ ਰਿਹਾ ਹੈ। ਪੰਜਾਬੀ ਇਤਿਹਾਸਕ ਨਾਟਕਾਂ ਦੇ ਨਾਟ-ਸ਼ਾਸਤਰ ਵਿਚ ਅਸੀਂ ਧਾਰਮਿਕ ਵਿਅਕਤੀਆਂ ਦੀਆਂ ਜੀਵਨ ਘਟਨਾਵਾਂ ਨੂੰ ਬਿਆਨ ਕਰਦੇ ਹਾਂ।

ਇਸੇ ਪ੍ਰਕਾਰ ਪਾਤਰਾਂ ਦੀ ਦ੍ਰਿਸ਼ਟੀ ਤੋਂ ਇਹ ਵੀ ਜ਼ਰੂਰੀ ਹੈ ਕਿ ਸਿੱਖ ਇਤਿਹਾਸਕ ਨਾਟਕਾਂ ਵਿਚ ਨਾਟਕਕਾਰ ਕੇਵਲ ਉਨ੍ਹਾਂ ਘਟਨਾਵਾਂ ਅਤੇ ਪਾਤਰਾਂ ਦੀ ਚੋਣ ਕਰਦਾ ਹੈ ਜਿਨ੍ਹਾਂ ਨੂੰ ਰੰਗਮੰਚ ਤੇ ਪੇਸ਼ ਕੀਤਾ ਜਾ ਸਕੇ, ਕਿਉਂਕਿ ਸਿੱਖ ਧਰਮ ਵਿਚ ਗੁਰੂ ਨੂੰ ਮੰਚ ਤੇ ਪੇਸ਼ ਕਰਨ ਦੀ ਮਨਾਹੀ ਹੈ ਇਸ ਲਈ ਉਹ ਗੁਰੂ-ਪਾਤਰ ਨੂੰ ਮੰਚ ਤੇ ਪੇਸ਼ ਕਰਨ ਲਈ ਵਾਰਤਾਲਾਪ ਜਾਂ ਰੋਸ਼ਨੀ ਆਦਿ ਦੀ ਸਹਾਇਤਾ ਨਾਲ ਪਾਤਰਾਂ ਦੀ ਸਿਰਜਣਾ ਕਰਦਾ ਹੈ। ਸਿੱਖ ਇਤਿਹਾਸਕ ਨਾਟਕਾਂ ਵਿਚ ਇਸ ਗੱਲ ਦਾ ਵੀ ਖਾਸ ਖਿਆਲ ਰੱਖਿਆ ਜਾਂਦਾ ਹੈ ਕਿ ਜਿਨ੍ਹਾਂ ਧਾਰਮਿਕ ਸਰੋਤਿਆਂ ਦੇ ਸਾਹਮਣੇ ਧਾਰਮਿਕ ਨਾਟਕ ਪੇਸ਼ ਕੀਤਾ ਜਾ ਰਿਹਾ ਹੈ, ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ। ਸਿੱਖ ਇਤਿਹਾਸਕ ਨਾਟਕਾਂ ਵਿਚ ਜਿਸ ਵੀ ਮਹਾਨ ਪੁਰਸ਼ ਦੇ ਬਾਰੇ ਨਾਟਕ ਦੀ ਰਚਨਾ ਕੀਤੀ ਜਾ ਰਹੀ ਹੋਵੇ, ਉਸ ਬਾਰੇ ਨਾਟਕਕਾਰ ਨੂੰ ਬੜੇ ਸੁਚੱਜੇ ਢੰਗ ਨਾਲ ਘਟਨਾਵਾਂ ਦੀ ਚੋਣ ਕਰਨੀ ਪੈਂਦੀ ਹੈ ਤੇ ਇਸ ਵਿਚ ਵਿਅਕਤੀਗਤ ਸਮੱਸਿਆਵਾਂ ਨਾਲੋਂ ਸਮੂਹ ਮਾਨਵ ਭਲਾਈ ਨੂੰ ਪ੍ਰਾਥਮਿਕਤਾ ਹਾਸਲ ਹੁੰਦੀ ਹੈ, ਜਿਸ ਕਰਕੇ ਘਟਨਾਵਾਂ ਨੂੰ ਅਜਿਹੇ ਵਿਅਕਤੀ ਦੀ ਚੋਣ ਕਰਨੀ ਪੈਂਦੀ ਹੈ ਜਿਸ ਨਾਲ ਸਮੁੱਚੀ ਮਨੁੱਖਤਾ ਜਾਂ ਕੌਮ ਦੀ ਕਿਸਮਤ ਬੱਝੀ ਹੋਵੇ। ਸਿੱਖ ਇਤਿਹਾਸਕ ਨਾਟਕਾਂ ਦੀ ਵਾਰਤਾਲਾਪ ਵੀ ਦੂਸਰੇ ਨਾਟਕਾਂ ਨਾਲੋਂ ਭਿੰਨ ਹੁੰਦੀ ਹੈ। ਇਸ ਲਈ ਇਨ੍ਹਾਂ ਦੀ ਵਾਰਤਾਲਾਪ ਵੀ ਉਸ ਸਮੇਂ ਦੀ ਹੀ ਹੋਣੀ ਚਾਹੀਦੀ ਹੈ ਜਿਸ ਸਮੇਂ ਨਾਟਕ ਦੀ ਰਚਨਾ ਹੋਈ ਹੁੰਦੀ ਹੈ। ਇਸ ਤੋਂ ਸਿਵਾ ਵਾਤਾਵਰਨ ਵੀ ਇਨ੍ਹਾਂ ਨਾਟਕਾਂ ਵਿਚ ਧਾਰਮਿਕ ਹੀ ਸਿਰਜਿਆ ਜਾਂਦਾ ਹੈ ਤੇ ਇਹ ਕਾਲ-ਦੋਸ਼ ਰਹਿਤ ਹੁੰਦਾ ਹੈ ਤੇ ਇਸ ਵਿਚ ਭਾਗ ਲੈਣ ਵਾਲੇ ਪਾਤਰ ਵੀ ਧਾਰਮਿਕ ਬਿਰਤੀ ਵਾਲੇ ਹੀ ਲਏ ਜਾਂਦੇ ਹਨ। ਇਨ੍ਹਾਂ ਨਾਟਕਾਂ ਨੂੰ ਮੂਲ ਰੂਪ ਵਿਚ ਸਿੱਖਿਆ ਦੇਣ ਲਈ ਖੇਡਿਆ ਜਾਂਦਾ ਹੈ, ਜਿਸ ਵਿਚ ਕਿਸੇ

ਮਹਾਂਪੁਰਸ਼ ਦੇ ਜੀਵਨ ਆਦਰਸ਼ ਨੂੰ ਨਵੇਂ ਢੰਗ ਨਾਲ ਜਾਂ ਪਰੰਪਰਾਵਾਦੀ ਰੂਪ ਵਿਚ ਪੇਸ਼ ਕਰਨਾ ਹੁੰਦਾ ਹੈ, ਜਿਸ ਨਾਲ ਧਾਰਮਿਕ ਸਿੱਖਿਆ ਪ੍ਰਕਾਸ਼ਮਾਨ ਹੁੰਦੀ ਹੈ।

ਉਪਰੋਕਤ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਸਿੱਖ ਇਤਿਹਾਸਕ ਨਾਟਕਾਂ ਦੀ ਸਿਰਜਣਾ ਕਰਨਾ ਕੋਈ ਆਸਾਨ ਕਾਰਜ ਨਹੀਂ ਕਿਉਂਕਿ ਇਨ੍ਹਾਂ ਨੂੰ ਜੇ ਕੇਵਲ ਸਿੱਖ ਧਰਮ ਦੀਆਂ ਸੀਮਾਵਾਂ ਦੇ ਵਲਗਣ ਵਿਚ ਸੀਮਿਤ ਕੀਤਾ ਜਾਵੇ ਤਾਂ ਇਹ ਨਾਟਕ ਨਹੀਂ ਰਹਿਣਗੇ ਜੇ ਇਨ੍ਹਾਂ ਨੂੰ ਸਿੱਖ ਧਰਮ ਦੀਆਂ ਸੀਮਾਵਾਂ ਦੀ ਵਲਗਣ ਤੋਂ ਬਾਹਰ ਕੱਢ ਦਿੱਤਾ ਜਾਵੇ ਤਾਂ ਇਹ ਧਾਰਮਿਕ ਨਾਟਕ ਨਹੀਂ ਰਹਿਣਗੇ। ਇਸ ਲਈ ਇਨ੍ਹਾਂ ਨਾਟਕਾਂ ਦਾ ਨਾਟ-ਸੰਗਠਨ ਸੀਮਾਵਾਂ ਵਿਚੋਂ ਸੰਭਾਵਨਾਵਾਂ ਦੀ ਤਲਾਸ਼ ਨਾਲ ਜੁੜਿਆ ਹੋਇਆ ਹੈ। ਅਸਲ ਵਿਚ ਧਾਰਮਿਕ ਨਾਟਕ ਲਿਖਣਾ ਤਾਂ ਬਹੁਤ ਆਸਾਨ ਜਾਪਦਾ ਹੈ ਪਰ ਇਸ ਨੂੰ ਤੋੜ ਚੜ੍ਹਾਉਣਾ ਮੁਸ਼ਕਲ ਹੁੰਦਾ ਹੈ ਵਿਸ਼ੇਸ਼ਕਰ ਮੰਚ-ਪ੍ਰਦਰਸ਼ਨ ਸਮੇਂ ਬੜਾ ਸੁਚੇਤ ਤੇ ਸਾਵਧਾਨ ਰਹਿਣ ਦੀ ਲੋੜ ਹੁੰਦੀ ਹੈ। ਸਥਾਨਕ ਪ੍ਰਸਥਿਤੀਆਂ ਅਤੇ ਸਥਾਨਕ ਪਰੰਪਰਾਵਾਂ ਨੂੰ ਕਦੇ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਨੂੰ ਖੇਡਣ ਵੇਲੇ ਜੇ ਸਾਵਧਾਨੀ ਤੋਂ ਕੰਮ ਲਿਆ ਜਾਵੇ ਤਾਂ ਇਹ ਨਾਟਕ ਬਹੁਤ ਸਿੱਖਿਆਦਾਇਕ ਸਮੱਗਰੀ ਪ੍ਰਦਾਨ ਕਰ ਸਕਦੇ ਹਨ ਤੇ ਜੇ ਥੋੜ੍ਹੀ ਜਿਹੀ ਵੀ ਅਣਗਹਿਲੀ ਤੋਂ ਕੰਮ ਲਿਆ ਜਾਵੇ ਤਾਂ ਇਸ ਦਾ ਗੰਭੀਰ ਪ੍ਰਤੀਕਰਮ ਵੀ ਹੋ ਸਕਦਾ ਹੈ। ਇਸ ਲਈ ਸਿੱਖ ਇਤਿਹਾਸਕ ਨਾਟਕਾਂ ਦੀ ਸਿਰਜਣਾ ਵੇਲੇ ਬੜੀ ਸੰਜੀਦਗੀ ਵਰਤਣ ਦੀ ਲੋੜ ਹੁੰਦੀ ਹੈ। ਇਸੇ ਲਈ ਸਿੱਖ ਇਤਿਹਾਸਕ ਨਾਟਕ ਦਾ ਨਾਟ-ਸੰਗਠਨ ਬੜੇ ਧਿਆਨ ਦੀ ਮੰਗ ਕਰਦਾ ਹੈ।

# ਟਿੱਪਣੀਆਂ ਅਤੇ ਹਵਾਲੇ


1. ਭਰਤਮੁਨੀ, *ਨਾਟਯ-ਸ਼ਾਸਤਰ ਅਧਿਆਇ*, ਸ਼ਲੋਕ 121, ਪੰਨਾ 16
2. ਆਤਮਜੀਤ ਸਿੰਘ ਅਮਰ, *ਗੁਰੂ ਨਾਨਕ ਨਾਟ ਅਧਿਐਨ*, ਪੰਨਾ 5
3. ਹਰਚਰਨ ਸਿੰਘ, *ਮਿਟੀ ਧੁੰਧਿ ਜਗੁ ਚਾਨਣ ਹੋਆ*, ਪੰਨਾ 12
4. ਤ੍ਰਿਲੋਚਨ ਸਿੰਘ, 'ਨਾਟਕ ਕਲਾ ਦਾ ਆਰੰਭ', ਪੰਨਾ 67
5. ਭਰਤਮੁਨੀ, *ਨਾਟਯ-ਸ਼ਾਸਤਰ*, ਅਧਿਆਇ, ਸ਼ਲੋਕ 11-12, ਪੰਨਾ 3
6. ਪ੍ਰੇਮ ਪ੍ਰਕਾਸ਼ (ਮੁੱਖ ਸੰਪਾ.), *ਸੰਸਕ੍ਰਿਤ ਪੰਜਾਬੀ ਕੋਸ਼*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002
7. ਭਰਤਮੁਨੀ, *ਨਾਟਯ-ਸ਼ਾਸਤਰ*, ਅਧਿਆਇ, ਸ਼ਲੋਕ 18, ਪੰਨਾ 4
8. ਭਰਤਮੁਨੀ, *ਨਾਟਯ-ਸ਼ਾਸਤਰ*, ਅਧਿਆਇ, ਸ਼ਲੋਕ 18, ਪੰਨਾ 4-5
9. Una Ellis Fermer, *The Frontiers of Drama*, p. 19-20
10. Keir Elam, The Semiotics of Theatre and Drama, 1981, p. 100
11. Robert V. Donial, *Studying History How and Why*, p .40
12. G.J. Renier, *History (Its Purpose and method)*, p.5
13. Robere V. Donial, *Studying History How and Why*. p.10
14. R.C. Cooling Wood, *Idea of History*, p.20
15. ਤ੍ਰਿਲੋਕ ਸਿੰਘ ਕੰਵਰ, *ਸਾਹਿਤ ਅਧਿਐਨ ਦੇ ਬਦਲਦੇ ਪਰਿਪੇਖ*, ਪੰਨਾ 139
16. G.J Renier, *History (Its purpose and method*, p.53
17. Robert V.Donial, *Studying History How and why*, p.71
18. G.J.Renier, *History (Its purpose and method )*, p.226

19. Robert V. Donial, *Studying History How and why*, p.10

20. G.J. Renier, History (Its purpose and method), p.80

21. ਟੀ.ਆਰ. ਵਿਨੋਦ, *ਪੰਜ ਨਾਵਲ ਇਕ ਮੁਲੰਕਣ*, ਪੰਨਾ 16

22. G.J.Renier, *History (Its purpose and Method)*, p.84

23. Cooling Wood, *Idea of History*, p.5

24. *Ibid.*, p.245

25. ਸੁਰਿੰਦਰ ਸਿੰਘ ਦੁਸਾਂਝ, *ਪੰਜਾਬੀ ਇਤਿਹਾਸਕ ਨਾਵਲ*, ਪੰਨਾ 6

26. ਹਰਚਰਨ ਸਿੰਘ, *ਚਮਕੌਰ ਦੀ ਗੜ੍ਹੀ*, ਪੰਨਾ 59

27. ਸਾਹਿਬ ਸਿੰਘ, *ਟੀਕਾਕਾਰ, ਆਸਾ ਦੀ ਵਾਰ*, ਪੰਨਾ 22

28. ਹਰਚਰਨ ਸਿੰਘ, *ਹਿੰਦ ਦੀ ਚਾਦਰ (ਦਰਸ਼ਕਾਂ ਨਾਲ ਦੋ ਗੱਲਾਂ)*, ਪੰਨਾ 11

29. ਹਰਚਰਨ ਸਿੰਘ, *ਮਿਟੀ ਧੁੰਧਿ ਜਗੁ ਚਾਨਣ ਹੋਆ*, ਪੰਨਾ 12

ਅਧਿਆਇ ਦੂਜਾ

# ਸਿੱਖ ਇਤਿਹਾਸ ਨਾਲ ਸੰਬੰਧਿਤ ਪੰਜਾਬੀ ਨਾਟਕਾਂ ਦਾ ਆਲੋਚਨਾਤਮਕ ਅਧਿਐਨ

# ਸਿੱਖ ਇਤਿਹਾਸ ਨਾਲ ਸੰਬੰਧਿਤ ਪੰਜਾਬੀ ਨਾਟਕਾਂ ਦਾ ਆਲੋਚਨਤਮਕ ਅਧਿਐਨ

ਨਾਟਕ ਸਾਹਿਤ ਦਾ ਇਕ ਅਜਿਹਾ ਜੀਵੰਤ ਰੂਪ ਹੈ ਜੋ ਜ਼ਿੰਦਗੀ ਦੇ ਯਥਾਰਥ ਦੇ ਸਭ ਤੋਂ ਨੇੜੇ ਹੈ। ਇਸ ਨੂੰ ਸਮੂਹਿਕ ਕਲਾ ਦੀ ਕਿਹਾ ਗਿਆ ਹੈ। ਇਸ ਨੂੰ ਰੰਗਮੰਚ ਦੇ ਅਨੁਕੂਲ ਹੋਣਾ ਜ਼ਰੂਰੀ ਮੰਨਿਆ ਗਿਆ ਹੈ ਕਿਉਂਕਿ ਨਾਟਕ ਦੀ ਅਸਲ ਪਰਖ ਤਾਂ ਰੰਗਮੰਚ ਤੇ ਹੀ ਹੁੰਦੀ ਹੈ। ਜਿਹੜਾ ਨਾਟਕ ਰੰਗਮੰਚ ਤੇ ਨਹੀਂ ਖੇਡਿਆ ਜਾ ਸਕਦਾ ਉਸ ਨਾਟਕ ਨੂੰ ਸੰਪੂਰਣ ਨਾਟਕ ਨਹੀਂ ਕਿਹਾ ਜਾ ਸਕਦਾ। ਇਹ ਸੁਹਜ ਸੁਆਦ ਦੇਣ ਦੇ ਨਾਲ ਨਾਲ ਸਮਾਜ ਦੀ ਰਹਿਨੁਮਾਈ ਵੀ ਕਰਦਾ ਹੈ। ਇਸ ਤਰ੍ਹਾਂ ਨਾਟਕ ਮਨੁੱਖੀ ਜੀਵਨ ਦੀ ਕਲਾਤਮਕ ਪੇਸ਼ਕਾਰੀ ਹੈ ਜਿਸ ਵਿਚ ਅਭਿਨੈ ਦੇ ਨਾਲ ਨਾਲ ਸੰਗੀਤ ਤੇ ਨ੍ਰਿਤ ਵੀ ਸ਼ਾਮਲ ਹੈ। ਇਸ ਲਈ ਇਸ ਨੂੰ ਤ੍ਰਿਵੈਣੀ ਵੀ ਕਿਹਾ ਗਿਆ ਹੈ ਜੋ ਵੇਖਣ, ਸੁਣਨ ਅਤੇ ਮਾਣਨ ਦੀ ਕਲਾ ਹੈ। ਇਸ ਨੂੰ ਜੀਵੰਤ ਪ੍ਰਦਰਸ਼ਨੀ ਕਲਾ ਇਸ ਲਈ ਕਿਹਾ ਜਾਂਦਾ ਹੈ ਕਿ ਇਸ ਨੂੰ ਦੇਖਣ, ਸੁਣਨ ਤੇ ਪੜ੍ਹਨ ਤੋਂ ਸਿਵਾ ਇਸ ਦਾ ਜ਼ਿੰਦਗੀ ਨਾਲ ਬੜਾ ਨੇੜਲਾ ਸੰਬੰਧ ਵੀ ਹੈ। ਜ਼ਿੰਦਗੀ ਵਿਚ ਮਨੁੱਖ ਨੂੰ ਸਮਾਜਿਕ, ਆਰਥਿਕ, ਰਾਜਨੀਤਿਕ, ਇਤਿਹਾਸਕ ਤੇ ਹੋਰ ਕਈ ਪਹਿਲੂਆਂ ਨੇ ਪ੍ਰਭਾਵਿਤ ਕੀਤਾ ਹੈ। ਇਸੇ ਪ੍ਰਕਾਰ ਧਰਮ ਦਾ ਮਨੁੱਖੀ ਜ਼ਿੰਦਗੀ ਵਿਚ ਅਹਿਮ ਰੋਲ ਹੈ। ਇਸ ਲਈ ਨਾਟਕਕਾਰਾਂ ਨੇ ਧਾਰਮਿਕ ਆਗੂਆਂ ਦੀਆਂ ਜੀਵਨ ਘਟਨਾਵਾਂ, ਧਾਰਮਿਕ ਸਿਧਾਂਤਾਂ ਤੇ ਜੀਵਨ ਅਨੁਭਵਾਂ ਨੂੰ ਆਧਾਰ ਬਣਾ ਕੇ ਵੀ ਨਾਟਕਾਂ ਦੀ ਰਚਨਾ ਕੀਤੀ ਹੈ, ਜਿਨ੍ਹਾਂ ਦਾ

ਧਾਰਮਿਕ ਨਾਟਕਾਂ ਵਿਚ ਹੀ ਧਰਮ ਦਾ ਅਨਿਖੜਵਾਂ ਸੰਬੰਧ ਰਿਹਾ ਹੈ ਕਿਉਂਕਿ ਨਾਟਕ ਉਤਨਾ ਹੀ ਪੁਰਾਣਾ ਹੈ ਜਿਤਨਾ ਮਨੁੱਖ ਦਾ ਇਤਿਹਾਸ। ਨਾਟਕ ਕਲਾ ਦੇ ਇਤਿਹਾਸ ਵੱਲ ਝਾਤੀ ਮਾਰਨ ਤੇ ਪਤਾ ਲੱਗਦਾ ਹੈ ਕਿ ਸੰਸਾਰ ਦੇ ਲਗਪਗ ਸਾਰੇ ਦੇਸ਼ਾਂ ਵਿਚ ਨਾਟਕ ਦਾ ਸੰਬੰਧ ਰਿਹਾ ਹੈ। ਸੰਸਾਰ ਦੀਆਂ ਦੋ ਪ੍ਰਮੁੱਖ ਨਾਟ-ਪਰੰਪਰਾਵਾਂ ਹਨਃ ਭਾਵ ਯੂਨਾਨੀ ਤੇ ਭਾਰਤੀ ਭਾਵ ਸੰਸਕ੍ਰਿਤ। ਭਾਰਤੀ ਨਾਟ-ਪਰੰਪਰਾ ਦਾ ਮੁੱਢ ਹੜੱਪਾ ਮੋਹੰਜੋਦੜੋ ਦੀ ਸਭਿਅਤਾ ਤੋਂ ਮੰਨਿਆ ਜਾਂਦਾ ਹੈ ਜੋ ਖ਼ੁਦਾਈ ਤੋਂ ਮਿਲੇ ਮਖੌਟਿਆਂ ਤੋਂ ਸਪਸ਼ਟ ਹੁੰਦਾ ਹੈ। ਇਹ ਸੰਸਾਰ ਦੀ ਸਭ ਤੋਂ ਪੁਰਾਣੀ ਸਭਿਅਤਾ ਦੇ ਨਾਮ ਨਾਲ ਜਾਣੀ ਜਾਂਦੀ ਹੈ। ਭਾਰਤੀ ਤੇ ਯੂਨਾਨੀ ਨਾਟ-ਪਰੰਪਰਾ ਦਾ ਨਿਕਾਸ ਤੇ ਵਿਕਾਸ ਧਰਮ ਨਾਲ ਜੁੜਿਆ ਹੋਇਆ ਹੈ। ਭਾਰਤ ਵਿਚ ਨਾਟਕ ਕਲਾ ਦੇ ਮੁੱਢ ਬਾਰੇ ਮੁੱਖ ਵਿਚ ਦੋ ਮੱਤ ਪ੍ਰਚਲਿਤ ਹਨ। ਇਕ ਇਹ ਕਿ ਨਾਟਕ ਦਾ ਆਰੰਭ ਧਰਮ ਤੋਂ ਹੋਇਆ ਹੈ ਤੇ ਦੂਜੇ ਮੱਤ ਅਨੁਸਾਰ ਇਸ ਕਲਾ ਦਾ ਜਨਮ ਲੋਕ ਰੁਚੀਆਂ ਤੋਂ ਹੋਇਆ ਮੰਨਿਆ ਜਾਂਦਾ ਹੈ। ਨਾਟਕ ਦੀ ਉਤਪਤੀ ਦੇ ਸੰਬੰਧ ਵਿਚ ਰਿਗਵੇਦ ਦੇ ਸਮੇਂ ਤੋਂ ਹੀ ਜਾਣਕਾਰੀ ਮਿਲਣੀ ਸ਼ੁਰੂ ਹੋ ਜਾਂਦੀ ਹੈ। ਉਸ ਸਮੇਂ ਦੇ ਵਿਚਾਰ ਅਨੁਸਾਰ ਵੀ ਨਾਟਕ ਕਲਾ ਦਾ ਜਨਮ ਧਾਰਮਿਕ ਸੋਮੇ ਤੋਂ ਹੋਇਆ ਹੈ। ਹਰ ਕਲਾ ਨੂੰ ਬ੍ਰਹਮਾ ਦੀ ਪੈਦਾ ਕੀਤੀ ਹੋਈ ਤੇ ਦੇਵ ਲੋਕ ਵਿਚੋਂ ਆਈ ਦੱਸਣਾ ਸੰਸਕ੍ਰਿਤ ਦੇ ਵਿਦਵਾਨਾਂ ਦੀ ਆਮ ਰੁਚੀ ਰਹੀ ਹੈ। ਸੰਸਕ੍ਰਿਤ ਨਾਟਕਾਂ ਨੂੰ ਦੇਖਣ ਤੋਂ ਵੀ ਪਤਾ ਲੱਗਦਾ ਹੈ ਕਿ ਇਨ੍ਹਾਂ ਨਾਟਕਾਂ ਦੇ ਮੂਲ ਤੇ ਉਤਪਤੀ ਦਾ ਸੰਬੰਧ ਵੀ ਧਰਮ ਨਾਲ ਰਿਹਾ ਹੈ। ਦੁਨੀਆਂ ਦੀਆਂ ਬਾਕੀ ਭਾਸ਼ਾਵਾਂ ਦੇ ਨਾਟਕਾਂ ਵਾਂਗ ਸੰਸਕ੍ਰਿਤ ਨਾਟਕ ਦੀ ਅਧਾਰਸ਼ਿਲਾ ਵੀ ਧਾਰਮਿਕ ਅਵਸਥਾਵਾਂ ਹੀ ਹਨ। ਇਸ ਤਰ੍ਹਾਂ ਨਾਟਕ ਦੀਆਂ ਦੋਵੇਂ ਪਰੰਪਰਾਵਾਂ ਭਾਵ

ਯੂਨਾਨੀ ਤੇ ਸੰਸਕ੍ਰਿਤ ਪਰੰਪਰਾਵਾਂ ਕਿਸੇ ਨਾ ਕਿਸੇ ਰੂਪ ਵਿਚ ਧਰਮ ਨਾਲ ਸੰਬੰਧਿਤ ਰਹੀਆਂ ਹਨ। ਯੂਨਾਨੀ ਨਾਟ-ਪਰੰਪਰਾ ਤੇ ਪੱਛਮੀ ਦੇਸ਼ਾਂ ਦੀਆਂ ਸਮੂਹ ਨਾਟ-ਪਰੰਪਰਾਵਾਂ ਵਿਚ ਵੀ ਧਰਮ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਯੂਨਾਨੀ ਨਾਟਕ ਦੁਖਾਂਤਕ ਹੈ ਜਦ ਕਿ ਸੰਸਕ੍ਰਿਤ ਜਾਂ ਭਾਰਤੀ ਨਾਟਕ ਸੁਖਾਂਤਕ ਹੈ, ਕਿਉਂਕਿ ਇਸ ਦੇ ਪਿਛੋਕੜ ਵਿਚ ਹਿੰਦੂ ਮਤ ਦਾ ਕਰਮ ਸਿਧਾਂਤ ਕੰਮ ਕਰਦਾ ਹੈ। ਦੁਖਾਂਤ ਜਾਂ ਸੁਖਾਂਤ ਦਾ ਸੰਬੰਧ ਕਿਸੇ ਵਿਅਕਤੀ ਦੀ ਲੰਮੇਰੀ ਜਾਂ ਥੋੜ੍ਹ-ਚਿਰੀ ਜ਼ਿੰਦਗੀ ਨਾਲ ਹੈ ਪਰ ਇਤਿਹਾਸਕ ਨਾਟਕ ਲੋਕਾਂ ਦੇ ਸਮੂਹ ਅਤੇ ਮੁੱਢਲੇ ਤੌਰ ਤੇ ਕੌਮਾਂ ਨਾਲ ਸੰਬੰਧਿਤ ਹੁੰਦਾ ਹੈ। ਇਸ ਤਰ੍ਹਾਂ ਧਾਰਮਿਕ ਨਾਟਕਾਂ ਦਾ ਮਹੱਤਵ ਹਰ ਕਾਲ ਵਿਚ ਰਿਹਾ ਹੈ ਕਿਉਂਕਿ ਇਹ ਆਪਣੇ ਆਪ ਵਿਚ ਇਕ ਵੱਖਰੀ ਤੇ ਵਿਸ਼ੇਸ਼ ਕਲਾਤਮਕ ਰਚਨਾ ਹੈ ਜਿਸ ਦਾ ਆਪਣਾ ਵੱਖਰਾ ਸੁਭਾਅ, ਸਰੂਪ, ਅਸਤਿਤਵ, ਪ੍ਰਭਾਵ ਖੇਤਰ ਅਤੇ ਸੀਮਾਵਾਂ ਜਾਂ ਸਮੱਸਿਆਵਾਂ ਹਨ। ਧਾਰਮਿਕ ਨਾਟਕਾਂ ਦੀ ਕੋਈ ਉਚਿਤ ਪਰਿਭਾਸ਼ਾ ਦੇਣੀ ਕਠਿਨ ਹੈ ਪਰ ਇਕ ਵਿਚਾਰ ਅਨੁਸਾਰ:

> ਉਹ ਸਾਰੇ ਨਾਟਕ ਧਾਰਮਿਕ ਹਨ ਜਿਨ੍ਹਾਂ ਵਿਚ ਕਿਸੇ ਧਰਮ ਦੇ ਪ੍ਰਚਾਰ ਨੂੰ ਵਿਸ਼ਾ ਵਸਤੂ ਬਣਾਇਆ ਗਿਆ ਹੈ।[1]

ਇਸ ਤਰ੍ਹਾਂ ਧਾਰਮਿਕ ਨਾਟਕ ਇਕ ਅਜਿਹਾ ਨਾਟ-ਰੂਪ ਹੈ ਜਿਸ ਵਿਚ ਕਿਸੇ ਧਰਮ ਦੀਆਂ ਧਾਰਮਿਕ ਸ਼ਖ਼ਸੀਅਤਾਂ ਦੀਆਂ ਜੀਵਨ ਘਟਨਾਵਾਂ ਪੇਸ਼ ਕੀਤੀਆਂ ਹੋਣ, ਧਾਰਮਿਕ ਸਿਧਾਂਤਾਂ ਦਾ ਪ੍ਰਚਾਰ ਕੀਤਾ ਗਿਆ ਹੋਵੇ ਜਾਂ ਫਿਰ ਧਾਰਮਿਕ ਅਨੁਭਵ ਦੀ ਗੱਲ ਕੀਤੀ ਗਈ ਹੋਵੇ।ਧਾਰਮਿਕ ਨਾਟਕਾਂ ਵਿਚ ਰੂਹਾਨੀ ਕਦਰਾਂ ਕੀਮਤਾਂ ਦੀ ਭਾਲ ਵੀ ਕੀਤੀ ਗਈ ਹੁੰਦੀ ਹੈ। ਧਾਰਮਿਕ ਨਾਟਕਾਂ ਦੇ ਸੰਬੰਧ ਵਿਚ ਇਹ ਵਿਚਾਰ ਹੈ:

ਧਾਰਮਿਕ ਨਾਟਕ ਅਤੇ ਗੈਰ ਧਾਰਮਿਕ ਨਾਟਕ ਵਿਚਲਾ ਅੰਤਰ ਮਕੈਨੀਕਲ ਅੰਤਰ ਨਹੀਂ ਹੈ। ਅਜਿਹੇ ਧਾਰਮਿਕ ਨਾਟਕ ਵੀ ਹਨ ਜਿਨ੍ਹਾਂ ਵਿਚ ਦੇਵੀ-ਦੇਵਤੇ ਬਿਲਕੁਲ ਨਹੀਂ ਆਉਂਦੇ ਅਤੇ ਐਸੇ ਗੈਰ ਧਾਰਮਿਕ ਨਾਟਕ ਵੀ ਹਨ ਜਿਨ੍ਹਾਂ ਵਿਚ ਦੇਵੀ-ਦੇਵਤੇ ਪ੍ਰਵੇਸ਼ ਕਰਦੇ ਹਨ।[2]

ਸੰਸਾਰ ਦੇ ਬਹੁਤ ਸਾਰੇ ਧਰਮ ਅਜਿਹੇ ਹਨ ਜੋ ਇਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਧਾਰਮਿਕ ਨੇਤਾ ਜਾਂ ਗੁਰੂ ਨੂੰ ਮਨੁੱਖੀ ਰੂਪ ਵਿਚ ਮੰਚ ਤੇ ਪੇਸ਼ ਕੀਤਾ ਜਾਵੇ। ਇਨ੍ਹਾਂ ਵਿਚੋਂ ਸਾਡਾ ਸਿੱਖ ਧਰਮ ਵੀ ਹੈ। ਇਸ ਲਈ ਪੰਜਾਬੀ ਧਾਰਮਿਕ ਨਾਟਕ ਵਿਚ ਗੁਰੂ ਨੂੰ ਮਨੁੱਖੀ ਰੂਪ ਵਿਚ ਮੰਚ ਤੇ ਦਿਖਾਉਣਾ ਵਰਜਿਤ ਹੈ।

ਸਿੱਖ ਧਰਮ ਵਿਚ ਆਪਣੇ ਗੁਰੂਆਂ ਪ੍ਰਤੀ ਬਹੁਤ ਉੱਚੀ ਤੇ ਸੁੱਚੀ ਸ਼ਰਧਾ ਭਾਵਨਾ ਪਾਈ ਜਾਂਦੀ ਹੈ ਜਿਸ ਕਾਰਨ ਸਿੱਖ ਧਰਮ ਨੂੰ ਮੰਨਣ ਵਾਲੇ ਇਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਗੁਰੂ ਨੂੰ ਮਨੁੱਖੀ ਰੂਪ ਵਿਚ ਮੰਚ ਤੇ ਦਿਖਾਇਆ ਜਾਵੇ। ਪੰਜਾਬੀ ਇਤਿਹਾਸਕ ਨਾਟਕ ਮੂਲ ਰੂਪ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕ ਹਨ, ਇਨ੍ਹਾਂ ਨੂੰ ਭਾਵੇਂ ਦ੍ਰਿਸ਼ਟੀ ਤੋਂ ਸ਼੍ਰੇਣੀਬੱਧ ਕਰਨਾ ਬਹੁਤ ਔਖਾ ਹੈ। ਊਨਾ ਐਲਿਸ ਫਰਮਰ ਨੇ ਧਾਰਮਿਕ ਨਾਟਕਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਇਸ ਤਰ੍ਹਾਂ ਵੰਡਿਆ ਹੈ:

1. ਪਹਿਲੀ ਕਿਸਮ ਦੇ ਉਹ ਨਾਟਕ ਹਨ ਜਿਨ੍ਹਾਂ ਵਿਚ ਧਾਰਮਿਕ ਰੀਤੀ-ਰਿਵਾਜਾਂ ਅਤੇ ਧਾਰਮਿਕ ਮਰਿਆਦਾ ਨੂੰ ਪਿਛੋਕੜ ਵਿਚ ਰੱਖਿਆ ਜਾਂਦਾ ਹੈ।
2. ਦੂਜੀ ਕਿਸਮ ਦੇ ਉਹ ਨਾਟਕ ਹਨ ਜਿਨ੍ਹਾਂ ਵਿਚ ਧਾਰਮਿਕ ਵਿਅਕਤੀਆਂ ਦੀਆਂ ਜੀਵਨ ਘਟਨਾਵਾਂ ਨੂੰ ਬਿਆਨ ਕੀਤਾ ਹੋਵੇ।

3. ਤੀਸਰੀ ਕਿਸਮ ਦੇ ਉਹ ਨਾਟਕ ਹਨ ਜਿਨ੍ਹਾਂ ਵਿਚ ਕਿਸੇ ਧਰਮ ਵਿਸ਼ੇਸ਼ ਦੇ ਸਿਧਾਂਤਾਂ ਜਾਂ ਨੈਤਿਕ ਨਿਯਮਾਂ ਦਾ ਪ੍ਰਚਾਰ ਕੀਤਾ ਗਿਆ ਹੋਵੇ।[3]

ਇਸ ਤਰ੍ਹਾਂ ਪੰਜਾਬੀ ਨਾਟਕ ਸਾਹਿਤ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਦਾ ਸੰਬੰਧ ਇਹ ਹੈ ਕਿ ਪੰਜਾਬੀ ਵਿਚ ਜਿੰਨੇ ਵੀ ਸਿੱਖ ਇਤਿਹਾਸ ਬਾਰੇ ਨਾਟਕ ਲਿਖੇ ਗਏ ਹਨ ਉਨ੍ਹਾਂ ਵਿਚ ਕੁਝ ਕੁ ਛੱਡ ਕੇ ਬਾਕੀ ਸਾਰੇ ਹੀ ਸਿੱਖ ਗੁਰੂ ਸਾਹਿਬਾਨ ਦੀਆਂ ਜਨਮ/ਸ਼ਹੀਦੀ ਸ਼ਤਾਬਦੀਆਂ ਸਮੇਂ ਸੰਬੰਧਿਤ ਗੁਰੂ ਸਾਹਿਬਾਨ ਨੂੰ ਸ਼ਰਧਾ ਤੇ ਸ਼ਰਧਾਂਜਲੀ ਭੇਂਟ ਕਰਨ ਲਈ ਲਿਖੇ ਤੇ ਖੇਡੇ ਗਏ ਹਨ। ਭਾਈ ਵੀਰ ਸਿੰਘ ਨੇ (1910) ਵਿਚ ਧਾਰਮਿਕ ਪ੍ਰਵਿਰਤੀ ਹੇਠ ਨਾਟਕ 'ਰਾਜਾ ਲੱਖਦਾਤਾ ਸਿੰਘ' ਲਿਖਿਆ। ਇਸ ਤੋਂ ਬਾਅਦ ਗੁਰੂ ਸਾਹਿਬਾਂ ਦੇ ਜਨਮ/ਸ਼ਹੀਦੀ ਸ਼ਤਾਬਦੀਆਂ ਦੇ ਅੰਤਰਗਤ ਸਿੱਖ ਧਰਮ ਵਿਚ ਇਕ ਨਵੀਂ ਜਾਗਰਤੀ ਆਈ ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਤੀਜੀ ਜਨਮ ਸ਼ਤਾਬਦੀ 1966 ਈ: ਮੌਕੇ ਸ਼ਰਧਾਂਜਲੀ ਅਰਪਿਤ ਕਰਨ ਲਈ ਤਕਰੀਬਨ ਹਰੇਕ ਵੱਡੇ ਨਾਟਕਕਾਰ ਨੇ ਨਾਟਕ ਲਿਖੇ। ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਦੀ ਪੰਜਵੀਂ ਜਨਮ ਸ਼ਤਾਬਦੀ 1969 ਈਸਵੀ ਵਿਚ, ਬਾਬਾ ਸ਼ੇਖ ਫ਼ਰੀਦ ਦੀ ਅਠਵੀਂ ਜਨਮ ਸ਼ਤਾਬਦੀ ਮੌਕੇ 1973 ਈ: ਵਿਚ, ਸ੍ਰੀ ਗੁਰੂ ਤੇਗ ਬਹਾਦਰ ਦੀ ਤੀਸਰੀ ਸ਼ਹੀਦੀ ਸ਼ਤਾਬਦੀ 1975 ਈ: ਵਿਚ ਗੁਰੂ ਅਮਰਦਾਸ ਦੀ ਚੌਥੀ ਜਨਮ ਸ਼ਤਾਬਦੀ 1978 ਈ: ਵਿਚ ਤੇ ਗੁਰੂ ਅਰਜਨ ਦੇਵ ਦੀ ਚੌਥੀ ਸ਼ਹੀਦੀ ਸ਼ਤਾਬਦੀ 2006 ਈ: ਵਿਚ ਮਨਾਈ ਗਈ।

ਇਸੇ ਪ੍ਰਕਾਰ 1999 ਵਿਚ ਖਾਲਸੇ ਦੀ ਜਨਮ ਸ਼ਤਾਬਦੀ, 2001 ਮਹਾਰਾਜਾ ਰਣਜੀਤ ਸਿਘ ਦੀ ਰਾਜ ਸਿੰਘਾਸਨ ਸ਼ਤਾਬਦੀ, 2004 ਵਿਚ ਗੁਰੂ ਗ੍ਰੰਥ ਸਾਹਿਬ ਸੰਪਾਦਨ ਸ਼ਤਾਬਦੀ, 2008 ਗੁਰੂ ਗ੍ਰੰਥ ਸਾਹਿਬ ਗੁਰਤਾਗੱਦੀ ਸ਼ਤਾਬਦੀ। ਇਨ੍ਹਾਂ ਮੌਕਿਆਂ ਤੇ ਹਰ ਇਕ ਨਾਟਕਕਾਰ ਨੇ ਆਪਣੀ ਨਾਟਕ ਰਚਨਾ ਰਾਹੀਂ ਗੁਰੂ ਸਾਹਿਬਾਨ ਨੂੰ ਸ਼ਰਧਾਂਜਲੀ ਅਰਪਿਤ ਕੀਤੀ।

ਇਸ ਤਰ੍ਹਾਂ ਪੰਜਾਬੀ ਨਾਟਕ ਸਾਹਿਤ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਦਾ ਸੰਬੰਧ ਇਹ ਹੈ ਕਿ ਪੰਜਾਬੀ ਵਿਚ ਜਿੰਨੇ ਵੀ ਸਿੱਖ ਇਤਿਹਾਸ ਬਾਰੇ ਨਾਟਕ ਲਿਖੇ ਗਏ ਹਨ ਉਨ੍ਹਾਂ ਵਿਚੋਂ ਕੁਝ ਕੁ ਨੂੰ ਛੱਡ ਕੇ ਬਾਕੀ ਸਾਰੇ ਹੀ ਸਿੱਖ ਗੁਰੂ ਸਾਹਿਬਾਨ ਦੀਆਂ ਜਨਮ/ਸ਼ਹੀਦੀ ਸ਼ਤਾਬਦੀਆਂ ਸਮੇਂ ਸੰਬੰਧਿਤ ਗੁਰੂ ਸਾਹਿਬਾਨ ਨੂੰ ਸ਼ਰਧਾ ਤੇ ਸ਼ਰਧਾਂਜਲੀ ਭੇਂਟ ਕਰਨ ਲਈ ਲਿਖੇ ਤੇ ਖੇਡੇ ਗਏ ਹਨ। ਇਸ ਸਮੇਂ ਦੌਰਾਨ ਬਹੁਤੇ ਧਾਰਮਿਕ ਇਤਿਹਾਸਕ ਨਾਟਕ ਸਰਕਾਰੀ ਸਰਪ੍ਰਸਤੀ ਜਾਂ ਹਰੇਕ ਵਿਭਿੰਨ ਸੰਸਥਾਵਾਂ ਦੀ ਸਰਪ੍ਰਸਤੀ ਅਧੀਨ ਲਿਖੇ ਤੇ ਖੇਡੇ ਗਏ ਜਿਨ੍ਹਾਂ ਦੀ ਉਪਰੋਕਤ ਸਥਿਤੀਆਂ ਦੇ ਸੰਦਰਭ ਵਿਚ ਪਹਿਚਾਣ ਕੀਤੀ ਜਾ ਸਕਦੀ ਹੈ। ਇਸ ਪੱਖੋਂ ਸਾਰੀਆਂ ਸ਼ਤਾਬਦੀ ਬਾਰੇ ਲਿਖੇ ਗਏ ਪੰਜਾਬੀ ਇਤਿਹਾਸਕ ਨਾਟਕਾਂ ਦਾ ਆਲੋਚਨਾਤਮਕ ਅਧਿਐਨ ਜ਼ਰੂਰੀ ਹੈ ਜਿਹੜੇ ਸਿੱਖ ਇਤਿਹਾਸ ਦੇ ਅਲੱਗ ਮਹੱਤਵਪੂਰਨ ਵਰਕਿਆਂ ਨੂੰ ਫਰੋਲਦੇ ਹਨ।

### ੳ) ਗੁਰੂ ਸਾਹਿਬਾਨ ਨਾਲ ਸੰਬੰਧਿਤ ਨਾਟਕ

ਇਸ ਪਰਥਾਇ ਵਿਭਿੰਨ ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਨਾਟਕ ਲਿਖੇ ਗਏ ਹਨ ਜਿਨ੍ਹਾਂ ਨੂੰ ਨਿਮਨ ਅਨੁਸਾਰ ਵਿਚਾਰਿਆ ਜਾ ਸਕਦਾ ਹੈ:

### *1. ਸ੍ਰੀ ਗੁਰੂ ਨਾਨਕ ਦੇਵ ਨਾਲ ਸੰਬੰਧਿਤ ਨਾਟਕ*

**ਗੁਰ ਬਿਨ ਘੋਰ ਅੰਧਾਰ (1969)**

**ਸ੍ਰੀ ਗੁਰੂ ਨਾਨਕ ਦੇਵ ਨਾਲ ਸੰਬੰਧਿਤ ਨਾਟਕ**

'ਗੁਰ ਬਿਨ ਘੋਰ ਅੰਧਾਰ' ਪੰਜਾਬੀ ਨਾਟਕ ਦੀ ਦੂਜੀ ਪੀੜ੍ਹੀ ਦੇ ਪ੍ਰਮੁੱਖ ਨਾਟਕਕਾਰ ਸੁਰਜੀਤ ਸਿੰਘ ਸੇਠੀ ਦਾ ਲਿਖਿਆ ਹੋਇਆ ਹੈ। ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਦੀ ਪੰਜਵੀਂ ਜਨਮ ਸ਼ਤਾਬਦੀ ਸਮੇਂ ਲਿਖਿਆ। ਉਨ੍ਹਾਂ ਨੇ

ਇਸ ਨਾਟਕ ਨੂੰ ਸੋਧ ਕੇ ਦੂਜੀ ਵਾਰ 1970 ਵਿਚ ਦੁਬਾਰਾ ਪ੍ਰਕਾਸ਼ਿਤ ਕਰਵਾਇਆ। ਨਾਟਕ ਦੀ ਖਾਸੀਅਤ ਇਹ ਹੈ ਕਿ ਇਹ ਕਿਸੇ ਦ੍ਰਿਸ਼ਾਂ, ਅੰਕਾਂ ਆਦਿ ਵਿਚ ਨਹੀਂ ਵੰਡਿਆ ਹੋਇਆ ਸਗੋਂ ਸ਼ੁਰੂ ਤੋਂ ਅਖ਼ੀਰ ਤਕ ਬਿਨਾਂ ਰੁਕਾਵਟ ਦੇ ਚਲਦਾ ਹੈ। ਨਾਟ-ਵਸਤੂ ਦੀ ਦ੍ਰਿਸ਼ਟੀ ਤੋਂ ਇਹ ਨਾਟਕ ਸ੍ਰੀ ਗੁਰੂ ਨਾਨਕ ਦੇਵ ਦੇ ਸਮੇਂ ਦੇ ਸਮਾਜ ਦੀ ਸਮੁੱਚੀ ਤਸਵੀਰ ਪੇਸ਼ ਕਰਦਾ ਹੈ ਜਿਸ ਵਿਚ ਉਸ ਸਮੇਂ ਦੀ ਲੁੱਟ-ਘਸੁੱਟ, ਝੂਠ, ਪਖੰਡ, ਵੱਢੀ, ਕਾਇਰਤਾ, ਤਾਨਾਸ਼ਾਹੀ ਜ਼ੁਲਮ ਆਦਿ ਦੇ ਬੋਲਬਾਲੇ ਨੂੰ ਦਿਖਾਇਆ ਗਿਆ ਹੈ। ਇਸ ਨਾਟਕ ਵਿਚਲੀ ਸੱਜਣ ਦੀ ਦੁਨੀਆਂ ਅਸਲ ਵਿਚ ਉਸ ਸਮੇਂ ਦੀ ਸਮੁੱਚੀ ਦੁਨੀਆਂ ਹੀ ਹੈ। ਇਸ ਨਾਟਕ ਵਿਚਲੀਆਂ ਘਟਨਾਵਾਂ ਜਿੱਥੇ ਉਸ ਸਮੇਂ ਦੀ ਰਾਜਨੀਤਿਕ ਨਾ ਬਰਾਬਰੀ ਨੂੰ ਪੇਸ਼ ਕਰਦੀਆਂ ਹਨ ਉੱਥੇ ਸਮਾਜਿਕ ਤੇ ਆਰਥਿਕ ਅਸਾਵੇਂਪਣ ਨੂੰ ਵੀ ਉਜਾਗਰ ਕਰਦੀਆਂ ਹਨ।

ਇਸੇ ਪ੍ਰਕਾਰ ਕਥਾਨਕ ਪੱਖੋਂ ਇਸ ਨਾਟਕ ਦਾ ਆਰੰਭ ਸੱਜਣ ਠੱਗ ਦੇ ਸਾਥੀਆਂ ਦੌਲਤ ਰਾਮ ਤੇ ਅਸ਼ਰਫ਼ ਖ਼ਾਨ ਦੀ ਆਪਸੀ ਗੱਲਬਾਤ ਰਾਹੀਂ ਹੁੰਦਾ ਹੈ ਜਿਸ ਵਿਚ ਉਹ ਰਾਤ ਹੋ ਜਾਣ ਦੀ ਗੱਲ ਕਰਦੇ ਹਨ। ਨਾਟਕ ਅਨੁਸਾਰ ਮਸ਼ਾਲਾਂ ਇਸ ਲਈ ਜਗ ਰਹੀਆਂ ਹਨ ਕਿਉਂ ਜੋ ਹਨੇਰੇ ਵਿਚ ਭੁੱਲਾ ਭਟਕਾ ਕੋਈ ਆਣ ਨਾ ਫਸੇ। ਨਾਟਕ ਵਿਚ ਮੌਲਵੀਆਂ ਦੇ ਮਸੀਤਾਂ ਤੇ ਮੰਦਰਾਂ ਦੇ ਪੁਜਾਰੀਆਂ ਦੇ ਜਤ ਸਤ ਭੰਗ ਹੋਣ ਦੀ ਗੱਲ ਵੀ ਕਹੀ ਗਈ ਹੈ ਤੇ ਨਾਲ ਹੀ ਨਾਟਕ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਵੱਡੇ ਆਦਮੀ ਆਪ ਤਾਂ ਭਾਵੇਂ ਹੋਰਾਂ ਦੀਆਂ ਇੱਜ਼ਤਾਂ ਨਾਲ ਜੋ ਮਰਜ਼ੀ ਖਿਲਵਾੜ ਕਰੀ ਜਾਣ ਪਰ ਜਦ ਆਪਣੀ ਧੀ ਭੈਣ ਕਿਸੇ ਨਾਲ ਪਿਆਰ ਕਰਨ ਲੱਗ ਜਾਵੇ ਤਾਂ ਉਸ ਨੂੰ ਜਾਂ ਉਸ ਦੇ ਪ੍ਰੇਮੀ ਨੂੰ ਮਰਵਾ ਦਿੱਤਾ ਜਾਂਦਾ ਹੈ। ਅਜਿਹਾ

ਹੀ ਸੱਜਣ ਦੀ ਆਪਣੀ ਧੀ ਅਮੀਨਾ ਤੇ ਨਾਸਰ ਦੇ ਪਿਆਰ ਬਾਰੇ ਦੱਸਿਆ ਗਿਆ ਹੈ ਜਿਸ ਵਿਚ ਨਾਸਰ ਨੂੰ ਸੱਜਣ ਦੁਆਰਾ ਮਰਵਾ ਦਿੱਤਾ ਗਿਆ ਸੀ।

ਨਾਟਕ ਵਿਚ ਸ਼ੇਖ ਸੱਜਣ ਦਾ ਦੋਸਤ ਫ਼ਰੀਦ ਖ਼ਾਨ ਸੁਲਤਾਨਪੁਰ ਤੋਂ ਆਇਆ ਹੋਇਆ ਹੈ ਜਿਸ ਉਤੇ ਸ੍ਰੀ ਗੁਰੂ ਨਾਨਕ ਦੀ ਸੰਗਤ ਦਾ ਅਸਰ ਹੈ ਤੇ ਉਹ ਸੱਜਣ ਨੂੰ ਬੁਰੇ ਕੰਮ ਕਰਨ ਤੋਂ ਰੋਕਦਾ ਹੈ ਪਰ ਸ਼ੇਖ ਸੱਜਣ ਉਸ ਨੂੰ ਬੁਰੇ ਕੰਮਾਂ ਵਿਚ ਪੈਣ ਦਾ ਕਾਰਨ ਦੱਸਦਾ ਹੋਇਆ ਕਹਿੰਦਾ ਹੈ ਕਿ ਉਸ ਦੇ ਪਿਤਾ ਨੂੰ ਪਿੰਡ ਦੇ ਕੁੱਝ ਜ਼ਾਲਮਾਂ ਨੇ ਕਤਲ ਕਰ ਦਿੱਤਾ ਸੀ ਤੇ ਉਨ੍ਹਾਂ ਤੋਂ ਬਦਲਾ ਲੈਣ ਲਈ ਇਹ ਰਸਤਾ ਇਖ਼ਤਿਆਰ ਕਰਕੇ ਇਕ ਇਕ ਨੂੰ ਖ਼ਤਮ ਕੀਤਾ ਤੇ ਹੁਣ ਉਹ ਮਜ਼ਬੂਰੀ ਕਾਰਨ ਇਨ੍ਹਾਂ ਕੰਮਾਂ ਨੂੰ ਛੱਡ ਨਹੀਂ ਸਕਦਾ।

ਇਸ ਨਾਟਕ ਵਿਚ ਮੌਲਵੀ ਤੇ ਪੁਜਾਰੀ ਆਪਣੀ ਨਲਾਇਕੀ ਦੀਆਂ ਗੱਲਾਂ ਆਪ ਕਰ ਰਹੇ ਹਨ ਕਿ ਸ਼ੇਖ ਸੱਜਣ ਲਈ ਸਾਮੀਆਂ ਤਾਂ ਅਸੀਂ ਫਸਾਉਂਦੇ ਹਾਂ ਪਰ ਸਾਨੂੰ ਬਹੁਤ ਘੱਟ ਨਗਦੀ ਮਿਲਦੀ ਹੈ। ਇਉਂ ਨਾਟਕ ਸਪਸ਼ਟ ਕਰਦਾ ਹੈ ਕਿ ਉਸ ਵੇਲੇ ਦੇ ਮੌਲਵੀ ਤੇ ਪੁਜਾਰੀ ਵੀ ਗਿਰ ਚੁੱਕੇ ਸਨ ਜੋ ਵੱਢੀ ਲੈ ਕੇ ਨਿਹੱਕ ਕਰਦੇ ਸਨ। ਇਸ ਨਾਟਕ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਉਸ ਵੇਲੇ ਦੇ ਅਖੌਤੀ ਇੱਜ਼ਤਦਾਰ ਕਿਵੇਂ ਲੱਜ਼ਤਾਂ ਵਿਚ ਲਿਬੜੇ ਹੋਏ ਸਨ।

ਨਾਟਕ ਵਿਚ ਸ੍ਰੀ ਗੁਰੂ ਨਾਨਕ ਦੇਵ ਦੇ ਆਉਣ ਤੇ ਸ਼ੇਖ ਸੱਜਣ ਤੇ ਉਸ ਦੇ ਸਾਥੀ ਖੁਸ਼ ਵੀ ਸਨ ਤੇ ਪ੍ਰੇਸ਼ਾਨ ਵੀ। ਖੁਸ਼ ਇਸ ਕਰਕੇ ਕਿ ਗੁਰੂ ਜੀ ਨੂੰ ਉਹ ਧਨਾਢ ਸਮਝ ਰਹੇ ਹਨ ਤੇ ਪ੍ਰੇਸ਼ਾਨੀ ਇਸ ਕਰਕੇ ਹੈ ਕਿ ਗੁਰੂ ਜੀ ਉਨ੍ਹਾਂ ਦੀਆਂ ਚਾਲਾਂ ਵਿਚ ਨਹੀਂ ਆਉਂਦੇ। ਨਾਟਕਕਾਰ ਨੇ ਉਸ ਵੇਲੇ ਦੀ

ਲੁੱਟ ਘਸੁੱਟ ਦਾ ਵਰਣਨ ਕੀਤਾ ਹੈ ਕਿ ਕਿਸ ਤਰ੍ਹਾਂ ਲੋਕ ਸੱਜਣ ਵਾਂਗ ਕਿਸੇ ਨੂੰ ਧੋਖੇ ਨਾਲ ਮਰਵਾਉਂਦੇ, ਰਾਹ ਜਾਂਦਿਆਂ ਨੂੰ ਲੁੱਟਦੇ ਤੇ ਇੱਜ਼ਤ ਨਾਲ ਖਿਲਵਾੜ ਕਰਕੇ ਬਾਅਦ ਵਿਚ ਉਨ੍ਹਾਂ ਨੂੰ ਵੀ ਮਾਰ ਦਿੰਦੇ ਸਨ। ਇਹ ਸਭ ਕੁੱਝ ਸੱਜਣ ਠੱਗ ਦੇ ਜ਼ਰੀਏ ਵਿਖਾਇਆ ਹੈ। ਲੋਧੀ ਰਾਜ ਦੀ ਨਲਾਇਕੀ ਦਾ ਵਰਣਨ ਵੀ ਇਸ ਨਾਟਕ ਵਿਚ ਦਿਖਾਇਆ ਗਿਆ ਹੈ।

ਨਾਟਕ ਉਸ ਵੇਲੇ ਸਿਖ਼ਰ ਤੇ ਪਹੁੰਚਦਾ ਹੈ ਜਦ ਸ਼ੇਖ ਸੱਜਣ ਨਸ਼ੇ ਵਿਚ ਗੁੱਟ ਹੋਇਆ ਮੰਚ ਤੇ ਲੇਟ ਜਾਂਦਾ ਹੈ ਤੇ ਉਸ ਦੇ ਪਾਪ ਉਸ ਨੂੰ ਆਣ ਘੇਰਦੇ ਹਨ। ਸਭ ਤੋਂ ਪਹਿਲਾਂ ਗੋਕਲ ਰਾਮ ਆਉਂਦਾ ਹੈ ਤੇ ਉਸਦੇ ਚਪੇੜਾਂ ਮਾਰਦਾ ਹੋਇਆ ਕਹਿੰਦਾ ਹੈ, ਮੈਂ ਤੇਰੀ ਜਾਨ ਕੱਢ ਦਿਆਂਗਾ। ਇਸ ਤੋਂ ਬਾਅਦ ਸੌਦਾਗਰ, ਤੀਵੀਂ, ਸੁਲਤਾਨ, ਬੱਚਾ, ਕੁੜੀ, ਸ਼ਹਿਬਾਜ਼ ਤੇ ਨਾਸਿਰ ਆਉਂਦੇ ਹਨ ਤੇ ਸਾਰੇ ਹੀ ਉਸ ਨੂੰ ਕੋਈ ਜੁੱਤੀ, ਕੋਈ ਲੱਤ ਤੇ ਕੋਈ ਮੁੱਕੇ ਮਾਰਦੇ ਹੋਏ ਉਸ ਦੇ ਕੱਪੜੇ ਉਤਾਰ ਦਿੰਦੇ ਹਨ। ਜਦ ਸੱਜਣ ਨੂੰ ਹੋਸ਼ ਆਉਂਦੀ ਹੈ ਤਾਂ ਆਪਣੇ ਮਿੱਤਰ ਫ਼ਰੀਦ ਨੂੰ ਕਹਿੰਦਾ ਹੈ :

ਸੱਜਣ : ਬਹੁਤ ਖ਼ਤਰਨਾਕ ਖ਼ਾਬ ! ਮੈਂ ਵੇਖਿਆ, ਉਹ ਸਭ ਲੋਕ ਜ਼ਿੰਦਾ ਹੋ ਗਏ ਨੇ ਜਿਨ੍ਹਾਂ ਨੂੰ ਕਤਲ ਕਰਕੇ ਮੈਂ ਖੂਹ ਵਿਚ ਸੁਟਵਾਇਆ ਹੋਇਆ ਹੈ। ਉਹ ਸਾਰੇ ਮੈਨੂੰ ਮਾਰਨ ਲੱਗ ਪਏ। ਕੋਈ ਮੁੱਕੀਆਂ ਮਾਰੇ, ਕੋਈ ਚਪੇੜਾਂ ਮਾਰੇ, ਕੋਈ ਚੂੰਢੀਆਂ ਵੱਢੇ ਤੇ ਕੋਈ ਧੱਕੇ ਦਏ। ਫਿਰ ਉਨ੍ਹਾਂ ਮੈਨੂੰ ਨੰਗਾ ਕਰ ਦਿੱਤਾ। ਨੰਗਾ ਕਰਕੇ ਉਨ੍ਹਾਂ ਮੈਨੂੰ ਜੁੱਤੀਆਂ ਮਾਰੀਆਂ, ਮੇਰੇ ਤੇ ਥੁੱਕਾਂ ਸੁੱਟੀਆਂ। ਬੜੀ ਬੁਰੀ ਹਾਲਤ ਕੀਤੀ ਮੇਰੀ।[4]

ਸੱਜਣ ਦਾ ਮਿੱਤਰ ਫ਼ਰੀਦ ਖ਼ਾਨ, ਜਿਸ ਨੇ ਗੁਰੂ ਨਾਨਕ ਦੇ ਪਹਿਲਾਂ ਦੀਦਾਰ ਕੀਤੇ ਹੋਏ ਹਨ, ਉਹ ਇਕ ਵਾਰ ਫਿਰ ਉਨ੍ਹਾਂ ਦਾ ਦੀਦਾਰ ਕਰਕੇ ਨਿਹਾਲ ਹੋ ਜਾਂਦਾ ਹੈ ਤੇ ਸੱਜਣ ਨੂੰ ਕਹਿੰਦਾ ਹੈ:

ਫ਼ਰੀਦ: ਹਾਂ, ਇਹ ਤਾਂ ਉਹੋ ਨਾਨਕ ਹੈ ਜਿਸ ਦਾ ਜ਼ਿਕਰ ਮੈਂ ਕੁਝ ਦੇਰ ਪਹਿਲਾਂ ਤੇਰੇ ਨਾਲ ਕੀਤਾ ਸੀ। ਇਹੋ ਉਹ ਰਹਿਬਰ ਹੈ ਜੋ ਦੁਨੀਆਂ ਨੂੰ ਸੱਚ ਦਾ ਰਸਤਾ ਦੱਸਦਾ ਹੈ ਤੇ ਜਿਸ ਨੂੰ ਸੁਲਤਾਨਪੁਰ ਦਾ ਬੱਚਾ ਬੱਚਾ ਜਾਣਦਾ ਹੈ।[5]

ਨਾਟਕ ਦੇ ਅੰਤ ਵਿਚ ਸੱਜਣ ਦੇ ਸਾਰੇ ਸਾਥੀ ਇਕ ਇਕ ਕਰਕੇ ਉਸ ਨੂੰ ਛੱਡ ਜਾਂਦੇ ਹਨ ਤੇ ਉਹ ਇਕੱਲਾ ਰਹਿ ਜਾਂਦਾ ਹੈ। ਉਹ ਆਪਣੇ ਕੀਤੇ ਤੇ ਪਛਤਾਉਂਦਾ ਹੈ ਤੇ ਅਖ਼ੀਰ ਤੇ ਕਹਿੰਦਾ ਹੈ ਮੈਨੂੰ ਚਾਨਣ ਸਿਰਫ਼ ਨਾਨਕ ਪੀਰ ਪਾਸੋਂ ਮਿਲ ਸਕਦਾ ਹੈ। ਚਾਨਣ ਅੱਗੇ ਅੱਗੇ ਚੱਲਦਾ ਹੈ ਤੇ ਸੱਜਣ ਉਸ ਦਾ ਪਿੱਛਾ ਕਰਦਾ ਹੈ। ਪਿਛੋਕੜ ਵਿਚੋਂ ਆਵਾਜ਼ ਆਉਂਦੀ ਹੈ :

ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ।
ਨਾਨਕ ਨਾਮਿ ਸਮਾਲਿ ਤੂੰ ਬੱਧਾ ਛੁਟਹਿ ਜਿਤੁ।[6]

ਇਉਂ ਇਹ ਨਾਟਕ ਗੁਰੂ ਨਾਨਕ ਸਾਹਿਬ ਦੇ ਜੀਵਨ ਤੇ ਵਿਚਾਰਧਾਰਾ ਦੇ ਸਰੋਕਾਰਾਂ ਨੂੰ ਸ਼ੇਖ ਸੱਜਣ ਦੀ ਪਾਤਰ ਉਸਾਰੀ ਰਾਹੀਂ ਢੁਕਵੀਂ ਵਾਰਤਾਲਾਪ ਦੁਆਰਾ ਬਿਆਨ ਕਰਦਾ ਹੈ ਅਤੇ ਰੰਗਮੰਚੀ ਦ੍ਰਿਸ਼ਟੀ ਤੋ ਵੀ ਆਪਣੀ ਪ੍ਰਮਾਣਿਕਤਾ ਸਿੱਧ ਕਰਦਾ ਹੈ।

**ਗਗਨੁ ਮੈ ਥਾਲੁ (1969)**

ਗੁਰੂ ਨਾਨਕ ਦੇਵ ਦੇ ਜੀਵਨ ਅਤੇ ਇਤਿਹਾਸਕ ਘਟਨਾਵਾਂ ਤੇ ਕੁੱਝ ਜਨਮਸਾਖੀ ਵਿਚਲੇ ਵੇਰਵਿਆਂ ਤੇ ਆਧਾਰਿਤ ਬਲਵੰਤ ਗਾਰਗੀ ਦਾ ਇਹ

ਨਾਟਕ 'ਗਗਨ ਮੈ ਥਾਲੁ' ਹੈ। ਪ੍ਰਸਿੱਧ ਇਤਿਹਾਸਕਾਰ ਡਾ. ਫੌਜਾ ਸਿੰਘ ਅਨੁਸਾਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਜਨਮਸਾਖੀ ਵਿਚ ਵੀ ਕੁੱਝ ਇਤਿਹਾਸਕ ਅੰਸ਼ ਹਨ।[7] ਇਹ ਨਾਟਕਕਾਰ ਨਾਟ-ਵਸਤੂ ਦੀ ਉਸਾਰੀ ਹਿਤ ਗੁਰੂ ਨਾਨਕ ਦੇਵ ਦੇ ਸਮੇਂ ਦੀਆਂ ਰਾਜਨੀਤਿਕ ਘਟਨਾਵਾਂ ਨੂੰ ਦੋ ਵਿਭਿੰਨ ਸ੍ਰੋਤਾਂ ਤੋਂ ਗ੍ਰਹਿਣ ਕਰਦਾ ਹੈ। ਗੁਰੂ ਨਾਨਕ ਦੇਵ ਦੇ ਜੀਵਨ ਅਤੇ ਜੀਵਨ ਦਰਸ਼ਨ ਨੂੰ ਪੇਸ਼ ਕਰਨ ਵਾਲੀਆਂ ਘਟਨਾਵਾਂ ਦੀ ਚੋਣ ਜਨਮਸਾਖੀਆਂ ਵਿਚੋਂ ਕੀਤੀ ਗਈ ਹੈ ਪਰ ਗੁਰੂ ਜੀ ਦੀ ਸਮਕਾਲੀ ਭਾਰਤੀ ਇਤਿਹਾਸਕ ਰਾਜਨੀਤਿਕ ਸਥਿਤੀ ਅਤੇ ਸਮਾਜਕ ਵਿਵਸਥਾ ਨਾਲ ਸੰਬੰਧਿਤ ਘਟਨਾਵਾਂ ਨੂੰ ਇਤਿਹਾਸਕ ਸ੍ਰੋਤਾਂ ਤੋਂ ਗ੍ਰਹਿਣ ਕੀਤਾ ਗਿਆ ਹੈ। ਜ.ਸ. ਗਰੇਵਾਲ ਨੇ ਗੁਰੂ ਨਾਨਕ ਦੀ ਬਾਣੀ ਬਾਰੇ ਕਿਹਾ ਹੈ ਕਿ ਉਨ੍ਹਾਂ ਪੰਜਾਬੀ ਸਾਹਿਤ ਦੀ ਇਕ ਅਜਿਹੀ ਬੁਨਿਆਦ ਰੱਖੀ ਜਿਸ ਉਤੇ ਭਵਿੱਖ ਵਿਚ ਪੰਜਾਬੀ ਕੌਮੀਅਤ ਦੀ ਇਮਾਰਤ ਖੜੀ ਕੀਤੀ ਜਾ ਸਕਦੀ ਹੈ।[8]

'ਗਗਨੁ ਮੈ ਥਾਲੁ' ਨਾਟਕ ਦੇ ਕਥਾਨਕ ਨੂੰ ਦੋ ਅੰਕਾਂ ਵਿਚ ਵੰਡਿਆ ਗਿਆ ਹੈ। ਪਹਿਲੇ ਵਿਚ ਅੱਠ ਅਤੇ ਦੂਸਰੇ ਵਿਚ ਛੇ ਦ੍ਰਿਸ਼ ਹਨ। ਨਾਟਕ ਦੇ ਪਹਿਲੇ ਦ੍ਰਿਸ਼ ਵਿਚ ਸਵੇਰ ਸਾਰ ਪੰਡਿਤ ਤੇ ਮੌਲਵੀ ਖੂਹੀ ਉੱਪਰ ਨਹਾਉਣ ਲਈ ਆਉਂਦੇ ਹਨ। ਇਹ ਇਕ ਦੂਜੇ ਨਾਲ ਗੱਲਾਂ ਤਾਂ ਬਹੁਤ ਮਿੱਠੀਆਂ ਕਰਦੇ ਹਨ ਪਰ ਅੰਦਰੋਂ ਇਕ ਦੂਜੇ ਨੂੰ ਨਫ਼ਰਤ ਕਰਦੇ ਹਨ। ਇਹ ਕੇਵਲ ਆਪਸ ਵਿਚ ਹੀ ਨਫ਼ਰਤ ਨਹੀਂ ਕਰਦੇ ਬਲਕਿ ਸਾਧਾਰਨ ਜਨਤਾ, ਭਾਵੇਂ ਉਹ ਕਿਸੇ ਵੀ ਧਰਮ ਦੀ ਹੋਵੇ, ਨੂੰ ਵੀ ਹੀਣ ਭਾਵਨਾ ਨਾਲ ਦੇਖਦੇ ਹਨ। ਇਸ ਤਰ੍ਹਾਂ ਨਾਟਕ ਦਾ ਤੀਸਰਾ ਦ੍ਰਿਸ਼ ਗੁਰੂ ਜੀ ਦੁਆਰਾ ਭੁੱਖੇ ਸਾਧੂਆਂ ਨੂੰ ਲੰਗਰ ਛਕਾਉਣ ਬਾਰੇ ਹੈ ਤੇ ਜਿਸ ਦੇ ਪ੍ਰਤੀਕਰਮ ਵਜੋਂ ਪਿਤਾ ਕਾਲੂ ਰਾਮ ਉਸ ਨੂੰ ਭੈਣ ਨਾਨਕੀ ਦੇ ਨਾਲ ਸੁਲਤਾਨਪੁਰ ਲੋਧੀ ਵਿਖੇ ਨੌਕਰੀ

ਕਰਨ ਲਈ ਭੇਜ ਦਿੰਦਾ ਹੈ। ਨਾਟਕ ਦਾ ਚੌਥਾ ਦ੍ਰਿਸ਼ ਰਾਜਨੀਤੀ ਵਿਚ ਕਾਰਜਸ਼ੀਲ ਸਾਜਿਸ਼ਾਂ ਅਤੇ ਨਿੱਤ ਬਦਲਦੀਆਂ ਵਫ਼ਾਦਾਰੀਆਂ ਨੂੰ ਪੇਸ਼ ਕਰਨ ਵਿਚ ਹੈ। ਇਸ ਵਿਚ ਬਾਬੇ ਨਾਨਕ ਪ੍ਰਤੀ ਸ਼ਰਧਾ ਪ੍ਰਗਟਾਈ ਗਈ ਹੈ ਜੋ ਸਾਖੀ ਅਨੁਸਾਰ ਬਾਬੇ ਦੁਆਰਾ ਤੇਰਾਂ ਤੇਰਾਂ ਤੋਲਣ ਤੋਂ ਬਾਅਦ ਹਿਸਾਬ ਕਰਨ ਤੇ ਰਾਸ਼ਨ ਜ਼ਿਆਦਾ ਨਿਕਲਦਾ ਹੈ। ਪੰਜਵੇਂ ਦ੍ਰਿਸ਼ ਵਿਚ ਸੱਜਣ ਠੱਗ ਵਾਲੀ ਸਾਖੀ ਨੂੰ ਪੇਸ਼ ਕੀਤਾ ਗਿਆ ਹੈ। ਛੇਵੇਂ ਦ੍ਰਿਸ਼ ਵਿਚ ਸਾਧਾਰਨ ਲੋਕਾਂ ਨਾਲ ਜਾਗੀਰਦਾਰਾਂ ਵੱਲੋਂ ਕੀਤੇ ਜਾਂਦੇ ਵਿਵਹਾਰ ਨੂੰ ਪੇਸ਼ ਕੀਤਾ ਹੈ। ਸੱਤਵੇਂ ਦ੍ਰਿਸ਼ ਵਿਚ ਮਲਕਾ ਨੂਰਸ਼ਾਹ ਦੁਆਰਾ ਮਰਦਾਨੇ ਨੂੰ ਭੇਡੂ ਬਣਾਉਣ ਅਤੇ ਗੁਰੂ ਦੁਆਰਾ ਉਸ ਨੂੰ ਦੁਬਾਰਾ ਮਨੁੱਖ ਬਣਾਉਣ ਵਾਲੀ ਸਾਖੀ ਨੂੰ ਬੜੇ ਤਰਕ ਨਾਲ ਪੇਸ਼ ਕੀਤਾ ਹੈ। ਅੱਠਵਾਂ ਦ੍ਰਿਸ਼ ਜਗਨਨਾਥ ਵਿਖੇ ਹਿੰਦੂ ਧਰਮ ਦੇ ਪੁਜਾਰੀਆਂ ਦੁਆਰਾ ਕੀਤੇ ਕਰਮ-ਕਾਂਡਾਂ ਨੂੰ ਗੁਰੂ ਦੁਆਰਾ ਅਰਥਹੀਣ ਦੱਸਿਆ ਗਿਆ ਤੇ ਉਨ੍ਹਾਂ ਦੁਆਰਾ ਭਗਤੀ ਕਰਨ ਦੀ ਸਾਖੀ ਨੂੰ ਪ੍ਰਮਾਣਿਕ ਬਣਾਉਣ ਦਾ ਯਤਨ ਕੀਤਾ ਹੈ। ਇਸ ਤਰ੍ਹਾਂ ਪਹਿਲਾ ਅੰਕ ਉਸ ਵੇਲੇ ਦੀ ਰਾਜਨੀਤਿਕ ਆਰਥਿਕ ਤੇ ਸਮਾਜਿਕ ਸਥਿਤੀ ਨੂੰ ਉਜਾਗਰ ਕਰਦਾ ਹੈ ਤੇ ਸ੍ਰੀ ਗੁਰੂ ਨਾਨਕ ਦੇਵ ਨੂੰ ਯੁੱਗ ਨਾਇਕ ਵਜੋਂ ਸਿਰਜਦਾ ਹੈ। ਨਾਟਕ ਦੇ ਦੂਸਰੇ ਅੰਕ ਵਿਚ ਛੇ ਦ੍ਰਿਸ਼ ਹਨ। ਪਹਿਲੇ ਦ੍ਰਿਸ਼ ਵਿਚ ਮਲਕ ਭਾਗੋ ਅਤੇ ਭਾਈ ਲਾਲੋ ਵਾਲੀ ਜਨਮ ਸਾਖੀ ਦੇ ਆਧਾਰ ਤੇ ਉਸ ਵੇਲੇ ਦੇ ਸਮਾਜਿਕ, ਆਰਥਿਕ ਪ੍ਰਬੰਧ ਤੇ ਧਾਰਮਿਕਤਾ ਨੂੰ ਨਾਟਕੀ ਸੰਦਰਭ ਵਿਚ ਪੇਸ਼ ਕੀਤਾ ਹੈ। ਦੂਸਰੇ ਦ੍ਰਿਸ਼ ਵਿਚ ਸੁਲਤਾਨ ਇਬਰਾਹੀਮ ਲੋਧੀ ਅਤੇ ਸੁਲਤਾਨ ਦੌਲਤ ਖਾਂ ਲੋਧੀ ਵਿਚਕਾਰ ਤਨਾਉ ਨੂੰ ਪੇਸ਼ ਕਰਕੇ ਮੱਧਕਾਲੀ ਰਾਜਨੀਤਕ ਪ੍ਰਬੰਧ ਨੂੰ ਉਜਾਗਰ ਕੀਤਾ ਹੈ ਜਿਸ ਵਿਚ ਹਰ ਕੋਈ ਸਾਜਿਸ਼ਾਂ ਤਹਿਤ ਆਪਣਾ ਉੱਲੂ ਸਿੱਧਾ ਕਰਨਾ ਚਾਹੁੰਦਾ ਸੀ। ਤੀਸਰੇ ਦ੍ਰਿਸ਼ ਵਿਚ ਦੌਲਤ ਖਾਂ ਲੋਧੀ ਜ਼ਹੀਰ-ਉਦ-ਦੀਨ

ਮੁਹੰਮਦ ਬਾਬਰ ਨੂੰ ਭਾਰਤ ਉੱਪਰ ਹਮਲਾ ਕਰਨ ਦਾ ਸੱਦਾ ਦਿੰਦਾ ਹੈ ਤੇ ਹਰ ਸੰਭਵ ਮਦਦ ਦਾ ਵਚਨ ਵੀ ਦਿੰਦਾ ਹੈ। ਅਸਲ ਵਿਚ ਦੌਲਤ ਖਾਂ ਲੋਧੀ ਬਾਬਰ ਦੀ ਸਹਾਇਤਾ ਨਾਲ ਆਪ ਦਿੱਲੀ ਦਾ ਤਖ਼ਤ ਹਾਸਲ ਕਰਨਾ ਚਾਹੁੰਦਾ ਸੀ ਪਰ ਇਸ ਤਰ੍ਹਾਂ ਨਹੀਂ ਹੋਇਆ ਜੋ ਮਰਦਾਨਾ ਪਾਤਰ ਦੇ ਸੰਵਾਦਾਂ ਤੋਂ ਜ਼ਾਹਿਰ ਹੁੰਦਾ ਹੈ :

ਮਰਦਾਨਾ: ਸੁਣਿਆ ਹੈ ਉਸ ਨੇ, ਦੌਲਤ ਖਾਂ ਨੂੰ ਦਿੱਲੀ ਦਾ ਤਖ਼ਤ ਦਿਵਾਉਣ ਦਾ ਵਾਅਦਾ ਕੀਤਾ ਹੈ, ਪਰ ਕੋਈ ਬਾਹਰਲਾ ਆਦਮੀ ਆ ਕੇ ਕਿਸੇ ਨੂੰ ਤਖ਼ਤ ਦਿਵਾਉਣ ਨਹੀਂ ਸਗੋਂ ਖ਼ੁਦ ਤਖ਼ਤ ਉੱਪਰ ਬੈਠਦਾ ਹੈ।[੧]

ਨਾਟਕ ਦਾ ਚੌਥਾ ਦ੍ਰਿਸ਼ ਬਾਬਰ ਦੁਆਰਾ ਭਾਰਤ ਤੇ ਕੀਤੇ ਹਮਲੇ ਨੂੰ ਉਜਾਗਰ ਕਰਦਾ ਹੈ ਜਿਸ ਵਿਚ ਬਾਬਰ ਭਾਰਤੀ ਰਾਜਨੀਤਕ ਤੇ ਧਾਰਮਿਕ ਕਾਰਨਾਂ ਨੂੰ ਆਪਣੀ ਜਿੱਤ ਦਾ ਆਧਾਰ ਦੱਸਦਾ ਹੈ। ਪੰਜਵੇਂ ਦ੍ਰਿਸ਼ ਵਿਚ ਦੱਸਿਆ ਹੈ ਕਿ ਪੁਜਾਰੀ ਤੇ ਮੌਲਵੀ ਬਾਬਰ ਦੁਆਰਾ ਕੀਤੀ ਲੁੱਟਮਾਰ ਅਤੇ ਤਬਾਹੀ ਕਾਰਨ ਆਪਣੀਆਂ ਗਲਤੀਆਂ ਤੇ ਪਸ਼ਚਾਤਾਪ ਕਰ ਰਹੇ ਹਨ ਜੋ ਕਿ ਇਕ ਇਤਿਹਾਸਕ ਸੱਚਾਈ ਹੈ। ਨਾਟਕ ਦੇ ਆਖਰੀ ਤੇ ਛੇਵੇਂ ਦ੍ਰਿਸ਼ ਵਿਚ ਨਾਟਕਕਾਰ ਨੇ ਕਾਲਪਨਿਕ ਪਾਤਰਾਂ ਰਾਹੀਂ ਸ੍ਰੀ ਗੁਰੂ ਨਾਨਕ ਦੇ ਕਰਤਾਰਪੁਰ ਆਗਮਨ ਕਾਰਨ ਵਾਪਰੇ ਸਮਾਜਿਕ, ਸਭਿਆਚਾਰਕ ਤੇ ਧਾਰਮਿਕ ਪਰਿਵਰਤਨਾਂ ਨੂੰ ਪੇਸ਼ ਕੀਤਾ ਹੈ ਜਿਸ ਵਿਚ ਗੁਰੂ ਦੇ ਆਉਣ ਨਾਲ ਬ੍ਰਾਹਮਣ ਤਕ ਅਜ਼ਾਨ ਦੀ ਆਵਾਜ਼ ਪਹੁੰਚ ਗਈ ਹੈ। ਇਸ ਤਰ੍ਹਾਂ ਪਾਤਰਾਂ ਦੀ ਕਾਇਆ ਕਲਪ ਹੋਣ ਨਾਲ ਹੀ ਨਾਟਕ ਖ਼ਤਮ ਹੋ ਜਾਂਦਾ ਹੈ। ਇਉਂ ਨਾਟ-ਵਸਤੂ, ਕਥਾਨਕ, ਪਾਤਰ ਉਸਾਰੀ ਤੇ ਵਾਰਤਾਲਾਪ ਦੀ ਦ੍ਰਿਸ਼ਟੀ ਤੋਂ ਇਹ ਇਕ ਸਫ਼ਲ ਰੰਗਮੰਚੀ

ਨਾਟਕ ਕਿਹਾ ਜਾ ਸਕਦਾ ਹੈ। ਇਸ ਪ੍ਰਕਾਰ ਇਹ ਨਾਟਕ ਵੀ 'ਗੁਰ ਬਿਨ ਘੋਰ ਅੰਧਾਰ' ਵਾਂਗ ਗੁਰੂ ਨਾਨਕ ਜੀ ਦੇ ਜੀਵਨ ਤੇ ਫਲਸਫੇ ਨੂੰ ਬਿਆਨ ਕਰਦਾ ਹੈ।

**ਪੁੰਨਿਆ ਦਾ ਚੰਨ (1969)**

ਨਾਟਕਕਾਰ ਹਰਚਰਨ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਬੰਧੀ ਸਭ ਤੋਂ ਪਹਿਲਾ ਨਾਟਕ 'ਪੁੰਨਿਆ ਦਾ ਚੰਨ' 1952 ਵਿਚ ਲਿਖਿਆ ਤੇ ਦੁਬਾਰਾ ਸ੍ਰੀ ਗੁਰੂ ਨਾਨਕ ਦੇਵ ਦੀ ਪੰਜਵੀਂ ਜਨਮ ਸ਼ਤਾਬਦੀ 1969 ਮੌਕੇ ਉਸ ਨੂੰ ਸੋਧ ਕੇ ਮੁੜ ਪ੍ਰਕਾਸ਼ਿਤ ਕਰਵਾਇਆ। ਹਰਚਰਨ ਸਿੰਘ ਦਾ ਇਹ ਨਾਟਕ ਰੰਗਮੰਚ ਪੱਖੋਂ ਮਹੱਤਵਪੂਰਨ ਨਾਟਕ ਹੈ ਤੇ ਇਹ ਕਈ ਵਾਰ ਰੰਗਮੰਚ ਤੇ ਵੀ ਖੇਡਿਆ ਗਿਆ ਹੈ। ਨਾਟਕਕਾਰ ਨੇ ਨਾਟਕ ਦੇ ਆਰੰਭ ਵਿਚ ਲਿਖਿਆ ਹੈ: ਪੁੰਨਿਆ ਦਾ ਚੰਨ' ਵਿਚ ਗੁਰੂ ਨਾਨਕ ਦੇਵ ਦੇ ਆਗਮਨ ਸਮੇਂ ਦੇ ਪੰਜਾਬ ਦੀ ਰਾਜਸੀ, ਸਮਾਜਿਕ ਤੇ ਧਾਰਮਿਕ ਸਥਿਤੀ ਨੂੰ ਪਿਛੋਕੜ ਵਿਚ ਰੱਖਿਆ ਗਿਆ ਹੈ।[10]

ਇਸ ਨਾਟਕ ਦੇ ਕਥਾਨਕ ਦਾ ਅਧਿਐਨ ਕਰਦਿਆਂ ਸਪਸ਼ਟ ਹੁੰਦਾ ਹੈ ਕਿ ਇਸ ਨਾਟਕ ਦੇ ਤਿੰਨ ਅੰਕ ਹਨ। ਹਰ ਇਕ ਅੰਕ ਦਾ ਇਕ ਇਕ ਦ੍ਰਿਸ਼ ਹੈ। ਨਾਟਕਕਾਰ ਨੇ ਇਸ ਨਾਟਕ ਵਿਚ ਉਸ ਸਮੇਂ ਦੀ ਭਾਰਤੀ ਰਾਜਨੀਤਿਕ ਅਸਥਿਰਤਾ, ਸਮਾਜਿਕ ਤੇ ਸਭਿਆਚਾਰਕ ਗਿਰਾਵਟ ਦੀ ਸਥਿਤੀ ਨੂੰ ਉਜਾਗਰ ਕੀਤਾ ਹੈ। ਇਸ ਵਿਚ ਇਤਿਹਾਸਕ ਘਟਨਾਵਾਂ ਦੇ ਸ੍ਰੋਤਾਂ ਦੀ ਸਪਸ਼ਟ ਜਾਣਕਾਰੀ ਨਹੀਂ ਦਿੱਤੀ ਗਈ। ਬੱਸ ਇਸ਼ਾਰੇ ਕੀਤੇ ਗਏ ਹਨ। ਨਾਟਕਕਾਰ ਨੇ ਨਾਟਕ ਵਿਚਲੀਆਂ ਘਟਨਾਵਾਂ ਜਿਵੇਂ ਜ਼ਜੀਏ ਦੀ ਵਸੂਲੀ, ਰਿਸ਼ਵਤਖੋਰੀ, ਹਿੰਦੂਆਂ ਉਤੇ ਮੁਸਲਮਾਨਾਂ ਦੁਆਰਾ ਕੀਤੇ ਜਾਂਦੇ ਅੱਤਿਆਚਾਰ,

ਹਿੰਦੂ ਔਰਤਾਂ ਦਾ ਅਪਹਰਣ, ਲੋਕਾਂ ਦਾ ਅੰਧ-ਵਿਸ਼ਵਾਸ, ਜਾਦੂ-ਟੂਣਿਆਂ ਵਿਚ ਫਸੇ ਹੋਣਾ ਆਦਿ ਪ੍ਰਸਥਿਤੀਆਂ ਦਾ ਚਿਤਰਣ ਕੀਤਾ ਹੈ।

ਨਾਟਕ ਦੇ ਆਰੰਭ ਵਿਚ ਬਹਿਲੋਲ ਲੋਧੀ ਦਾ ਦਰਬਾਰ ਦਿਖਾਇਆ ਗਿਆ ਹੈ ਜਿਸ ਵਿਚ ਸਾਂਦਲ ਬਾਰ ਦੇ ਲੋਕ ਮੁਲਤਾਨ ਦੇ ਨਵਾਬ ਵੱਲੋਂ ਤੰਗ ਕੀਤੇ ਜਾਣਾ, ਜਬਰ, ਜ਼ੁਲਮ ਤੇ ਲੁੱਟ ਮਾਰ ਕਰਨ ਬਾਰੇ ਉਸ ਨੂੰ ਦੱਸਦੇ ਹਨ। ਇਸ ਨਾਟਕ ਵਿਚ ਬਹਿਲੋਲ ਲੋਧੀ ਦੀ ਰਾਜਸੀ ਅਸਥਿਰਤਾ ਨੂੰ ਵੀ ਬਿਆਨ ਕੀਤਾ ਗਿਆ ਹੈ। ਸਾਧਾਰਨ ਹਿੰਦੂ ਮੁਸਲਮਾਨ ਪਰਜਾ ਅਤੇ ਕਾਜ਼ੀ ਦਰਮਿਆਨ ਉੱਭਰਦਾ ਧਾਰਮਿਕ ਤਨਾਉ ਇਕ ਪਾਸੇ ਮੱਧਕਾਲੀ ਇਸਲਾਮੀ ਰਾਜ ਵਿਚ ਹਿੰਦੂ ਜਾਤੀ ਦੀ ਮੰਦਹਾਲੀ ਪੇਸ਼ ਕਰਦਾ ਹੈ ਅਤੇ ਦੂਜੇ ਪਾਸੇ ਮੁਲਾਣਿਆਂ ਦੇ ਜ਼ੋਰ ਅੱਗੇ ਰਾਜਾ ਦੀ ਬੇਵਸੀ ਨੂੰ ਪੇਸ਼ ਕਰਦਾ ਹੈ।ਇਹ ਘਟਨਾਵਾਂ ਨਾਟਕ ਨੂੰ ਸਿਖ਼ਰ ਵੱਲ ਲੈ ਜਾਂਦੀਆਂ ਹਨ। ਨਾਟਕ ਦੇ ਦੂਸਰੇ ਅੰਕ ਵਿਚ ਨਾਟਕਕਾਰ ਨੇ ਮੁਗਲ ਸਰਕਾਰ ਦੇ ਕਰਿੰਦਿਆਂ ਦੁਆਰਾ ਆਮ ਜਨਤਾ ਨੂੰ ਤੰਗ ਕਰਨਾ ਤੇ ਉਨ੍ਹਾਂ ਦੀ ਲੁੱਟਮਾਰ ਹੁੰਦੀ ਦਿਖਾਈ ਹੈ। ਨਾਟਕਕਾਰ ਨੇ ਭੰਡਾਂ ਨੂੰ ਇਕ ਪਾਸੇ ਸਮਕਾਲੀ ਸਰਕਾਰ ਉਤੇ ਵਿਅੰਗ ਕਸਦੇ ਹੋਏ ਦਿਖਾਇਆ ਹੈ ਤੇ ਦੂਜੇ ਪਾਸੇ ਭਾਰਤ ਦੀ ਰਾਜਨੀਤਿਕ ਗਿਰਾਵਟ ਦੇ ਇਤਿਹਾਸ ਨੂੰ ਇਕ ਵਾਰ ਦੇ ਰੂਪ ਵਿਚ ਗਾ ਕੇ ਪੇਸ਼ ਕੀਤਾ ਹੈ। ਨਾਟਕਕਾਰ ਨੇ ਮੁਗਲ ਹਕੂਮਤ ਵੱਲੋਂ ਭਾਰਤੀ ਲੋਕਾਂ ਉੱਪਰ ਕੀਤੇ ਜਾਂਦੇ ਜ਼ੁਲਮਾਂ ਨੂੰ ਤਿੰਨ ਘਟਨਾਵਾਂ ਦੇ ਰੂਪ ਵਿਚ ਰੂਪਮਾਨ ਕੀਤਾ ਹੈ, ਜਿਵੇਂ ਆਮ ਲੋਕਾਂ ਦੀ ਲੁੱਟਮਾਰ, ਭੰਡਾਂ ਦੀ ਲੁੱਟਮਾਰ ਤੇ ਇਕ ਨੌਜਵਾਨ ਪਾਸੋਂ ਉਸ ਦੀ ਸੱਜ-ਵਿਆਹੀ ਪਤਨੀ ਖੋਹਣੀ ਆਦਿ। ਇਨ੍ਹਾਂ ਘਟਨਾਵਾਂ ਤੋਂ ਪਤਾ ਲੱਗਦਾ ਹੈ ਕਿ ਹਿੰਦੂਆਂ ਦੀ ਕੋਈ ਵੀ ਜਮਾਤ ਮੁਗਲ ਰਾਜ ਵਿਚ ਸੁਖੀ ਨਹੀਂ ਸੀ।

ਉਸ ਸਮੇਂ ਭਾਰਤੀ ਹਿੰਦੂ ਸਾਹ ਸੱਤਹੀਣ ਤੇ ਬੇਗ਼ੈਰਤ ਹੋ ਗਏ ਸਨ ਜੋ ਇਕ ਨੌਜੁਵਾਨ ਦੀ ਸੱਜ-ਵਿਆਹੀ ਪਤਨੀ ਖੋਹਣ ਸਮੇਂ ਉਸ ਦੇ ਆਪਣੇ ਕਹੇ ਸੰਵਾਦਾਂ ਤੋਂ ਪਤਾ ਲੱਗਦਾ ਹੈ:

ਗੱਭਰੂ: (ਬੇਹੱਦ ਡਰ ਕੇ) ਇਹਨੂੰ ਲੈ ਜਾਉ ਜਨਾਬ,

ਮੇਰੀ ਜਾਨ ਬਖਸ਼ੀ ਕਰੋ।[11]

ਇਹ ਨਾਟਕ ਜਿੱਥੇ ਭਾਰਤੀ ਹਿੰਦੂਆਂ ਦੀ ਬੇਵਸੀ ਨੂੰ ਚਿਤਰਦਾ ਹੈ ਉੱਥੇ ਬਾਬੇ ਮੂਲੇ ਦੁਆਰਾ ਮੁਸਲਮਾਨ ਸਿਪਾਹੀਆਂ ਦਾ ਮੁਕਾਬਲਾ ਕਰਕੇ ਉਸ ਨਵ-ਵਿਆਹੀ ਇਸਤਰੀ ਨੂੰ ਛੁਡਾਉਣ ਤੇ ਉਨ੍ਹਾਂ ਵਿਚ ਦਲੇਰੀ ਤੇ ਸਾਹਸ ਵੀ ਭਰਦਾ ਹੈ।

ਨਾਟਕਕਾਰ ਨੇ ਨਾਟਕ ਦੇ ਤੀਸਰੇ ਅੰਕ ਵਿਚ ਮੁਸਲਮਾਨ ਹਾਕਮਾਂ ਦੇ ਜਬਰ-ਜ਼ੁਲਮ ਅਤੇ ਤਸ਼ੱਦਦ ਨੂੰ ਉਘਾੜਿਆ ਹੈ ਅਤੇ ਪਹਿਲੀ ਵਾਰ ਆਮ ਲੋਕਾਂ ਨੂੰ ਇਕ ਲੋਕ ਸ਼ਕਤੀ ਦੇ ਰੂਪ ਵਿਚ ਸੰਗਠਿਤ ਹੋ ਕੇ ਮੁਸਲਮਾਨ ਸਿਪਾਹੀਆਂ ਦਾ ਮੁਕਾਬਲਾ ਕਰਦੇ ਹੋਏ ਦਿਖਾਇਆ ਹੈ। ਇਸ ਅੰਕ ਵਿਚ ਵੀ ਨਾਟਕਕਾਰ ਨੇ ਤਿੰਨ ਪ੍ਰਮੁੱਖ ਘਟਨਾਵਾਂ ਨੂੰ ਪੇਸ਼ ਕੀਤਾ ਹੈ। ਪਹਿਲੀ ਇਕ ਅਜਿਹੀ ਪਾਗਲ ਔਰਤ ਹੈ ਜਿਸ ਦੀ ਜਵਾਨ ਧੀ ਨੂੰ ਮੁਸਲਮਾਨ ਚੁੱਕ ਕੇ ਲੈ ਗਏ ਹਨ। ਦੂਸਰੀ ਬੱਕਰੀਆਂ ਚਾਰਦੇ ਦੋ ਆਜੜੀਆਂ ਨੂੰ ਪੇਸ਼ ਕਰਨਾ ਅਤੇ ਉਨ੍ਹਾਂ ਦੁਆਰਾ ਮੁਸਲਮਾਨ ਲੁਟੇਰਿਆਂ ਦਾ ਮੁਕਾਬਲਾ ਕਰਨਾ ਹੈ। ਇਸ ਅੰਕ ਵਿਚ ਭਾਰਤੀ ਹਿੰਦੂਆਂ ਦੀ ਆਰਥਿਕ ਮੰਦਹਾਲੀ ਬਾਰੇ ਵੀ ਵਰਣਨ ਮਿਲਦਾ ਹੈ। ਇਸ ਅੰਕ ਦੇ ਅਖ਼ੀਰ ਵਿਚ ਬਾਬਾ ਮੂਲਾ ਮੁਸਲਮਾਨ ਸਿਪਾਹੀਆਂ ਦਾ ਮੁਕਾਬਲਾ ਕਰਦਾ ਹੋਇਆ ਜ਼ਖਮੀ ਹੋ ਜਾਂਦਾ ਹੈ ਤੇ ਮਰਦੇ ਸਮੇਂ ਕਹਿੰਦਾ ਹੈ:

ਮੂਲਾ: ਮੌਤ ਦਾ ਮੈਨੂੰ ਕੋਈ ਗ਼ਮ ਨਹੀਂ। ਖ਼ੂਨ ਅਜਾਈਂ ਨਹੀਂ ਜਾਵੇਗਾ। ਜ਼ੋਰ ਜ਼ੁਲਮ ਵਿਰੁੱਧ ਹੱਕ ਦਾ ਨਾਆਰਾ ਮਾਰਨ ਵਾਲਾ ਕਾਮਲ ਮਰਦ ਪੈਦਾ ਹੋ ਚੁੱਕਾ ਹੈ।[12]

ਬਾਬਾ ਮੂਲਾ ਭਾਵੇਂ ਸ੍ਰੀ ਗੁਰੂ ਨਾਨਕ ਦੇਵ ਬਾਰੇ ਸਪਸ਼ਟ ਸੰਕੇਤ ਨਹੀਂ ਕਰਦਾ ਪਰ ਨਾਟਕ ਦੀਆਂ ਸਾਰੀਆਂ ਘਟਨਾਵਾਂ ਰਾਇ ਭੋਇ ਦੀ ਤਲਵੰਡੀ ਨਾਲ ਸੰਬੰਧਿਤ ਹੋਣ ਕਾਰਨ ਸਪਸ਼ਟ ਹੈ ਕਿ ਇਹ ਉਨ੍ਹਾਂ ਦੇ ਜਨਮ ਵੱਲ ਹੀ ਇਸ਼ਾਰਾ ਹੈ। ਨਾਟਕ 'ਪੁੰਨਿਆ ਦਾ ਚੰਨ' ਆਮ ਭਾਰਤੀ ਲੋਕਾਂ ਲਈ ਇਕ ਉਹ ਚੇਤਨਾ ਹੈ ਜੋ ਕਿ ਉਹ ਸੰਗਠਿਤ ਹੋ ਕੇ ਮੁਸਲਮਾਨ ਸਿਪਾਹੀਆਂ ਨੂੰ ਭਜਾ ਦਿੰਦੇ ਹਨ ਤੇ ਇਕ ਮੁੱਠ ਹੋ ਕੇ ਜਬਰ ਅਤੇ ਜ਼ੁਲਮ ਦਾ ਮੁਕਾਬਲਾ ਕਰਨ ਦੇ ਯੋਗ ਹੋ ਜਾਂਦੇ ਹਨ। ਇਸ ਤਰ੍ਹਾਂ ਇਸ ਨਾਟਕ ਵਿਚ ਜਿਹੜੀ ਸਥਿਤੀ ਇਸ ਨੂੰ ਕਾਰਜ ਦੇ ਪੱਧਰ ਤੇ ਘਟਾਉਂਦੀ ਹੈ ਉੱਥੇ ਕਥਨ ਦੇ ਜ਼ਰੀਏ ਇਸ ਦਾ ਨਾਟਕੀ ਕਾਰਜ ਪ੍ਰਭਾਵ ਪਾਊ ਹੈ ਜਿਸ ਕਾਰਨ ਇਸ ਦਾ ਮੰਚ ਪ੍ਰਦਰਸ਼ਨ ਸਫ਼ਲ ਕਿਹਾ ਜਾ ਸਕਦਾ ਹੈ।

**ਮਿਟੀ ਧੁੰਧ ਜਗਿ ਚਾਨਣ ਹੋਆ (1969)**

ਡਾ. ਹਰਚਰਨ ਸਿੰਘ ਦਾ ਨਾਟਕ 'ਮਿਟੀ ਧੁੰਧ ਜਗਿ ਚਾਨਣ ਹੋਆ', ਸ੍ਰੀ ਗੁਰੂ ਨਾਨਕ ਦੇਵ ਦੀ ਸ਼ਖ਼ਸੀਅਤ ਨੂੰ ਵਡਿਆਉਂਦਾ ਹੈ। ਉਨ੍ਹਾਂ ਨੇ ਇਹ ਨਾਟਕ ਵੀ ਗੁਰੂ ਜੀ ਪ੍ਰਤੀ ਸੱਚੀ ਸ਼ਰਧਾ ਵਜੋਂ ਉਨ੍ਹਾਂ ਦੀ ਪੰਜਵੀਂ ਜਨਮ ਸ਼ਤਾਬਦੀ ਮੌਕੇ ਲਿਖਿਆ। ਇਸ ਨਾਟਕ ਵਿਚਲਾ ਇਤਿਹਾਸ ਜਨਮਸਾਖੀਆਂ ਦੇ ਇਤਿਹਾਸ ਤੇ ਟਿਕਿਆ ਹੋਇਆ ਹੈ। ਜਿਨ੍ਹਾਂ ਜਨਮਸਾਖੀਆਂ ਵਿਚ ਇਤਿਹਾਸ ਹੈ, ਉਹ ਹੀ ਨਾਟਕ ਵਿਚ ਹੈ। ਇਸ ਸੰਬੰਧੀ ਨਾਟਕਕਾਰ ਖ਼ੁਦ ਲਿਖਦਾ ਹੈ:

ਹੱਥਲਾ ਨਾਟਕ ਮੈਂ ਤਿੰਨ ਜਨਮਸਾਖੀਆਂ ਦੇ ਆਧਾਰ ਤੇ ਲਿਖਿਆ ਹੈ।[13]

ਭਾਈ ਗੁਰਦਾਸ ਦੀ ਵਾਰ ਵਿਚਲੀ ਤੁਕ ਉੱਪਰ ਆਧਾਰਿਤ ਇਹ ਨਾਟਕ ਉਸ ਵੇਲੇ ਦੀ ਸਮਾਜਿਕ ਤੇ ਧਾਰਮਿਕ ਜ਼ਿੰਦਗੀ ਦਾ ਬੋਧ ਕਰਾਉਂਦਾ ਹੈ। ਇਸ ਨਾਟਕ ਦੀ ਪਹਿਲੀ ਝਾਕੀ ਵਿਚ ਸਾਧਾਰਨ ਚੁਰਾਹੇ ਦਾ ਦ੍ਰਿਸ਼ ਹੈ ਜਿਸ ਵਿਚ ਰਾਜੇ ਦੀ ਰਾਤ ਨੂੰ ਹੋਈ ਚੋਰੀ ਬਾਰੇ ਸੂਹ ਦੇਣ ਲਈ ਮੁਨਾਦੀ ਹੋ ਰਹੀ ਹੈ। ਇੱਥੇ ਸਾਰੇ ਹੈਰਾਨ ਹਨ ਕਿ ਚੋਰ ਨੇ ਸਮਾਨ ਬੰਨ੍ਹ ਕੇ ਛੱਡ ਦਿੱਤਾ ਹੈ। ਇੱਥੇ ਨੂਰ ਸ਼ਾਹ ਗੁਰੂ ਨਾਨਕ ਦੀ ਦੂਤ ਬਣ ਕੇ ਉਨ੍ਹਾਂ ਦੀ ਮਹਿਮਾ ਕਰ ਰਹੀ ਹੈ ਤਾਂ ਜੋ ਸਮਾਜਿਕ ਬੁਰਾਈਆਂ ਦਾ ਖਾਤਮਾ ਕੀਤਾ ਜਾ ਸਕੇ। ਉਹ ਭੁੱਲੇ ਭਟਕੇ ਜੋਗੀਆਂ ਤੇ ਕੰਨ ਪਾਟੇ ਸਾਧਾਂ ਨਾਲ ਗੋਸ਼ਟ ਕਰਕੇ ਉਨ੍ਹਾਂ ਨੂੰ ਸੱਚ ਦਾ ਮਾਰਗ ਦੱਸਦੀ ਹੈ। ਇਹ ਨਾਟਕ ਵੀ ਬਾਕੀ ਧਾਰਮਿਕ ਨਾਟਕਾਂ ਵਾਂਗ ਗੁਰੂ ਸਾਹਿਬ ਨੂੰ ਮੰਚ ਉੱਪਰ ਪ੍ਰਤੱਖ ਰੂਪ ਵਿਚ ਪੇਸ਼ ਨਹੀਂ ਕਰਦਾ ਪਰ ਦੂਸਰੇ ਪਾਤਰਾਂ ਰਾਹੀਂ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਉਘਾੜਨ ਦਾ ਯਤਨ ਕਰਦਾ ਹੈ। ਇਸ ਨਾਟਕ ਵਿਚ ਗੁਰੂ ਸਾਹਿਬ ਦੀ ਦੂਤ ਨੂਰਸ਼ਾਹ ਗੁਰੂ ਨਾਨਕ ਦਾ ਹੀ ਰੂਪ ਜਾਪਣ ਲੱਗ ਪੈਂਦੀ ਹੈ। ਇਸ ਨਾਟਕ ਦੀ ਸਮਾਪਤੀ ਨੂਰਸ਼ਾਹ, ਭਾਈ ਭੂਮੀਏ, ਕੰਨਪਾਟੇ ਸਾਧਾਂ-ਜੋਗੀਆਂ ਅਤੇ ਢਾਕੇ ਦੇ ਰਾਜੇ ਦਾ ਕਾਇਆ ਕਲਪ ਕਰਕੇ ਹੋ ਜਾਂਦੀ ਹੈ। ਇਸ ਨਾਟਕ ਦੀ ਮੂਲ ਸਮੱਗਰੀ ਅਤੇ ਸੰਗਠਨ ਜਨਮਸਾਖੀਆਂ ਤੇ ਆਧਾਰਿਤ ਹੈ। ਇਸ ਤਰ੍ਹਾਂ ਜਦੋਂ ਕਿਸੇ ਪਾਤਰ ਦੀ ਜ਼ਿੰਦਗੀ ਵਿਚ ਪਰਿਵਰਤਨ ਆਉਂਦਾ ਹੈ ਤਾਂ ਸਾਖੀ ਦੇ ਖ਼ਤਮ ਹੋਣ ਦਾ ਪਤਾ ਲੱਗਦਾ ਹੈ। ਪਰਿਵਰਤਨ ਨਾ ਕਿਸਮਤ ਵਿਚ ਵਾਪਰਦਾ ਹੈ ਅਤੇ ਨਾ ਸਥਿਤੀ ਵਿਚ ਬਲਕਿ ਚਰਿੱਤਰ ਵਿਚ ਵਾਪਰਦਾ ਹੈ। ਇਹ ਸਾਖੀ ਬਿਰਤਾਂਤ ਦੀ ਵਿਲੱਖਣਤਾ ਹੈ।[14] ਇਹ ਨਾਟਕ ਭਾਵੇਂ ਇਤਿਹਾਸਕ ਸੋਝੀ ਵਿਚ ਬਹੁਤਾ ਵਾਧਾ ਨਹੀਂ ਕਰਦਾ ਪਰ ਦਰਸ਼ਕਾਂ ਦੇ

ਧਾਰਮਿਕ ਭਾਵਾਂ ਨੂੰ ਜ਼ਰੂਰ ਟੁੰਬਦਾ ਹੈ। ਤਿੰਨਾਂ ਸਾਖੀਆਂ ਨੂੰ ਜੋੜ ਕੇ ਨਾਟਕੀ ਸੰਗਠਨ ਵਿਚ ਉਤਸੁਕਤਾ ਉਭਾਰੀ ਗਈ ਹੈ। ਸਮੁੱਚੇ ਤੌਰ ਤੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਪ੍ਰਗਟਾਉਂਦਾ ਇਹ ਇਕ ਸਫ਼ਲ ਨਾਟਕ ਕਿਹਾ ਜਾ ਸਕਦਾ ਹੈ।

ਉਪਰੋਕਤ ਨਾਟਕਾਂ ਤੋਂ ਇਲਾਵਾ ਗੁਰੂ ਨਾਨਕ ਸਾਹਿਬ ਦੇ ਜੀਵਨ ਤੇ ਵਿਚਾਰਧਾਰਾ ਨਾਲ ਸੰਬੰਧਿਤ ਚਾਰ ਨਾਟਕ ਗੁਰਦਿਆਲ ਸਿੰਘ ਫੁੱਲ ਦੇ ਲਿਖੇ ਹਨ। ਜਿਨ੍ਹਾਂ ਵਿਚੋਂ ਪਹਿਲੇ ਤਿੰਨ ਨਾਟਕ ਹਨ। 'ਸੋ ਭੀ ਚੰਦਨ ਹੋਇ ਰਹੇ', 'ਨਾਨਕ ਨਾਮ ਸਮਾਲਿ' ਤੇ 'ਨਾਨਕ ਨਦਰੀ ਨਦਰਿ ਨਿਹਾਲ' ਹਨ।

'ਸੋ ਭੀ ਚੰਦਨ ਹੋਇ ਰਹੇ' ਗੁਰਦਿਆਲ ਸਿੰਘ ਫੁੱਲ ਦੁਆਰਾ ਲਿਖਿਆ ਗਿਆ ਪਹਿਲਾ ਇਕਾਂਗੀ ਨਾਟਕ ਹੈ ਜੋ ਗੁਰੂ ਨਾਨਕ ਦੇਵ ਦੀ ਪੰਜਵੀਂ ਜਨਮ ਸ਼ਤਾਬਦੀ ਨੂੰ ਸਮਰਪਿਤ ਹੈ। ਇਸ ਨਾਟਕ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਨਾ ਤਾਂ ਕਿਸੇ ਇਤਿਹਾਸ ਨੂੰ ਦੁਹਰਾਉਂਦਾ ਹੈ ਤੇ ਨਾ ਹੀ ਇਹ ਕਿਸੇ ਇਤਿਹਾਸਕ ਪ੍ਰਸੰਗ ਵਿਚ ਬੰਨ੍ਹੀ ਹੋਈ ਸਮਾਜਿਕ ਕਹਾਣੀ ਹੈ। ਇਹ ਨਾਟਕ ਵਰਤਮਾਨ ਵਿਚ ਵਾਪਰੀ ਇਕ ਅਜਿਹੀ ਘਟਨਾ ਹੈ ਜੋ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਅਤੇ ਉਨ੍ਹਾਂ ਦੇ ਆਦਰਸ਼ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਾਕਾਰ ਕਰਦੀ ਹੈ। ਤਕਨੀਕ ਤੇ ਵਿਸ਼ੇ ਦੇ ਪੱਖ ਤੋਂ ਇਹ ਨਾਟਕ ਪੰਜਾਬੀ ਰੰਗਮੰਚ ਵਿਚ ਇਕ ਨਵੇਂ ਤਜ਼ਰਬੇ ਦਾ ਧਾਰਨੀ ਹੈ ਜੋ ਸਫ਼ਲਤਾ ਪੂਰਵਕ ਕਈ ਵਾਰ ਖੇਡਿਆ ਗਿਆ ਹੈ।

ਇਸੇ ਪ੍ਰਕਾਰ ਗੁਰਦਿਆਲ ਸਿੰਘ ਫੁੱਲ ਦੁਆਰਾ ਲਿਖਿਆ ਨਾਟਕ 'ਨਾਨਕ ਨਾਮ ਸਮਾਲਿ' ਸ੍ਰੀ ਗੁਰੂ ਨਾਨਕ ਦੇਵ ਦੀ ਪੰਜਵੀਂ ਜਨਮ ਸ਼ਤਾਬਦੀ ਮੌਕੇ ਲਿਖਿਆ ਗਿਆ ਜੋ ਸੱਜਣ ਠੱਗ ਦੀ ਸਾਖੀ ਤੇ ਆਧਾਰਿਤ ਹੈ।

ਨਾਟਕਕਾਰ ਨੇ ਇਸ ਨਾਟਕ ਵਿਚ ਸੱਜਣ ਦੇ ਅੰਦਰਲੇ ਦਵੰਦ ਦੇ ਆਧਾਰ ਤੋਂ ਜਨਮੀਆਂ, ਤ੍ਰਿਪਤੀਆਂ ਅਤੇ ਅਤ੍ਰਿਪਤੀਆਂ ਨੂੰ ਅਭਿਵਿਅਕਤ ਕਰਨ ਦਾ ਯਤਨ ਕੀਤਾ ਹੈ।ਇਸ ਨਾਟਕ ਵਿਚ ਇਸ ਗੱਲ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਕਿ ਮਨੁੱਖੀ ਆਤਮਾ ਬੁਨਿਆਦੀ ਤੌਰ ਤੇ ਪਵਿੱਤਰ ਹੈ ਪਰ ਬਾਹਰੀਆਂ ਘਾਤਕ ਦੁਰਘਟਨਾਵਾਂ ਇਸ ਨੂੰ ਅਪਵਿੱਤਰ ਕਰਕੇ ਕੁਰਾਹੇ ਪਾ ਦਿੰਦੀਆਂ ਹਨ।

ਇਸੇ ਕੜੀ ਵਿਚ 'ਨਾਨਕ ਨਦਰੀ ਨਦਰਿ ਨਿਹਾਲ' ਨਾਟਕ ਗੁਰਦਿਆਲ ਸਿੰਘ ਫੁੱਲ ਦਾ ਲਿਖਿਆ ਹੋਇਆ ਅਜਿਹਾ ਨਾਟਕ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਨੂੰ ਉਨ੍ਹਾਂ ਦੀ ਪੰਜਵੀਂ ਜਨਮ ਸ਼ਤਾਬਦੀ ਮੌਕੇ ਸ਼ਰਧਾਂਜਲੀ ਅਰਪਿਤ ਕਰਨ ਵਜੋਂ ਲਿਖਿਆ ਗਿਆ। ਇਹ ਨਾਟਕ ਸ੍ਰੀ ਗੁਰੂ ਨਾਨਕ ਦੇਵ ਦੇ ਜੀਵਨ ਨਾਲ ਸੰਬੰਧਿਤ ਮਲਕ ਭਾਗੋ ਦੀ ਸਾਖੀ ਤੇ ਆਧਾਰਿਤ ਹੈ।ਇਸ ਨਾਟਕ ਵਿਚ ਨਾਟਕਕਾਰ ਨੇ ਮਲਕ ਭਾਗੋ ਦੀ ਸਾਖੀ ਨੂੰ ਅਧਾਰ ਬਣਾ ਕੇ ਇਹ ਦੱਸਣ ਦੀ ਕੋਸ਼ਿਸ ਕੀਤੀ ਹੈ ਕਿ ਮਿਹਨਤ ਦਾ ਫ਼ਲ ਮਿੱਠਾ ਹੁੰਦਾ ਹੈ, ਸਾਨੂੰ ਸੁੱਚੀ ਕਿਰਤ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਕਿਸੇ ਦੀ ਮਿਹਨਤ ਤੇ ਪਲਣ ਵਾਲੇ ਨੂੰ ਮੰਦੇ ਕਰਮਾਂ ਦਾ ਭਾਗੀ ਹੋਣ ਬਾਰੇ ਕਿਹਾ। ਇਸੇ ਤਰ੍ਹਾਂ ਉਨ੍ਹਾਂ ਨੇ ਅਜੋਕੀਆਂ ਪ੍ਰਸਥਿਤੀਆਂ ਨਾਲ ਨਜਿੱਠਣ ਲਈ ਮਨੁੱਖ ਨੂੰ ਚੰਗੀ ਸੇਧ ਦਿੱਤੀ ਹੈ।

ਉਪਰੋਕਤ ਤਿੰਨਾਂ ਨਾਟਕਾਂ ਤੋਂ ਇਲਾਵਾ ਗੁਰਦਿਆਲ ਸਿੰਘ ਫੁੱਲ ਦੁਆਰਾ ਗੁਰੂ ਨਾਨਕ ਦੇਵ ਨਾਲ ਸੰਬੰਧਿਤ ਚੌਥਾ ਨਾਟਕ 'ਜਿਨ ਸਚੁ ਪਲੈ ਹੋਇ' ਹੈ।

ਇਹ ਨਾਟਕ 'ਜਿਨ ਸਚੁ ਪਲੈ ਹੋਇ' ਗੁਰਦਿਆਲ ਸਿੰਘ ਫੁੱਲ ਦੁਆਰਾ ਗੁਰੂ ਨਾਨਕ ਦੇਵ ਦੀ ਪੰਜਵੀਂ ਜਨਮ ਸ਼ਤਾਬਦੀ ਸਮੇਂ ਲਿਖਿਆ ਗਿਆ ਹੈ। ਇਹ ਉਹ ਨਾਟਕ ਹੈ ਜਿਸ ਪਚਵੰਜਾ ਪਾਤਰੀ ਨਾਟਕ ਨੂੰ ਪੰਜ ਅਦਾਕਾਰਾਂ ਨਾਲ ਪਿੰਡ ਪਿੰਡ ਖੇਡ ਕੇ 1969 ਵਿਚ ਗੁਰਸ਼ਰਨ ਸਿੰਘ ਨੇ ਪੇਂਡੂ ਥੀਏਟਰ ਲਹਿਰ ਦੀ ਮੋੜ੍ਹੀ ਗੱਡੀ। ਇਹ ਨਾਟਕ ਸਦੀਵਤਾ ਦੇ ਗੁਣਾਂ ਨਾਲ ਭਰਪੂਰ ਹੋਣ ਕਰਕੇ ਮਨੁੱਖ ਨੂੰ ਸੱਚ ਦੇ ਸਿਧਾਂਤ ਦਾ ਪ੍ਰਮਾਣ ਦਿੰਦਾ ਹੈ। ਇਸ ਨਾਟਕ ਵਿਚ ਸੱਚ ਤੇ ਝੂਠ ਦਾ ਘੋਲ ਹੈ। ਨਾਟਕ ਦਾ ਵਿਸ਼ਾ ਧਾਰਮਿਕ ਹੋਣ ਦੇ ਨਾਲ ਨਾਲ ਅਜੋਕੇ ਜੀਵਨ ਦੀਆਂ ਬੁਰਾਈਆਂ ਨਾਲ ਘੋਲ ਕਰਨ ਤੇ ਸੱਚ ਦੇ ਰਸਤੇ ਤੇ ਚਲਣ ਦਾ ਸੰਦੇਸ਼ ਦਿੰਦਾ ਹੈ। 'ਕੂੜ ਨਿਖੁਟੇ ਨਾਨਕਾ ਓੜਕ ਸਚ ਰਹੀ'। ਇਹ ਨਾਟਕ ਵੀ ਗੁਰਦਿਆਲ ਸਿੰਘ ਫੁੱਲ ਦਾ ਲਿਖਿਆ ਹੋਇਆ ਹੈ ਜਿਸ ਵਿਚ ਸ੍ਰੀ ਗੁਰੂ ਨਾਨਕ ਦੇਵ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਨੂੰ ਹੂ-ਬ-ਹੂ ਇਤਿਹਾਸਕ ਘਟਨਾਵਾਂ ਨਾ ਬਣਾ ਕੇ ਇਸ ਨੂੰ ਨਾਟਕੀ ਛੋਹ ਦਿੰਦੇ ਹੋਏ ਰੰਗਮੰਚ ਦੇ ਅਨੁਕੂਲ ਢਾਲਿਆ ਗਿਆ ਹੈ। ਇਸੇ ਤਰ੍ਹਾਂ 'ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ' ਤੇ 'ਸੰਤ ਗੁਰੂ ਨਾਨਕ' ਗੁਰਦਿਆਲ ਸਿੰਘ ਫੁੱਲ ਦੁਆਰਾ ਰਚਿਤ ਸ੍ਰੀ ਗੁਰੂ ਨਾਨਕ ਦੇਵ ਦੇ ਜੀਵਨ ਨਾਲ ਸੰਬੰਧਿਤ ਹੋਰ ਨਾਟਕ ਹਨ। ਇਹ ਨਾਟਕ ਇਤਿਹਾਸਕ ਘਟਨਾਵਾਂ ਨੂੰ ਨਾਟਕੀ ਰੰਗਮੰਚ ਦੀ ਪੁੱਠ ਚਾੜ੍ਹ ਕੇ ਧਰਮ ਨਾਲ ਸੰਬੰਧਿਤ ਇਤਿਹਾਸਕ ਨਾਟਕ ਲਿਖਣ ਦਾ ਪ੍ਰਮਾਣ ਪੇਸ਼ ਕਰਦੇ ਹਨ।

**ਚੜ੍ਹਿਆ ਸੋਧਣ ਧਰਤ ਲੁਕਾਈ (1969)**

ਗੁਰੂ ਨਾਨਕ ਦੇਵ ਦੇ ਜੀਵਨ, ਵਿਚਾਰਧਾਰਾ ਤੇ ਉਸਦੇ ਇਤਿਹਾਸਕ ਸਥਾਨ ਸੰਬੰਧੀ ਦੋ ਨਾਟਕ ਹਨ ਜਿਸ ਵਿਚ ਗੁਰਚਰਨ ਸਿੰਘ ਜਸੂਜਾ ਦਾ

ਪਹਿਲਾ ਨਾਟਕ 'ਚੜ੍ਹਿਆ ਸੋਧਣ ਧਰਤ ਲੁਕਾਈ' ਹੈ ਜੋ ਸ੍ਰੀ ਗਰੂ ਨਾਨਕ ਦੇਵ ਦੀ ਪੰਜਵੀਂ ਜਨਮ ਸ਼ਤਾਬਦੀ ਮੌਕੇ ਸ਼ਰਧਾਂਜਲੀ ਅਰਪਿਤ ਕਰਨ ਲਈ ਲਿਖਿਆ ਗਿਆ। ਸ੍ਰੀ ਗੁਰੂ ਨਾਨਕ ਦੇਵ ਦੇ ਜੀਵਨ ਨਾਲ ਸੰਬੰਧਿਤ ਇਹ ਨਾਟਕ ਭਾਈ ਗੁਰਦਾਸ ਦੀ ਵਾਰ ਦੀ ਇਕ ਤੁਕ ਤੇ ਆਧਾਰਿਤ ਹੈ ਜਿਸ ਦਾ ਵਿਸ਼ਾ ਉਨ੍ਹਾਂ ਦੀ ਸਿਫ਼ਤ-ਸਲਾਹ ਹੈ। ਨਾਟਕਕਾਰ ਨੇ ਇਸ ਨਾਟਕ ਦਾ ਆਧਾਰ ਸ੍ਰੀ ਗੁਰੂ ਨਾਨਕ ਦੇਵ ਨਾਲ ਸੰਬੰਧਿਤ ਘਟਨਾਵਾਂ, ਮੋਦੀਖਾਨੇ ਦਾ ਗਬਨ ਤੇ ਵੇਈਂ ਨਦੀ ਵਿਚ ਡੁੱਬਣਾ ਨੂੰ ਬਣਾਇਆ ਹੈ। ਇਸ ਨਾਟਕ ਵਿਚ ਗੁਰੂ ਜੀ ਦੀ ਅਧਿਆਤਮਕ ਪ੍ਰਤਿਭਾ ਤੇ ਰੂਹਾਨੀ ਸ਼ਕਤੀ ਨੂੰ ਬਿਆਨ ਕਰਦੇ ਮਨੁੱਖੀ ਜੀਵਨ ਨੂੰ ਸੁਖਾਵਾਂ ਬਣਾਉਣ ਲਈ ਸੁਚੱਜੀ ਸੇਧ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਨਾਟਕਕਾਰ ਨੇ ਗੁਰੂ ਜੀ ਨੂੰ ਇਕ ਯੁੱਗ ਪੁਰਸ਼ ਦੇ ਤੌਰ ਤੇ ਪੇਸ਼ ਕਰਦੇ ਹੋਏ ਕਿਹਾ ਹੈ :

ਇਸ ਨਾਟਕ ਵਿਚ ਗੁਰੂ ਨਾਨਕ ਦੇਵ ਨੂੰ ਇਕ ਯੁੱਗ ਪੁਰਸ਼ ਦੇ ਤੌਰ ਤੇ ਪੇਸ਼ ਕਰਨ ਲਈ ਲਿਖਿਆ ਗਿਆ ਹੈ। ਨਾਟਕਕਾਰ ਅਨੁਸਾਰ: ਮੈਂ ਇਸ ਕਾਰਜ ਵਿਚ ਗੁਰੂ ਸਾਹਿਬ ਦੀ ਬਜਾਏ ਉਨ੍ਹਾਂ ਦੀ ਸਿਫ਼ਤ ਸਲਾਹ ਨੂੰ ਹੀਰੋ ਬਣਾਇਆ ਹੈ।[15]

ਇਸੇ ਲੜੀ ਵਿਚ ਦੂਜਾ ਨਾਟਕ 'ਪਾਰਸ ਦੀ ਛੋਹ' (ਕਾਵਿ ਨਾਟਕ 1983) ਗੁਰਚਰਨ ਸਿੰਘ ਜਸੂਜਾ ਦੀ ਅਜਿਹੀ ਰਚਨਾ ਹੈ ਜਿਹੜੀ ਭਾਵੇਂ ਨਾਟਕਕਾਰ ਵੱਲੋਂ ਗੁਰੂ ਨਾਨਕ ਦੇਵ ਦੀ ਜਨਮ ਸ਼ਤਾਬਦੀ ਨਾਲ ਸੰਬੰਧਿਤ ਨਹੀਂ ਪਰ ਇਸ ਨੂੰ ਵੀ ਜਨਮ ਸਾਖੀਆਂ ਦਾ ਆਧਾਰ ਬਣਾਉਂਦੇ ਹੋਏ ਤੇ ਗੁਰੂ ਨਾਨਕ ਦੇਵ ਜੀ ਦੀ ਸਿਫ਼ਤ ਸਲਾਹ ਕਰਦੇ ਹੋਏ ਅਜੋਕੇ ਮਨੁੱਖ ਨੂੰ ਸੱਚਾਈ ਦੇ ਰਸਤੇ ਤੇ ਚੱਲਣ ਦੇ ਅਧਾਰ ਤੇ ਇਸ ਦੀ ਰਚਨਾ ਕੀਤੀ ਹੈ।

## ਵਿਸਮਾਦ ਨਾਦ (1969)

ਕਪੂਰ ਸਿੰਘ ਘੁੰਮਣ ਦਾ ਇਹ ਇਕਾਂਗੀ ਨਾਟਕ ਵੀ ਸ੍ਰੀ ਗੁਰੂ ਨਾਨਕ ਦੇਵ ਦੀ ਜ਼ਿੰਦਗੀ ਨਾਲ ਸੰਬੰਧਿਤ ਗੁਰੂ ਸਾਹਿਬ ਦੀ ਪੰਜਵੀਂ ਜਨਮ ਸ਼ਤਾਬਦੀ ਨੂੰ ਸਮਰਪਿਤ ਹੈ। ਇਹ ਕਲਾ ਪੱਖੋਂ ਬਹੁਤ ਹੀ ਉਤਮ ਹੈ ਤੇ ਰੰਗਮੰਚ ਦੀ ਕਸੱਵਟੀ ਤੇ ਪੂਰਾ ਉਤਰਦਾ ਹੈ ਕਿਉਂਕਿ ਕਪੂਰ ਸਿੰਘ ਘੁੰਮਣ ਰੰਗਮੰਚ ਨਾਲ ਸਿੱਧੀ ਤਰ੍ਹਾਂ ਜੁੜਿਆ ਰਿਹਾ ਨਾਟਕਕਾਰ ਹੈ। ਇਸ ਨਾਟਕ ਵਿਚ ਨਾਟਕਕਾਰ ਨੇ ਗੁਰੂ ਜੀ ਦੇ ਜੀਵਨ ਨਾਲ ਸੰਬੰਧਿਤ ਉਨ੍ਹਾਂ ਘਟਨਾਵਾਂ ਨੂੰ ਲਿਆ ਹੈ ਜਿਨ੍ਹਾਂ ਵਿਚ ਨਾਟਕੀਅਤਾ ਦੇ ਅੰਸ਼ ਜ਼ਿਆਦਾ ਹਨ। ਨਾਟਕਕਾਰ ਦੇ ਆਪਣੇ ਸ਼ਬਦਾਂ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਇਕ ਵਿਸਮਾਦਮਈ ਨਾਟਕ ਹੈ। ਇਸ ਵਿਚ ਆਹਰਯ, ਆਂਗਿਕ, ਵਾਚਕ ਅਤੇ ਸਾਤਵਿਕ ਅਭਿਨੈ ਦੀਆਂ ਸਿਖਰਾਂ ਉਪਜਾ ਸਕਣ ਵਾਲੀਆਂ ਅਜਿਹੀਆਂ ਝਾਕੀਆਂ ਵੇਖੀਆਂ ਜਾ ਸਕਦੀਆਂ ਹਨ। ਜਿਨ੍ਹਾਂ ਦੀ ਮਿਸਾਲ ਸੰਸਾਰ ਦੇ ਕਿਸੇ ਹੋਰ ਧਾਰਮਿਕ ਆਗੂ ਦੇ ਜੀਵਨ ਵਿਚੋਂ ਢੂੰਡ ਸਕਣਾ ਸੰਭਵ ਨਹੀਂ ਹੋਵੇਗੀ।[16] ਕਪੂਰ ਸਿੰਘ ਘੁੰਮਣ ਦੀ ਆਪਣੇ ਨਾਟਕ ਬਾਰੇ ਇਹ ਟਿੱਪਣੀ ਵਾਜਬ ਜਾਪਦੀ ਹੈ।

## ਹਕ ਪਰਾਇਆ ਨਾਨਕਾ (1969)

ਨਾਟਕਕਾਰ ਪਾਂਧੀ ਨਨਕਾਣਵੀ ਦੁਆਰਾ ਲਿਖਿਆ ਗਿਆ 'ਹਕ ਪਰਾਇਆ ਨਾਨਕਾ' ਸ੍ਰੀ ਗੁਰੂ ਨਾਨਕ ਦੇਵ ਦੀ ਪੰਜਵੀਂ ਜਨਮ ਸ਼ਤਾਬਦੀ ਨੂੰ ਸਮਰਪਿਤ ਹੈ। ਇਹ ਨਾਟਕ ਸ੍ਰੀ ਗੁਰੂ ਨਾਨਕ ਦੇਵ ਦੀ ਸਦਾਚਾਰਕ ਤੇ ਸਮਾਜਿਕ ਦ੍ਰਿਸ਼ਟੀ ਨੂੰ ਉਜਾਗਰ ਕਰਦਾ ਹੈ ਜੋ ਉਨ੍ਹਾਂ ਦੇ ਜੀਵਨ ਵਿਚਲੀ ਸਾਖੀ ਮਲਿਕ ਭਾਗੋ ਤੇ ਆਧਾਰਤ ਹੈ। ਇਸ ਵਿਚ ਇਹ ਦੱਸਿਆ ਗਿਆ ਹੈ ਕਿ ਜਿਹੜਾ ਇਨਸਾਨ ਹੱਥੀਂ ਕਿਰਤ ਕਰਦਾ ਹੈ ਉਹ ਮੰਦੇ ਕਰਮਾਂ ਦਾ ਭਾਗੀ

ਨਹੀਂ ਬਣਦਾ। ਇਸ ਵਿਚ ਮਿਹਨਤ ਦਾ ਫਲ ਮਿੱਠਾ ਹੋਣ ਦੀ ਗੱਲ ਵੀ ਕਹੀ ਗਈ ਹੈ ਤੇ ਅਜੋਕੀਆਂ ਪ੍ਰਥਿਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਮਨੁੱਖ ਨੂੰ ਚੰਗੀ ਸੇਧ ਦੇਣ ਦੀ ਕੋਸ਼ਿਸ਼ ਵੀ ਕੀਤੀ ਗਈ ਹੈ।

ਇਸੇ ਲੜੀ ਵਿਚ ਪ੍ਰੋ. ਦੀਦਾਰ ਸਿੰਘ ਦੁਆਰਾ ਲਿਖਿਆ 'ਕਲ ਤਾਰਨ ਗੁਰੂ ਨਾਨਕ ਆਇਆ' (1969) ਨਾਟਕ ਸ੍ਰੀ ਗੁਰੂ ਨਾਨਕ ਦੇਵ ਦੀ ਪੰਜਵੀਂ ਜਨਮ ਸ਼ਤਾਬਦੀ ਨੂੰ ਸਮਰਪਿਤ ਨਾਟਕ ਹੈ। ਇਸ ਨਾਟਕ ਵਿਚ ਸ੍ਰੀ ਗੁਰੂ ਨਾਨਕ ਦੇਵ ਦੀ ਮਹਿਮਾ ਗਾਈ ਗਈ ਹੈ ਜੋ ਭਾਈ ਗੁਰਦਾਸ ਦੀ ਵਾਰ ਦੀ ਇਕ ਤੁਕ 'ਤੇ ਆਧਾਰਿਤ ਨਾਟਕ ਹੈ।

ਗੁਰਦਿਆਲ ਸਿੰਘ ਫੁੱਲ ਦੇ ਨਾਟਕ ਦੇ ਛੋਟੇ ਤੇ ਪ੍ਰਸਿੱਧ ਰੂਪ ਹਿਤ 'ਇਹ ਲਹੂ ਕਿਸ ਦਾ ਹੈ' (1969) ਪੰਜਾਬੀ ਨਾਟਕਾਂ ਦੀ ਤੀਜੀ ਪੀੜ੍ਹੀ ਦੇ ਪ੍ਰਮੁੱਖ ਨਾਟਕਕਾਰ ਗੁਰਸ਼ਰਨ ਸਿੰਘ ਦੀ ਰਚਨਾ ਹੈ। ਇਹ ਨਾਟਕ ਵੀ ਸ੍ਰੀ ਗੁਰੂ ਨਾਨਕ ਦੇਵ ਦੀ ਪੰਜਵੀਂ ਜਨਮ ਸ਼ਤਾਬਦੀ ਮੌਕੇ ਲਿਖਿਆ ਗਿਆ ਹੈ। ਇਸ ਨਾਟਕ ਰਾਹੀਂ ਨਾਟਕਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਦੇ ਸਿਧਾਂਤਾਂ ਉੱਪਰ ਰੋਸ਼ਨੀ ਪਾ ਕੇ ਮਨੁੱਖ ਨੂੰ ਮਨੁੱਖਤਾ ਦੀ ਸਹੀ ਪਹਿਚਾਣ ਕਰਾਉਣ ਦੀ ਕੋਸ਼ਿਸ਼ ਕੀਤੀ ਹੈ।

'ਸਚੁ ਤਾ ਪਰੁ ਜਾਣੀਏ' ਇਹ ਨਾਟਕ ਕੁਮਾਰੀ ਨਰਿੰਦਰਜੀਤ ਘੁੰਮਣ (ਹੁਣ ਨਵਨਿੰਦਰਾ ਬਹਿਲ) ਦੁਆਰਾ ਲਿਖਿਆ ਧਾਰਮਿਕ ਇਤਿਹਾਸਕ ਨਾਟਕ ਹੈ। ਜੋ ਸ੍ਰੀ ਗੁਰੂ ਨਾਨਕ ਦੇਵ ਦੇ ਜੀਵਨ ਨਾਲ ਸੰਬੰਧਿਤ ਹੋਣ ਕਾਰਨ ਉਨ੍ਹਾਂ ਦੇ ਸਿਧਾਂਤਾਂ ਦੀ ਸਹੀ ਤਰਜਮਾਨੀ ਕਰਦਾ ਹੈ।

ਇਨ੍ਹਾਂ ਨਾਟਕਾਂ ਤੋਂ ਇਲਾਵਾ ਧਾਰਮਿਕ ਨਾਟਕਾਂ ਦੇ ਕੁੱਝ ਹੋਰ ਰੂਪ ਵੀ ਮਿਲਦੇ ਹਨ ਜੋ ਗੁਰੂ ਸਾਹਿਬਾਂ ਦੇ ਵਿਚਾਰਾਂ ਦੀ ਸਹੀ-ਸਹੀ ਤਰਜਮਾਨੀ

ਕਰਦੇ ਹਨ ਜਿਨ੍ਹਾਂ ਨੂੰ ਨਾਟਕਾਂ/ਇਕਾਂਗੀਆਂ ਦੇ ਰੂਪ ਵਿਚ ਦਰਸ਼ਕਾਂ/ਪਾਠਕਾਂ ਦੇ ਸਨਮੁੱਖ ਕੀਤਾ ਗਿਆ ਹੈ। ਇਹ ਰੂਪ ਹਨ :

**ਚਿੱਤਰ ਨਾਟਕ, ਰੋਸ਼ਨੀ ਤੇ ਆਵਾਜ਼ ਨਾਟਕ, ਰੇਡੀਓ ਨਾਟਕ:**

**ਨਾਨਕ ਨਾਮ ਜਹਾਜ਼ ਹੈ** (ਚਿੱਤਰ ਨਾਟਕ ਸ਼ੈਲੀ)

ਇਹ ਨਾਟਕ ਇਕ ਫ਼ਿਲਮ ਵਜੋਂ ਰਿਲੀਜ਼ ਹੋਇਆ ਹੈ ਜੋ ਕਹਾਣੀਕਾਰ ਬੇਕਲ ਦੁਆਰਾ ਲਿਖਿਆ ਗਿਆ ਹੈ ਜਿਸ ਨੂੰ ਸਿੱਖ ਧਰਮ, ਪੰਜਾਬ ਤੇ ਪੰਜਾਬੀਅਤ ਨਾਲ ਵਿਸ਼ੇਸ਼ ਪਿਆਰ ਤੇ ਰੁਚੀ ਹੈ। ਇਸ ਫ਼ਿਲਮੀ ਨਾਟਕ ਦੀ ਵਿਸ਼ੇਸ਼ਤਾ ਇਹ ਹੈ ਕਿ ਭਾਵੇਂ ਸ੍ਰੀ ਗੁਰੂ ਨਾਨਕ ਦੇਵ ਨਾਲ ਸੰਬੰਧਿਤ ਕਿਸੇ ਸਾਖੀ ਜਾਂ ਘਟਨਾ ਨੂੰ ਇਸ ਵਿਚ ਨਹੀਂ ਲਿਆ ਗਿਆ ਪਰ ਇਕ ਮੱਧ ਸ਼੍ਰੇਣੀ ਪਰਿਵਾਰ ਦਾ ਗੁਰਮੁੱਖ ਪਾਤਰ ਸ੍ਰੀ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਤੇ ਸਿਧਾਂਤਾਂ ਉੱਪਰ ਪੱਕਾ ਪਹਿਰਾ ਦੇਣ ਵਾਲਾ ਹੈ। ਇਸ ਨੂੰ ਅਸੀਂ ਧਾਰਮਿਕ ਫ਼ਿਲਮੀ ਨਾਟਕਾਂ ਵਿਚ ਸ਼ਾਮਲ ਕਰ ਸਕਦੇ ਹਾਂ।

ਇਸੇ ਕੜੀ ਵਿਚ 'ਜਗੁ ਚਾਨਣ ਹੋਆ' (ਆਵਾਜ਼ ਤੇ ਰੋਸ਼ਨੀ ਸ਼ੈਲੀ) ਨਾਟਕ ਵੀ ਸ੍ਰੀ ਗੁਰੂ ਨਾਨਕ ਦੇਵ ਦੀ ਪੰਜਵੀਂ ਜਨਮ ਸ਼ਤਾਬਦੀ ਨਾਲ ਸੰਬੰਧਿਤ ਨਾਟਕਕਾਰ ਬਲਵੰਤ ਗਾਰਗੀ ਦੁਆਰਾ ਲਿਖਿਆ ਗਿਆ ਹੈ, ਜਿਸ ਵਿਚ ਕਥਾ ਵਿਉਂਤ ਬਲਵੰਤ ਗਾਰਗੀ ਦੀ ਹੈ ਗੀਤ ਸ਼ਿਵ ਕੁਮਾਰ ਦੇ ਲਿਖੇ ਤੇ ਸੰਗੀਤ ਸਤੀਸ਼ ਭਾਟੀਆ ਦਾ ਹੈ।

**ਅੰਤ ਨਾ ਸਿਫ਼ਤੀ ਕਹਿਣ ਨਾ ਅੰਤ (ਰੇਡੀਓ ਨਾਟਕ ਸ਼ੈਲੀ)**

ਇਹ ਰੇਡੀਓ ਨਾਟਕ ਸ਼ੈਲੀ ਅਧੀਨ ਸ੍ਰੀ ਗੁਰੂ ਨਾਨਕ ਦੇਵ ਦੇ ਜੀਵਨ ਨਾਲ ਸੰਬੰਧਿਤ ਨਾਟਕ ਗੁਰਦਿਆਲ ਸਿੰਘ ਫੁੱਲ ਦੁਆਰਾ ਲਿਖਿਆ ਹੋਇਆ ਹੈ।ਇਸ ਨਾਟਕ ਵਿਚ ਨਾਟਕਕਾਰ ਨੇ ਬ੍ਰਹਮ ਦੇ ਸਰੂਪ ਦੀ ਚਰਚਾ ਕੀਤੀ

ਹੈ। ਇਸੇ ਨਾਟਕਕਾਰ ਦਾ ਦੂਸਰਾ ਨਾਟਕ ਰੇਡੀਓ ਨਾਟਕ ਸ਼ੈਲੀ ਅਧੀਨ 'ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ' ਹੈ। ਇਸ ਦਾ ਵਿਸ਼ਾ ਗੁਰੂ ਨਾਨਕ ਬਾਣੀ ਰਾਹੀਂ ਨਾਮ ਦੀ ਵਿਆਖਿਆ ਕੀਤੀ ਗਈ ਹੈ। ਇਸ ਤੋਂ ਇਲਾਵਾ ਗੁਰਦਿਆਲ ਸਿੰਘ ਫੁੱਲ ਦੁਆਰਾ ਰਚਿਤ ਇਕ ਸੰਗੀਤ ਰੂਪਕ ਸੱਚ ਸਮਾਲੀਐ' ਵੀ ਹੈ।

ਡਾ. ਹਰਿਭਜਨ ਸਿੰਘ ਦੁਆਰਾ ਲਿਖਿਆ ਰੇਡੀਓ ਰੂਪਕ 'ਸੰਤ ਗੁਰੂ ਨਾਨਕ' ਹੈ ਜੋ ਸ੍ਰੀ ਗੁਰੂ ਨਾਨਕ ਦੇਵ ਦੀ ਸਰਬਪੱਖੀ ਸ਼ਖ਼ਸੀਅਤ ਨੂੰ ਉਘਾੜਨ ਦਾ ਇਕ ਸੁਹਿਰਦ ਯਤਨ ਹੈ ਜਿਸ ਨੂੰ ਆਲ ਇੰਡੀਆ ਰੇਡੀਓ ਦੇ ਅਧਿਕਾਰੀਆਂ ਦੁਆਰਾ ਕਹਿਣ ਤੇ ਵਿਸ਼ੇਸ਼ ਤੌਰ ਤੇ ਲਿਖਿਆ ਗਿਆ ਹੈ।

ਇਨ੍ਹਾਂ ਨਾਟਕਕਾਰਾਂ ਤੋਂ ਇਲਾਵਾ ਹੋਰ ਵੀ ਪੰਜਾਬੀ ਦੇ ਕਈ ਨਾਟਕਕਾਰ ਹਨ ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਦੇ ਜੀਵਨ ਨਾਲ ਸੰਬੰਧਿਤ ਇੱਕਾ-ਦੁੱਕਾ ਨਾਟਕ ਲਿਖ ਕੇ ਪੰਜਾਬੀ ਇਤਿਹਾਸਕ ਨਾਟਕਾਂ ਦੀ ਝੋਲੀ ਭਰੀ ਹੈ। ਜਿਵੇਂ: ਇਸੇ ਪ੍ਰਕਾਰ ਨਾਟਕ 'ਪਤਿਤ ਪਾਵਨ' ਨਾਟਕਕਾਰ ਐਸ.ਐਸ.ਅਮੋਲ ਦਾ ਲਿਖਿਆ ਹੋਇਆ ਹੈ ਜੋ ਮੁਗਲ ਰਾਜਕਾਲ ਵਿਚ ਰਾਜਸੀ ਅੱਤਿਆਚਾਰ 'ਤੇ ਜ਼ੁਲਮ ਦੇ ਖਿਲਾਫ ਸ੍ਰੀ ਗੁਰੂ ਨਾਨਕ ਦੇਵ ਦੀ ਪਵਿੱਤਰ ਆਤਮਾ ਦੇ ਅਵਤਾਰ ਧਾਰਨ ਦੀ ਘਟਨਾ ਨੂੰ ਬਿਆਨ ਕਰਦਾ ਹੈ।

ਪਾਂਧੀ ਨਨਕਾਣਵੀ ਦੁਆਰਾ ਲਿਖਿਆ ਗਿਆ ਧਾਰਮਿਕ ਇਤਿਹਾਸਕ ਇਕਾਂਗੀ ਨਾਟਕ ਇਹ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਦੇ ਜੀਵਨ ਨਾਲ ਸੰਬੰਧਿਤ ਹੈ। ਇਹ ਸ੍ਰੀ ਗੁਰੂ ਨਾਨਕ ਦੇਵ ਦੇ ਵਿਛੋੜੇ ਵਿਚ ਤੜਫਦੀ ਇਕ ਆਤਮਾ ਦੀ ਕਹਾਣੀ ਨੂੰ ਦਰਸਾਉਂਦਾ ਨਾਟਕ ਹੈ। ਗੁਰਦੇਵ ਸਿੰਘ ਮਾਨ ਦੁਆਰਾ ਲਿਖਿਆ ਨਾਟਕ 'ਸਤਿਗੁਰੂ ਨਾਨਕ ਪ੍ਰਗਟਿਆ' (1969) ਸ੍ਰੀ ਗੁਰੂ

ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਨਾਲ ਸੰਬੰਧ ਰੱਖਦਾ ਹੈ। ਇਸ ਨਾਟਕ ਵਿਚ ਨਾਟਕਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਦੇ ਜੀਵਨ ਨਾਲ ਸੰਬੰਧਿਤ ਹਰ ਘਟਨਾ ਨੂੰ ਚਿਤਰਨ ਦੀ ਕੋਸ਼ਿਸ਼ ਕੀਤੀ ਹੈ ਜਿਸ ਕਾਰਨ ਇਹ ਨਾਟਕ ਘਟਨਾਵਾਂ ਦਾ ਸਮੂਹ ਬਣ ਕੇ ਰਹਿ ਗਿਆ ਹੈ।

### *2) ਸ੍ਰੀ ਗੁਰੂ ਅਰਜਨ ਦੇਵ ਨਾਲ ਸੰਬੰਧਿਤ ਨਾਟਕ*

**ਤਾਤੀ ਵਾਓ ਨਾ ਲਗਈ** (1973)

ਇਹ ਨਾਟਕ ਸ੍ਰੀ ਗੁਰੂ ਅਰਜਨ ਦੇਵ ਦੀ ਸ਼ਹੀਦੀ ਨਾਲ ਸੰਬੰਧਿਤ ਹੈ ਜਿਹੜਾ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਅਰਪਿਤ ਕਰਨ ਲਈ ਨਾਟਕਕਾਰ ਗੁਰਦਿਆਲ ਸਿੰਘ ਫੁੱਲ ਨੇ ਲਿਖਿਆ ਹੈ। ਇਸ ਨਾਟਕ ਵਿਚ ਨਾਟਕਕਾਰ ਨੇ ਨਾਟ-ਵਸਤੂ ਦੀ ਉਸਾਰੀ ਹਿਤ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਤਿੰਨ ਪ੍ਰਮੁੱਖ ਘਟਨਾਵਾਂ ਨੂੰ ਲਿਆ ਹੈ ਜਿਨ੍ਹਾਂ ਦੇ ਆਧਾਰ ਤੇ ਕਥਾਨਕ ਉਸਾਰਿਆ ਗਿਆ ਹੈ। ਪਹਿਲੀ ਘਟਨਾ ਪ੍ਰਿਥੀ ਚੰਦ ਦਾ ਗੁਰੂ ਪ੍ਰਤੀ ਵੈਰ ਵਿਰੋਧ ਹੈ ਜੋ ਗੱਦੀ ਪ੍ਰਾਪਤ ਕਰਨ ਲਈ ਤਰਲੋਮੱਛੀ ਹੋਇਆ ਪਿਆ ਸੀ। ਦੂਜੀ ਘਟਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਕੁਝ ਭਗਤ ਕਵੀਆਂ ਦੀ ਨਿਰਾਸ਼ਤਾ ਤੇ ਤੀਜੀ ਗੁਰੂ ਅਰਜਨ ਦੇਵ ਦੀ ਸ਼ਹੀਦੀ ਨਾਲ ਪੈਦਾ ਹੋਇਆ ਦੁਖਾਂਤ ਹੈ। ਇਸ ਨਾਟਕ ਦਾ ਕਾਰਜ ਖੇਤਰ 17 ਅਕਤੂਬਰ 1605 ਜਹਾਂਗੀਰ ਦੁਆਰਾ ਗੱਦੀ ਪ੍ਰਾਪਤ ਕਰਨ ਤੋਂ ਲੈ ਕੇ 30 ਮਈ 1606 ਈ. ਤਕ ਫੈਲਿਆ ਹੋਇਆ ਹੈ। ਇਹ ਨਾਟਕ ਤਿੰਨ ਅੰਕਾਂ ਵਿਚ ਵੰਡਿਆ ਗਿਆ ਹੈ ਜੋ ਰੰਗਮੰਚ ਦੇ ਅਨੁਕੂਲ ਹੋਣ ਕਾਰਨ ਬੜੀ ਸਫ਼ਲਤਾ ਪੂਰਵਕ ਖੇਡਿਆ ਜਾ ਚੁੱਕਾ ਹੈ।

## ਤੱਤੀ ਤਵੀ ਦਾ ਸੱਚ (2006)

ਨਾਟਕ 'ਤੱਤੀ ਤਵੀ ਦਾ ਸੱਚ' ਨਾਟਕਕਾਰ ਆਤਮਜੀਤ ਦੁਆਰਾ ਸ੍ਰੀ ਗੁਰੂ ਅਰਜਨ ਦੇਵ ਦੀ ਚੌਥੀ ਸ਼ਹੀਦੀ ਸ਼ਤਾਬਦੀ ਸਮੇਂ ਸ਼ਰਧਾਂਜਲੀ ਅਰਪਿਤ ਕਰਨ ਲਈ ਲਿਖਿਆ ਗਿਆ ਹੈ। ਇਸ ਨਾਟਕ ਵਿਚ ਨਾਟਕਕਾਰ ਨੇ ਉਹ ਇਤਿਹਾਸਕ ਤੱਥ ਸਾਡੇ ਸਾਹਮਣੇ ਪੇਸ਼ ਕੀਤੇ ਹਨ ਜੋ ਸ੍ਰੀ ਗੁਰੂ ਅਰਜਨ ਦੇਵ ਦੀ ਸ਼ਹੀਦੀ ਦਾ ਕਾਰਨ ਬਣੇ ਸਨ। ਉਨ੍ਹਾਂ ਨੇ ਇਸ ਨਾਟਕ ਵਿਚ ਗੁਰੂ ਦੀ ਸ਼ਹੀਦੀ ਦਾ ਸਭ ਤੋਂ ਵੱਡਾ ਕਾਰਨ ਮੁਜੱਦਿਦ ਨੂੰ ਦੱਸਿਆ ਹੈ ਜੋ ਸੂਫ਼ੀਆਂ ਦੇ ਨਕਸ਼ਬੰਦੀ ਸਿਲਸਿਲੇ ਨਾਲ ਸੰਬੰਧਿਤ ਸੀ 'ਤੇ ਉਸ ਵਿਚ ਇਸਲਾਮੀ ਕੱਟੜਤਾ ਕੁੱਟ ਕੁੱਟ ਕੇ ਭਰੀ ਹੋਈ ਸੀ।

ਨਾਟਕਕਾਰ ਇਹ ਵੀ ਦੱਸਦਾ ਹੈ ਕਿ ਜਹਾਂਗੀਰ ਆਪਣੇ ਦਿਮਾਗ ਅਨੁਸਾਰ ਨਹੀਂ ਚੱਲਦਾ ਸੀ। ਅਕਬਰ ਦੀ ਮੌਤ ਤੋਂ ਬਾਅਦ ਜਹਾਂਗੀਰ ਨੂੰ ਰਾਜਗੱਦੀ ਪ੍ਰਾਪਤੀ ਦੇ ਦਾਅ ਪੇਚ ਦੱਸਣ ਵਾਲੇ ਮੁਜੱਦਿਦ, ਉਸ ਦਾ ਉਸਤਾਦ ਬਾਕੀ ਬਿੱਲਾ ਤੇ ਅਕਬਰ ਦਾ ਸਿਪਾਹਸਲਾਰ ਫ਼ਰੀਦ ਬੁਖ਼ਾਰੀ ਸਨ।

ਜਹਾਂਗੀਰ ਤੋਂ ਗੱਦੀ ਤੇ ਬੈਠਣ ਤੋਂ ਪਹਿਲਾਂ ਇਹ ਵਚਨ ਲੈ ਲਿਆ ਜਾਂਦਾ ਹੈ ਕਿ ਗੱਦੀ ਤੇ ਬੈਠਣ ਤੋਂ ਬਾਅਦ ਉਸ ਨੂੰ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦਾ ਵਿਨਾਸ਼ ਕਰਨਾ ਹੋਵੇਗਾ। ਜਹਾਂਗੀਰ ਖੁਦ 'ਤੁਜ਼ਕੇ ਜਹਾਂਗੀਰੀ' ਵਿਚ ਲਿਖਦਾ ਹੈ ਜੋ ਨਾਟਕ ਦੇ ਸ਼ੁਰੂ ਹੋਣ ਤੇ ਇਕ ਆਵਾਜ਼ ਰਾਹੀਂ ਨਾਟਕਕਾਰ ਨੇ ਪਿੱਠਭੂਮੀ ਰਾਹੀਂ ਪੇਸ਼ ਕੀਤਾ ਹੈ:

ਆਵਾਜ਼: ਪੀਰਾਂ ਫ਼ਕੀਰਾਂ ਦੇ ਭੇਸ ਵਿਚ ਅਰਜਨ ਨੇ ਬਹੁਤ ਸਾਰੇ ਭੋਲੇ-ਭਾਲੇ ਹਿੰਦੂਆਂ ਤੇ ਕਈ ਬੇਸਮਝ ਮੂਰਖ ਮੁਸਲਮਾਨਾਂ ਨੂੰ ਆਪਣੇ ਸਿਦਕੀ ਬਣਾਇਆ ਹੋਇਆ ਸੀ। ਉਸ ਨੇ ਆਪਣੀ ਪੀਰੀ ਦਾ ਉੱਚਾ ਢੋਲ

ਵਜਾਇਆ। ਆਸ ਪਾਸ ਦੇ ਮੂਰਖ ਲੋਕ ਉਸ ਨੂੰ ਗੁਰੂ ਆਖਦੇ ਤੇ ਉਹਦੇ ਦੁਆਲੇ ਆ ਜੁੜਦੇ। ਮੁੱਦਤਾਂ ਤੋਂ ਮੇਰੇ ਦਿਲ ਵਿਚ ਖਿਆਲ ਆਉਂਦਾ ਸੀ ਕਿ ਜਾਂ ਤਾ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਾਂ ਤੇ ਜਾਂ ਉਹਨੂੰ ਮੋਮਨ ਬਣਾਵਾਂ।[17]

ਇਹ ਨਾਟਕ ਪੱਚੀ (25) ਦ੍ਰਿਸ਼ਾਂ ਵਿੱਚ ਵੰਡਿਆ ਹੋਇਆ ਹੈ। ਇਸ ਦੇ ਪਹਿਲੇ ਦ੍ਰਿਸ਼ ਵਿਚ ਸ੍ਰੀ ਗੁਰੂ ਅਰਜਨ ਦੇਵ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਇਸ ਤੋਂ ਸਿਰਫ਼ ਛੇ ਦਿਨ ਬਾਅਦ 'ਤੁਜ਼ਕੇ ਜਹਾਂਗੀਰੀ' ਵਿਚ ਜਹਾਂਗੀਰ ਦੁਆਰਾ ਗੁਰੂ ਦੀ ਸ਼ਹੀਦੀ ਦਾ ਖੁਲਾਸਾ ਕੀਤਾ ਗਿਆ ਹੈ। ਦੂਜੇ ਦ੍ਰਿਸ਼ ਵਿਚ ਪਾਤਰ ਕਮਲਾ ਤੇ ਸਿਆਣਾ ਦੁਆਰਾ ਜਹਾਂਗੀਰ ਦੀ ਮੂਰਖਤਾ ਨੂੰ ਬਿਆਨ ਕੀਤਾ ਗਿਆ ਹੈ। ਤੀਜੇ ਦ੍ਰਿਸ਼ ਵਿਚ ਗੁਰੂ ਘਰ ਦਾ ਕੀਰਤਨ ਸੁਣਾਈ ਦਿੰਦਾ ਹੈ। ਚੌਥੇ ਦ੍ਰਿਸ਼ ਵਿਚ ਗੁਰਗੱਦੀ ਤੇ ਸੰਪਤੀ ਨੂੰ ਹਾਸਲ ਕਰਨ ਲਈ ਪ੍ਰਿਥੀਆ ਤੇ ਉਸ ਦੀ ਪਤਨੀ ਦੀ ਵਾਰਤਾਲਾਪ ਦਿਖਾਈ ਗਈ ਹੈ। ਪੰਜਵੇਂ ਦ੍ਰਿਸ਼ ਵਿਚ ਰਾਗੀਆਂ ਦਾ ਜਥਾ ਪਰਮਾਤਮਾ ਦੀ ਉਸਤਤ ਕਰਦਾ ਦਿਖਾਇਆ ਹੈ।

ਛੇਵੇਂ ਦ੍ਰਿਸ਼ ਵਿਚ ਪ੍ਰਿਥੀਏ ਤੇ ਉਸ ਦੀ ਪਤਨੀ ਕਰਮੋ ਦੁਆਰਾ ਮਸੰਦਾਂ ਨੂੰ ਆਪਣੇ ਵੱਲ ਕਰਨ ਲਈ ਅਸਫ਼ਲ ਯਤਨ ਕੀਤੇ ਜਾ ਰਹੇ ਹਨ ਜਿਸ ਤੇ ਕੁੱਝ ਮਨਮੁਖਾਂ ਨੂੰ ਵਰਗਲਾ ਵੀ ਲਿਆ ਗਿਆ ਹੈ। ਸੱਤਵੇਂ ਦ੍ਰਿਸ਼ ਵਿਚ ਕਮਲਾ ਤੇ ਸਿਆਣਾ ਪ੍ਰਿਥੀਏ ਤੇ ਜਹਾਂਗੀਰ ਦੀਆਂ ਕਰਤੂਤਾਂ ਦਸਦੇ ਹਨ ਤੇ ਬਾਲ ਗੁਰੂ ਹਰਗੋਬਿੰਦ ਦਾ ਜਨਮ ਹੋਣ ਤੇ ਦਾਈ ਦੁਆਰਾ ਗੁਰੂ ਨੂੰ ਜ਼ਹਿਰ ਦੇਣ ਦੀ ਅਸਫ਼ਲ ਕੋਸ਼ਿਸ਼ ਬਾਰੇ ਦੱਸਿਆ ਹੈ। ਅੱਠਵੇਂ ਦ੍ਰਿਸ਼ ਵਿਚ ਗੁਰੂ ਘਰ ਦੇ ਸੇਵਕਾਂ ਨੇ ਦਾਈ ਨੂੰ ਰੰਗੇ ਹੱਥੀਂ ਪਕੜ ਲਿਆ ਹੈ। ਉਹ ਇਸ ਕਾਰੇ ਬਾਰੇ ਉਸ ਨੂੰ ਪੁਛਦੇ ਹਨ ਤੇ ਦਾਈ ਨੂੰ ਜ਼ਹਿਰ ਚੜ੍ਹਨ ਤੇ ਉਸ ਦੀ ਮੌਤ

ਹੁੰਦੀ ਦਿਖਾਈ ਗਈ ਹੈ। ਨੌਵੇਂ ਦ੍ਰਿਸ਼ ਵਿਚ ਇਕ ਕੋਰਸ ਗੀਤ ਗੁਰੂ ਜੀ ਦੀ ਸ਼ਖ਼ਸੀਅਤ ਨੂੰ ਬਿਆਨ ਕਰਦਾ ਹੋਇਆ ਗਾਇਆ ਗਿਆ ਹੈ। ਦਸਵੇਂ ਦ੍ਰਿਸ਼ ਵਿਚ ਚੰਦੂ ਤੇ ਪ੍ਰਿਥੀਏ ਦੁਆਰਾ ਅਕਬਰ ਬਾਦਸ਼ਾਹ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸਲਾਮ ਧਰਮ ਸੰਬੰਧੀ ਕੁਫ਼ਰ ਰਚਨ ਦੀ ਝੂਠੀ ਸ਼ਕਾਇਤ ਕੀਤੀ ਗਈ ਹੈ।

ਨਾਟਕ ਦੇ ਕਥਾਨਕ ਦੀ ਉਸਾਰੀ ਕਰਦਿਆਂ ਨਾਟਕੀ ਕਾਰਜ ਨੂੰ ਤੋਰਨ ਹਿਤ ਗਿਆਰ੍ਹਵੇਂ ਦ੍ਰਿਸ਼ ਵਿਚ ਕਮਲੇ ਤੇ ਸਿਆਣੇ ਪਾਤਰਾਂ ਦੁਆਰਾ ਜਹਾਂਗੀਰ ਨੂੰ ਸਮਝਣ ਤੋਂ ਪਹਿਲਾਂ ਉਸ ਦੇ ਪਿਉ ਅਕਬਰ ਵੱਲ ਇਸ਼ਾਰਾ ਕੀਤਾ ਜਾਂਦਾ ਹੈ। ਬਾਹਰਵੇਂ ਦ੍ਰਿਸ਼ ਵਿਚ ਅਕਬਰ ਦੁਆਰਾ ਕਾਤਬ ਕੋਲੋਂ ਭਾਈ ਗੁਰਦਾਸ ਦੀਆਂ ਵਾਰਾਂ ਸੁਣਨ ਤੇ ਉਹ ਵਿਸਮਾਦ ਵਿਚ ਆ ਜਾਂਦਾ ਹੈ ਤੇ ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਦੀ ਸਿਫ਼ਤ ਕਰਦਾ ਹੈ। ਉਹ ਉਨ੍ਹਾਂ ਦੇ ਗੁਰੂ ਅਰਜਨ ਵਾਸਤੇ ਵੀ ਖਿੱਲਤਾਂ ਭੇਜਦਾ ਹੈ ਅਤੇ ਪੈਗ਼ਾਮ ਭੇਜਦਾ ਹੈ ਕਿ ਇਹ ਮੁਰੀਦ ਵੀ ਤੁਹਾਡੇ ਦੀਦਾਰ ਲਈ ਆ ਰਿਹਾ ਹੈ। ਤੇਹਰਵੇਂ ਦ੍ਰਿਸ਼ ਵਿਚ ਸਿਆਣਾ ਤੇ ਕਮਲਾ ਆਪਸੀ ਗੱਲਾਂ ਰਾਹੀਂ ਜਹਾਂਗੀਰ ਦੀ ਪੋਲ ਖੋਲ੍ਹਦੇ ਹੋਏ ਉਸ ਨੂੰ ਝੂਠਾ ਸਾਬਤ ਕਰਦੇ ਹਨ। ਇਸੇ ਤਰ੍ਹਾਂ ਚੌਦਵੇ ਦ੍ਰਿਸ਼ ਵਿਚ ਮੁਜੱਦਿਦ ਦੁਆਰਾ ਜਹਾਂਗੀਰ ਨੂੰ ਗੱਦੀ ਦਿਵਾਉਣ ਬਦਲੇ ਉਸ ਰਾਹੀਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਖ਼ਤਮ ਕਰਨ ਦੇ ਮਨਸੂਬੇ ਘੜੇ ਗਏ । ਪੰਦਰਵੇਂ ਦ੍ਰਿਸ਼ ਵਿਚ ਕਮਲਾ ਤੇ ਸਿਆਣਾ ਵਕਤ ਦੀ ਸਿਆਸਤ ਵੱਲ ਇਸ਼ਾਰਾ ਕਰਦੇ ਹਨ ਕਿ ਚੰਦੂ ਤੇ ਪ੍ਰਿਥੀਏ ਨੂੰ ਇਸ ਵਿਚ ਹਥਿਆਰ ਵਜੋਂ ਵਰਤਿਆ ਗਿਆ ਸੀ।

ਸੋਲ੍ਹਵੇਂ ਦ੍ਰਿਸ਼ ਵਿਚ ਮਸੰਦਾਂ ਦੀ ਆਪਸੀ ਗੱਲਬਾਤ ਰਾਹੀਂ ਪਤਾ ਲੱਗਦਾ ਹੈ ਕਿ ਸੱਚੇ ਮਸੰਦ ਗੁਰੂ ਘਰ ਨਾਲ ਜੁੜੇ ਹੋਏ ਸਨ ਤੇ ਝੂਠੇ ਪ੍ਰਿਥੀਏ ਨਾਲ

ਸਨ। ਉਨ੍ਹਾਂ ਰਾਹੀਂ ਇਹ ਵੀ ਪਤਾ ਲੱਗਦਾ ਹੈ ਕਿ ਗੁਰੂ ਰਾਮਦਾਸ ਨੇ ਅਰਜਨ ਤੇ ਪ੍ਰਿਥੀਏ ਦੀ ਪਰਖ ਕੀਤੀ। ਪਰਖ ਦੌਰਾਨ ਪਤਾ ਲੱਗਦਾ ਹੈ ਕਿ ਪ੍ਰਿਥੀਆ ਤਾਂ ਦੁਨਿਆਵੀ ਹੈ ਜਿਸ ਨੂੰ ਧਨ ਦੌਲਤ ਨਾਲ ਪਿਆਰ ਹੈ ਤੇ ਅਰਜਨ ਮੱਲ ਪਿਤਾ ਦੀ ਆਗਿਆ ਵਿਚ ਰਹਿ ਕੇ ਪਿਤਾ ਦੁਆਰਾ ਲਾਹੌਰ ਵਿਚ ਗੁਰਮਤਿ ਦਾ ਪ੍ਰਚਾਰ ਕਰ ਰਿਹਾ ਸੀ ਤੇ ਪਿਤਾ ਵੱਲ ਚਿੱਠੀਆਂ ਭੇਜਦਾ ਹੈ ਜੋ ਪ੍ਰਿਥੀਆ ਨੱਪ ਲੈਂਦਾ ਹੈ। ਗੁਰੂ ਅਰਜਨ ਦੁਆਰਾ ਕਈ ਨਵੇਂ ਸ਼ਹਿਰ ਵਸਾਏ ਗਏ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਗਈ, ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਤੋਂ ਰਖਵਾਈ ਗਈ। ਸ੍ਰੀ ਗੁਰੂ ਨਾਨਕ ਦਾ ਪੰਥ ਬਹੁਤ ਫੈਲ ਰਿਹਾ ਹੈ ਇਸ ਨਾਟਕ ਵਿਚ ਦੱਸਿਆ ਹੈ। ਸਤਾਰ੍ਹਵੇਂ ਦ੍ਰਿਸ਼ ਵਿਚ ਕਮਲੇ ਤੇ ਸਿਆਣੇ ਦੀ ਵਾਰਤਾਲਾਪ ਤੋਂ ਸਿੱਧ ਹੁੰਦਾ ਹੈ ਕਿ ਚੰਦੂ ਨੀਤ ਦਾ ਤਾਂ ਬੁਰਾ ਸੀ ਪਰ ਗੁਰੂ ਦੀ ਸ਼ਹਾਦਤ ਪ੍ਰਤੀ ਬੁਰਾ ਨਹੀਂ ਸੀ ਕਿਉਂਕਿ ਉਹ ਇਤਨਾ ਵੱਡਾ ਫ਼ੈਸਲਾ ਨਹੀਂ ਲੈ ਸਕਦਾ ਸੀ। ਅਠਾਰ੍ਹਵਾਂ ਦ੍ਰਿਸ਼ ਚੰਦੂ ਤੇ ਉਸ ਦੀ ਪਤਨੀ ਦੀ ਆਪਸੀ ਵਾਰਤਾਲਾਪ ਬਾਰੇ ਹੈ ਜਿਸ ਵਿਚ ਉਸ ਦੀ ਪਤਨੀ ਕਹਿੰਦੀ ਹੈ ਕਿ ਤੈਨੂੰ ਗੁਰੂ ਸਾਹਿਬ ਤੋਂ ਖਿਮਾ ਮੰਗਣੀ ਚਾਹੀਦੀ ਹੈ। ਇਸ ਦੇ ਪ੍ਰਤੀਕਰਮ ਵਜੋਂ ਚੰਦੂ ਆਪਣੀ ਹੈਂਕੜ ਵਿਚ ਰਹਿੰਦਾ ਹੈ ਜਿਸ ਕਾਰਨ ਉਸ ਦੀ ਧੀ ਦਾ ਰਿਸ਼ਤਾ ਗੁਰੂ ਹਰਗੋਬਿੰਦ ਨਾਲ ਹੋਣ ਤੋਂ ਸੰਗਤ ਨੇ ਠੁਕਰਾ ਦਿੱਤਾ ਹੈ। ਉਨ੍ਹੀਵੇਂ ਦ੍ਰਿਸ਼ ਵਿਚ ਕੋਰਸ ਗੀਤ ਗੁਰੂ ਸਾਹਿਬ ਦੀ ਉਸਤਤ ਵਿਚ ਗਾਇਆ ਗਿਆ ਹੈ। ਵੀਹਵੇਂ ਦ੍ਰਿਸ਼ ਵਿਚ ਕਮਲੇ ਤੇ ਸਿਆਣੇ ਦੀ ਵਾਰਤਾਲਾਪ ਤੋਂ ਪਤਾ ਲੱਗਦਾ ਹੈ ਕਿ ਸ਼ਹਿਜ਼ਾਦੇ ਖੁਸਰੋ ਨੂੰ ਤੇ ਉਸ ਦੇ ਦੋ ਸਾਥੀਆਂ ਨੂੰ ਜਹਾਂਗੀਰ ਦੇ ਇਸ਼ਾਰੇ ਤੇ ਗ੍ਰਿਫ਼ਤਾਰ ਕਰਕੇ ਲਿਆਂਦਾ ਜਾਂਦਾ ਹੈ ਜੋ ਬਾਗ਼ੀ ਹੋ ਗਿਆ ਸੀ। ਇੱਕੀਵਾਂ ਦ੍ਰਿਸ਼

ਜਹਾਂਗੀਰ ਤੇ ਖੁਸਰੋ ਦੀ ਆਪਸੀ ਗੱਲਬਾਤ ਦਾ ਹੈ ਜਿਸ ਵਿਚ ਜਹਾਂਗੀਰ ਨੇ ਸ਼ਹਿਜ਼ਾਦੇ ਖੁਸਰੋ ਤੇ ਉਸ ਦੇ ਸਾਥੀਆਂ ਨੂੰ ਸਜ਼ਾ-ਏ-ਮੌਤ ਦੀ ਸਜ਼ਾ ਸੁਣਾ ਦਿੱਤੀ ਸੀ।

ਬਾਈਵਾਂ ਦ੍ਰਿਸ਼ ਕੋਰਸ ਗੀਤ ਦਾ ਹੈ ਜਿਸ ਵਿਚ ਗੁਰੂ ਅਰਜਨ ਦੀ ਮਹਿਮਾ ਗਾਈ ਗਈ ਹੈ। ਤੇਈਵੇਂ ਦ੍ਰਿਸ਼ ਵਿਚ ਮੀਰ ਮੁਰਤਜ਼ਾ ਤੇ ਮੁਜੱਦਿਦ ਜਹਾਂਗੀਰ ਨੂੰ ਸਲਾਹ ਦੇ ਰਹੇ ਹਨ ਕਿ ਉਹ ਅਰਜਨ ਮੱਲ ਨੂੰ ਬਹਾਨਾ ਬਣਾ ਕੇ ਖ਼ਤਮ ਕਰ ਦੇਵੇ। ਚੋਵ੍ਹੀਵੇਂ ਦ੍ਰਿਸ਼ ਵਿਚ ਨਾਟਕਕਾਰ ਨੇ ਸਿਆਣੇ ਤੇ ਕਮਲੇ ਦੀ ਵਾਰਤਾਲਾਪ ਰਾਹੀਂ ਇਹ ਦੱਸਿਆ ਹੈ ਕਿ ਅਮਨ ਤੇ ਭਾਈਚਾਰੇ ਦੇ ਮਸੀਹੇ ਗੁਰੂ ਅਰਜਨ ਦੇਵ ਨੂੰ ਬਿਨਾ ਕਿਸੇ ਕਸੂਰ ਦੇ ਸ਼ਹਾਦਤ ਦਾ ਹੁਕਮ ਦੇ ਦਿੱਤਾ ਗਿਆ ਸੀ। ਪੰਝੀਵੇਂ ਦ੍ਰਿਸ਼ ਵਿਚ ਰਾਗੀ ਜਥੇ ਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਿਮਾ ਗਾਈ ਗਈ ਹੈ। ਛੱਬੀਵੇਂ ਦ੍ਰਿਸ਼ ਵਿਚ ਸਾਈਂ ਮੀਆਂ ਮੀਰ ਜੋ ਸੂਫ਼ੀਆਂ ਦੇ ਕਾਦਰੀ ਸਿਲਸਿਲੇ ਨਾਲ ਸੰਬੰਧ ਰਖਦੇ ਹਨ, ਗੁਰੂ ਜੀ ਨੂੰ ਬਚਾਉਣ ਲਈ ਉਨ੍ਹਾਂ ਤੋਂ ਇਜ਼ਾਜ਼ਤ ਮੰਗਦੇ ਹਨ, ਪਰ ਗੁਰੂ ਜੀ ਰੱਬ ਦਾ ਭਾਣਾ ਮਿੱਠਾ ਕਰਕੇ ਮੰਨਦੇ ਹੋਏ ਸਾਈਂ ਮੀਆਂ ਮੀਰ ਨੂੰ ਕੁਝ ਵੀ ਕਰਨ ਤੋਂ ਰੋਕ ਦਿੰਦੇ ਹਨ ਤੇ ਅਖ਼ੀਰ ਤੇ ਅਮਨ, ਭਾਈਚਾਰੇ, ਅਸੂਲਪ੍ਰਸਤੀ ਅਤੇ ਕੁਰਬਾਨੀ ਦੇ ਲਾਜਵਾਬ ਗੁਰੂ ਅਰਜਨ ਅੱਗੇ ਸਜਦਾ ਕਰਦੇ ਹਨ, ਜਿਨ੍ਹਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਸਤਾਈਵੇਂ ਦ੍ਰਿਸ਼ ਵਿਚ ਗੁਰੂ ਅਰਜਨ ਦੇਵ ਦੀ ਮਹਾਨ ਸ਼ਹਾਦਤ ਪਿੱਛੋਂ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕਰਨ ਵਜੋਂ ਸਮੂਹ ਗੀਤ ਗਾਇਆ ਗਿਆ ਹੈ। ਇਹ ਨਾਟਕ ਇਤਿਹਾਸਕ ਘਟਨਾਵਾਂ ਨਾਲ ਭਰਪੂਰ ਹੋਣ ਕਾਰਨ ਅਤੇ ਰੰਗਮੰਚ ਦੀਆਂ ਸਾਰੀਆਂ ਜੁਗਤਾਂ ਸੰਪੰਨ ਹੋਣ ਕਾਰਨ ਇਕ ਸਫ਼ਲ ਨਾਟਕ ਕਿਹਾ ਜਾ ਸਕਦਾ ਹੈ।

## *3) ਸ੍ਰੀ ਗੁਰੂ ਤੇਗ ਬਹਾਦਰ ਨਾਲ ਸੰਬੰਧਿਤ ਨਾਟਕ*

### ਹਿੰਦ ਦੀ ਚਾਦਰ (1975)

ਸ੍ਰੀ ਗੁਰੂ ਤੇਗ ਬਹਾਦਰ ਦੀ ਤੀਜੀ ਜਨਮ ਸ਼ਤਾਬਦੀ ਨੂੰ ਸਮਰਪਿਤ ਇਹ ਨਾਟਕ ਹਰਚਰਨ ਸਿੰਘ ਦੁਆਰਾ ਲਿਖਿਆ ਗਿਆ ਹੈ ਜਿਹੜਾ ਗੁਰੂ ਜੀ ਨੂੰ ਸ਼ਰਧਾਂਜਲੀ ਅਰਪਿਤ ਕਰਨ ਲਈ ਲਿਖਿਆ ਤੇ ਖੇਡਿਆ ਗਿਆ। ਨਾਟ-ਵਸਤੂ ਪੱਖੋਂ ਇਸ ਵਿਚ ਨਾਟਕਕਾਰ ਨੇ ਸ੍ਰੀ ਗੁਰੂ ਤੇਗ ਬਹਾਦਰ ਦੀ ਲਾਸਾਨੀ ਸ਼ਹੀਦੀ ਅਤੇ ਉਸ ਦੇ ਪ੍ਰਤੀਕਰਮ ਨੂੰ ਨਾਟਕੀ ਰੂਪ ਦੇ ਕੇ ਦੇਸ਼ ਵਾਸੀਆਂ ਖਾਸ ਕਰਕੇ ਪੰਜਾਬੀਆਂ ਦੀ ਜ਼ਮੀਰ ਨੂੰ ਟੁੰਬਣ ਦੀ ਕੋਸ਼ਿਸ਼ ਕੀਤੀ ਹੈ। ਇਸ ਤੋਂ ਸਿਵਾ ਇਹ ਨਾਟਕ ਧਾਰਮਿਕ ਦ੍ਰਿਸ਼ਟੀ ਤੋਂ ਪੱਖਪਾਤ ਨਾ ਕਰਨ ਅਤੇ ਹਰੇਕ ਜੀਵ ਵਿਚੋਂ ਪਰਮਾਤਮਾ ਨੂੰ ਦੇਖਣ ਦੀ ਸਿੱਖਿਆ ਦਿੰਦਾ ਹੈ ਅਤੇ ਗੁਰੂ ਦੀ ਸ਼ਹੀਦੀ ਰਾਹੀਂ ਸਾਨੂੰ ਮਾਨਵਵਾਦੀ ਤੇ ਸਰਬੱਤ ਦਾ ਭਲਾ ਮੰਗਣ ਦਾ ਰਾਹ ਦਿਖਾਉਂਦਾ ਹੈ।

ਕਥਾਨਕ ਦੀ ਦ੍ਰਿਸ਼ਟੀ ਤੋਂ ਇਸ ਨਾਟਕ ਦੇ ਕੁੱਲ ਦੋ ਅੰਕ ਹਨ। ਪਹਿਲੇ ਅੰਕ ਨੂੰ ਛੇ ਝਾਕੀਆਂ ਅਤੇ ਦੂਜੇ ਨੂੰ ਦੋ ਝਾਕੀਆਂ ਵਿਚ ਵੰਡਿਆ ਗਿਆ ਹੈ। ਇਸ ਨਾਟਕ ਦੇ ਸ਼ੁਰੂ ਹੋਣ ਤੋਂ ਪਹਿਲਾਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ, ਜਿਵੇਂ ਭਾਈ ਦਿਆਲਾ, ਭਾਈ ਮਤੀ ਦਾਸ ਤੇ ਸਤੀ ਦਾਸ ਨੂੰ ਮੁਗ਼ਲਾਂ ਦੁਆਰਾ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਹੈ। ਆਰੰਭ ਵਿਚ ਹੀ ਢੰਡੋਰਚੀ ਵਾਪਰ ਚੁੱਕੀ ਅਤੇ ਵਾਪਰਨ ਵਾਲੀ ਅਣਹੋਣੀ ਬਾਰੇ ਦਰਸ਼ਕਾਂ ਨੂੰ ਜਾਣੂ ਕਰਾਉਂਦਾ ਹੈ। ਵਾਪਰਨ ਵਾਲੀ ਅਣਹੋਣੀ ਇਹ ਹੈ ਕਿ ਗੁਰੂ ਜੀ ਨੂੰ ਸ਼ਹੀਦ ਕਰਨ ਦੀਆਂ ਤਿਆਰੀਆਂ ਹੋ ਚੁੱਕੀਆਂ ਹਨ। ਇਸ ਤਰ੍ਹਾਂ ਨਾਟਕੀ ਕਥਾਨਕ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਤਨਾਉ ਦੀ ਸਥਿਤੀ

ਬਣੀ ਹੋਈ ਹੈ ਜੋ ਢੰਡੋਰਚੀ ਉਸ ਉਤਸੁਕਤਾ ਨੂੰ ਹੋਰ ਤਣਾਉਯੁਕਤ ਬਣਾ ਦਿੰਦਾ ਹੈ। ਇਸ ਤਰ੍ਹਾਂ ਪਹਿਲੇ ਭਾਗ ਵਿਚ ਹੀ ਗੁਰੂ ਜੀ ਦੇ ਹਮਦਰਦਾਂ ਦੁਆਰਾ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਅਤੇ ਮੁਗ਼ਲ ਹਕੂਮਤ ਦੁਆਰਾ ਕੀਤੇ ਜਾ ਰਹੇ ਜ਼ੁਲਮ ਦੇ ਤਨਾਉ ਨੂੰ ਉਭਾਰਿਆ ਹੈ।

ਇਸ ਨਾਟਕ ਦੇ ਪਹਿਲੇ ਅੰਕ ਦੀ ਪਹਿਲੀ ਝਾਕੀ ਵਿਚ ਗੁਰੂ ਜੀ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਦਰਸ਼ਕਾਂ ਵਿਚ ਉਤਸੁਕਤਾ ਵੱਧ ਜਾਂਦੀ ਹੈ।ਇਸ ਨਾਟਕ ਵਿਚ ਮੌਲਾਨਾ ਔਰੰਗਜ਼ੇਬ ਦੇ ਜਬਰ ਜ਼ੁਲਮ ਤੇ ਕੱਟੜ ਧਰਮੀ ਨੀਤੀਆਂ ਦਾ ਸਮਰਥਕ ਹੈ ਪਰ ਸੂਫ਼ੀ ਫ਼ਕੀਰ ਤੇ ਨੌਜਵਾਨ ਇਸ ਦੇ ਵਿਰੁੱਧ ਹਨ। ਇਸ ਝਾਕੀ ਦੀ ਵਾਰਤਾਲਾਪ ਤੀਖਣ ਹੋਣ ਕਾਰਨ ਕਾਰਜ ਦੀ ਘਾਟ ਹੈ। ਇਸ ਅੰਕ ਦੀ ਦੂਜੀ ਝਾਕੀ ਉਤਸੁਕਤਾ ਭਰਪੂਰ ਹੈ ਕਿਉਂਕਿ ਇਸ ਦਾ ਆਰੰਭ ਉਸ ਸਵੇਰ ਨੂੰ ਹੁੰਦਾ ਹੈ ਜਦੋਂ ਗੁਰੂ ਜੀ ਨੂੰ ਸ਼ਹੀਦ ਕੀਤਾ ਜਾਣਾ ਹੈ।ਇਸ ਵਿਚ ਗੁਰੂ ਦੀ ਸ਼ਹੀਦੀ ਦੇ ਕਾਰਨਾਂ, ਦੋ ਦਿਨ ਪਹਿਲਾਂ ਗੁਰੂ ਦੇ ਸਿੱਖਾਂ ਭਾਈ ਦਿਆਲਾ, ਮਤੀਦਾਸ ਤੇ ਸਤੀ ਦਾਸ ਦੀ ਸ਼ਹੀਦੀ ਕਾਰਨ ਲੋਕਾਂ ਉੱਪਰ ਪਏ ਪ੍ਰਭਾਵਾਂ ਤੇ ਕੋਤਵਾਲੀ ਦੇ ਦਰੋਗੇ ਦੀ ਗੁਰੂ ਪ੍ਰਤੀ ਸ਼ਰਧਾ ਦਾ ਪਤਾ ਲੱਗਦਾ ਹੈ। ਤੀਜੀ ਝਾਕੀ ਵੀ ਉਤਸੁਕਤਾ ਭਰਪੂਰ ਹੈ ਕਿਉਂਕਿ ਦਿੱਲੀ ਦੇ ਸਿੱਖਾਂ ਦੁਆਰਾ ਗੁਰੂ ਜੀ ਦੀ ਸ਼ਹੀਦੀ ਨੂੰ ਰੋਕਣ ਦੇ ਯਤਨਾਂ ਤੋਂ ਇਲਾਵਾ ਲੱਖੀ ਸ਼ਾਹ ਦੁਆਰਾ ਆਪਣੇ ਪੁੱਤਰਾਂ ਸਮੇਤ ਗੁਰੂ ਜੀ ਦੇ ਧੜ ਨੂੰ ਕਪਾਹ ਦੇ ਗੱਡੇ ਵਿਚ ਲੁਕਾ ਕੇ ਸੰਭਾਲਣ ਸੰਬੰਧੀ ਯੋਜਨਾ ਦਾ ਪਤਾ ਲੱਗਦਾ ਹੈ।

ਚੌਥੀ ਝਾਕੀ ਵਿਚ ਕਸ਼ਮੀਰੀ ਪੰਡਿਤਾਂ ਦੁਆਰਾ ਗੁਰੂ ਜੀ ਦੀ ਸ਼ਹੀਦੀ ਨੂੰ ਰੋਕਣ ਦਾ ਯਤਨ ਕੀਤਾ ਗਿਆ ਹੈ। ਪੰਜਵੀਂ ਵਿਚ ਲੱਖੀ ਸ਼ਾਹ ਦੇ ਪੁੱਤਰਾਂ ਦੁਆਰਾ ਗੁਰੂ ਜੀ ਲਈ ਮਰਨ-ਮਾਰਨ ਲਈ ਤਿਆਰ ਹੋ ਕੇ ਖੜਨਾ

ਆਦਿ ਘਟਨਾਵਾਂ ਹਨ। ਇਸ ਅੰਕ ਦੀ ਛੇਵੀਂ ਝਾਕੀ ਵਿਚ ਗੁਰੂ ਜੀ ਨੂੰ ਸ਼ਹੀਦ ਕੀਤੇ ਜਾਣ ਦੀ ਘਟਨਾ ਹੈ ਜਿਸ ਵਿਚ ਪਗਲੀ ਤੇ ਸੂਫ਼ੀ ਫ਼ਕੀਰ ਬਦ-ਦੁਆਵਾਂ ਦੇ ਕੇ ਦਰਸ਼ਕਾਂ ਵਿਚ ਉਤਸੁਕਤਾ ਪੈਦਾ ਕਰਦੇ ਹਨ। ਜਦ ਗੁਰੂ ਜੀ ਨੂੰ ਪਿੰਜਰੇ ਤੋਂ ਬਾਹਰ ਲਿਆਂਦਾ ਜਾਂਦਾ ਹੈ ਤੇ ਜੱਲਾਦ ਦੁਆਰਾ ਤਲਵਾਰ ਸੂਤੀ ਜਾਂਦੀ ਹੈ ਤਾਂ ਇਸ ਵਿਚ ਨਾਟਕੀ ਕਾਰਜ ਮਘਦਾ ਹੈ।

ਇਸ ਨਾਟਕ ਦੇ ਦੂਜੇ ਅੰਕ ਦੇ ਆਰੰਭ ਹੋਣ ਤੋਂ ਪਹਿਲਾਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ। ਜਿਵੇਂ ਸ੍ਰੀ ਗੁਰੂ ਤੇਗ ਬਹਾਦਰ ਨੂੰ ਕਤਲ ਕੀਤਾ ਜਾ ਚੁੱਕਾ ਹੈ, ਗੁਰੂ ਦਾ ਸਿਰ ਤੇ ਧੜ ਦੋਵੇਂ ਗਾਇਬ ਹੋ ਗਏ ਹਨ ਆਦਿ। ਇਸ ਸਭ ਕੁਝ ਦੇ ਵਾਪਰਨ ਤੇ ਮੁਗ਼ਲ ਰਾਜ ਦੇ ਕਾਰਿੰਦੇ ਕਾਜ਼ੀ ਬੋਹਰਾ ਤੇ ਕੋਤਵਾਲ ਬਹੁਤ ਪਰੇਸ਼ਾਨ ਹਨ। ਸਿੱਖ ਧਰਮ ਅਨੁਸਾਰ ਗੁਰੂ ਨੂੰ ਸਾਕਾਰ ਰੂਪ ਵਿਚ ਮੰਚ ਤੇ ਨਹੀਂ ਦਿਖਾਇਆ ਜਾ ਸਕਦਾ। ਇਸ ਲਈ ਉਨ੍ਹਾਂ ਦੀ ਸ਼ਹਾਦਤ ਨੂੰ ਮੰਚਿਤ ਨਹੀਂ ਕੀਤਾ ਜਾ ਸਕਦਾ। ਇਸ ਲਈ ਸਾਰਾ ਕਾਰਜ ਪਿੱਠਭੂਮੀ ਰਾਹੀਂ ਵਾਪਰਦਾ ਹੈ। ਗੁਰੂ ਦਾ ਸਿਰ ਤੇ ਧੜ ਗਾਇਬ ਹੋਣ ਉਤੇ ਤਫ਼ਤੀਸ਼ ਕਰਨ ਲਈ ਕਾਜ਼ੀ ਕਚਹਿਰੀ ਲਗਾਉਂਦਾ ਹੈ ਜਿਸ ਵਿਚ ਸੂਫ਼ੀ, ਪਗਲੀ, ਭਾਈ ਜੈਤਾ, ਇਕ ਔਰਤ, ਲੱਖੀ ਸ਼ਾਹ ਅਤੇ ਇਕ ਸਿੱਖ ਲੜਕੇ ਵੱਲੋਂ ਕਾਜ਼ੀ ਨੂੰ ਦਿੱਤੇ ਜਾਂਦੇ ਜੁਆਬਾਂ ਰਾਹੀਂ ਨਾਟਕਕਾਰ ਲੋਕ ਚੇਤਨਾ ਅਤੇ ਨਿਡਰਤਾ ਦਾ ਨਾਟਕੀ ਬਿੰਬ ਸਿਰਜਦਾ ਹੈ ਜਿਹੜੀ ਗੁਰੂ ਦੀ ਸ਼ਹਾਦਤ ਤੋਂ ਬਾਅਦ ਆਈ ਤੇ ਇਸ ਤੋਂ ਬਾਅਦ ਮੁਗ਼ਲ ਰਾਜ ਦੀਆਂ ਜੜ੍ਹਾਂ ਹਿੱਲ ਜਾਣ ਦੀ ਸਥਿਤੀ ਨੂੰ ਨਾਟਕਕਾਰ ਲੱਖੀ ਸ਼ਾਹ ਦੇ ਬੋਲਾਂ ਰਾਹੀਂ ਇੰਜ ਚਿਤਰਦਾ ਹੈ:

ਲੱਖੀ: (ਬਕਤਰ ਪੋਸ਼ਾਂ ਹੱਥੋਂ ਮੂੰਹ ਮੋੜ ਕੇ) ਕਾਜ਼ੀ ਬੋਹਰਾ ! ਕੰਨ ਖੋਲ੍ਹ ਕੇ ਸੁਣ ਲੈ ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਨਾਲ ਨਵੇਂ ਜੁਗ ਦਾ ਆਰੰਭ ਹੋਇਆ ਹੈ। ਵਿਚਾਰ ਤੇ ਵਿਸ਼ਵਾਸ ਦੀ ਆਜ਼ਾਦੀ ਅਵੱਸ਼ ਹੋ ਕੇ ਰਹੇਗੀ।[18]

## ਹਿੰਦ ਦੀ ਚਾਦਰ (1977)

ਇਹ ਨਾਟਕ ਰਜਿੰਦਰ ਸਿੰਘ ਸੋਢੀ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਦੀ ਤੀਜੀ ਸ਼ਹੀਦੀ ਸ਼ਤਾਬਦੀ ਵੇਲੇ ਸ਼ਰਧਾਂਜਲੀ ਅਰਪਿਤ ਕਰਨ ਹਿਤ ਲਿਖਿਆ ਗਿਆ ਜਿਸ ਦਾ ਸਿਰਲੇਖ ਡਾ. ਹਰਚਰਨ ਸਿੰਘ ਦੇ ਨਾਟਕ ਵਾਲਾ ਹੀ ਹੈ। ਇਸ ਨਾਟਕ ਨੂੰ ਨਾਟਕਕਾਰ ਨੇ ਅੰਕਾਂ ਵਿਚ ਨਹੀਂ ਬਲਕਿ ਗਿਆਰਾਂ ਝਾਕੀਆਂ ਵਿਚ ਵੰਡ ਕੇ ਪੇਸ਼ ਕੀਤਾ ਹੈ। ਨਾਟਕ ਦਾ ਆਰੰਭ ਮੱਖਣ ਸ਼ਾਹ ਲੁਬਾਣਾ ਦੁਆਰਾ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਨੂੰ ਲੱਭਣ ਸਮੇਂ ਪੇਸ਼ ਆਉਂਦੀਆਂ ਮੁਸ਼ਕਲਾਂ ਦੀ ਪੇਸ਼ਕਾਰੀ ਨਾਲ ਹੁੰਦਾ ਹੈ। ਇਹ ਇਕ ਇਤਿਹਾਸਕ ਸੱਚ ਹੈ ਕਿ ਅੱਠਵੇਂ ਗੁਰੂ ਵੱਲੋਂ ਆਪਣੇ ਉਤਰਾਧਿਕਾਰੀ ਦੀ ਚੋਣ ਬਾਰੇ ਬਾਬਾ ਬਕਾਲੇ ਉਚਾਰੇ ਬੋਲਾਂ ਦੀ ਅਸਪਸ਼ਟਤਾ ਤੋਂ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੇ ਲਾਭ ਉਠਾਣ ਲਈ ਅਤੇ ਗੁਰਿਆਈ ਲਈ ਆਪਣਾ ਆਪਣਾ ਦਾਅਵਾ ਜਿਤਾਉਣ ਲਈ ਬਕਾਲੇ ਪਿੰਡ ਜਾ ਇਕੱਠੇ ਹੋਏ। ਧੀਰ ਮੱਲ ਵਰਗੇ ਕਈ ਹੋਰ ਆਪਣੇ ਆਪ ਹੀ ਗੁਰੂ ਬਣ ਬੈਠੇ ਸਨ।[19] ਇਸ ਤਰ੍ਹਾਂ ਪਹਿਲੀ ਝਾਕੀ ਵਿਚ ਗੁਰੂ ਦੇ ਲੱਭਣ ਤੋਂ ਨਾਟਕੀ ਤਨਾਉ ਖ਼ਤਮ ਹੋ ਜਾਂਦਾ ਹੈ। ਦੂਜੀ ਝਾਕੀ ਵਿਚ ਔਰੰਗਜ਼ੇਬ ਵੱਲੋਂ ਭਾਰਤੀ ਹਿੰਦੂ ਜਨਤਾ ਉੱਪਰ ਇਸਲਾਮ ਧਾਰਨ ਕਰਨ ਹਿਤ ਕੀਤੇ ਜਾਂਦੇ ਜ਼ੁਲਮਾਂ ਦੇ ਵਿਰੁੱਧ ਹਿੰਦੂ ਲੋਕਾਂ ਦੀ ਬੇਵਸੀ ਨੂੰ ਪੇਸ਼ ਕੀਤਾ ਗਿਆ ਹੈ। ਤੀਜੀ ਝਾਕੀ ਵਿਚ ਕਸ਼ਮੀਰੀ ਪੰਡਿਤਾਂ ਦਾ ਆਪਣੇ ਧਰਮ

ਨੂੰ ਬਚਾਉਣ ਲਈ ਧਾਰਿਆ ਰਸਤਾ, ਨਾਟਕ ਵਿਚ ਕੇਂਦਰੀ ਤਨਾਉ ਦਾ ਆਧਾਰ ਬਣਦਾ ਹੈ ਜੋ ਨਵਾਬ ਦੀ ਵਾਰਤਾਲਾਪ ਰਾਹੀਂ ਪਤਾ ਲੱਗਦਾ ਹੈ:

ਨਵਾਬ: ਜੇ ਤੁਸੀਂ ਆਪਣੇ ਧਰਮ ਨੂੰ ਬਚਾਉਣਾ ਚਾਹੁੰਦੇ ਹੋ ਤਾਂ ਗੁਰੂ ਤੇਗ ਬਹਾਦਰ ਜੀ ਦੀ ਹਜ਼ੂਰੀ ਵਿਚ ਸ਼ਰਧਾ ਭਾਵਨਾ ਨਾਲ ਜਾ ਕੇ ਉਨ੍ਹਾਂ ਨੂੰ ਸਾਰੀ ਵਿਥਿਆ ਸੁਣਾਉ, ਉਹੀ ਤੁਹਾਡੀ ਸਹਾਇਤਾ ਕਰਨਗੇ।[20]

ਚੌਥੀ ਝਾਕੀ ਵਿਚ ਸਾਧਾਰਨ ਕਾਲਪਨਿਕ ਪਾਤਰਾਂ ਦੁਆਰਾ ਗੁਰੂ ਦੀ ਵਡਿਆਈ ਨੂੰ ਪੇਸ਼ ਕੀਤਾ ਹੈ। ਜਿਸ ਵਿਚ ਗੁਰੂ ਜੀ ਨੇ ਕਸ਼ਮੀਰੀ ਪੰਡਿਤਾਂ ਦੀ ਖਾਤਰ ਆਪਣਾ ਬਲੀਦਾਨ ਦੇਣ ਦਾ ਵਚਨ ਦੇ ਦਿੱਤਾ ਹੈ। ਛੇਵੀਂ ਝਾਕੀ ਵਿਚ ਔਰੰਗਜ਼ੇਬ ਸੂਬਾ ਕਸ਼ਮੀਰ ਦੇ ਸੂਬੇਦਾਰ ਸ਼ੇਰ ਅਫ਼ਗਾਨ ਉੱਪਰ ਸਖ਼ਤ ਨਰਾਜ਼ ਹੈ ਕਿ ਉਸ ਨੇ ਦੀਨ ਮੁਹੰਮਦੀ ਦੇ ਫੈਲਾ ਲਈ ਜ਼ੋਰ ਜਬਰ ਦੀ ਨੀਤੀ ਦੀ ਪਾਲਣਾ ਨਹੀਂ ਕੀਤੀ ਲੇਕਿਨ ਇਤਿਹਾਸ ਅਨੁਸਾਰ ਸੂਬੇਦਾਰ ਇਫ਼ਤਖਾਰ ਸਭ ਤੋਂ ਸਖ਼ਤ ਸੀ। ਸੱਤਵੀਂ ਝਾਕੀ ਵਿਚ ਸਾਧਾਰਨ ਲੋਕਾਂ ਦਾ ਪ੍ਰਤੀਕਰਮ ਪੇਸ਼ ਕੀਤਾ ਹੈ ਜੋ ਇਕ ਇਤਿਹਾਸਕ ਤਨਾਉ ਯੁਕਤ ਸਥਿਤੀ ਹੈ। ਨਾਟਕ ਦੀ ਅੱਠਵੀਂ ਝਾਕੀ ਵਿਚ ਔਰੰਗਜ਼ੇਬ ਆਗਰੇ ਦੇ ਕਿਲ੍ਹੇਦਾਰਾਂ ਨੂੰ ਗੁਰੂ ਤੇਗ ਬਹਾਦਰ ਦੀ ਗ੍ਰਿਫ਼ਤਾਰੀ ਲਈ ਇਨਾਮ ਦਿੰਦਾ ਹੈ ਜੋ ਇਤਿਹਾਸਕ ਸੱਚਾਈ ਨਹੀਂ ਹੈ। ਇਤਿਹਾਸ ਅਨੁਸਾਰ ਗੁਰੂ ਸਾਹਿਬ ਆਨੰਦਪੁਰ ਤੋਂ ਬਾਹਰ ਕਿਧਰੇ ਜਾਣ ਲਈ ਜਦੋਂ ਰੋਪੜ ਦੇ ਲਾਗੇ ਪਿੰਡ ਮਲਕਪੁਰ ਰੰਗੜਾਂ ਵਿਚ ਰਾਤ ਠਹਿਰੇ ਤਾਂ ਸੂਹੀਆਂ ਨੇ ਇਹ ਖ਼ਬਰ ਤੁਰੰਤ ਹੀ ਰੋਪੜ ਦੇ ਕੋਤਵਾਲ ਨੂੰ ਦੇ ਦਿੱਤੀ। ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਕੇ ਸਰਹੰਦ ਵਿਚ ਰੱਖਿਆ ਗਿਆ ਅਤੇ ਉਨ੍ਹਾਂ ਬਾਰੇ ਬਾਦਸ਼ਾਹ ਤੋਂ ਅਗਲਾ ਹੁਕਮ ਪ੍ਰਾਪਤ ਕੀਤਾ ਗਿਆ।

ਬਾਦਸ਼ਾਹ ਦੇ ਹੁਕਮ ਅਨੁਸਾਰ ਪੰਜ ਜਾਂ ਛੇ ਨਵੰਬਰ ਨੂੰ ਗੁਰੂ ਸਾਹਿਬ ਨੂੰ ਸਰਹੰਦ ਤੋਂ ਦਿੱਲੀ ਲਿਜਾਇਆ ਗਿਆ। ਉਨ੍ਹਾਂ ਦੇ ਦਿੱਲੀ ਪੁੱਜਣ ਦੇ ਪੰਜ ਦਿਨਾਂ ਦੇ ਅੰਦਰ ਅੰਦਰ ਹੀ ਦੁਖਾਂਤ ਘਟਨਾ ਵਾਪਰ ਗਈ।[21] ਇਥੇ ਇਹ ਵੀ ਕਹਿਣਾ ਬਣਦਾ ਹੈ ਕਿ ਨਾਟਕਕਾਰ ਨੇ ਨਾਟਕ ਲਿਖਣਾ ਹੁੰਦਾ ਹੈ, ਇਤਿਹਾਸ ਨਹੀਂ। ਜੇਕਰ ਨਾਟਕਕਾਰ ਕਿਸੇ ਇਤਿਹਾਸਕ ਘਟਨਾ ਨੂੰ ਨਵਾਂ ਮੋੜ ਨਹੀਂ ਦਿੰਦਾ ਜਿਸ ਨਾਲ ਸਰੋਤਿਆਂ ਨੂੰ ਕੋਈ ਸੇਧ ਮਿਲੇ ਤਾਂ ਉਹ ਨਾਟਕੀ ਖੁੱਲ੍ਹਾਂ ਅਰਥਹੀਣ ਹੋਣਗੀਆਂ।

ਇਸ ਨਾਟਕ ਦੀ ਨੌਵੀਂ ਝਾਕੀ ਵਿਚ ਔਰੰਗਜ਼ੇਬ ਅਤੇ ਕਾਜ਼ੀ ਬੋਹਰਾ ਦੀ ਅਸਥਿਰ ਮਾਨਸਿਕ ਸਥਿਤੀ ਦੀ ਪੇਸ਼ਕਾਰੀ ਕੀਤੀ ਗਈ ਹੈ। ਇਹ ਗੁਰੂ ਤੇ ਉਸ ਦੇ ਸਿੱਖਾਂ ਦੀ ਦਿਖਾਈ ਬਹਾਦਰੀ ਅਤੇ ਅਡੋਲਤਾ ਕਾਰਨ ਮਾਨਸਿਕ ਹਾਰ ਆਪਣੇ ਆਪ ਵਿਚ ਮਹਿਸੂਸ ਕਰਦੇ ਹਨ। ਇਹ ਨਾਟਕ ਇਤਿਹਾਸਕ ਘਟਨਾਵਾਂ ਦੇ ਆਧਾਰ ਉਤੇ ਝੂਠ ਉੱਪਰ ਸੱਚ ਦੀ, ਬਦੀ ਉੱਪਰ ਨੇਕੀ ਦੀ, ਅਧਰਮ ਉੱਪਰ ਧਰਮ ਦੀ ਜਿੱਤ ਪੇਸ਼ ਕਰਦਾ ਹੈ। ਇਸ ਨਾਟਕ ਦੀਆਂ ਇਤਿਹਾਸਕ ਘਟਨਾਵਾਂ ਸੂਚਨਾਗਤ ਵਿਧੀ ਰਾਹੀਂ ਨਾਟਕੀ ਤਨਾਉ ਪੈਦਾ ਕਰਦੀਆਂ ਹਨ ਤੇ ਇਨ੍ਹਾਂ ਦਾ ਆਕਾਰ ਸਮਕਾਲੀ ਰੰਗਮੰਚ ਦੀਆਂ ਸੀਮਾਵਾਂ ਦੇ ਅਨੁਸਾਰ ਹੈ।

**ਧਰ ਪਾਈਐ ਧਰਮ ਨ ਛੋੜੀਐ (1977)**

ਇਹ ਨਾਟਕ ਪਾਂਧੀ ਨਨਕਾਣਵੀ ਦੁਆਰਾ ਲਿਖਿਆ ਗਿਆ ਹੈ ਜਿਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਦੁਆਰਾ ਧਰਮ ਲਈ ਦਿੱਤੀ ਕੁਰਬਾਨੀ ਅਤੇ ਔਰੰਗਜ਼ੇਬ ਵੱਲੋਂ ਹਿੰਦੂਆਂ ਉਤੇ ਧਰਮ ਪਰਿਵਰਤਨ ਲਈ ਕੀਤੇ ਗਏ ਜ਼ੁਲਮਾਂ

ਦੀਆਂ ਘਟਨਾਵਾਂ ਉੱਪਰ ਆਧਾਰਿਤ ਹੈ।ਇਸ ਨਾਟਕ ਨੂੰ ਅੱਠ ਨਾਟਾਂ ਵਿਚ ਵੰਡਿਆ ਗਿਆ ਹੈ।

ਇਸ ਨਾਟਕ ਦਾ ਆਰੰਭ ਤਾਰੀਖ਼ਦਾਨ ਪਾਤਰ ਦੁਆਰਾ ਸੂਤਰਧਾਰ ਵਿਧੀ ਰਾਹੀਂ ਪੇਸ਼ ਕੀਤਾ ਹੈ। ਜਿਸ ਵਿਚ ਸੂਤਰਧਾਰ ਅਤੇ ਪਿੱਠਭੂਮੀ ਵਿਚਲੀਆਂ ਆਵਾਜ਼ਾਂ ਔਰੰਗਜ਼ੇਬ ਦੇ ਜ਼ੁਲਮਾਂ ਅਤੇ ਸਾਧਾਰਨ ਹਿੰਦੂਆਂ ਦੀ ਬੇਵਸੀ ਦੇ ਬਿੰਬ ਨੂੰ ਪੇਸ਼ ਕਰਦੀਆਂ ਹਨ। ਔਰੰਗਜ਼ੇਬ ਦੁਆਰਾ ਜਦ ਕਸ਼ਮੀਰੀ ਪੰਡਿਤਾਂ ਉੱਪਰ ਧਰਮ ਪਰਿਵਰਤਨ ਬਾਰੇ ਜ਼ੋਰ ਪਾਇਆ ਜਾਂਦਾ ਹੈ ਤਾਂ ਉਨ੍ਹਾਂ ਦਾ ਆਪਸੀ ਇਕੱਠ ਹੁੰਦਾ ਹੈ ਜਿਸ ਵਿਚ ਇਹ ਫ਼ੈਸਲਾ ਕੀਤਾ ਜਾਂਦਾ ਹੈ ਕਿ ਉਹ ਸਿੱਖਾਂ ਦੇ ਗੁਰੂ ਤੇਗ ਬਹਾਦਰ ਨੂੰ ਬੇਨਤੀ ਕਰਨਗੇ ਕਿ ਉਹ ਹਿੰਦੂ ਧਰਮ ਨੂੰ ਬਚਾਉਣ ਲਈ ਕੁਝ ਕਰਨ। ਇਸ ਨਾਟਕ ਦੇ ਦੂਸਰੇ ਨਾਟ ਵਿਚ ਜੱਗੂ ਸ਼ਾਹ ਉਸ ਦੇ ਪੁੱਤਰ ਤੇ ਪਤਨੀ ਦੀ ਵਾਰਤਾਲਾਪ ਰਾਹੀਂ ਗੁਰੂ ਤੇਗ ਬਹਾਦਰ ਨਾਲ ਕਸ਼ਮੀਰੀ ਪੰਡਿਤਾਂ ਦੁਆਰਾ ਮਿਲਣੀ ਦੇ ਵੇਰਵੇ ਪੇਸ਼ ਕੀਤੇ ਗਏ ਹਨ। ਤੀਜੇ ਨਾਟ ਵਿਚ ਔਰੰਗਜ਼ੇਬ ਦੁਆਰਾ ਹਸਨ-ਅਬਦਾਲ ਦੀ ਕਿਆਮਗਾਹ ਵਿਚ ਹਿੰਦੂਆਂ ਨੂੰ ਦੀਨ ਮੁਹੰਮਦੀ ਧਰਮ ਵਿਚ ਸ਼ਾਮਲ ਕਰਨ ਦੀ ਗੱਲਬਾਤ ਕੀਤੀ ਜਾ ਰਹੀ ਹੈ। ਇੱਥੇ ਹੀ ਔਰੰਗਜ਼ੇਬ ਨੂੰ ਪੈਗ਼ਾਮ ਮਿਲਦਾ ਹੈ ਕਿ ਜੇ ਸ੍ਰੀ ਗੁਰੂ ਤੇਗ ਬਹਾਦਰ ਦੀਨ ਮੁਹੰਮਦੀ ਸਵੀਕਾਰ ਕਰ ਲੈਣ ਤਾ ਕਸ਼ਮੀਰੀ ਪੰਡਿਤ ਸਾਰੇ ਹੀ ਕਰ ਲੈਣਗੇ।ਇਸ ਗੱਲ ਤੇ ਔਰੰਗਜ਼ੇਬ ਖੁਸ਼ ਵੀ ਹੈ ਤੇ ਪ੍ਰੇਸ਼ਾਨ ਵੀ ਹੈ। ਖੁਸ਼ ਇਸ ਕਰਕੇ ਹੈ ਕਿ ਇਕ ਆਦਮੀ ਨੂੰ ਧਰਮ ਬਦਲੀ ਲਈ ਰਾਜ਼ੀ ਕਰਨਾ ਆਸਾਨ ਹੈ ਪਰ ਚਿੰਤਤ ਇਸ ਕਰਕੇ ਹੈ ਕਿ ਗੁਰੂ ਧਰਮ ਬਦਲਣ ਲਈ ਕਦੇ ਨਹੀਂ ਮੰਨੇਗਾ। ਇੱਥੇ ਔਰੰਗਜ਼ੇਬ ਸ੍ਰੀ ਗੁਰੂ ਅਰਜਨ ਦੇਵ ਦੇ ਵਿਰੁੱਧ ਜਹਾਂਗੀਰ ਅਤੇ ਉਸ ਦੇ ਨਤੀਜਿਆਂ ਨੂੰ ਯਾਦ

ਕਰਦਾ ਹੋਇਆ ਪ੍ਰੇਸ਼ਾਨ ਹੈ। ਚੌਥੇ ਨਾਟ ਵਿਚ ਦਿੱਲੀ ਦੇ ਲਾਲ ਕਿਲ੍ਹੇ ਦਾ ਦ੍ਰਿਸ਼ ਦਿਖਾਈ ਦਿੰਦਾ ਹੈ ਜਿੱਥੇ ਸ਼ਫ਼ੀ ਖਾਂ, ਕਾਜ਼ੀ ਬੋਹਰਾ ਆਦਿ ਨਵੇਂ ਉਪਜੇ ਸੰਕਟ ਬਾਰੇ ਚਿੰਤਾ ਵਿਚ ਹਨ। ਨਾਟਕ ਦੇ ਪੰਜਵੇਂ ਨਾਟ ਵਿਚ ਸਾਧਾਰਨ ਘਰ ਦਾ ਦ੍ਰਿਸ਼ ਹੈ। ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਅਤੇ ਉਨ੍ਹਾਂ ਦੇ ਸਿੱਖਾਂ ਮਤੀ ਦਾਸ, ਸਤੀਦਾਸ ਤੇ ਭਾਈ ਦਿਆਲਾ ਨੂੰ ਦਿੱਤੀ ਜਾਣ ਵਾਲੀ ਸਜ਼ਾ ਮੌਕੇ ਲੋਕਾਂ ਦਾ ਇਕੱਠ ਕਰਨ ਲਈ ਮੁਨਾਦੀ ਕੀਤੀ ਜਾ ਰਹੀ ਹੈ। ਛੇਵੇਂ ਨਾਟ ਵਿਚ ਭਾਈ ਜੈਤਾ ਆਪਣੇ ਪਿਤਾ ਨਾਲ ਮਸ਼ਵਰਾ ਕਰ ਰਿਹਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸੀਸ ਨੂੰ ਕਿਵੇਂ ਸਾਂਭਿਆ ਜਾਵੇ।

ਸੱਤਵੇਂ ਨਾਟ ਵਿਚ ਗੁਰੂ ਦੀ ਸ਼ਹਾਦਤ ਸਮੇਂ ਇਕੱਠ ਕਰਨ ਲਈ ਮੁਨਾਦੀ ਕਰਵਾਈ ਜਾ ਰਹੀ ਹੈ। ਇਸ ਸਮੇਂ ਲਾਲ ਹਨੇਰੀ ਆਉਂਦੀ ਹੈ ਤੇ ਕਾਜ਼ੀ ਬੋਹਰਾ ਤੇ ਸ਼ਫੀ ਖਾਂ ਇਸ ਬਾਰੇ ਗੱਲਾਂ ਕਰ ਰਹੇ ਹਨ ਜੋ ਗੁਰੂ ਵੱਲੋਂ ਅੰਤਿਮ ਸਮੇਂ ਦਿਖਾਏ ਗਏ ਹੌਸਲੇ ਅਤੇ ਨਿਡਰਤਾ ਨੂੰ ਉਭਾਰਦੇ ਹਨ। ਇੱਥੇ ਹੀ ਗੁਰੂ ਦਾ ਸੀਸ ਤੇ ਧੜ ਦੇ ਗਾਇਬ ਹੋਣ ਦਾ ਪਤਾ ਲੱਗਦਾ ਹੈ। ਸਾਰੇ ਹੀ ਕੋਤਵਾਲ ਦੀ ਗਫ਼ਲਤ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ ਜਿਸ ਕਾਰਨ ਉਹ ਮਾਨਸਿਕ ਤੌਰ ਤੇ ਅਸੰਤੁਲਿਤ ਹੋਣ ਕਾਰਨ ਨੌਕਰੀ ਤੋਂ ਅਸਤੀਫ਼ਾ ਦੇ ਦਿੰਦਾ ਹੈ। ਇਸ ਨਾਟਕ ਦੇ ਆਖ਼ਰੀ ਤੇ ਅੱਠਵੇਂ ਨਾਟ ਵਿਚ ਔਰੰਗਜ਼ੇਬ ਤੇ ਅਮੀਰ-ਜੰਗ, ਗੁਰੂ ਤੇਗ ਬਹਾਦਰ ਦੀ ਸ਼ਹਾਦਤ ਬਾਰੇ ਗੱਲਾਂ ਕਰ ਰਹੇ ਹਨ ਤੇ ਇੱਥੇ ਹੀ ਔਰੰਗਜ਼ੇਬ ਨੂੰ ਗੁਰੂ ਜੀ ਦੇ ਸੀਸ ਤੇ ਧੜ ਦੇ ਗਾਇਬ ਹੋਣ ਦੀ ਖ਼ਬਰ ਮਿਲਦੀ ਹੈ ਤਾਂ ਇਹ ਦੋਵੇਂ ਹੀ ਕੋਤਵਾਲ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਔਰੰਗਜ਼ੇਬ ਵੀ ਪ੍ਰੇਸ਼ਾਨੀ ਕਾਰਨ ਰਾਤ ਨੂੰ ਸੌਂ ਨਹੀਂ ਸਕਿਆ। ਇਸ ਨਾਟਕ ਵਿਚ ਇਤਿਹਾਸਕ ਘਟਨਾਵਾਂ ਦਾ ਤਨਾਉ ਤਾਂ ਬਣਿਆ ਰਹਿੰਦਾ ਹੈ ਪਰ ਇਨ੍ਹਾਂ ਤੇ ਨਾਟਕੀ ਤਨਾਉ ਪੈਦਾ ਨਹੀਂ ਹੁੰਦਾ। ਇਹ ਨਾਟਕ ਵੀ ਬਾਕੀ

ਧਾਰਮਿਕ ਇਤਿਹਾਸਕ ਨਾਟਕਾਂ ਵਾਂਗ ਹੀ ਹੈ। ਇਨ੍ਹਾਂ ਨਾਟਕਾਂ ਤੋਂ ਇਲਾਵਾ ਨਾਟਕ ਸ੍ਰੀ ਗੁਰੂ ਤੇਗ ਬਹਾਦਰ ਦੀ ਤੀਜੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਿੱਖ ਇਤਿਹਾਸ ਨਾਲ ਸੰਬੰਧਿਤ ਜੋ ਨਾਟਕ ਲਿਖੇ ਗਏ ਉਨ੍ਹਾਂ ਵਿਚੋਂ 'ਬਾਹਿ ਜਿਨ੍ਹਾਂ ਦੀ ਪਕੜੀਏ' ਚਰਨਜੀਤ ਸਿੰਘ ਡਰੋਲੀ ਦੁਆਰਾ ਲਿਖਿਆ ਮਿਲਦਾ ਹੈ ਜਿਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਦੀਆਂ ਪ੍ਰਸਥਿਤੀਆਂ ਨੂੰ ਨਾਟਕੀ ਰੂਪ ਦੇ ਕੇ ਦ੍ਰਿਸ਼ਟੀਗੋਚਰ ਕੀਤਾ ਹੈ। ਇਸ ਤੋਂ ਇਲਾਵਾ ਗੁਰੂ ਦੀ ਸ਼ਹਾਦਤ ਸੰਬੰਧੀ ਨਾਟਕ ਨਰਿੰਜਨ ਸਿੰਘ ਮਿੱਠਾ ਦਾ 'ਬਾਹਿ ਜਿਨ੍ਹਾਂ ਦੀ ਪਕੜੀਏ', ਗੁਰਸ਼ਰਨ ਸਿੰਘ ਦਾ 'ਨਿਉਟਿਆਂ ਦੀ ਓਟ' ਤੇ 'ਪਰਖ' ਅਤੇ ਵੇਦ ਅਗਨੀਹੋਤਰੀ ਦਾ 'ਜੈ ਜੈ ਸੁਰ ਲੋਕ' ਹਨ। ਇਹ ਸਾਰੇ ਹੀ ਨਾਟਕ ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਬਾਰੇ ਲਿਖੇ ਗਏ ਹਨ ਪਰ ਹਰੇਕ ਨਾਟਕਕਾਰ ਨੇ ਆਪਣੀ ਆਪਣੀ ਵਿਲੱਖਣਤਾ ਨੂੰ ਦਿਖਾਉਂਦੇ ਹੋਏ ਨਾਟਕ ਦੀ ਗੋਂਦ ਵਿਚ ਫ਼ਰਕ ਜ਼ਰੂਰ ਰੱਖਿਆ ਹੈ।

### *4) ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਨਾਟਕ*

**ਚਮਕੌਰ ਦੀ ਗੜ੍ਹੀ (1966, 1969)**

ਇਹ ਨਾਟਕ 'ਚਮਕੌਰ ਦੀ ਗੜ੍ਹੀ' ਨਾਟਕਕਾਰ ਹਰਚਰਨ ਸਿੰਘ ਦੁਆਰਾ ਲਿਖਿਆ ਗਿਆ ਹੈ। ਇਸ ਨਾਟਕ ਨੂੰ ਪਹਿਲੀ ਵਾਰ 1966 ਈਸਵੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਤਿੰਨ ਸੌ ਸਾਲਾ ਪ੍ਰਕਾਸ਼ ਉਤਸਵ ਤੇ ਲਿਖਿਆ ਤੇ ਖੇਡਿਆ ਗਿਆ। ਪਹਿਲਾਂ ਇਸ ਨਾਟਕ ਦੀਆਂ ਦੋ ਝਾਕੀਆਂ 'ਚਮਕੌਰ ਦੀ ਗੜ੍ਹੀ' ਤੇ 'ਸਰਹੰਦ ਦੀ ਕੰਧ' ਹੀ ਸਨ। ਤੀਸਰੀ ਝਾਕੀ 'ਜ਼ਫ਼ਰਨਾਮਾ' ਬਾਅਦ ਵਿਚ 1969 ਵਿਚ ਸ਼ਾਮਲ ਕੀਤੀ ਗਈ ਹੈ। ਨਾਟਕਕਾਰ ਦੇ ਆਪਣੇ ਸ਼ਬਦਾਂ ਅਨੁਸਾਰ:

ਚਮਕੌਰ ਦੀ ਗੜ੍ਹੀ ਦੀ ਦੂਜੀ ਐਡੀਸ਼ਨ ਪ੍ਰਕਾਸ਼ਿਤ ਹੋਣ ਸਮੇਂ ਮੈਨੂੰ ਮੁੱਢਲੀ ਭੁੱਲ ਸੋਧਣ ਦਾ ਅਵਸਰ ਮਿਲਿਆ। ਹਥਲੇ ਸੰਸਕਰਣ ਨੂੰ ਮੈਂ ਸੰਪੂਰਨ ਨਾਟਕ ਦਾ ਰੂਪ ਦਿੱਤਾ ਹੈ।[22]

ਇਸ ਤਰ੍ਹਾਂ ਇਸ ਨਾਟਕ ਵਿਚ 'ਚਮਕੌਰ ਦੀ ਗੜ੍ਹੀ', 'ਪਾਪ ਤਿਸ ਭੀਤਰਿ ਕੰਪਹਿ' ਜਾਂ 'ਜਫ਼ਰਨਾਮਾ' ਅਤੇ 'ਸਰਹੰਦ ਦੀ ਕੰਧ' ਜਾਂ 'ਇਤਿਹਾਸ ਜਵਾਬ ਮੰਗਦਾ ਹੈ' ਇਸ ਨਾਟਕ ਵਿਚ ਤਿੰਨ ਇਕਾਂਗੀਆ ਦਾ ਸੰਗ੍ਰਹਿ ਦਰਜ ਹੈ। ਇਹ ਨਾਟਕ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਮੁਗ਼ਲਾਂ ਨਾਲ ਚਮਕੌਰ ਦੀ ਗੜ੍ਹੀ ਵਿਚ ਟੱਕਰ ਲੈਣ ਤੋਂ ਲੈ ਕੇ ਜ਼ਫ਼ਰਨਾਮਾ ਔਰੰਗਜ਼ੇਬ ਵੱਲ ਭੇਜਣ ਤੇ ਬੰਦਾ ਸਿੰਘ ਬਹਾਦਰ ਦੀ ਪੰਜਾਬ ਵਿਚ ਆਮਦ ਨੂੰ ਸੁਣ ਕੇ ਵਜ਼ੀਰ ਖ਼ਾਨ ਦੀ ਨੀਂਦ ਹਰਾਮ ਹੋਣ ਤਕ ਦੀਆਂ ਇਤਿਹਾਸਕ ਘਟਨਾਵਾਂ ਉਤੇ ਆਧਾਰਿਤ ਹੈ। ਇਸ ਨਾਟਕ ਨੂੰ ਲਿਖਣ ਲੱਗਿਆਂ ਨਾਟਕਕਾਰ ਨੇ ਦੋ ਨਾਟ-ਜੁਗਤਾਂ ਦੀ ਵਰਤੋਂ ਕੀਤੀ ਹੈ। ਪਹਿਲੀ ਜੁਗਤ ਪਿੱਛਲ ਝਾਤ ਅਤੇ ਬਰੋਟੇ ਰਾਹੀਂ ਥੇਹ ਵਿਗਿਆਨੀਆਂ ਨੂੰ ਸਿੱਖ ਇਤਿਹਾਸ ਨਾਲ ਜਾਣੂ ਕਰਾਉਣ ਦੀ ਅਤੇ ਦੂਜੀ ਜੁਗਤ ਇਤਿਹਾਸਕ ਘਟਨਾਵਾਂ ਦੁਆਰਾ ਇਤਿਹਾਸਕ ਵਿਅਕਤੀਆਂ ਦੇ ਮਾਨਸਿਕ ਪ੍ਰਭਾਵਾਂ ਨੂੰ ਪੇਸ਼ ਕਰਨ ਦੀ ਹੈ।

ਨਾਟਕ ਦੀ ਪਹਿਲੀ ਝਾਕੀ 'ਚਮਕੌਰ ਦੀ ਗੜ੍ਹੀ' ਜਿਸ ਦਾ ਸਮਾਂ 1705 ਈਸਵੀ ਦਾ ਹੈ। ਇਸ ਝਾਕੀ ਵਿਚ ਨਾਟਕਕਾਰ ਨੇ ਥੇਹ ਵਿਗਿਆਨੀਆਂ ਨੂੰ ਬਰੋਟੇ ਦੁਆਰਾ ਦਿੱਤੀ ਇਤਿਹਾਸਕ ਜਾਣਕਾਰੀ ਦਿੱਤੀ ਹੈ ਜੋ ਬਰੋਟਾ ਕਹਿੰਦਾ ਹੈ:

ਬਰੋਟਾ: ਤੁਸੀਂ ਹੁਣ ਅੱਠ ਨੌ ਪੋਹ ਸੰਮਤ 1761 ਦੀ ਇਕ ਘੁੱਪ ਹਨੇਰੀ ਰਾਤ ਵਿਚ ਪੁੱਜ ਗਏ ਹੋ। ਦੋ ਸਾਹਿਬਜ਼ਾਦੇ ਅਜੀਤ ਸਿੰਘ, ਜੁਝਾਰ ਸਿੰਘ

ਤਿੰਨ ਪਿਆਰੇ ਸਾਹਿਬ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ ਅਤੇ 37 ਸਿੰਘ ਸੂਰਮੇ ਦਿਨ ਭਰ ਦੀ ਜੰਗ ਵਿਚ ਸ਼ਹੀਦ ਹੋ ਗਏ ਹਨ। ਗੁਰੂ ਗੋਬਿੰਦ ਸਿੰਘ ਪੰਜ ਸਿੰਘਾਂ ਦੀ ਬੇਨਤੀ ਪ੍ਰਵਾਨ ਕਰਕੇ ਮੁਗ਼ਲਾਂ ਦੇ ਘੇਰੇ ਵਿਚੋਂ ਨਿਕਲ ਚੁੱਕੇ ਨੇ। ਭਾਈ ਦਯਾ ਸਿੰਘ, ਧਰਮ ਸਿੰਘ ਤੇ ਮਾਨ ਸਿੰਘ ਉਨ੍ਹਾਂ ਦੇ ਨਾਲ ਨੇ।[23]

ਇਸ ਝਾਕੀ ਵਿਚ ਚਮਕੌਰ ਦੀ ਕੱਚੀ ਗੜ੍ਹੀ ਵਿਚ ਚਾਲੀ ਸਿੰਘ ਤੇ ਦੋ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਸ਼ਹੀਦ ਹੋਏ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਪੰਜ ਸਿੰਘਾਂ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਗੜ੍ਹੀ ਵਿਚੋਂ ਨਿਕਲ ਕੇ ਮਾਛੀਵਾੜੇ ਦੇ ਜੰਗਲ ਨੂੰ ਚਲੇ ਜਾਂਦੇ ਹਨ ਜਿਸ ਦੇ ਚਾਰੇ ਪਾਸਿਉਂ ਮੁਗ਼ਲ ਫ਼ੌਜ ਨੇ ਘੇਰਾ ਪਾਇਆ ਹੋਇਆ ਸੀ। ਇਸ ਨਾਜ਼ੁਕ ਸਮੇਂ ਤੇ ਪੀਰ ਬੁੱਧੂ ਸ਼ਾਹ ਦੇ ਪੈਰੋਕਾਰਾਂ ਨਬੀ ਖਾਂ ਤੇ ਗਨੀ ਖਾਂ ਨੇ ਗੁਰੂ ਨੂੰ ਆਪਣਾ ਉੱਚ ਦਾ ਪੀਰ ਬਣਾ ਕੇ ਘੇਰੇ ਵਿਚੋਂ ਕੱਢਿਆ। ਇਸੇ ਹੀ ਝਾਕੀ ਵਿਚ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਨੂੰ ਗ੍ਰਿਫ਼ਤਾਰ ਕਰਨ ਦੀ ਖ਼ਬਰ ਵਜ਼ੀਰ ਖ਼ਾਨ ਨੂੰ ਮਿਲਦੀ ਹੈ। ਉਹ ਜਸ਼ਨ ਮਨਾਉਣ ਸਰਹੰਦ ਵੱਲ ਨੂੰ ਤੁਰ ਜਾਂਦਾ ਹੈ ਤੇ ਗੁਰੂ ਗੋਬਿੰਦ ਸਿੰਘ ਨੇ ਆਪਣੀ ਜਿੱਤ ਅਤੇ ਮੁਗ਼ਲਾਂ ਦੀ ਹਾਰ ਤੇ ਮਕਾਰੀ ਬਾਰੇ ਜ਼ਫ਼ਰਨਾਮਾ ਪਿੰਡ ਦੀਨਾ ਕਾਂਗੜ ਤੋਂ ਔਰੰਗਜ਼ੇਬ ਵੱਲ ਭੇਜਿਆ। ਇਨ੍ਹਾਂ ਇਤਿਹਾਸਕ ਘਟਨਾਵਾਂ ਦਾ ਵਰਣਨ ਇਸ ਝਾਕੀ ਵਿਚ ਦਿੱਤਾ ਹੈ। ਇਸ ਨਾਟਕ ਦੀ ਦੂਜੀ ਝਾਕੀ ਜ਼ਫ਼ਰਨਾਮਾ ਹੈ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਭਾਈ ਦਯਾ ਸਿੰਘ ਦੇ ਹੱਥ ਪਿੰਡ ਦੀਨਾ ਕਾਂਗੜ ਤੋਂ ਔਰੰਗਜ਼ੇਬ ਵੱਲ ਭੇਜਿਆ ਗਿਆ ਸੀ ਜਿਸ ਵਿਚ ਉਸ ਨੂੰ ਲਾਹਨਤਾਂ ਪਾਈਆਂ ਗਈਆਂ ਸਨ। ਇਸ ਬਾਰੇ ਔਰੰਗਜ਼ੇਬ ਆਪਣੀ ਬੇਟੀ ਜ਼ੀਨਤ ਨੂੰ ਦੱਸਦਾ ਹੈ:

ਔਰੰਗਜ਼ੇਬ: ਉਸ ਵਿਚ ਸਿੱਖਾਂ ਦੇ ਪੀਰ ਨੇ ਐਸੀ ਬੇਬਾਕੀ ਨਾਲ ਮੈਨੂੰ ਲਾਹਨਤਾਂ ਪਾਈਆਂ ਹਨ ਕਿ ਮੇਰੀ ਜ਼ਮੀਰ ਥਰਥਰਾ ਗਈ ਹੈ, ਮੇਰਾ ਵਜੂਦ ਪਿੰਜਿਆ ਗਿਆ ਹੈ। ਪਤਾ ਨਹੀਂ ਉਸ ਦਾ ਜ਼ਿਹਨ ਉਤੇ ਕਿਆ ਅਸਰ ਹੋਇਆ ਸਾਰੀ ਰਾਤ ਇਕ ਪਲ ਨੀਂਦ ਨਹੀਂ ਆਈ। ਸਵੇਰ ਸਾਰ ਜ਼ਰਾ ਅੱਖ ਲੱਗੀ ਤਾ ਐਸਾ ਖ਼ੌਫ਼ਨਾਕ ਖ਼ਾਬ ਆਇਆ ਜੋ ਬਿਆਨੋਂ ਬਾਹਰ ਹੈ।[24]

ਜ਼ਫ਼ਰਨਾਮੇ ਤੋਂ ਸਿਵਾ ਨਾਟਕ ਵਿਚ ਸਾਰੇ ਭਾਰਤ ਵਿਚ ਮੁਗ਼ਲਾਂ ਵਿਰੁੱਧ ਉੱਠ ਰਹੀਆਂ ਬਗ਼ਾਵਤਾਂ ਤੇ ਔਰੰਗਜ਼ੇਬ ਦੇ ਪੁੱਤਰਾਂ ਵਿਚ ਤਖ਼ਤ ਪ੍ਰਾਪਤੀ ਲਈ ਛਿੜੀ ਜੰਗ ਦਾ ਵਾਤਾਵਰਨ ਹੈ। ਇਸ ਵਿਚੋਂ ਔਰੰਗਜ਼ੇਬ ਦੀ ਪ੍ਰੇਸ਼ਾਨੀ ਦਾ ਮੂਲ ਕਾਰਨ ਜ਼ਫ਼ਰਨਾਮੇ ਵਿਚਲੀ ਇਬਾਰਤ ਨੂੰ ਦਿੱਤਾ ਗਿਆ ਹੈ ਜੋ ਫ਼ਾਰਸੀ ਵਿਚ ਲਿਖੀ ਹੈ ਤੇ ਉਸ ਨੂੰ ਪੰਜਾਬੀ ਅਨੁਵਾਦ ਰੂਪ ਵਿਚ ਪੇਸ਼ ਕਰਨ ਦੀ ਸਫ਼ਲ ਨਾਟਕੀ ਜੁਗਤ ਨਾਟਕਕਾਰ ਨੇ ਵਰਤੀ ਹੈ।

ਇਸ ਨਾਟਕ ਦੀ ਤੀਜੀ ਝਾਕੀ ਵਿਚ ਇਕ ਵਜ਼ੀਰ ਖਾਂ ਦੀ ਜ਼ਮੀਰ ਦੀ ਆਵਾਜ਼ ਤੇ ਦੂਸਰੀ ਉਸ ਦੀ ਹੈਂਕੜ ਦੀ ਆਵਾਜ਼ ਹੈ ਜਿਸ ਰਾਹੀਂ ਨਾਟਕਕਾਰ ਨੇ ਵਜ਼ੀਰ ਖਾਂ ਦੇ ਮਨੋਸੰਤਾਪ ਨੂੰ ਪੇਸ਼ ਕੀਤਾ ਹੈ।

ਵਜ਼ੀਰ ਖਾਂ ਇਸ ਕਰਕੇ ਪ੍ਰੇਸ਼ਾਨ ਨਹੀਂ ਕਿ ਉਸ ਨੇ ਗੁਰੂ ਗੋਬਿੰਦ ਸਿੰਘ ਦੇ ਬੱਚਿਆਂ ਨੂੰ ਕਤਲ ਕਰਵਾਇਆ ਹੈ। ਉਸ ਨੂੰ ਪ੍ਰੇਸ਼ਾਨੀ ਇਸ ਗੱਲ ਦੀ ਹੈ ਕਿ ਬੰਦਾ ਬਹਾਦਰ ਦੇ ਝੰਡੇ ਥੱਲੇ ਸਿੰਘ ਇਕੱਠੇ ਹੋ ਕੇ ਜਿੱਤਾਂ ਜਿੱਤਦੇ ਹੋਏ ਸਰਹੰਦ ਵੱਲ ਨੂੰ ਆ ਰਹੇ ਹਨ। ਉਹ ਇਕ ਲੋਕ ਸ਼ਕਤੀ ਦਾ ਰੂਪ ਧਾਰ ਚੁੱਕੇ ਹਨ। ਇਸ ਨਾਟਕ ਦੀ ਝਾਕੀ ਵਿਚ ਨਾਟਕਕਾਰ ਨੇ ਪਹਿਲੀ ਆਵਾਜ਼ ਰਾਹੀਂ ਵਜ਼ੀਰ ਖਾਂ ਨੂੰ ਸਿੱਖ ਇਤਿਹਾਸ ਬਾਰੇ ਇਸ ਤਰ੍ਹਾਂ ਦੱਸਣ ਦੀ ਕੋਸ਼ਿਸ਼ ਕੀਤੀ ਹੈ :

ਪਹਿਲੀ ਅਵਾਜ: ਫੇਰ ਸੁਣ ਇਨ੍ਹਾਂ ਬੱਚਿਆਂ ਦੀ ਫ਼ਤਹ ਪਿੱਛੇ ਢਾਈ ਸੌ ਸਾਲਾਂ ਦਾ ਇਤਿਹਾਸ ਹੈ। ਇਨ੍ਹਾਂ ਵਿਚ ਗੁਰੂ ਨਾਨਕ ਦੇਵ ਦੀ ਨਿਡਰ ਆਵਾਜ਼ ਹੈ। ਇਨ੍ਹਾਂ ਵਿਚ ਗੁਰੂ ਅਰਜਨ ਦੇਵ ਦੀ ਕੁਰਬਾਨੀ ਦਾ ਬਲ ਹੈ।ਇਸ ਪਿੱਛੇ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦੀ ਰੂਹਾਨੀ ਸ਼ਕਤੀ ਹੈ। ਇਨ੍ਹਾਂ ਵਿਚ ਗੁਰੂ ਗੋਬਿੰਦ ਸਿੰਘ ਦੇ ਅੰਮ੍ਰਿਤ ਦੀ ਤਾਸੀਰ ਹੈ।[25]

ਇਸ ਤਰ੍ਹਾਂ ਇਸ ਨਾਟਕ ਵਿਚ ਸਿੱਖ ਇਤਿਹਾਸ ਨੂੰ ਇਕ ਨਾਟਕੀ ਸੰਦਰਭ ਵਿਚ ਪੇਸ਼ ਕੀਤਾ ਗਿਆ ਹੈ। ਨਾਟਕ ਦੇ ਮੁੱਖ ਇਤਿਹਾਸਕ ਪਾਤਰ ਔਰੰਗਜ਼ੇਬ, ਵਜ਼ੀਰ ਖਾਂ, ਜਫ਼ਰਬੇਗ, ਦਲੇਰ ਖਾਂ ਅਤੇ ਜ਼ੇਬ-ਉਲ-ਨਿਸਾ ਆਦਿ ਹਨ। ਇਸ ਨਾਟਕ ਦੀ ਭਾਸ਼ਾ ਇਕ ਪਾਸੇ ਇਤਿਹਾਸਕ ਸਥਿਤੀ ਦਾ ਬੋਧ ਕਰਾਉਂਦੀ ਹੈ ਤੇ ਦੂਜੇ ਪਾਸੇ ਨਾਟਕੀ ਕਾਰਜ ਰਾਹੀਂ ਤਨਾਉ ਦੀ ਨਿਰੰਤਰਤਾ ਅਤੇ ਤੀਖਣ ਕਾਰਜ ਦੀ ਹੋਂਦ ਨਾਟਕ ਨੂੰ ਸਫ਼ਲ ਬਣਾਉਣ ਵਿਚ ਸਹਾਈ ਹੁੰਦੇ ਹਨ।

**ਆਨੰਦਪੁਰ ਦੀ ਅਵਾਜ਼ (1968)**

ਇਹ ਨਾਟਕ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਤੀਜੀ ਜਨਮ ਸ਼ਤਾਬਦੀ ਨੂੰ ਸਮਰਪਿਤ ਪਾਂਧੀ ਨਨਕਾਣਵੀ ਦੁਆਰਾ 1957 ਈ: ਵਿਚ ਲਿਖਿਆ ਗਿਆ ਅਤੇ 1966 ਈ: ਨੂੰ ਪ੍ਰਕਾਸ਼ਿਤ ਕਰਵਾਇਆ ਗਿਆ। ਇਹ ਨਾਟਕ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਆਦਰਸ਼ਾਂ ਉਤੇ ਆਧਾਰਿਤ ਤੇ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਦੇ ਨਾਲ ਯੁੱਧ ਕਰਨ ਤੋਂ ਲੈ ਕੇ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਣ ਤਕ ਦੀਆਂ ਇਤਿਹਾਸਕ ਘਟਨਾਵਾਂ ਤੇ ਆਧਾਰਿਤ ਗੁਰੂ ਜੀ ਦੇ ਸੰਘਰਸ਼ਮਈ ਜੀਵਨ ਨੂੰ ਰੂਪਮਾਨ ਕਰਦਾ ਹੈ ਜੋ ਅੱਠ ਨਾਟਾਂ ਵਿਚ ਵੰਡਿਆ ਹੋਇਆ ਹੈ।

ਇਸ ਨਾਟਕ ਦੇ ਪਹਿਲੇ ਨਾਟ-ਦ੍ਰਿਸ਼ ਵਿਚ ਬਿਲਾਸਪੁਰ ਦਾ ਰਾਜਾ ਅਜਮੇਰ ਸਿੰਘ ਬਾਕੀ ਬਾਈ ਧਾਰ ਦੇ ਰਾਜਿਆਂ ਨਾਲ ਮਿਲ ਕੇ ਗੁਰੂ ਗੋਬਿੰਦ ਸਿੰਘ ਨਾਲ ਜੰਗ ਕਰਦਾ ਹੈ ਜਿਨ੍ਹਾਂ ਨੂੰ ਔਰੰਗਜ਼ੇਬ ਦੀ ਹਮਾਇਤ ਵੀ ਹਾਸਲ ਹੈ ਉਹ ਸਾਰੇ ਹੀ ਗੁਰੂ ਸਾਹਿਬ ਤੋਂ ਹਾਰ ਜਾਂਦੇ ਹਨ। ਇਸ ਤੋਂ ਇਲਾਵਾ ਰਾਜੇ ਅਜਮੇਰ ਚੰਦ ਦੀ ਮਹਾਰਾਣੀ ਉਸ ਨੂੰ ਗੁਰੂ ਜੀ ਦਾ ਸਿੰਘ ਬਣ ਕੇ ਅਤੇ ਬਾਕੀ ਰਾਜਿਆਂ ਨਾਲ ਮਿਲ ਕੇ ਗੁਰੂ ਦੀ ਸ਼ਕਤੀ ਵਿਚ ਵਾਧਾ ਕਰਨ ਦੀ ਸਲਾਹ ਦਿੰਦੀ ਹੈ ਤਾਂ ਜੋ ਇਕੱਠੇ ਹੋ ਕੇ ਮੁਗ਼ਲ ਸ਼ਕਤੀ ਨੂੰ ਦਬਾਇਆ ਜਾ ਸਕੇ। ਇਸ ਨਾਟਕ ਦੇ ਦੂਜੇ ਨਾਟ ਵਿਚ ਗੁਰੂ ਗੋਬਿੰਦ ਸਿੰਘ ਦੇ ਸਿੰਘਾਂ ਵਿਚ ਗੁਰੂ ਪ੍ਰਤੀ ਸ਼ਰਧਾ ਸਤਿਕਾਰ ਦਲੇਰੀ ਤੇ ਤਿਆਗ ਨੂੰ ਦਰਸਾਇਆ ਗਿਆ ਹੈ। ਇਸ ਨਾਟਕ ਦੇ ਤੀਜੇ ਨਾਟ ਵਿਚ ਔਰੰਗਜ਼ੇਬ ਦੀ ਮਾਨਸਿਕ ਪ੍ਰੇਸ਼ਾਨੀ ਦਿਖਾਈ ਗਈ ਹੈ ਜਿਸ ਵਿਚ ਦੇਸ਼ ਦੇ ਵਿਭਿੰਨ ਭਾਗਾਂ ਵਿਚੋਂ ਉੱਠ ਰਹੀਆਂ ਬਗ਼ਾਵਤਾਂ ਦੱਖਣੀ ਭਾਰਤ ਵਿਚ ਕਾਲ ਪੈ ਜਾਣ ਕਾਰਨ ਲਗਪਗ ਦੋ ਲੱਖ ਲੋਕਾਂ ਦਾ ਮਾਰੇ ਜਾਣਾ ਤੇ ਸਭ ਤੋਂ ਵੱਡਾ ਕਾਰਨ ਗੁਰੂ ਸਾਹਿਬ ਵੱਲੋਂ ਔਰੰਗਜ਼ੇਬ ਨੂੰ ਲਾਹਨਤਾਂ ਭਰਪੂਰ ਭੇਜਿਆ ਜ਼ਫ਼ਰਨਾਮਾ ਹੈ। ਔਰੰਗਜ਼ੇਬ ਦੀ ਪਰੇਸ਼ਾਨੀ ਦਾ ਇਕ ਵੱਡਾ ਕਾਰਨ ਇਹ ਵੀ ਹੈ:

ਔਰੰਗਜ਼ੇਬ: (ਔਖਾ ਔਖਾ ਮਹਿਸੂਸ ਕਰਦਾ ਹੋਇਆ) ਗਜ਼ਬੇਖ਼ੁਦਾ: ਮਾ ਬਦੌਲਤ ਨੇ ਤੇਗ ਬਹਾਦਰ ਦੇ ਖ਼ੂਨ ਨਾਲ ਇਸੇ ਲਈ ਹੱਥ ਰੰਗੇ ਸਨ ਕਿ ਉਹ ਸਾਡੀ ਤਖ਼ਲੀਕੀ ਮੁਹਿੰਮ ਦੇ ਰਸਤੇ ਵਿਚ ਇਕ ਜ਼ਬਰਦਸਤ ਰੁਕਾਵਟ ਆ ਬਣਿਆ ਸੀ।.... ਤੇਗ ਬਹਾਦਰ ਦੇ ਕਤਲ ਦਾ ਮੁਖ਼ਤਲਿਫ ਈ ਨਤੀਜਾ ਨਿਕਲਿਆ।[26]

ਇਸ ਤਰ੍ਹਾਂ ਇਸ ਨਾਟ-ਦ੍ਰਿਸ਼ ਵਿਚ ਨਾਟਕਕਾਰ ਨੇ ਇਹ ਵੀ ਦੱਸਿਆ ਹੈ ਕਿ ਔਰੰਗਜ਼ੇਬ ਨੂੰ ਇਕ ਚਿੱਠੀ ਮਿਲੀ ਜਿਸ ਵਿਚ ਛੇ ਮਹੀਨੇ ਦੇ ਲਗਾਤਾਰ ਘੇਰੇ ਤੋਂ ਬਾਅਦ ਵੀ ਆਨੰਦਪੁਰ ਦਾ ਕਿਲਾ ਜਿੱਤਣਾ ਅਸੰਭਵ ਹੈ। ਇਸ ਲਈ ਜਲਦੀ ਤੋਂ ਜਲਦੀ ਹੋਰ ਕੁਮਕ ਭੇਜੀ ਜਾਵੇ। ਇਸ ਤਰ੍ਹਾਂ ਇਸ ਨਾਟਕ ਵਿਚ ਮੁਗ਼ਲਾਂ ਦੀ ਕਮਜ਼ੋਰੀ ਤੇ ਖ਼ਾਲਸੇ ਦੀ ਬਹਾਦਰੀ ਤੇ ਦ੍ਰਿੜਤਾ ਨੂੰ ਇਕ ਬੜੀ ਸਫ਼ਲਤਾ ਪੂਰਵਕ ਜੁਗਤ ਰਾਹੀਂ ਸਿਰਜਿਆ ਗਿਆ ਹੈ। ਚੌਥੇ ਨਾਟ ਵਿਚ ਆਨੰਦਪੁਰ ਵਿਖੇ ਵਜ਼ੀਰ ਖਾਂ ਦੇ ਫ਼ੌਜੀ ਕੈਂਪ ਦਾ ਦ੍ਰਿਸ਼ ਹੈ ਜਿੱਥੇ ਜ਼ਬਰਦਸਤ ਖਾਂ ਤੇ ਅਜਮੇਰ ਚੰਦ ਆਦਿ ਪਾਤਰਾਂ ਦੀ ਵਾਰਤਾਲਾਪ ਰਾਹੀਂ ਸਿੰਘਾਂ ਦੀ ਬਹਾਦਰੀ ਨੂੰ ਉਜਾਗਰ ਕੀਤਾ ਹੈ। ਨਾਟਕ ਦੇ ਪੰਜਵੇਂ ਨਾਟ ਵਿਚ ਲੰਮੇ ਸਮੇਂ ਤੋਂ ਆਨੰਦਪੁਰ ਦੇ ਕਿਲ੍ਹੇ ਨੂੰ ਪਏ ਫ਼ੌਜੀ ਘੇਰੇ ਨੂੰ ਚਿਤਰਿਆ ਗਿਆ ਹੈ ਜਿਸ ਵਿਚ ਘੇਰੇ ਅੰਦਰਲੀ ਸੰਕਟਮਈ ਸਥਿਤੀ ਨੂੰ ਤਾਂ ਪੇਸ਼ ਕੀਤਾ ਗਿਆ ਹੈ ਪਰ ਸਮੁੱਚੇ ਰੂਪ ਵਿਚ ਸਿੰਘ ਚੜ੍ਹਦੀ ਕਲਾ ਵਿਚ ਹਨ। ਛੇਵੇਂ ਨਾਟ ਵਿਚ ਪਾਤਰਾਂ ਦੀ ਆਪਸੀ ਗੱਲਬਾਤ ਰਾਹੀਂ ਪਤਾ ਲੱਗਦਾ ਹੈ ਕਿ ਵਜ਼ੀਰ ਖਾਂ ਦੁਆਰਾ ਕੁਰਾਨ ਦੀਆਂ ਝੂਠੀਆਂ ਸਹੁੰਆਂ ਖਾਣ ਦੇ ਬਾਵਜੂਦ ਆਨੰਦਪੁਰ ਦਾ ਕਿਲ੍ਹਾ ਛੱਡਣ ਉਪਰੰਤ ਸਿੰਘਾਂ ਉਤੇ ਬੜਾ ਜ਼ਬਰਦਸਤ ਹਮਲਾ ਕਰ ਦਿੱਤਾ ਗਿਆ ਜਿਸ ਕਾਰਨ ਸਾਰਾ ਪਰਿਵਾਰ ਖੇਰੂੰ ਖੇਰੂੰ ਹੋ ਗਿਆ ਤੇ ਪੰਜ ਸਿੰਘਾਂ ਦੀ ਬੇਨਤੀ ਪ੍ਰਵਾਨ ਕਰਕੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਚਮਕੌਰ ਦੀ ਕੱਚੀ ਗੜ੍ਹੀ ਰਾਤ ਦੇ ਹਨੇਰੇ ਵਿਚ ਛੱਡ ਗਏ ਸਨ। ਸੱਤਵੇਂ ਤੇ ਅੱਠਵੇਂ ਨਾਟ ਵਿਚ ਦੋ ਕਾਲਪਨਿਕ ਪਾਤਰ ਗੁਲਾਬ ਸਿੰਘ ਤੇ ਰਾਮ ਰੱਖੀ ਦੀ ਵਾਰਤਾਲਾਪ ਰਾਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਚਮਕੌਰ ਦੀ ਗੜ੍ਹੀ ਛੱਡਣ ਉਪਰੰਤ ਮਾਛੀਵਾੜੇ ਦੇ ਜੰਗਲਾਂ ਵਿਚ ਬਿਤਾਏ ਸਮੇਂ ਨੂੰ ਸਾਕਾਰ ਕਰਨ

ਦਾ ਯਤਨ ਕੀਤਾ ਗਿਆ ਹੈ। ਇਹ ਨਾਟਕ ਖ਼ਾਲਸੇ ਦੀ ਬਹਾਦਰੀ, ਤਿਆਗ, ਹੌਸਲੇ ਅਤੇ ਧਾਰਮਿਕ ਚੇਤਨਤਾ ਨੂੰ ਇਤਿਹਾਸਕ ਸਥਿਤੀਆਂ ਦੇ ਸੰਦਰਭ ਵਿਚ ਉਜਾਗਰ ਕਰਦਾ ਹੈ।

**ਦੋ ਰਾਤਾਂ ਚਮਕੌਰ ਦੀਆਂ (1984)**

'ਦੋ ਰਾਤਾਂ ਚਮਕੌਰ' ਦੀਆਂ ਨਾਟਕਕਾਰ ਪਾਂਧੀ ਨਨਕਾਣਵੀ ਦੁਆਰਾ ਲਿਖਿਆ ਗਿਆ ਇਕ ਇਤਿਹਾਸਕ ਨਾਟਕ ਹੈ। ਇਹ ਨਾਟਕ ਗੁਰੂ ਗੋਬਿੰਦ ਸਿੰਘ ਅਤੇ ਮੁਗ਼ਲਾਂ ਵਿਚਕਾਰ ਦੋ ਰਾਤਾਂ ਸਮੇਂ ਵਾਪਰੀਆਂ ਘਟਨਾਵਾਂ ਉੱਪਰ ਆਧਾਰਿਤ ਹੈ। ਇਸ ਨਾਟਕ ਦੇ ਨਾਟਕੀ ਕਥਾਨਕ ਨੂੰ ਪੰਜ ਨਾਟਾਂ ਵਿਚ ਵੰਡਿਆ ਗਿਆ ਹੈ ਜਿਸ ਵਿਚ ਸਿਵਾਏ ਨਾਟਕੀ ਸੰਦਰਭ ਦੀਆਂ ਘਟਨਾਵਾਂ ਦੇ ਕਿਸੇ ਇਤਿਹਾਸਕ ਘਟਨਾ ਦੇ ਵਾਪਰਨ ਦੀ ਕੋਈ ਗੱਲ ਨਹੀਂ ਕਹੀ ਗਈ।

ਇਸ ਨਾਟਕ ਦਾ ਆਰੰਭ ਇਕ ਸਾਧਾਰਨ ਸਿੱਖ ਕਿਸਾਨ ਦੇ ਘਰ ਦੇ ਦ੍ਰਿਸ਼ ਤੋਂ ਸ਼ੁਰੂ ਹੁੰਦਾ ਹੈ। ਧਿਆਨ ਸਿੰਘ ਅਤੇ ਉਸ ਦੀ ਪਤਨੀ ਸੰਤ ਕੌਰ ਮੁਗ਼ਲ ਫ਼ੌਜ ਦੁਆਰਾ ਆਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਪਾਏ ਘੇਰੇ ਕਾਰਨ ਕਿਲ੍ਹੇ ਅੰਦਰ ਪੈਦਾ ਹੋਈ ਸਥਿਤੀ ਬਾਰੇ ਗੱਲਬਾਤ ਕਰਦੇ ਹਨ। ਇਸੇ ਮੌਕੇ ਹੀ ਇਕ ਜਖ਼ਮੀ ਸਿੰਘ ਪ੍ਰਵੇਸ਼ ਕਰਦਾ ਹੈ ਅਤੇ ਗੁਰੂ ਗੋਬਿੰਦ ਸਿੰਘ ਦੁਆਰਾ ਕਿਲ੍ਹਾ ਖਾਲੀ ਕਰਨ ਉਪਰੰਤ ਸਰਸਾ ਨਦੀ ਦੇ ਕੰਢੇ ਵਾਪਰੀਆਂ ਦੁਖਾਂਤਕ ਘਟਨਾਵਾਂ ਬਾਰੇ ਜਾਣਕਾਰੀ ਦਿੰਦਾ ਹੈ।ਦੂਸਰੇ ਨਾਟ ਵਿਚ ਜਗਤ ਸਿੰਘ ਅਤੇ ਰੂਪ ਚੰਦ ਦੋ ਭਰਾਵਾਂ ਦੇ ਘਰ ਦਾ ਦ੍ਰਿਸ਼ ਹੈ। ਰੂਪ ਚੰਦ ਆਪਣੇ ਹਿੱਸੇ ਦੀ ਹਵੇਲੀ (ਚਮਕੌਰ ਦੀ ਗੜ੍ਹੀ) ਗੁਰੂ ਗੋਬਿੰਦ ਸਿੰਘ ਤੇ ਸਿੱਖਾਂ ਦੇ ਹਵਾਲੇ ਕਰ ਦਿੰਦਾ ਹੈ ਤੇ ਜਗਤ ਸਿੰਘ ਗੁਰੂ ਦੀ ਚਮਕੌਰ ਵਿਚ ਮੌਜੂਦਗੀ ਬਾਰੇ ਸਰਹੰਦ

ਦੇ ਸੂਬੇਦਾਰ ਵਜ਼ੀਰ ਖਾਂ ਨੂੰ ਸੂਚਨਾ ਦੇ ਦਿੰਦਾ ਹੈ। ਇਸ ਨਾਟਕ ਦੇ ਤੀਸਰੇ ਨਾਟ ਵਿਚ ਸੂਬਾ ਸਰਹੰਦ ਵਜ਼ੀਰ ਖਾਂ ਤੇ ਉਸ ਦੀ ਫ਼ੌਜ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾਇਆ ਹੋਇਆ ਹੈ। ਵਜ਼ੀਰ ਖਾਂ ਦੇ ਸਾਥੀ ਆਪਸੀ ਗੱਲਬਾਤ ਰਾਹੀਂ ਗੁਰੂ ਦੀ ਬਹਾਦਰੀ ਹੌਸਲੇ ਅਤੇ ਭਗਤੀ ਭਾਵਨਾ ਨੂੰ ਉਘਾੜਦੇ ਹਨ ਜਿਵੇਂ :

ਅਜਮੇਰ ਸਿੰਘ: ਖ਼ਾਂ ਸਾਹਿਬ ਜਿਵੇਂ ਗੁਰੂ ਨੇ ਅੱਧੀ ਰਾਤ ਤੋਂ ਬਾਅਦ ਕਿਲ੍ਹਾ ਆਨੰਦਗੜ੍ਹ ਛੱਡਿਆ ਸੀ। ਉਸ ਨੇ ਸਹਿਜੇ ਹੀ ਸਰਸਾ ਨਦੀ ਵੀ ਪਾਰ ਕਰ ਜਾਣਾ ਸੀ, ਜੇ ਉਹ ਪੂਜਾ ਪਾਠ 'ਚ ਹੀ ਨਾ ਮਗਨ ਹੋ ਜਾਂਦਾ।[27]

ਚੌਥੇ ਨਾਟ ਵਿਚ ਸੂਬੇਦਾਰ ਵਜ਼ੀਰ ਖਾਂ ਤੇ ਹੋਰ ਕਈ ਮੁਗ਼ਲ ਸੁਬੇਦਾਰਾਂ ਦੀ ਮਜਲਿਸ ਦਾ ਦ੍ਰਿਸ਼ ਦਿਖਾਇਆ ਹੈ। ਇਸ ਵਿਚ ਵੀ ਮੁਗ਼ਲ ਸਿਪਾਹੀ ਗੁਰੂ ਗੋਬਿੰਦ ਸਿੰਘ ਤੇ ਸਿੰਘਾਂ ਦੀ ਬਹਾਦਰੀ ਨੂੰ ਉਭਾਰਦੇ ਹਨ। ਪੰਜਵੇਂ ਨਾਟ ਵਿਚ 'ਚਮਕੌਰ ਦੀ ਗੜ੍ਹੀ' ਦੇ ਅੰਦਰਲੇ ਦ੍ਰਿਸ਼ ਨੂੰ ਉਭਾਰਿਆ ਗਿਆ ਹੈ ਜਿਸ ਵਿਚ ਦੋ ਸਿੱਖਾਂ ਮਦਨ ਸਿੰਘ ਤੇ ਕੋਠਾ ਸਿੰਘ ਦੀ ਆਪਸੀ ਵਾਰਤਾਲਾਪ ਇਕ ਪਾਸੇ ਤਾਂ ਮੁਗ਼ਲਾਂ ਦੇ ਘੇਰੇ ਵਿਚ ਸਿੰਘਾਂ ਦੇ ਸੀਮਤ ਜੰਗੀ ਸਾਧਨਾ ਕਾਰਨ ਪੈਦਾ ਹੋਈ ਸੰਕਟਮਈ ਸਥਿਤੀ ਨੂੰ ਸਿਰਜਦੀ ਹੈ ਤੇ ਦੂਜੇ ਪਾਸੇ ਗੁਰੂ ਗੋਬਿੰਦ ਸਿੰਘ ਤੇ ਸਿੰਘਾਂ ਦੀ ਬਹਾਦਰੀ ਨੂੰ ਪੇਸ਼ ਕਰਦੀ ਹੈ। ਇੱਥੇ ਹੀ ਇਕ ਸਿੱਖ ਜਿਊਣ ਸਿੰਘ ਗੁਰੂ ਗੋਬਿੰਦ ਸਿੰਘ ਦੁਆਰਾ ਚਮਕੌਰ ਦੀ ਗੜ੍ਹੀ ਛੱਡਣ ਲਈ ਰਜ਼ਾਮੰਦ ਹੋਣ ਦੀ ਖ਼ਬਰ ਦਿੰਦਾ ਹੈ। ਇਸ ਨਾਟਕ ਦੇ ਦੂਜੇ ਨਾਟ-ਦ੍ਰਿਸ਼ ਅਗਰਭੂਮੀ ਵਿਚ ਮੁਗ਼ਲ ਆਪਸ ਵਿਚ ਗੁਥਮ-ਗੁੱਥਾ ਹੁੰਦੇ ਹਨ ਤੇ ਪਿੱਠਭੂਮੀ ਵਿਚੋਂ ਗੁਰੂ ਦੇ ਨਿਕਲਣ ਸਮੇਂ ਦੇ ਜੈਕਾਰਿਆਂ ਦੀਆਂ ਆਵਾਜ਼ਾਂ ਆਉਂਦੀਆਂ ਹਨ। ਇਸ ਤੇ ਵਜ਼ੀਰ ਖਾਂ ਆਪਣੇ ਸਾਥੀਆਂ ਤੇ ਗੁੱਸੇ

ਹੁੰਦਾ ਹੈ, ਕਿ ਇਤਨੀ ਫ਼ੌਜ ਦੇ ਹੁੰਦਿਆਂ ਗੁਰੂ ਕਿਵੇਂ ਬਚ ਕੇ ਨਿਕਲ ਗਿਆ। ਨਾਟਕ ਦੇ ਅਖ਼ੀਰ ਵਿਚ ਸਾਰੇ ਹੀ ਮੁਗ਼ਲ ਆਪਣੀ ਅਸਫ਼ਲਤਾ ਤੇ ਪਛਤਾ ਰਹੇ ਹਨ।

ਇਸ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਦੇ ਸਹਾਇਕ ਤੇ ਵਿਰੋਧੀ ਦੋਹਾਂ ਧਿਰਾਂ ਦੇ ਪਾਤਰਾਂ ਦੀ ਵਾਰਤਾਲਾਪ ਦਾ ਮੁੱਖ ਸੁਰ ਗੁਰੂ ਗੋਬਿੰਦ ਸਿੰਘ ਦੀ ਬਹਾਦਰੀ, ਨਿਡਰਤਾ, ਹੌਸਲੇ ਅਤੇ ਧਾਰਮਿਕ ਇਕਾਗਰਤਾ ਨੂੰ ਸਿਰਜਣਾ ਹੈ।

**ਸ਼ਹੀਦੀ ਨਜ਼ਾਰੇ : ਚਾਰ ਸਾਹਿਬਜ਼ਾਦੇ (1936)**

ਇਹ ਨਾਟਕ 'ਸ਼ਹੀਦੀ ਨਜ਼ਾਰੇ : ਚਾਰ ਸਾਹਿਬਜ਼ਾਦੇ' ਹਰਨਾਮ ਸਿੰਘ ਦੁਆਰਾ ਲਿਖਿਆ ਗਿਆ ਹੈ ਜੋ ਸਿੱਖ ਧਰਮ ਦੀ ਕੁਰਬਾਨੀ ਹੌਸਲੇ ਅਤੇ ਦ੍ਰਿੜਤਾ ਦੀ ਭਾਵਨਾ ਨੂੰ ਪੇਸ਼ ਕਰਦਾ ਹੈ। ਇਸ ਨਾਟਕ ਦੇ ਸਿਰਲੇਖ ਤੋਂ ਤਾਂ ਭਾਵੇਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਸੰਦਰਭ ਬਾਰੇ ਜਾਣਕਾਰੀ ਮਿਲਦੀ ਹੈ ਪਰ ਅਸਲ ਵਿਚ ਇਹ ਉਨ੍ਹਾਂ ਦੀ ਸ਼ਹੀਦੀ ਤੋਂ ਪਹਿਲਾਂ ਦੀਆਂ ਘਟਨਾਵਾਂ ਨੂੰ ਵੀ ਪੇਸ਼ ਕਰਦਾ ਹੈ। ਇਸ ਨਾਟਕ ਦਾ ਮਨੋਰਥ ਸਿੱਖ ਧਰਮ ਦੀ ਗੌਰਵਤਾ ਨੂੰ ਪੇਸ਼ ਕਰਨ ਦੇ ਨਾਲ ਨਾਲ ਸਾਹਿਬਜ਼ਾਦਿਆਂ ਦੇ ਸ਼ਹੀਦੀ ਬਿਰਤਾਂਤ ਨੂੰ ਕਰੁਣਾਮਈ ਰੂਪ ਵਿਚ ਪੇਸ਼ ਕਰਨਾ ਹੈ।

ਇਸ ਨਾਟਕ ਦਾ ਆਰੰਭ ਸ੍ਰੀ ਗੁਰੂ ਅਰਮਦਾਸ ਤੇ ਬੀਬੀ ਭਾਨੀ ਨਾਲ ਸੰਬੰਧਿਤ ਇਕ ਘਟਨਾ ਨਾਲ ਹੁੰਦਾ ਹੈ। ਘਟਨਾ ਇਹ ਹੈ ਕਿ ਬੀਬੀ ਭਾਨੀ ਸ੍ਰੀ ਗੁਰੂ ਅਮਰਦਾਸ ਤੋਂ ਇਹ ਮੰਗ ਕਰਦੀ ਹੈ ਕਿ ਗੁਰਗੱਦੀ ਭਵਿੱਖ ਵਿਚ ਘਰ ਵਿਚ ਹੀ ਰਹੇਗੀ। ਇਹ ਬੇਨਤੀ ਗੁਰੂ ਜੀ ਸਵੀਕਾਰ ਤਾਂ ਕਰ ਲੈਂਦੇ ਹਨ ਪਰ ਗੁਰਗੱਦੀ ਕੇਵਲ ਇਸ ਬਚਨ ਕਰਕੇ ਹੀ ਘਰ ਵਿਚ ਨਹੀਂ ਰੱਖੀ ਗਈ ਤੇ ਨਾ ਹੀ ਗੱਦੀ ਨੂੰ ਕੋਈ ਜਾਇਦਾਦ ਸਮਝਿਆ ਬਲਕਿ ਇਸ ਵਿਚ

ਗੁਰੂ ਸਾਹਿਬਾਂ ਦਾ ਨਜ਼ਰੀਆ ਭਾਰਤੀ ਕੌਮ ਪ੍ਰਤੀ ਧਾਰਮਿਕ ਸਭਿਆਚਾਰਕ ਅਤੇ ਰਾਜਨੀਤਕ ਤੌਰ ਤੇ ਚੇਤਨ ਕਰਨ ਦੀ ਜ਼ਿੰਮੇਵਾਰੀ ਨਿਭਾਉਣ ਵਾਲਾ ਸੀ। ਇਸ ਵਿਚ ਗੁਰੂ ਸਾਹਿਬ ਨੇ ਪੁਤਰਾਂ ਵਿਚੋਂ ਗੁਰਗੱਦੀ ਦੀ ਚੋਣ ਕਰਨ ਲੱਗਿਆ ਯੋਗ ਤੇ ਨਿੱਜੀ ਗੁਣਾਂ ਨੂੰ ਦੇਖਿਆ। ਇਸ ਸਾਖੀ ਦੇ ਵਰਣਨ ਤੋਂ ਅਗਲੀ ਘਟਨਾ ਕਿਲ੍ਹਾ ਆਨੰਦਪੁਰ ਨੂੰ ਮੁਗ਼ਲ ਫ਼ੌਜ ਦੇ ਪਾਏ ਘੇਰੇ ਤੋਂ ਉਪਜੀ ਸੰਕਟਮਈ ਸਥਿਤੀ ਹੈ ਜੋ ਨਾਟਕ ਨੂੰ ਨਾਟਕੀ ਬਿੰਬ ਪ੍ਰਸਤੁਤ ਕਰਦੀ ਹੈ।

ਨਾਟਕ ਦੇ ਦੂਜੇ ਅੰਕ ਵਿਚ ਚਮਕੌਰ ਦੀ ਲੜਾਈ ਵਿਚ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਦੀ ਸ਼ਹੀਦੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਸਰਹੰਦ ਦੀ ਕੰਧ ਵਿਚ ਚਿਣੇ ਜਾਣ ਦੀ ਸ਼ਹੀਦੀ ਨੂੰ ਪੇਸ਼ ਕੀਤਾ ਗਿਆ ਹੈ। ਲੇਕਿਨ ਇਹ ਨਾਟਕ ਸਿੱਖ ਇਤਿਹਾਸ ਦੀਆਂ ਘਟਨਾਵਾਂ ਨੂੰ ਤਾਂ ਪੇਸ਼ ਕਰਦਾ ਹੈ ਪਰ ਨਾਟਕੀ ਬੋਧ ਨਹੀਂ ਕਰਾਉਂਦਾ।

ਨਾਟਕ ਦੇ ਤੀਸਰੇ ਅੰਕ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਉਚ ਦਾ ਪੀਰ ਬਣ ਕੇ ਮੁਗ਼ਲਾਂ ਦੇ ਘੇਰੇ ਵਿਚੋਂ ਨਿਕਲਣਾ ਤੇ ਮਾਤਾ ਸੁੰਦਰੀ ਨੂੰ ਉਸ ਦੇ ਪੁਤਰਾਂ ਦੀ ਸ਼ਹੀਦੀ ਬਾਰੇ ਦੱਸਣ ਦੀਆਂ ਘਟਨਾਵਾਂ ਬਾਰੇ ਨਾਟਕਕਾਰ ਦਾ ਕਥਨ ਹੈ, ਭਾਵੇਂ ਅੱਜ ਕੱਲ੍ਹ ਥੀਏਟਰ ਅਤੇ ਸਿਨੇਮਾ ਦਾ ਸ਼ੌਕ ਹੋ ਰਿਹਾ ਹੈ ਅਤੇ ਕਈ ਪ੍ਰਕਾਰ ਦੇ ਡਰਾਮੇ ਦਿਖਾਏ ਜਾ ਰਹੇ ਹਨ ਪਰ ਮੈਂ ਨਹੀਂ ਚਾਹੁੰਦਾ ਇਸ ਨਜ਼ਾਰੇ ਨੂੰ ਡਰਾਮੇ ਦੀ ਸ਼ਕਲ ਵਿਚ ਸਟੇਜ ਤੇ ਕਰਕੇ ਦਿਖਾਇਆ ਜਾਵੇ। ਕੋਈ ਥੀਏਟਰੀਕਲ ਕੰਪਨੀ ਜਾਂ ਕਲੱਬ ਇਸ ਨਜ਼ਾਰੇ ਨੂੰ ਡਰਾਮੇ ਦੀ ਸ਼ਕਲ ਦੇ ਕੇ ਸਟੇਜ ਤੇ ਐਕਟ ਕਰਨ ਦੀ ਕੋਸ਼ਿਸ਼ ਨਾ ਕਰੇ।[40] ਇਸ ਨਾਟਕ ਨੂੰ ਸਟੇਜ ਤੇ ਨਾ ਖੇਡਣ ਦਾ ਕਾਰਨ ਇਕ ਤਾਂ ਇਹ ਹੈ ਕਿ

ਸਾਰੇ ਹੀ ਪਾਤਰ ਗੁਰੂਆਂ ਨਾਲ ਸੰਬੰਧਿਤ ਮਹਾਨ ਹਸਤੀਆਂ ਵਿਚੋਂ ਹਨ। ਦੂਸਰਾ ਇਹ ਲਿਖਤ-ਪਾਠ ਖੇਡ-ਪਾਠ ਵਿਚ ਰੂਪਾਂਤਰਿਤ ਹੋਣ ਦੀਆਂ ਸੰਭਾਵਨਾਵਾਂ ਨਹੀਂ ਰੱਖਦਾ। ਇਸ ਤਰ੍ਹਾਂ ਇਹ ਨਾਟਕ ਨਿਰੋਲ ਇਤਿਹਾਸਕ ਘਟਨਾਵਾਂ ਤੇ ਆਧਾਰਿਤ ਇਤਿਹਾਸਕ ਸਥਿਤੀ ਦਾ ਬੋਧ ਹੀ ਕਰਾਉਂਦਾ ਹੈ।

## ਅ) ਸਿੱਖ ਨਾਇਕ/ਨਾਇਕਾਵਾਂ ਨਾਲ ਸੰਬੰਧਿਤ ਨਾਟਕ

### *1. ਬੰਦਾ ਬਹਾਦਰ ਨਾਲ ਸੰਬੰਧਿਤ ਨਾਟਕ*

**ਬੰਦਾ ਬਹਾਦਰ (1985)**

ਸੰਤ ਸਿੰਘ ਸੇਖੋਂ ਦੁਆਰਾ ਲਿਖਿਆ ਗਿਆ ਨਾਟਕ 'ਬੰਦਾ ਬਹਾਦਰ' ਬੰਦਾ ਸਿੰਘ ਬਹਾਦਰ ਦੇ ਜੀਵਨ ਦੀਆਂ ਵਿਵਾਦਗ੍ਰਸਤ ਪਰ ਮਹੱਤਵਪੂਰਨ ਘਟਨਾਵਾਂ ਉੱਪਰ ਆਧਾਰਿਤ ਹੈ। 'ਬੰਦਾ ਬਹਾਦਰ' ਨਾਟਕ ਬਾਰੇ ਨਾਟਕਕਾਰ ਦਾ ਨਜ਼ਰੀਆ ਇਤਿਹਾਸਕ ਦ੍ਰਿਸ਼ਟੀ ਸੰਪੰਨ ਅਤੇ ਵਿਗਿਆਨਕ ਹੈ। ਇਸ ਬਾਰੇ ਉਹ ਖੁਦ ਕਹਿੰਦਾ ਹੈ, ਅਸਾਂ ਦੋ ਪਰਿਕਲਪਨਾਵਾਂ ਵਿਚੋਂ ਇਕ ਨੂੰ ਚੁਣਨਾ ਹੈ। ਇਕ ਪਰਿਕਲਪਨਾ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਵਰ ਨਾਲ ਮਾਧੋਦਾਸ ਵੈਰਾਗੀ ਜਿਸ ਨੂੰ ਯੁੱਧ ਦੀ ਕਲਾ ਦਾ ਕੋਈ ਅਭਿਆਸ ਨਹੀਂ ਸੀ ਇਕ ਦਮ ਇਕ ਵੱਡਾ ਯੁੱਧ ਨੇਤਾ ਬਣ ਗਿਆ। ਦੂਜੀ ਪਰਿਕਲਪਨਾ ਇਹ ਹੈ ਕਿ ਇਤਿਹਾਸ ਵਿਚ ਏਡੇ ਵੱਡੇ ਪਰਾਕ੍ਰਮ ਕਰਨ ਵਾਲਾ ਗੁਰੂ ਗੋਬਿੰਦ ਸਿੰਘ ਆਪ ਸੀ। ਅੰਤ ਵਿਚ ਮੈਂ ਸਿੱਖ ਪੰਥ ਅੱਗੇ ਇਹ ਪ੍ਰਸਤਾਵ ਰੱਖਦਾ ਹਾਂ ਕਿ ਉਹ ਸਾਡੇ ਇਤਿਹਾਸ ਨੂੰ ਵਿਗਿਆਨਕ ਦ੍ਰਿਸ਼ਟੀ ਨਾਲ ਵਾਚਣ। ਨਾਟਕਕਾਰ ਨੇ ਇਤਿਹਾਸਕ ਘਟਨਾਵਾਂ ਪ੍ਰਤੀ ਵਿਗਿਆਨਕ ਨਜ਼ਰੀਏ ਨੂੰ ਨਾਟਕੀ ਕਲਾ-ਜੁਗਤਾਂ ਰਾਹੀਂ ਕਿਵੇਂ ਰੂਪਾਂਤਰਿਤ ਕੀਤਾ ਹੈ ਅਤੇ ਇਸ ਨਾਟ-ਰਚਨਾ ਵਿਚੋਂ ਇਤਿਹਾਸਕ ਘਟਨਾਵਾਂ ਦਾ ਜੋ ਨਾਟਕੀ ਬਿੰਬ

ਉੱਭਰਦਾ, ਉਹ ਕਿਵੇਂ ਉਭਾਰਿਆ ਹੈ, ਇਸ ਦਾ ਵਿਸ਼ਲੇਸ਼ਣ ਕਰਨਾ ਹੀ ਸਾਡਾ ਮੰਤਵ ਹੈ। ਇਸ ਨਾਟਕ ਦੇ ਕਥਾਨਕ ਨੂੰ ਬਾਰਾਂ ਅੰਕਾਂ ਵਿਚ ਵੰਡਿਆ ਗਿਆ ਹੈ।

ਇਸ ਨਾਟਕ ਦਾ ਆਰੰਭ ਬੰਦਾ ਬਹਾਦਰ ਤੇ ਉਸ ਦੇ ਸਾਥੀਆਂ ਦੁਆਰਾ ਪਿੰਡ ਸਿਹਰ ਖੇੜਾ ਵਿਖੇ ਕੀਤੀ ਇਕੱਤਰਤਾ ਤੋਂ ਹੁੰਦਾ ਹੈ ਜਿੱਥੇ ਉਹ ਜੰਗ ਲਈ ਰਣਨੀਤੀ ਤਿਆਰ ਕਰ ਰਹੇ ਹਨ। ਇੱਥੇ ਬੰਦਾ ਬਹਾਦਰ ਮੁਗ਼ਲਾਂ ਵਿਰੁੱਧ ਜਹਾਦ ਛੇੜਨ ਲਈ ਸਿੱਖ ਸਰਦਾਰਾਂ ਨੂੰ ਇਕੱਠੇ ਵੀ ਕਰਦਾ ਹੈ। ਦੂਸਰੇ ਅੰਕ ਵਿਚ ਸਮਾਣਾ ਉੱਪਰ ਹਮਲਾ ਕਰਕੇ ਉਸ ਨੂੰ ਕਬਜ਼ੇ ਵਿਚ ਕੀਤਾ ਗਿਆ ਹੈ। ਇੱਥੇ ਉਨ੍ਹਾਂ ਜਲਾਦਾਂ ਛਾਛਲ ਬੇਗ ਤੇ ਬਾਛਲ ਬੇਗ ਜਿਨ੍ਹਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਿਆ ਸੀ, ਨੂੰ ਮੌਤ ਦੇ ਘਾਟ ਉਤਾਰਿਆ ਜਾਂਦਾ ਹੈ।

ਇਸ ਤੋਂ ਸਿਵਾ ਜਲਾਲਦੀਨ, ਜਿਸ ਨੇ ਸ੍ਰੀ ਗੁਰੂ ਤੇਗ ਬਹਾਦਰ ਦਾ ਸੀਸ ਉਤਾਰਿਆ ਸੀ, ਨੂੰ ਵੀ ਮਾਰਿਆ ਜਾਂਦਾ ਹੈ। ਤੀਜੇ ਅੰਕ ਵਿਚ ਸਰਹੰਦ ਫਤਹਿ ਦਿਖਾਈ ਗਈ ਹੈ ਤੇ ਚੱਪੜਚਿੜੀ ਦੀ ਲੜਾਈ ਦੀਆਂ ਘਟਨਾਵਾਂ ਦਾ ਬਿਰਤਾਂਤ ਇਕ ਸਿੱਖ ਬਲਾਕਾ ਸਿੰਘ ਦੇ ਜ਼ਬਾਨੀ ਸੁਣਾਇਆ ਗਿਆ ਹੈ। ਚੌਥੇ ਅੰਕ ਵਿਚ ਨਾਟਕੀ ਤਨਾਉ ਤੇ ਉਤਸੁਕਤਾ ਇਸ ਗੱਲ ਵਿਚ ਦਿਖਾਈ ਗਈ ਹੈ ਕਿ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦਾ ਅਜਮੇਰ ਵਿਖੇ ਇਕੱਠ ਹੈ ਜਿੱਥੇ ਮੁਗ਼ਲ ਸਾਮਰਾਜ ਦੀ ਅੰਦਰੂਨੀ ਅਸਥਿਰਤਾ ਦਾ ਬੋਧ ਕਰਾਇਆ ਹੈ। ਇੱਥੇ ਇਹ ਵੀ ਤਨਾਉ ਤੇ ਉਤਸੁਕਤਾ ਉੱਭਰਦੀ ਹੈ ਕਿ ਬੰਦਾ ਬਹਾਦਰ ਗੁਰੂ ਗੋਬਿੰਦ ਸਿੰਘ ਦਾ ਚੇਲਾ ਹੈ ਜਾਂ ਗੁਰੂ ਬਜ਼ਾਤੇ ਖੁਦ ਆਪ ਹੈ। ਪੰਜਵੇਂ ਦ੍ਰਿਸ਼ ਵਿਚ ਮੁਸਲਮਾਨਾਂ ਨੂੰ ਧਰਮ ਦੇ ਆਧਾਰ ਤੇ ਹੈਦਰੀ ਝੰਡੇ

ਥੱਲੇ ਇਕੱਠੇ ਹੋਣ ਦਾ ਸੱਦਾ ਦਿੱਤਾ ਗਿਆ ਹੈ ਤੇ ਉਹ ਲਾਹੌਰ ਦੇ ਸ਼ਾਲੀਮਾਰ ਬਾਗ ਵਿਚ ਇਕੱਠੇ ਹੋ ਰਹੇ ਹਨ ਜਿੱਥੇ ਉਨ੍ਹਾਂ ਨੂੰ ਬੁੱਲ੍ਹੇ ਸ਼ਾਹ ਦਾ ਮੁਰਸ਼ਦ ਸ਼ਾਹ ਅਨਾਇਤ ਸੰਬੋਧਨ ਕਰ ਰਿਹਾ ਹੈ। ਛੇਵੇਂ ਅੰਕ ਵਿਚ ਬਹਾਦਰ ਸ਼ਾਹ ਨੂੰ ਬੰਦਾ ਬਹਾਦਰ ਦੀਆਂ ਜਿੱਤਾਂ ਬਾਰੇ ਜਾਣੂ ਕਰਵਾਇਆ ਜਾਂਦਾ ਹੈ ਇਸ ਤਰ੍ਹਾਂ ਪਹਿਲੇ ਛੇ ਅੰਕਾਂ ਵਿਚ ਬੰਦਾ ਬਹਾਦਰ ਦੀ ਚੜ੍ਹਤ ਅਤੇ ਗਤੀਵਿਧੀਆਂ ਨੂੰ ਬਿਰਤਾਂਤ ਵਿਚ ਚਿਤਰਿਆ ਗਿਆ ਹੈ। ਇਉਂ ਇਤਿਹਾਸਕਤਾ ਤਾਂ ਦਿਖਾਈ ਗਈ ਹੈ ਪਰ ਨਾਟਕੀ ਪਕੜ ਘੱਟ ਹੈ।

ਸੱਤਵੇਂ ਅੰਕ ਵਿਚ ਦਿੱਲੀ ਵਿਖੇ ਮਾਤਾ ਸੁੰਦਰੀ ਦੇ ਨਿਵਾਸ ਅਸਥਾਨ ਦਾ ਦ੍ਰਿਸ਼ ਹੈ। ਇੱਥੇ ਮੁਗ਼ਲਾਂ, ਭਾਈ ਮਨੀ ਸਿੰਘ ਅਤੇ ਨੰਦ ਲਾਲ ਵਿਚ ਆਪਸੀ ਵਾਰਤਾਲਾਪ ਹੁੰਦੀ ਹੈ ਜਿਸ ਵਿਚ ਬੰਦਾ ਬਹਾਦਰ ਤੇ ਮੁਗ਼ਲਾਂ ਵਿਚ ਸੁਲ੍ਹਾ ਕਰਾਉਣ ਲਈ ਨੰਦ ਲਾਲ ਵਰਗੇ ਵੀ ਤਤਪਰ ਹੁੰਦੇ ਹਨ। ਇੱਥੇ ਤੱਤ ਖ਼ਾਲਸਾ ਤੇ ਬੰਦਈ ਖ਼ਾਲਸਾ ਦਾ ਜੋ ਅੰਤਰ-ਵਿਰੋਧ ਦਿਖਾਇਆ ਗਿਆ ਹੈ, ਇਸ ਪਿੱਛੇ ਮੁਗ਼ਲਾਂ ਦੀ ਰਣਨੀਤੀ ਕੰਮ ਕਰਦੀ ਦਿਖਾਈ ਹੈ। ਅੱਠਵੇਂ ਦ੍ਰਿਸ਼ ਵਿਚ ਮੁਗ਼ਲ ਸਰਕਾਰ ਦੁਆਰਾ ਮਾਤਾ ਸੁੰਦਰੀ ਤੇ ਸਿੱਖ ਆਗੂਆਂ ਉੱਪਰ ਦਬਾਅ ਪਾ ਕੇ ਬੰਦਾ ਬਹਾਦਰ ਦੇ ਨਾਮ ਇਹ ਹੁਕਮਨਾਮੇ ਜਾਰੀ ਕਰਵਾਏ ਜਾਂਦੇ ਹਨ ਕਿ ਮੁਗ਼ਲਾਂ ਨਾਲ ਸੁਲਾਹਕੁਨ ਨੀਤੀ ਧਾਰਨ ਕੀਤੀ ਜਾਵੇ, ਜਿਸ ਵਿਚ ਸਿੱਖ ਸਰਦਾਰਾਂ ਨੂੰ ਉੱਚੇ ਅਹੁਦਿਆਂ ਦੀ ਪੇਸ਼ਕਸ਼ ਵੀ ਕੀਤੀ ਗਈ ਹੈ। ਨੌਵੇਂ ਦ੍ਰਿਸ਼ ਵਿਚ ਹੁਕਮਨਾਮਿਆਂ ਪ੍ਰਤੀ ਬੰਦੇ ਬਹਾਦਰ ਦੇ ਪ੍ਰਤੀਕਰਮ ਨੂੰ ਤਨਾਉ ਯੁਕਤ ਢੰਗ ਨਾਲ ਚਿਤਰਿਆ ਗਿਆ ਹੈ। ਇਸ ਅੰਕ ਵਿਚ ਨਾਟਕਕਾਰ ਨੇ ਇਹ ਵੀ ਚਿਤਰਿਆ ਹੈ ਕਿ ਗੁਰੂ ਗੋਬਿੰਦ ਸਿੰਘ ਤੇ ਬਹਾਦਰ ਸ਼ਾਹ ਜ਼ਫਰ ਦੇ ਆਪਸੀ ਸੰਬੰਧਾਂ ਪਿੱਛੇ ਵੀ ਮੁਗ਼ਲਾਂ ਦੀ ਕੂਟਨੀਤੀ ਚੱਲ ਰਹੀ ਸੀ ਜੋ ਗੁਰੂ ਜੀ ਨੂੰ ਦੱਖਣ ਵੱਲ ਲਿਜਾਣ ਦਾ ਇਕ ਬਹਾਨਾ ਸੀ। ਬਹਾਦਰ

ਸ਼ਾਹ ਸਮਝਦਾ ਸੀ ਕਿ ਕਿਤੇ ਉਸ ਦੇ ਪਿੱਛੋਂ ਗੁਰੂ ਪੰਜਾਬ ਵਿਚ ਬਗ਼ਾਵਤ ਖੜੀ ਨਾ ਕਰ ਦੇਵੇ। ਦਸਵੇਂ ਅੰਕ ਵਿਚ ਮਾਤਾ ਸੁੰਦਰੀ ਵੱਲੋਂ ਜਾਰੀ ਕੀਤੇ ਹੁਕਮਨਾਮਿਆਂ ਅਤੇ ਬੰਦਾ ਬਹਾਦਰ ਦੀ ਆਪਣੀ ਨੀਤੀ ਪ੍ਰਤਿ ਹੱਠ-ਧਰਮੀ ਵਿਚੋਂ ਪੈਦਾ ਹੋਣ ਵਾਲੇ ਸੰਕਟ ਨੂੰ ਨਾਟਕੀ ਤਨਾਅ ਰਾਹੀਂ ਪ੍ਰਸਤੁਤ ਕੀਤਾ ਹੈ। ਇਸ ਸੰਕਟ ਨੂੰ ਬੰਦਾ ਬਹਾਦਰ ਅਤੇ ਵਿਨੋਦ ਸਿੰਘ ਦੇ ਸੰਦਰਭ ਵਿਚ ਪੇਸ਼ ਕੀਤਾ ਗਿਆ ਹੈ। ਗਿਆਰ੍ਹਵੇਂ ਅੰਕ ਵਿਚ ਬੰਦਾ ਬਹਾਦਰ ਤੇ ਉਸ ਦੇ ਸਾਥੀਆਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਦੇ ਦ੍ਰਿਸ਼ ਨੂੰ ਚਿਤਰਿਆ ਗਿਆ ਹੈ। ਇੱਥੇ ਬੰਦਾ ਬਹਾਦਰ ਤੇ ਉਸ ਦੇ ਸਾਥੀਆਂ ਦਾ ਆਪਸੀ ਸਿਦਕ ਦਿਖਾਇਆ ਹੈ ਤੇ ਇਤਿਹਾਸਕ ਘਟਨਾਵਾਂ ਨੂੰ ਵੀ ਪੇਸ਼ ਕੀਤਾ ਗਿਆ ਹੈ। ਇਸ ਵਿਚ ਸਭ ਤੋਂ ਮਹੱਤਵਪੂਰਨ ਨਾਟਕੀ ਘਟਨਾ ਇਹ ਹੈ ਕਿ ਇਕ ਮਾਂ ਆਪਣੇ ਸੱਜ-ਵਿਆਹੇ ਪੁੱਤਰ ਨੂੰ ਛੁਡਾਉਣ ਵਾਸਤੇ ਮੁਗ਼ਲਾਂ ਦੇ ਹਾੜ੍ਹੇ ਕੱਢਦੀ ਹੈ ਤੇ ਜਦ ਬਾਦਸ਼ਾਹ ਦੇ ਹੁਕਮ ਅਨੁਸਾਰ ਉਸ ਨੂੰ ਛੱਡਣ ਦਾ ਹੁਕਮ ਕੀਤਾ ਜਾਂਦਾ ਹੈ ਤਾਂ ਧਰਮ ਸਿੰਘ ਕਹਿੰਦਾ ਹੈ:

ਧਰਮ ਸਿੰਘ: (ਭਵੰਤਰਿਆ ਜਿਹਾ) ਮੈਨੂੰ ਕਾਹਦੇ ਲਈ ਮਾਫ਼ ਕੀਤਾ ਹੈ? ਮੈਂ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦਾ ਸਿੰਘ ਹਾਂ। ਇਹ ਮੇਰੀ ਮਾਤਾ ਨਹੀਂ। ਮੇਰੀ ਮਾਤਾ ਤਾਂ ਮਾਤਾ ਸਾਹਿਬ ਦੇਵਾਂ ਹੈ। ਇਹ ਦੂਜੀ ਔਰਤ ਮੇਰੀ ਪਤਨੀ ਨਹੀਂ। ਮੈਂ ਤਾਂ ਹਾਲੀਂ ਵਿਆਹ ਕਰਵਾਣਾ ਹੈ, ਮੌਤ ਨਾਲ। ਛੇਤੀ ਕਰੋ ਮੇਰਾ ਮੌਤ ਨਾਲ ਵਿਆਹ ਕਰੋ।[28]

ਉਪਰੋਕਤ ਘਟਨਾ ਇਕ ਇਤਿਹਾਸਕ ਸੱਚਾਈ ਹੈ ਜਿਸ ਦਾ ਜ਼ਿਕਰ ਇਤਿਹਾਸ ਦੀਆਂ ਪੁਸਤਕਾਂ ਵਿਚ ਵੀ ਮਿਲਦਾ ਹੈ। ਬਾਰ੍ਹਵੇਂ ਅੰਕ ਵਿਚ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚੋਂ ਫੜੇ ਗਏ ਹਥਿਆਰਾਂ ਦਾ ਵੇਰਵਾ

ਹੈ। ਤੇਰ੍ਹਵੇਂ ਅੰਕ ਵਿਚ ਬੰਦਾ ਬਹਾਦਰ ਨੂੰ ਮੁਗ਼ਲਾਂ ਦੁਆਰਾ ਦਿੱਤੇ ਗਏ ਤਸੀਹਿਆਂ ਦਾ ਵਰਣਨ ਹੈ। ਇੱਥੇ ਵੀ ਬੰਦਾ ਬਹਾਦਰ ਘੋਰ ਸੰਕਟ ਵਿਚ ਹੁੰਦੇ ਹੋਏ ਵੀ ਨਿਸ਼ਚੇ ਤੇ ਅਟੱਲ ਰਹਿੰਦਾ ਹੈ। ਨਾਟਕ ਦੇ ਆਖਰੀ ਤੇ ਚੌਧਵੇਂ ਅੰਕ ਵਿਚ ਬੰਦਾ ਬਹਾਦਰ ਦੀ ਸ਼ਹੀਦੀ ਤੋਂ ਬਾਅਦ 'ਤੱਤ ਖ਼ਾਲਸਾ' ਤੇ 'ਬੰਦਈ ਖ਼ਾਲਸਾ' ਨਾਂ ਦੇ ਗਰੁੱਪਾਂ ਦਾ ਵਰਨਣ ਸਿੱਖਾਂ ਦੀ ਆਪਸੀ ਫੁੱਟ ਦੀ ਵਿਆਖਿਆ ਕਰਦਾ ਹੈ। ਇਸ ਤਰ੍ਹਾਂ ਪੰਜਾਬੀ ਨਾਟਕ ਵਿਚ ਬੰਦਾ ਬਹਾਦਰ ਇਕ ਦੁਖਾਂਤਕ ਨਾਇਕ ਵਜੋਂ ਉੱਭਰਦਾ ਹੈ।

*2. ਮਹਾਰਾਜਾ ਰਣਜੀਤ ਸਿੰਘ ਨਾਲ ਸੰਬੰਧਿਤ ਨਾਟਕ*

**ਮਹਾਰਾਜਾ ਰਣਜੀਤ ਸਿੰਘ (ਭਾਗ ਪਹਿਲਾ 1923)**

ਕਿਰਪਾ ਸਾਗਰ ਦੁਆਰਾ ਰਚਿਤ ਨਾਟਕ 'ਮਹਾਰਾਜਾ ਰਣਜੀਤ ਸਿੰਘ' (ਭਾਗ ਪਹਿਲਾ) ਸ਼ਰਧਾ ਰਾਮ ਫਿਲੌਰੀ ਵੱਲੋਂ ਕੀਤੀ ਗਈ ਨਿੰਦਿਆ ਦੇ ਪ੍ਰਤੀਕਰਮ ਵਜੋਂ ਲਿਖਿਆ ਗਿਆ। ਇਸ ਨਾਟਕ ਦਾ ਪਹਿਲਾ ਭਾਗ ਲਾਹੌਰ ਦੀ ਜਿੱਤ ਤੋਂ ਲੈ ਕੇ ਕਸੂਰ ਦੀ ਜਿੱਤ ਤਕ ਦੀਆਂ ਇਤਿਹਾਸਕ ਘਟਨਾਵਾਂ ਤੇ ਆਧਾਰਿਤ ਹੈ। ਇਸ ਨਾਟਕ ਦੇ ਸ਼ੁਰੂ ਹੋਣ ਤੋਂ ਪਹਿਲਾਂ ਇਕ ਲੰਬੀ ਕਵਿਤਾ 'ਮਾਂਗਵੇਂ ਖੰਭ' ਦਿੱਤੀ ਗਈ ਹੈ। ਇਸ ਕਵਿਤਾ ਰਾਹੀਂ ਪੰਜਾਬੀਆਂ ਵਿਚ ਪੰਜਾਬੀ ਭਾਸ਼ਾ ਪ੍ਰਤੀ ਪਾਈ ਜਾਂਦੀ ਹੀਣ ਭਾਵਨਾ ਦਾ ਵਿਅੰਗ ਦੀ ਵਿਧੀ ਦੁਆਰਾ ਕਾਵਿ-ਬਿੰਬ ਸਿਰਜਣਾ ਹੈ। ਨਾਟਕਕਾਰ ਨਾਟਕ ਦੇ ਆਰੰਭ ਵਿਚ ਇਕ ਸਾਧਾਰਨ ਘਰ ਦੀ ਮਾਂ-ਧੀ ਦੇ ਆਪਸੀ ਸੰਵਾਦ ਰਾਹੀਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਪਹਿਲਾਂ ਲਾਹੌਰ ਵਿਚ ਵਿਆਪਕ ਅਰਾਜਕਤਾ ਦੀ ਸਥਿਤੀ ਦਾ ਬੋਧ ਕਰਾਉਂਦਾ ਹੈ। ਇਸ ਵਿਚ ਨਾਟਕਕਾਰ ਨੇ ਲਾਹੌਰ ਦੇ ਪੰਚਾਂ ਦੁਆਰਾ ਮਹਾਰਾਜਾ ਰਣਜੀਤ ਸਿੰਘ ਨੂੰ ਲਾਹੌਰ ਉੱਪਰ ਹਮਲਾ ਕਰਨ

ਲਈ ਖੁਦ ਬੁਲਾਇਆ ਤੇ ਹਰ ਸੰਭਵ ਸਹਾਇਤਾ ਦੇਣ ਬਾਰੇ ਦੱਸਿਆ ਹੈ ਕਿ ਭੰਗੀ ਸਰਦਾਰ ਜਨਤਾ ਨੂੰ ਕਿਵੇਂ ਤੰਗ ਕਰਦੇ ਹਨ।

ਨਾਟਕਕਾਰ ਦਾ ਮੁੱਖ ਮਕਸਦ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਨਾਇਕ ਵਜੋਂ ਪੇਸ਼ ਕਰਨਾ ਹੈ। ਨਾਟਕਕਾਰ ਨਾ ਕੇਵਲ ਰਣਜੀਤ ਸਿੰਘ ਨੂੰ ਵਰਤਮਾਨ ਜੀਵਨ ਵਿਚ ਦਿਆਲੂ ਸੰਪਰਦਾਇਕ, ਯੋਧਾ ਆਦਿ ਵਿਸ਼ੇਸ਼ਣਾਂ ਨਾਲ ਪੇਸ਼ ਕਰਦਾ ਹੈ, ਬਲਕਿ ਪੂਰਬਲੇ ਜਨਮ ਵਿਚ ਵੀ ਉਸ ਨੂੰ ਮਹਾਨ ਤਪੱਸਵੀ ਦੱਸਦਾ ਹੈ। ਨਾਟਕ ਵਿਚ ਇਤਿਹਾਸਕ ਘਟਨਾਵਾਂ ਤੋਂ ਇਲਾਵਾ ਨਿਰੋਲ ਕਾਲਪਨਿਕ ਤੇ ਪਰਾਭੌਤਿਕ ਅਦਭੁੱਤ ਘਟਨਾਵਾਂ ਦੀ ਸਿਰਜਨਾ ਵੀ ਕੀਤੀ ਗਈ ਹੈ।

**ਮਹਾਰਾਜਾ ਰਣਜੀਤ ਸਿੰਘ (ਭਾਗ ਦੂਜਾ 1928)**

ਪਿਛਲੇ ਨਾਟਕ ਦੀ ਲੜੀ ਵਿਚ ਨਾਟਕ 'ਮਹਾਰਾਜਾ ਰਣਜੀਤ ਸਿੰਘ' (ਭਾਗ ਦੂਜਾ) ਵਿਚ ਵੀ ਨਾਟਕਕਾਰ ਕਿਰਪਾ ਸਾਗਰ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਨਾਇਕ ਵਜੋਂ ਉਭਾਰਿਆ ਹੈ। ਇਸ ਵਿਚ ਕਸੂਰ ਦੀ ਜਿੱਤ ਤੋਂ ਲੈ ਕੇ ਅੰਗਰੇਜ਼ਾਂ ਨਾਲ ਸਤਲੁਜ ਤੋਂ ਪਾਰ ਦੇ ਇਲਾਕੇ ਦੀ ਸੰਧੀ ਕਰਨ ਅਤੇ ਕਾਂਗੜੇ ਦੀ ਜਿੱਤ ਦੀਆਂ ਇਤਿਹਾਸਕ ਘਟਨਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਸਾਰੇ ਨਾਟਕ ਨੂੰ ਪੰਜ ਭਾਗਾਂ ਵਿਚ ਵੰਡਿਆ ਗਿਆ ਹੈ। ਹਰ ਇਕ ਭਾਗ ਨੂੰ ਰੂਪਾਂ ਵਿਚ ਵੰਡਿਆ ਗਿਆ ਹੈ। ਪਹਿਲੇ ਅੰਕ ਵਿਚ ਗਿਆਰਾਂ, ਦੂਜੇ ਵਿਚ ਤਿੰਨ, ਤੀਸਰੇ ਵਿਚ ਨੌਂ ਚੌਥੇ ਵਿਚ ਪੰਜ ਅਤੇ ਪੰਜਵੇਂ ਵਿਚ ਛੇ ਰੂਪ ਹਨ। ਨਾਟਕ ਦੇ ਆਰੰਭ ਵਿਚ ਮੈਟਕਾਫ਼ ਅੰਗਰੇਜ਼ ਵਕੀਲ ਰਣਜੀਤ ਸਿੰਘ ਨੂੰ ਮਿਲਣ ਆਉਂਦਾ ਹੈ। ਭਾਵੇਂ ਅੰਗਰੇਜ਼ ਕੂਟਨੀਤੀਵਾਨ ਹਨ ਪਰੰਤੂ ਇੱਥੇ ਨਾਟਕਕਾਰ ਨੇ ਰਣਜੀਤ ਸਿੰਘ ਦੁਆਰਾ ਸੰਧੀ ਨੂੰ ਲਮਕਾਉਣਾ ਦੱਸਿਆ ਹੈ।

ਜਿਸ ਵਿਚ ਮੈਟਕਾਫ਼ ਰਣਜੀਤ ਸਿੰਘ ਨੂੰ ਤੀਖਣ ਬੁੱਧੀ ਦਾ ਕਮਾਲ ਸਮਝਦਾ ਹੈ। ਇਸ ਵਿਚ ਨਾਟਕਕਾਰ ਰਣਜੀਤ ਸਿੰਘ ਨੂੰ ਪਰੰਪਰਾਵਾਂ ਅਤੇ ਰਹੁ-ਰੀਤਾਂ ਦਾ ਪੂਰਾ ਅਨੁਯਾਈ ਪੇਸ਼ ਕਰਦਾ ਹੈ। ਕਿਰਪਾ ਸਾਗਰ ਰਣਜੀਤ ਸਿੰਘ ਨੂੰ ਇਕ ਅਜਿਹੇ ਵਿਅਕਤੀ ਵਜੋਂ ਪੇਸ਼ ਕਰਦਾ ਹੈ ਜੋ ਸ਼ਗਨ-ਅਪਸ਼ਗਨ ਤੇ ਤਿੱਥੇ-ਵਾਰ ਆਦਿ ਦੀ ਪੂਰੀ ਵਿਚਾਰ ਕਰਦਾ ਹੈ। ਇੱਥੇ ਨਾਟਕਕਾਰ ਰਣਜੀਤ ਸਿੰਘ ਤੇ ਮੋਰਾਂ ਦੇ ਸੰਬੰਧਾਂ ਬਾਰੇ ਤਾਂ ਚੁੱਪ ਹੈ, ਪਰ ਇਨ੍ਹਾਂ ਸੰਬੰਧਾਂ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਮਿਲੀ ਸਜ਼ਾ ਨੂੰ ਅਧੀਨਗੀ ਨਾਲ ਕਬੂਲਦਾ ਹੈ। ਇਸ ਤਰ੍ਹਾਂ ਰਣਜੀਤ ਸਿੰਘ ਦੇ ਜੀਵਨ ਵਿਚੋਂ ਕੇਵਲ ਉਨ੍ਹਾਂ ਘਟਨਾਵਾਂ ਦੀ ਚੋਣ ਕੀਤੀ ਗਈ ਹੈ, ਜਿਨ੍ਹਾਂ ਦੇ ਆਧਾਰ ਤੇ ਉਸ ਨੂੰ ਲੋਕ ਨਾਇਕ ਵਜੋਂ ਪੇਸ਼ ਕੀਤਾ ਜਾ ਸਕੇ। ਇਸ ਤਰ੍ਹਾਂ ਇਹ ਭਾਗ ਇਤਿਹਾਸਕ ਵਿਵਰਣ ਤਾਂ ਪੇਸ਼ ਕਰਦਾ ਹੈ ਪਰ ਇਤਿਹਾਸਕ ਘਟਨਾਵਾਂ ਨੂੰ ਨਾਟਕੀ ਸੰਦਰਭ ਵਿਚ ਪੇਸ਼ ਨਹੀਂ ਕਰਦਾ। ਇਸ ਤਰ੍ਹਾਂ ਸਾਰੇ ਨਾਟਕ ਵਿਚ ਨਾਟਕੀ ਤਨਾਉ ਦਾ ਅਭਾਵ ਰਹਿੰਦਾ ਹੈ।

**ਡੀਡੋ ਜਮਵਾਲ ਮਹਾਰਾਜਾ ਰਣਜੀਤ ਸਿੰਘ (ਭਾਗ ਤੀਜਾ 1934)**

ਇਸ ਨਾਟਕ ਵਿਚ ਨਾਟਕਕਾਰ ਕਿਰਪਾ ਸਾਗਰ ਨੇ ਇਹ ਦੱਸਿਆ ਹੈ ਕਿ ਅੰਗਰੇਜ਼ੀ ਵਿਦਿਆ ਦੇ ਪਸਾਰ ਨਾਲ ਜਿੱਥੇ ਭਾਰਤੀ ਨਵੀਆਂ ਸਾਹਿਤਕ ਵਿਧਾਵਾਂ ਤੋਂ ਜਾਣੂ ਹੋਏ ਹਨ ਉੱਥੇ ਉਨ੍ਹਾਂ ਵਿਚ ਰਾਸ਼ਟਰੀ ਭਾਵਨਾ ਵੀ ਪੈਦਾ ਹੋਈ ਹੈ। ਕਿਰਪਾ ਸਾਗਰ ਦਾ ਨਾਟਕ 'ਡੀਡੋ ਜਮਵਾਲ' ਪੰਜਾਬ ਦਾ ਪਹਿਲਾ ਅਜਿਹਾ ਨਾਟਕ ਹੈ ਜਿਸ ਵਿਚ ਗ਼ੁਲਾਮੀ ਦੇ ਜੀਵਨ ਨਾਲੋਂ ਮਰ ਮਿਟਣ ਦਾ ਸੰਦੇਸ਼ ਦਿੱਤਾ ਗਿਆ ਹੈ। ਇਸ ਨਾਟਕ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਬਿੰਬ ਇਕ ਲੋਕ ਨਾਇਕ ਵਾਲਾ ਤਾਂ ਉੱਭਰਦਾ ਹੈ ਪਰ

ਰਾਸ਼ਟਰੀ ਨਾਇਕ ਵਾਲਾ ਨਹੀਂ। ਇਸ ਨਾਟਕ ਦੀ ਉਸਾਰੀ ਦਾ ਆਧਾਰ ਦੋ ਪ੍ਰਮੁੱਖ ਪਾਤਰਾਂ ਰਣਜੀਤ ਸਿੰਘ ਅਤੇ ਡੀਡੋ ਜਮਵਾਲ ਦੇ ਦੋ ਵਿਰੋਧੀ ਦ੍ਰਿੜ ਸੰਕਲਪਾਂ ਦਾ ਤਨਾਉ ਹੈ। ਡੀਡੋ ਆਪਣੇ ਵਤਨ (ਡੁਗਰ) ਦੀ ਆਜ਼ਾਦੀ ਲਈ ਦ੍ਰਿੜ ਹੈ ਅਤੇ ਰਣਜੀਤ ਸਿੰਘ ਡੁਗਰ ਨੂੰ ਆਪਣੇ ਅਧੀਨ ਕਰਕੇ ਆਪਣੇ ਰਾਜ ਦੀਆਂ ਹੱਦਾਂ ਨੂੰ ਵਿਸਥਾਰ ਦੇਣ ਲਈ ਦ੍ਰਿੜ ਹੈ। ਇਸ ਵਿਰੋਧ ਵਿਚੋਂ ਪੈਦਾ ਹੋਣ ਵਾਲੇ ਤਨਾਉ ਉੱਪਰ ਹੀ ਨਾਟ-ਰਚਨਾ ਉਸਾਰੀ ਗਈ ਹੈ। ਇਸ ਨਾਟਕ ਵਿਚ ਨਾਟਕਕਾਰ ਡੀਡੋ ਨੂੰ 'ਬਾਜ਼' ਦੇ ਪ੍ਰਤੀਕ ਰਾਹੀਂ ਪੇਸ਼ ਕਰਦਾ ਹੈ ਜੋ ਆਪਣੇ ਆਪ ਵਿਚ ਸ਼ਕਤੀ, ਸੰਘਰਸ਼ ਅਤੇ ਆਜ਼ਾਦੀ ਦਾ ਪ੍ਰਤੀਕ ਹੈ। ਇਸ ਤੋਂ ਸਿਵਾ ਇਸ ਨਾਟਕ ਵਿਚ ਉਸ ਸਮੇਂ ਦੀਆਂ ਘਟਨਾਵਾਂ ਨੂੰ ਵੀ ਪੇਸ਼ ਕੀਤਾ ਗਿਆ ਹੈ ਜਦੋਂ ਜੰਮੂ ਵਿਚ ਰਾਜਾ ਜੀਤ ਸਿੰਘ ਦਾ ਰਾਜ ਸੀ। ਜੀਤ ਸਿੰਘ ਸਾਧਾਰਨ ਬੁੱਧੀ ਦਾ ਮਾਲਕ ਅਤੇ ਧਾਰਮਿਕ ਵਿਚਾਰਾਂ ਵਾਲਾ ਸੀ ਤੇ ਉਸ ਦੇ ਰਾਜ ਦਾ ਪ੍ਰਬੰਧ ਉਸ ਦੇ ਕਪਟੀ ਵਜ਼ੀਰ ਮੀਏਂ ਮੋਟੇ ਦੇ ਹੱਥਾਂ ਵਿਚ ਸੀ ਜਿਸ ਕਾਰਨ ਜੰਮੂ ਦੇ ਰਾਜ-ਪ੍ਰਬੰਧ ਦੀ ਹਾਲਤ ਨਿੱਘਰ ਚੁੱਕੀ ਸੀ ਤੇ ਇਸ ਹਾਲਾਤ ਵਿਚ ਰਣਜੀਤ ਸਿੰਘ ਨੇ ਜੰਮੂ ਉੱਪਰ ਹਮਲਾ ਕਰਕੇ ਆਪਣੇ ਕਬਜ਼ੇ ਵਿਚ ਲੈ ਲਿਆ ਸੀ। ਇਸ ਤੋਂ ਬਾਅਦ ਡੀਡੋ ਤੇ ਭੂਪਦੇਵ, ਮੀਏਂ ਮੋਟੇ ਨੂੰ ਮਾਰ ਦਿੰਦੇ ਹਨ। ਰਣਜੀਤ ਸਿੰਘ ਗੁਲਾਬ ਸਿੰਘ ਦੀ ਅਗਵਾਈ ਵਿਚ ਡੀਡੋ ਵਿਰੁੱਧ ਫ਼ੌਜ ਭੇਜਦਾ ਹੈ। ਜਿਸ ਤੇ ਗੁਲਾਬ ਸਿੰਘ ਦੀ ਕੂਟਨੀਤੀ ਅੱਗੇ ਡੀਡੋ ਟਿਕ ਨਹੀਂ ਸਕਦਾ ਤੇ ਲੜਦਾ ਹੋਇਆ ਸ਼ਹੀਦ ਹੋ ਜਾਂਦਾ ਹੈ। ਇਸ ਤਰ੍ਹਾਂ ਇਸ ਨਾਟਕ ਵਿਚ ਡੀਡੋ ਇਕ ਲੋਕ ਨਾਇਕ ਵਜੋਂ ਉੱਭਰਦਾ ਹੈ।

**ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ (1958)**

ਪ੍ਰੋ. ਬਲਬੀਰ ਸਿੰਘ ਦਾ ਨਾਟਕ 'ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ' ਰਣਜੀਤ ਸਿੰਘ ਦੇ ਬਚਪਨ ਤੋਂ ਲੈ ਕੇ ਉਸ ਦੀ ਮੌਤ ਤਕ ਦੀਆਂ

ਘਟਨਾਵਾਂ ਨੂੰ ਨਾਟਕੀ ਸੰਦਰਭ ਵਿਚ ਪੇਸ਼ ਕਰਦਾ ਹੈ। ਇਸ ਨਾਟਕ ਵਿਚ ਨਾਟਕਕਾਰ ਕਾਲਪਨਿਕ ਪਾਤਰਾਂ, ਘਟਨਾਵਾਂ ਅਤੇ ਉਨ੍ਹਾਂ ਦੀ ਵਰਤੋਂ ਦੇ ਰਚਨਾ ਮਨੋਰਥ ਬਾਰੇ ਸਪਸ਼ਟ ਸੰਕੇਤ ਕਰਦਾ ਹੈ। ਸਾਰੇ ਹੀ ਨਾਟਕੀ ਕਥਾਨਕ ਨੂੰ 'ਪੰਜ ਭਾਗਾਂ' ਵਿਚ ਵੰਡ ਕੇ ਪੇਸ਼ ਕੀਤਾ ਗਿਆ ਹੈ।

ਨਾਟਕ ਦਾ ਆਰੰਭ ਇਕ ਕਾਲਪਨਿਕ ਘਟਨਾ ਨਾਲ ਪੇਸ਼ ਕੀਤਾ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਬਾਲ ਅਵਸਥਾ ਵਿਚ ਆਪਣੇ ਪਿਤਾ ਮਹਾਂ ਸਿੰਘ ਨਾਲ ਖੇਡ ਰਹੇ ਬੱਚਿਆਂ ਕੋਲ ਆਉਂਦਾ ਹੈ। ਰਣਜੀਤ ਸਿੰਘ ਬੱਚਿਆਂ ਦੁਆਰਾ ਬਣਾਏ ਵੱਖਰੇ ਵੱਖਰੇ ਘਰ ਢਾਹ ਦਿੰਦਾ ਹੈ ਤੇ ਸਾਰਿਆਂ ਨੂੰ ਇਕੋ ਸਾਂਝਾ ਘਰ ਬਣਾ ਕੇ ਖੇਡਣ ਲਈ ਕਹਿੰਦਾ ਹੈ। ਇਸ ਤਰ੍ਹਾਂ ਨਾਟਕਕਾਰ ਨੇ ਨਾਟਕ ਦੇ ਆਰੰਭ ਵਿਚ ਹੀ ਬਾਲ ਖੇਡ ਦੀ ਨਾਟਕੀ ਜੁਗਤ ਰਾਹੀਂ ਨਾਟਕ ਦੇ ਕੇਂਦਰੀ ਵਿਸ਼ੇ ਨਾਲ ਰਚਨਾ ਨੂੰ ਜੋੜ ਦਿੱਤਾ ਹੈ। ਦੂਸਰੀ ਝਾਕੀ ਵਿਚ ਸ੍ਰੀ ਮਹਾਂ ਸਿੰਘ ਆਪਣੀ ਦੀਰਘ ਬੀਮਾਰੀ ਕਾਰਨ ਸੋਦਰਾਂ ਦੇ ਕਿਲ੍ਹੇ ਦੀ ਘੇਰਾਬੰਦੀ ਦੀ ਵਾਗਡੋਰ ਰਣਜੀਤ ਸਿੰਘ ਦੇ ਹੱਥਾਂ ਵਿਚ ਸੌਂਪਦਾ ਹੈ ਤੇ ਰਣਜੀਤ ਸਿੰਘ ਦੀ ਜਿੱਤ ਹੁੰਦੀ ਹੈ।

ਨਾਟਕ ਦੇ ਦੂਜੇ ਅੰਕ ਵਿਚ ਮਹਾਰਾਜਾ ਆਪਣੀ ਸੱਸ ਸਦਾ ਕੌਰ ਦੀ ਮਦਦ ਨਾਲ ਲਾਹੌਰ ਨੂੰ ਭੰਗੀਆਂ ਦੇ ਕਬਜ਼ੇ ਤੋਂ ਅਜ਼ਾਦ ਕਰਵਾ ਕੇ ਅਧਿਕਾਰ ਜਮਾਉਂਦਾ ਹੈ ਤੇ ਭੰਗੀ ਸਰਦਾਰਾਂ ਨੂੰ ਗੁਜ਼ਾਰੇ ਵਜੋਂ ਜਗੀਰ ਦੇ ਕੇ ਫ਼ੌਜ ਨੂੰ ਸ਼ਾਂਤੀ ਬਣਾਈ ਰੱਖਣ ਦਾ ਆਦੇਸ਼ ਦਿੰਦਾ ਹੈ। ਨਾਟਕ ਦੇ ਤੀਸਰੇ ਅੰਕ ਵਿਚ ਗੁਲਾਬ ਸਿੰਘ ਭੰਗੀ ਅਤੇ ਜੱਸਾ ਸਿੰਘ ਰਾਮਗੜ੍ਹੀਆ ਰਲ ਕੇ ਰਣਜੀਤ ਸਿੰਘ ਨੂੰ ਕਤਲ ਕਰਨ ਦੀ ਸਾਜਿਸ਼ ਰਚਦੇ ਹਨ ਪਰ ਉਹ ਅਸਫ਼ਲ ਰਹਿੰਦੇ ਹਨ ਤੇ ਜਿੱਤ ਰਣਜੀਤ ਸਿੰਘ ਦੀ ਹੁੰਦੀ ਹੈ। ਇਸ ਅੰਕ

ਨੂੰ ਨਾਟਕਕਾਰ ਨੇ ਅੱਠ ਝਾਕੀਆਂ ਵਿਚ ਪੇਸ਼ ਕੀਤਾ ਹੈ ਜੋ ਦੰਤ ਕਥਾਵਾਂ ਦੀ ਪੇਸ਼ਕਾਰੀ ਨਾਲ ਬਿਰਤਾਂਤਕ ਮਾਹੌਲ ਸਿਰਜਦਾ ਹੈ। ਨਾਟਕ ਦੇ ਚੌਥੇ ਅੰਕ ਵਿਚ ਦੰਤ ਕਥਾਵਾਂ ਰਾਹੀਂ ਨਾਟਕੀ ਬਿਰਤਾਂਤ ਸਿਰਜਿਆ ਹੈ ਜਿਸ ਵਿਚ ਇਕ ਮਾਈ ਨੂੰ ਉਸ ਦੇ ਤਵੇ ਦੇ ਭਾਰ ਬਰਾਬਰ ਸੋਨਾ ਤੋਲ ਕੇ ਦੇਣਾ, ਪਟਿਆਲੇ ਦੇ ਰਾਜ ਕੁਮਾਰ ਨੂੰ ਮਾਲਾ ਭੇਂਟ ਕਰਨੀ, ਸ਼ਾਹ ਸੂਜ਼ਾ ਤੋਂ ਹੀਰਾ ਲੈਣਾ ਤੇ ਮੁਲਤਾਨ ਦਾ ਕਿਲ੍ਹਾ ਫਤਹਿ ਕਰਨਾ ਆਦਿ ਰਾਹੀਂ ਰਣਜੀਤ ਸਿੰਘ ਦੇ ਦਾਨੀ ਸੁਭਾਅ ਨੂੰ ਵੀ ਉਭਾਰਿਆ ਹੈ। ਨਾਟਕ ਦੇ ਪੰਜਵੇਂ ਅੰਕ ਵਿਚ ਨਿਰੋਲ ਇਤਿਹਾਸਕ ਘਟਨਾਵਾਂ ਵਾਪਰਦੀਆਂ ਹਨ ਜਿਵੇਂ ਅਕਾਲੀ ਫੂਲਾ ਸਿੰਘ ਦੀ ਮੌਤ, ਹਰੀ ਸਿੰਘ ਨਲੂਆ ਤੇ ਰਣਜੀਤ ਸਿੰਘ ਦੀ ਮੌਤ ਆਦਿ ਘਟਨਾਵਾਂ ਨੂੰ ਨਾਟਕੀ ਸੰਦਰਭ ਵਿਚ ਰੱਖ ਕੇ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਜੋ ਦੁਖਾਂਤਕ ਪ੍ਰਭਾਵ ਸਿਰਜਦੀਆਂ ਹਨ। ਇਸ ਤਰ੍ਹਾਂ ਇਹ ਨਾਟਕ ਰਣਜੀਤ ਸਿੰਘ ਦੇ ਬਚਪਨ ਤੋਂ ਮੌਤ ਤਕ ਦੇ ਇਤਿਹਾਸਕ ਸਮਾਚਾਰਾਂ ਨੂੰ ਨਾਟ ਵਿਧੀਆਂ ਦੀਆਂ ਰੀਤੀਆਂ ਅਨੁਸਾਰ ਪੇਸ਼ ਕਰਨ ਦਾ ਯਤਨ ਹੈ ਜੋ ਰਣਜੀਤ ਸਿੰਘ ਨੂੰ ਇਕ ਲੋਕ ਨਾਇਕ ਵਜੋਂ ਉਭਾਰਨ ਲਈ ਯਤਨਸ਼ੀਲ ਹੈ।

### ਮਹਾਂਬਲੀ ਯੋਧਾ (1981)

ਗੁਰਦਿਆਲ ਸਿੰਘ ਫੁੱਲ ਦਾ ਨਾਟਕ 'ਮਹਾਂਬਲੀ ਯੋਧਾ' ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦੀਆਂ ਇਤਿਹਾਸਕ ਅਤੇ ਕਾਲਪਨਿਕ ਘਟਨਾਵਾਂ ਤੇ ਆਧਾਰਿਤ ਹੈ। ਇਹ ਨਾਟਕ ਆਵਾਜ਼ ਅਤੇ ਰੋਸ਼ਨੀ ਦੀ ਤਕਨੀਕ ਤੇ ਆਧਾਰਿਤ ਹੈ। ਇਸ ਨਾਟਕ ਵਿਚ ਨਾਟਕਕਾਰ ਨੇ ਦੱਸਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਬਾਹੂ-ਬਲ ਅੱਗੇ ਕੋਈ ਦੁਸ਼ਮਣ ਤੇ ਮੁਸ਼ਕਿਲ ਨਹੀਂ ਠਹਿਰ ਸਕਦੇ ਸਨ। ਇਸ ਨਾਟਕ ਵਿਚ ਨਾਟਕਕਾਰ ਨੇ ਮਹਾਰਾਜਾ

ਰਣਜੀਤ ਸਿੰਘ ਦੀਆਂ ਅਸਫ਼ਲਤਾਵਾਂ ਅਤੇ ਮੌਤ ਨੂੰ ਵੀ ਵਿਰੋਧੀ ਧਿਰ ਦੀਆਂ ਛਲ-ਕਪਟ ਭਰੀਆਂ ਚਾਲਾਂ ਅਤੇ ਸਾਜਿਸ਼ ਨੂੰ ਦੋਸ਼ੀ ਠਹਿਰਾਇਆ ਹੈ। ਇਸ ਨਾਟਕ ਦੇ ਪਾਤਰ ਇਤਿਹਾਸ ਵਿਚੋਂ ਲਏ ਗਏ ਹਨ। ਰਣਜੀਤ ਸਿੰਘ ਪ੍ਰਤੀ ਨਾਟਕਕਾਰ ਦੀ ਸ਼ਰਧਾ ਭਾਵਨਾ ਕਾਰਨ ਉਸ ਨੂੰ ਨਾਇਕ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਪਰੰਤੂ ਉਸ ਦੇ ਰਾਜ ਪ੍ਰਬੰਧ ਦੀ ਅੰਦਰੂਨੀ ਬਣਤਰ ਅਤੇ ਜਾਤੀ ਕਮਜ਼ੋਰੀਆਂ ਨੂੰ ਉਜਾਗਰ ਨਹੀਂ ਕੀਤਾ ਗਿਆ।

**ਰਾਜਾ (1981)**

ਹਰਸਰਨ ਸਿੰਘ ਦਾ ਇਹ ਨਾਟਕ 'ਰਾਜਾ' ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਲੈ ਕੇ ਮਹਾਰਾਜਾ ਧਿਆਨ ਸਿੰਘ ਦੀ ਮੌਤ ਤਕ ਦੀਆਂ ਇਤਿਹਾਸਕ ਘਟਨਾਵਾਂ ਤੇ ਆਧਾਰਿਤ ਹੈ। ਇਹ ਨਾਟਕ ਕਈ ਦ੍ਰਿਸ਼ਾਂ ਵਿਚ ਵੰਡਿਆ ਹੋਇਆ ਹੈ ਜਿਹੜਾ ਰਾਜਾ ਧਿਆਨ ਸਿੰਘ ਦੀਆਂ ਰਾਜਨੀਤਿਕ ਗਤੀ ਵਿਧੀਆਂ ਨੂੰ ਨਾਟਕੀ ਸੰਦਰਭ ਵਿਚ ਪੇਸ਼ ਕਰਦਾ ਹੈ।

ਇਸ ਨਾਟਕ ਦਾ ਆਰੰਭ ਦੋ ਪਹਿਰੇਦਾਰਾਂ ਦੀ ਆਪਸੀ ਗੱਲ-ਬਾਤ ਰਾਹੀਂ ਹੁੰਦਾ ਹੈ। ਇਕ ਪਾਸੇ ਵਾਰਤਾਲਾਪ ਮਹਾਰਾਜਾ ਰਣਜੀਤ ਸਿੰਘ ਦੇ ਅੰਤਿਮ ਸਮੇਂ ਦਰਬਾਰੀਆਂ ਅਤੇ ਕੰਵਰਾਂ ਵਿਚ ਪੈਦਾ ਹੋਏ ਆਪਸੀ ਤਨਾਉ ਦਾ ਬੋਧ ਕਰਾਉਂਦੀ ਹੈ ਅਤੇ ਦੂਜੇ ਪਾਸੇ ਹਨੇਰੇ ਅਤੇ ਡਰ ਦੀ ਸਥਿਤੀ ਨੂੰ ਸਿਰਜਦੀ ਹੈ। ਨਾਟਕ ਦੇ ਇਸ ਦ੍ਰਿਸ਼ ਵਿਚ ਮਹਾਰਾਜਾ ਰਣਜੀਤ ਸਿੰਘ ਅੰਤਿਮ ਸਾਹ ਲੈ ਰਿਹਾ ਹੈ ਤੇ ਕੰਵਰ ਖੜਕ ਸਿੰਘ ਆਪਣੇ ਪਿਤਾ ਦੇ ਦਰਸ਼ਨਾਂ ਲਈ ਅੰਦਰ ਜਾਣਾ ਚਾਹੁੰਦਾ ਹੈ ਜੋ ਰਾਜਾ ਧਿਆਨ ਸਿੰਘ ਦੇ ਪਹਿਰੇਦਾਰ ਉਸ ਨੂੰ ਅੰਦਰ ਜਾਣੋ ਰੋਕਦੇ ਹਨ ਤੇ ਇਤਨੇ ਨੂੰ ਮਹਾਰਾਜਾ ਦੇ ਸਵਰਗਵਾਸ ਹੋ ਜਾਣ ਦੀ ਖ਼ਬਰ ਮਿਲਣ ਤੇ ਕੰਵਰ ਖੜਕ ਸਿੰਘ ਤਖ਼ਤ ਤੇ

ਬੈਠ ਕੇ ਰਾਜ ਦਰਬਾਰ ਦੀ ਕਾਰਜ ਵਿਧੀ ਅਤੇ ਦਰਬਾਰੀਆਂ ਵਿਚ ਕੋਈ ਪਰਿਵਰਤਨ ਨਾ ਕਰਨ ਦਾ ਆਦੇਸ਼ ਦਿੰਦਾ ਹੈ। ਤੀਜੇ ਦ੍ਰਿਸ਼ ਵਿਚ ਰਾਜਾ ਖੜਕ ਸਿੰਘ ਦੀ ਪਤਨੀ ਉਸ ਨੂੰ ਇਸ ਕਰਕੇ ਬੁਜ਼ਦਿਲ ਕਹਿੰਦੀ ਹੈ ਕਿਉਂਕਿ ਰਾਜਾ ਧਿਆਨ ਸਿੰਘ ਦੇ ਰੁਤਬੇ ਨੂੰ ਘੱਟ ਨਹੀਂ ਕਰ ਸਕਿਆ। ਨਾਟਕ ਦੇ ਚੌਥੇ ਦ੍ਰਿਸ਼ ਵਿਚ ਰਾਜਾ ਧਿਆਨ ਸਿੰਘ ਆਪਣੇ ਘਟਾਏ ਹੋਏ ਅਧਿਕਾਰਾਂ ਕਾਰਨ ਪ੍ਰੇਸ਼ਾਨ ਹੈ। ਉਹ ਇਸ ਦੇ ਪਿੱਛੇ ਚੇਤ ਸਿੰਘ ਦਾ ਹੱਥ ਹੋਣਾ ਦੱਸਦਾ ਹੈ। ਪੰਜਵੇਂ ਦ੍ਰਿਸ਼ ਵਿਚ ਰਾਜਾ ਧਿਆਨ ਸਿੰਘ ਕੰਵਰ ਨੌਨਿਹਾਲ ਸਿੰਘ ਨੂੰ ਮਹਾਰਾਜਾ ਖੜਕ ਸਿੰਘ ਦੀਆਂ ਗ਼ਲਤ ਨੀਤੀਆਂ ਅਤੇ ਚੇਤ ਸਿੰਘ ਦੀਆਂ ਗਤੀਵਿਧੀਆਂ ਵਿਰੁੱਧ ਉਕਸਾਉਂਦਾ ਹੈ। ਛੇਵੇਂ ਦ੍ਰਿਸ਼ ਵਿਚ ਮਹਾਰਾਜਾ ਖੜਕ ਸਿੰਘ ਨਾਲ ਧਿਆਨ ਸਿੰਘ ਅਤੇ ਕੰਵਰ ਨੌਨਿਹਾਲ ਨਰਾਜ਼ ਹੋਣ ਕਾਰਨ ਉਸ ਦੇ ਦੋਸਤ ਚੇਤ ਸਿੰਘ ਦਾ ਕਤਲ ਕਰ ਦਿੰਦੇ ਹਨ।ਇਸ ਤੋਂ ਬਾਅਦ ਕੰਵਰ ਨੌਨਿਹਾਲ ਸਿੰਘ ਦੀ ਮੌਤ ਹੋ ਜਾਂਦੀ ਹੈ। ਇਤਿਹਾਸ ਅਨੁਸਾਰ ਕੰਵਰ ਦੀ ਮੌਤ ਵਿਚ ਕੋਈ ਸਾਜਿਸ਼ ਨਹੀਂ ਸੀ ਮਾਹਿਜ਼ ਇਕ ਹਾਦਸਾ ਸੀ।[29] ਇਸ ਤੋਂ ਬਾਅਦ ਦਰਬਾਰ ਵਿਚ ਇਹੋ ਜਿਹੀ ਬੁਰਸ਼ਾਗਰਦੀ ਹੁੰਦੀ ਹੈ ਕਿ ਵਾਰੀ ਵਾਰੀ ਜਿਹੜਾ ਵੀ ਰਾਜ ਤੇ ਬੈਠਦਾ ਉਸ ਦਾ ਕਤਲ ਕਰ ਦਿੱਤਾ ਜਾਂਦਾ ਸੀ। ਇਸ ਲਈ ਇਸ ਨਾਟਕ ਦੇ ਕਥਾਨਕ ਨੂੰ ਅਤਿ ਘਟਨਾ-ਭਰਪੂਰ ਕਿਹਾ ਜਾ ਸਕਦਾ ਹੈ।

**ਰਾਣੀ ਜਿੰਦਾਂ (1941)**

ਡਾ. ਗੋਪਾਲ ਸਿੰਘ ਦਰਦੀ ਦਾ ਨਾਟਕ 'ਰਾਣੀ ਜਿੰਦਾਂ' ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਲੈ ਕੇ ਰਾਣੀ ਜਿੰਦਾਂ ਦੀ ਮੌਤ ਤਕ ਦੀਆਂ ਇਤਿਹਾਸਕ ਘਟਨਾਵਾਂ ਤੇ ਆਧਾਰਿਤ ਹੈ। ਇਸ ਵਿਚ ਸਿੱਖ ਰਾਜ ਦੇ

ਦਰਬਾਰ ਵਿਚ ਹੋਈ ਕਤਲੋਗਾਰਤ, ਸਿੱਖ ਜਰਨੈਲਾਂ ਦੀ ਗ਼ਦਾਰੀ, ਅੰਗਰੇਜ਼ਾਂ ਦਾ ਪੰਜਾਬ ਉੱਪਰ ਕਬਜ਼ਾ, ਮਹਾਰਾਜਾ ਦਲੀਪ ਸਿੰਘ ਦੀ ਜਲਾਵਤਨੀ ਆਦਿ ਇਤਿਹਾਸਕ ਘਟਨਾਵਾਂ ਦਾ ਨਾਟਕੀ ਰੂਪਾਂਤਰਣ ਕੀਤਾ ਗਿਆ ਹੈ। ਇਸ ਨਾਟਕ ਦੇ ਕਥਾਨਕ ਨੂੰ ਚਾਰ ਨਾਟਾਂ ਵਿਚ ਵੰਡਿਆ ਗਿਆ ਹੈ ਤੇ ਨਾਟਾਂ ਦੀ ਅੱਗੇ ਝਾਕੀਆਂ ਵਿਚ ਉਪ ਵੰਡ ਕੀਤੀ ਗਈ ਹੈ। ਪਹਿਲੇ ਨਾਟ ਵਿਚ ਪੰਜ, ਦੂਸਰੇ ਵਿਚ ਤਿੰਨ, ਤੀਸਰੇ ਵਿਚ ਪੰਜ ਅਤੇ ਚੌਥੇ ਵਿਚ ਚਾਰ ਝਾਕੀਆਂ ਹਨ।

ਨਾਟਕ ਦੇ ਆਰੰਭ ਵਿਚ ਦੋ ਪਹਿਰੇਦਾਰ ਆਪਸ ਵਿਚ ਗੱਲਾਂ ਕਰ ਰਹੇ ਹਨ। ਇਨ੍ਹਾਂ ਦੀ ਆਪਸੀ ਗੱਲਬਾਤ ਰਾਹੀਂ ਇਕ ਪਾਸੇ ਪ੍ਰਾਕਿਰਤਕ ਦ੍ਰਿਸ਼, ਹਨੇਰੀ, ਹਵਾ ਤੇ ਕਾਲੀ ਰਾਤ ਦੇ ਮਾਹੌਲ ਦਾ ਪਤਾ ਲੱਗਦਾ ਹੈ ਅਤੇ ਦੂਜੇ ਪਾਸੇ ਸਿੱਖ ਰਾਜ ਦੀ ਅਸਥਿਰਤਾ ਦਾ ਪਤਾ ਲੱਗਦਾ ਹੈ।

ਨਾਟਕ ਦੀ ਦੂਜੀ ਝਾਕੀ ਵਿਚ ਸੰਧਾਵਾਲੀਏ ਸਰਦਾਰਾਂ ਦੀ ਛਾਉਣੀ ਦਾ ਦ੍ਰਿਸ਼ ਪੇਸ਼ ਕੀਤਾ ਗਿਆ ਹੈ। ਇੱਥੇ ਲਹਿਣਾ ਸਿੰਘ ਤੇ ਅਜੀਤ ਸਿੰਘ ਦੀ ਆਪਸੀ ਗੱਲਬਾਤ ਤੋਂ ਪਤਾ ਲੱਗਦਾ ਹੈ ਕਿ ਉਹ ਧਿਆਨ ਸਿੰਘ ਦੀ ਧਿਰ ਨਾਲ ਸੰਬੰਧਿਤ ਹਨ। ਲਾਲ ਸਿੰਘ ਧਿਆਨ ਸਿੰਘ ਦਾ ਬੰਦਾ ਹੋਣ ਕਾਰਨ ਮਨ-ਘੜਤ ਦੱਸਦਾ ਹੈ ਕਿ ਸ਼ੇਰ ਸਿੰਘ ਦੇਸ਼ ਨੂੰ ਫਰੰਗੀਆਂ ਦੇ ਹਵਾਲੇ ਕਰਨ ਲੱਗਾ ਹੈ। ਇਸ ਤੇ ਰਾਜਾ ਧਿਆਨ ਸਿੰਘ ਆਪਣੀ ਜਾਨ ਵਾਰ ਦੇਵੇਗਾ ਪਰ ਅਜਿਹਾ ਨਹੀਂ ਹੋਣ ਦੇਵੇਗਾ। ਪਰ ਇਤਿਹਾਸਕ ਸਥਿਤੀ ਇਸ ਦੇ ਬਿਲਕੁੱਲ ਉਲਟ ਹੈ, ਧਿਆਨ ਸਿੰਘ ਤੇ ਸ਼ੇਰ ਸਿੰਘ ਦੀ ਆਪਸ ਵਿਚ ਪੱਕੀ ਦੋਸਤੀ ਸੀ। ਸ਼ੇਰ ਸਿੰਘ ਧਿਆਨ ਸਿੰਘ ਤੋਂ ਬਗੈਰ ਇਕ ਪਲ ਵੀ ਨਹੀਂ ਸੀ ਰਹਿੰਦਾ।[30] ਸੰਧਾਵਾਲੀਏ ਸਰਦਾਰਾਂ ਨੇ ਸ਼ੇਰ ਸਿੰਘ, ਕੰਵਰ ਪ੍ਰਤਾਪ ਸਿੰਘ ਅਤੇ ਧਿਆਨ ਸਿੰਘ ਦਾ ਇਕੋ ਦਿਨ ਕਤਲ ਕੀਤਾ ਸੀ।

ਨਾਟਕ ਦੀ ਤੀਜੀ ਝਾਕੀ ਵਿਚ ਮਹਾਰਾਜਾ ਸ਼ੇਰ ਸਿੰਘ, ਕੰਵਰ ਪ੍ਰਤਾਪ ਸਿੰਘ ਅਤੇ ਸ਼ੇਰ ਸਿੰਘ ਦੀ ਪਤਨੀ ਆਪਸ ਵਿਚ ਗੱਲਬਾਤ ਕਰ ਰਹੇ ਹਨ। ਇਸ ਨਾਟਕ ਵਿਚ ਇਕ ਧਿਰ ਮਹਾਰਾਜਾ ਸ਼ੇਰ ਸਿੰਘ ਦੀ ਹੈ ਜੋ ਸਿੱਖ ਰਾਜ ਨੂੰ ਵਧੇਰੇ ਵਿਸ਼ਾਲ ਅਤੇ ਸਥਿਰ ਦੇਖਣਾ ਚਾਹੁੰਦੀ ਹੈ ਤੇ ਦੂਸਰੀ ਧਿਰ ਰਾਜਾ ਧਿਆਨ ਸਿੰਘ ਅਤੇ ਉਸ ਦੇ ਸਹਾਇਕਾਂ ਦੀ ਹੈ ਜੋ ਸਿੱਖ ਰਾਜ ਨੂੰ ਕਮਜ਼ੋਰ ਕਰਕੇ ਜਾਤੀ ਲਾਭ ਉਠਾਉਣਾ ਚਾਹੁੰਦੀ ਹੈ ਪਰ ਇਤਿਹਾਸਕ ਤੱਥ ਇਸ ਸਥਿਤੀ ਦੀ ਪੁਸ਼ਟੀ ਨਹੀਂ ਕਰਦੇ। ਇਤਿਹਾਸਕ ਤੱਥਾਂ ਅਨੁਸਾਰ, ਸ਼ੇਰ ਸਿੰਘ ਵਿਰੁੱਧ ਸਾਜਿਸ਼ਾਂ ਹਮੇਸ਼ਾ ਸੰਧਾਵਾਲੀਏ ਸਰਦਾਰਾਂ ਨੇ ਹੀ ਰਚੀਆਂ ਜੋ ਕਿ ਰਾਜ ਸ਼ਕਤੀ ਉੱਪਰ ਕਬਜ਼ਾ ਕਰਨ ਦੇ ਇਛੁੱਕ ਸਨ।[31]

ਨਾਟਕ ਦੀ ਚੌਥੀ ਝਾਕੀ ਵਿਚ ਰਾਜਾ ਧਿਆਨ ਸਿੰਘ ਗੁੱਸੇ ਵਿਚ ਹੈ। ਇੱਥੇ ਰਾਣੀ ਚੰਦ ਕੌਰ ਦੇ ਕਤਲ ਦੀ ਸਾਜਿਸ਼ ਰਚਨੀ ਅਤੇ ਹੀਰਾ ਸਿੰਘ ਨੂੰ ਰਾਣੀ ਚੰਦ ਕੌਰ ਪਾਸ ਭੇਜਣਾ ਅਜਿਹੀਆਂ ਘਟਨਾਵਾਂ ਹਨ ਜੋ ਨਾਟਕੀ ਕਾਰਜ ਨੂੰ ਤੀਖਣ ਕਰਦੀਆਂ ਹਨ ਅਤੇ ਧਿਆਨ ਸਿੰਘ ਅਤੇ ਹੀਰਾ ਸਿੰਘ ਵਰਗੇ ਪਾਤਰਾਂ ਨੂੰ ਸਪਸ਼ਟ ਕਰਦੀਆਂ ਹਨ।

ਨਾਟਕ ਦੇ ਦੂਸਰੇ ਨਾਟ ਦੇ ਆਰੰਭ ਵਿਚ ਸਾਧਾਰਨ ਸ਼ਹਿਰੀ ਆਪਸ ਵਿਚ ਚਰਚਾ ਕਰ ਰਹੇ ਹਨ ਕਿ ਧਿਆਨ ਸਿੰਘ ਨੇ ਆਪਣੇ ਰਾਜਸੀ ਮੰਤਵਾਂ ਦੀ ਪੂਰਤੀ ਦੇ ਯਤਨ ਵਜੋਂ ਸ਼ੇਰ ਸਿੰਘ ਦਾ ਕਤਲ ਕਰਵਾਇਆ ਸੀ। ਨਾਟਕ ਵਿਚ ਸ਼ੇਰ ਸਿੰਘ ਦੇ ਕਤਲ ਦਾ ਬਦਲਾ ਲੈਣ ਲਈ ਸਿੱਖ ਸਰਦਾਰ ਧਿਆਨ ਸਿੰਘ ਦਾ ਕਤਲ ਕਰ ਦਿੰਦੇ ਹਨ। ਪਰ ਇਤਿਹਾਸਕ ਤੱਥਾਂ ਅਨੁਸਾਰ ਧਿਆਨ ਸਿੰਘ ਦਾ ਕਤਲ ਵੀ ਉਨ੍ਹਾਂ ਹੀ ਸੰਧਾਵਾਲੀਏ ਸਰਦਾਰਾਂ ਨੇ ਕੀਤਾ ਸੀ ਜਿਨ੍ਹਾਂ ਨੇ ਸ਼ੇਰ ਸਿੰਘ ਅਤੇ ਕੰਵਰ ਪ੍ਰਤਾਪ ਸਿੰਘ ਦਾ ਕੀਤਾ ਸੀ।[32]

ਨਾਟਕ ਦੇ ਤੀਸਰੇ ਨਾਟ ਵਿਚ ਅੰਗਰੇਜ਼ਾਂ ਤੇ ਸਿੱਖਾਂ ਵਿਚਕਾਰ ਹੋਈ ਲੜਾਈ ਦਾ ਦ੍ਰਿਸ਼ ਹੈ। ਰਾਣੀ ਜਿੰਦਾਂ ਤੇ ਦਲੀਪ ਸਿੰਘ ਲੜਾਈ ਦੇ ਮੈਦਾਨ ਵਿਚ ਜਾ ਕੇ ਸਿੱਖ ਫ਼ੌਜਾਂ ਦਾ ਮਨੋਬਲ ਉੱਚਾ ਕਰਦੇ ਹਨ। ਇਸ ਵਿਚ ਭਾਵੇਂ ਸਿੱਖ ਫ਼ੌਜਾਂ ਦੀ ਹਾਰ ਹੋਈ ਪਰ ਲੇਖਕ ਨੇ ਸਿੱਖ ਫ਼ੌਜਾਂ ਦੀ ਹਾਰ ਦਾ ਕਾਰਨ ਲਾਲ ਸਿੰਘ ਤੇ ਤੇਜਾ ਸਿੰਘ ਦੀ ਗ਼ਦਾਰੀ ਨੂੰ ਦੱਸਿਆ ਹੈ।

ਨਾਟਕ ਦੇ ਚੌਥੇ ਨਾਟ ਵਿਚ ਲੋਕ ਸਿੱਖ ਫ਼ੌਜ ਦੀ ਹਾਰ ਤੋਂ ਬਾਅਦ ਰਾਣੀ ਜਿੰਦਾਂ ਅਤੇ ਦਲੀਪ ਸਿੰਘ ਬਾਰੇ ਗੱਲਬਾਤ ਕਰਦੇ ਹਨ। ਇਸ ਤੋਂ ਇਲਾਵਾ ਨਾਟਕ ਵਿਚ ਰਾਣੀ ਜਿੰਦਾਂ ਇਕ ਸਿਦਕਵਾਨ ਤੇ ਦੇਸ਼ ਭਗਤ ਬਹਾਦਰ ਔਰਤ ਵਜੋਂ ਪੇਸ਼ ਹੁੰਦੀ ਹੈ। ਇਹ ਨਾਟਕ ਰਾਣੀ ਜਿੰਦਾਂ ਦੀ ਮੌਤ ਤੋਂ ਬਾਅਦ ਦਲੀਪ ਸਿੰਘ ਦੁਆਰਾ ਉਸ ਦੀਆਂ ਅਸਥੀਆਂ ਨੂੰ ਰਾਵੀ ਵਿਚ ਨਾ ਪਾ ਸਕਣ ਦੀਆਂ ਦੁਖਾਂਤਕ ਘਟਨਾਵਾਂ ਨਾਲ ਭਰਪੂਰ ਹੈ।

### ਮੁਇਆਂ ਸਾਰ ਨ ਕਾਈ (1955)

ਨਾਟਕਕਾਰ ਸੰਤ ਸਿੰਘ ਸੇਖੋਂ ਦੁਆਰਾ ਲਿਖਿਆ ਇਹ ਨਾਟਕ ਮਹਾਰਾਜਾ ਦਲੀਪ ਸਿੰਘ ਦੁਆਰਾ ਈਸਾਈ ਧਰਮ ਧਾਰਨ ਤੋਂ ਉਸ ਦੀ ਮੌਤ ਤਕ ਦੀਆਂ ਘਟਨਾਵਾਂ ਤੇ ਆਧਾਰਿਤ ਹੈ। ਇਸ ਨਾਟਕ ਦੇ ਕੁੱਲ ਅੱਠ ਅੰਕ ਹਨ। ਇਸ ਨਾਟਕ ਦਾ ਆਰੰਭ ਮਹਾਰਾਜਾ ਦਲੀਪ ਸਿੰਘ, ਲੇਡੀ ਲੋਗਨ ਤੇ ਉਸ ਦੇ ਪਤੀ ਜਾਹਨ ਲੋਗਨ ਦੀ ਗੱਲਬਾਤ ਰਾਹੀਂ ਹੁੰਦਾ ਹੈ। ਮਹਾਰਾਜਾ ਦਲੀਪ ਸਿੰਘ ਕੋਹੇਨੂਰ ਹੀਰਾ ਵੇਖਣ ਦਾ ਚਾਹਵਾਨ ਹੈ ਪਰ ਲੇਡੀ ਲੋਗਨ ਗੱਲ ਨੂੰ ਟਾਲ ਦਿੰਦੀ ਹੈ। ਉਹ ਉਸ ਨੂੰ ਕੋਹੇਨੂਰ ਹੀਰਾ ਇਸ ਲਈ ਨਹੀਂ ਦਿਖਾਉਣਾ ਚਾਹੁੰਦੀ ਤਾਂ ਜੋ ਦਲੀਪ ਸਿੰਘ ਦੇ ਦੇਖਣ ਤੇ ਉਸ ਦੀਆਂ ਭਾਵਨਾਵਾਂ ਆਪਣੇ ਗੌਰਵਮਈ ਰਾਜ ਬਾਰੇ ਜਾਗ ਨਾ ਪੈਣ। ਜਦ ਦਲੀਪ

ਸਿੰਘ ਲੇਡੀ ਲੋਗਨ ਨੂੰ ਕੋਹੇਨੂਰ ਹੀਰਾ ਆਪਣੇ ਹੱਥੀਂ ਭੇਂਟ ਕਰਨ ਦੀ ਗੱਲ ਕਰਦਾ ਹੈ ਤਾਂ ਉਹ ਝੱਟ ਮੰਨ ਜਾਂਦੀ ਹੈ।

ਮਹਾਰਾਜਾ ਦਲੀਪ ਸਿੰਘ ਦਾ ਦਿਮਾਗ ਮਨੋਵਿਗਿਆਨੀ ਲੇਡੀ ਲੋਗਨ ਤੇ ਸਰ ਜਾਹਨ ਲੋਗਨ ਨੇ ਇਤਨਾ ਵਾਸ਼ ਕਰ ਦਿੱਤਾ ਕਿ ਉਹ ਈਸਾਈ ਧਰਮ ਧਾਰਨ ਕਰ ਲੈਂਦਾ ਹੈ। ਉਹ ਪੰਜਾਬ ਦਾ ਮਹਾਰਾਜਾ ਬਣਨ ਨਾਲੋਂ ਇੰਗਲੈਂਡ ਦਾ ਸਾਧਾਰਨ ਸ਼ਹਿਰੀ ਬਣਨਾ ਜ਼ਿਆਦਾ ਪਸੰਦ ਕਰਦਾ ਸੀ।[33]

ਨਾਟਕ ਦੇ ਦੂਜੇ ਅੰਕ ਵਿਚ ਦਲੀਪ ਸਿੰਘ ਕਲਕੱਤੇ ਦੇ ਇਕ ਹੋਟਲ ਵਿਚ ਠਹਿਰਿਆ ਹੋਇਆ ਹੈ। ਇਸ ਵਿਚ ਨਾਟਕਕਾਰ ਪੰਜਾਬ ਪ੍ਰਤੀ ਸਾਧਾਰਨ ਸਿੱਖ ਜਨਤਾ ਵਿਚ ਸੰਪਰਦਾਇਕ ਮੋਹ ਬਿਰਤੀ ਅਤੇ ਦਲੀਪ ਸਿੰਘ ਦੀ ਪੰਜਾਬ ਪ੍ਰਤੀ ਬੇਮੁਖਤਾ ਦੇ ਤਨਾਉ ਨੂੰ ਸਿਰਜਦਾ ਹੈ। ਦਲੀਪ ਸਿੰਘ ਦੀ ਮਾਨਸਿਕ ਗ਼ੁਲਾਮੀ ਇੱਥੋਂ ਤਕ ਪਹੁੰਚ ਚੁੱਕੀ ਹੈ ਕਿ ਉਹ ਸਿੱਖ ਸਰਦਾਰਾਂ ਨੂੰ ਭਾਣਾ ਮੰਨਣ ਅਤੇ ਅੰਗਰੇਜ਼ ਸਰਕਾਰ ਦੇ ਵਫ਼ਾਦਾਰ ਰਹਿਣ ਦੀ ਸਲਾਹ ਦਿੰਦਾ ਹੈ।

ਨਾਟਕ ਦੇ ਤੀਜੇ ਅੰਕ ਵਿਚ ਮਹਾਰਾਣੀ ਜਿੰਦਾਂ ਦਲੀਪ ਸਿੰਘ ਨੂੰ ਆਪਣੇ ਗੌਰਵਮਈ ਸਭਿਆਚਾਰ ਤੇ ਰਾਜਭਾਗ ਨਾਲ ਜੁੜਨ ਬਾਰੇ ਕਹਿੰਦੀ ਹੈ ਜਿਸ ਨਾਲ ਖ਼ਾਲਸਾ ਰਾਜ ਦੀ ਪੁਨਰ ਸਥਾਪਤੀ ਹੋ ਸਕੇ ਪਰ ਦਲੀਪ ਸਿੰਘ ਰਾਜਨੀਤਿਕ ਸਭਿਆਚਾਰਕ ਤੇ ਮਾਨਸਿਕ ਗ਼ੁਲਾਮੀ ਦਾ ਸ਼ਿਕਾਰ ਹੋ ਚੁੱਕਿਆ ਹੈ। ਇਸ ਤਰ੍ਹਾਂ ਇਸ ਭਾਗ ਵਿਚ ਮਹਾਰਾਣੀ ਜਿੰਦਾਂ ਨੂੰ ਨਾਟਕਕਾਰ ਨੇ ਸੰਘਰਸ਼ ਕਰਦੀ ਦਿਖਾਇਆ ਹੈ ਪਰ ਦੂਜੇ ਪਾਸੇ ਦਲੀਪ ਸਿੰਘ ਨੂੰ ਰੱਬ ਦਾ ਭਾਣਾ ਮੰਨਣ ਤੇ ਅੰਗਰੇਜ਼ੀ ਸਰਕਾਰ ਦੇ ਗੁਣ ਗਾਇਨ ਕਰਦਾ ਦਿਖਾਇਆ ਹੈ। ਇਸ ਤਰ੍ਹਾਂ ਨਾਟਕ ਦੇ ਚੌਥੇ ਅੰਕ ਵਿਚ ਦਲੀਪ ਸਿੰਘ ਨੂੰ ਇਕ

ਬੰਗਾਲੀ ਮੁਖਰਜੀ ਨਾਲ ਗੱਲਬਾਤ ਰਾਹੀਂ ਪਹਿਲੀ ਵਾਰ ਆਧੁਨਿਕ ਚੇਤਨਾ ਦੇ ਸਨਮੁੱਖ ਆਪਣੀ ਪਹਿਚਾਣ ਵਜੋਂ ਰੁਚਿਤ ਹੋਇਆ ਦਿਖਾਇਆ ਗਿਆ ਹੈ। ਇੱਥੇ ਦਲੀਪ ਸਿੰਘ ਈਸਾਈ ਤੋਂ ਬ੍ਰਹਮੋ ਧਰਮ ਗ੍ਰਹਿਣ ਕਰਕੇ ਦੁਬਾਰਾ ਸਿੱਖ ਰਾਜ ਨੂੰ ਸਥਾਪਿਤ ਕਰਨ ਲਈ ਚੇਤਨ ਹੋਇਆ ਦਿਖਾਇਆ ਗਿਆ ਹੈ। ਪੰਜਵੇਂ ਅੰਕ ਵਿਚ ਦਲੀਪ ਸਿੰਘ ਆਪਣੀ ਮੰਗੇਤਰ ਮਿਸ ਬੰਬਾ ਨਾਲ ਗੱਲਬਾਤ ਕਰ ਰਿਹਾ ਹੈ। ਇਉਂ ਇਸ ਨਾਟਕ ਵਿਚ ਪਹਿਲੀ ਵਾਰ ਮਹਾਰਾਜਾ ਦਲੀਪ ਸਿੰਘ ਨੂੰ ਆਪਣੇ ਵਿਰਸੇ ਪ੍ਰਤੀ ਮੋਹ ਭਾਵੀ ਦ੍ਰਿਸ਼ਟੀ ਦਾ ਪ੍ਰਗਟਾਵਾ ਕਰਦੇ ਹੋਏ ਪੇਸ਼ ਕੀਤਾ ਗਿਆ ਹੈ।

ਨਾਟਕ ਦੇ ਛੇਵੇਂ ਅੰਕ ਵਿਚ ਦਲੀਪ ਸਿੰਘ ਅੰਗਰੇਜ਼ਾਂ ਵਿਰੁੱਧ ਸੰਘਰਸ਼ ਕਰਨ ਲਈ ਤਾਂ ਤਿਆਰ ਹੋਇਆ ਦਿਖਾਇਆ ਗਿਆ ਹੈ ਪਰ ਕਿਸੇ ਵਿਗਿਆਨਕ ਸੂਝ ਦਾ ਪ੍ਰਗਟਾਵਾ ਨਹੀਂ ਕਰਦਾ। ਨਾਟਕ ਦੇ ਸੱਤਵੇਂ ਅੰਕ ਵਿਚ ਦਲੀਪ ਸਿੰਘ ਆਪਣੇ ਸਿੱਖ ਰਾਜ ਨੂੰ ਦੁਬਾਰਾ ਪ੍ਰਾਪਤ ਕਰਨਾ ਚਾਹੁੰਦਾ ਹੈ ਜਿਸ ਬਾਰੇ ਉਹ ਰੂਸ ਵੀ ਜਾਂਦਾ ਹੈ ਪਰ ਰੂਸ ਵੱਲੋਂ ਉਸ ਨੂੰ ਸਿੱਖ ਸਰਕਾਰਾਂ ਨੂੰ ਦ੍ਰਿੜ ਹੋ ਕੇ ਰਾਜ ਪ੍ਰਾਪਤ ਕਰਨ ਦੀ ਲਾਲਸਾ ਪੈਦਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ ਪਰ ਸਿੱਖ ਸਰਦਾਰ ਅੰਗਰੇਜ਼ਾਂ ਕੋਲੋਂ ਜਗੀਰਾਂ ਪ੍ਰਾਪਤ ਕਰਕੇ ਉਨ੍ਹਾਂ ਦੇ ਗੁਣ ਗਾਇਣ ਕਰਨ ਲੱਗ ਪਏ ਸਨ ਜਿਸ ਕਾਰਨ ਮਹਾਰਾਜਾ ਦਲੀਪ ਸਿੰਘ ਦੀ ਕੋਸ਼ਿਸ਼ ਅਸਫ਼ਲ ਹੋ ਜਾਂਦੀ ਹੈ। ਨਾਟਕ ਦੇ ਅੱਠਵੇਂ ਅੰਕ ਵਿਚ ਦਲੀਪ ਸਿੰਘ ਪੈਰਿਸ ਵਿਚ ਤਪਦਿਕ ਦੀ ਬਿਮਾਰੀ ਕਾਰਨ ਮੌਤ ਦੇ ਬਿਸਤਰ ਉੱਪਰ ਪਿਆ ਹੈ। ਇੱਥੇ ਦਲੀਪ ਸਿੰਘ ਆਪਣੀ ਪਤਨੀ ਅਤੇ ਪੁੱਤਰਾਂ ਨਾਲ ਬਿਤਾਏ ਪਲਾਂ ਨੂੰ ਵਿਚਾਰਦਾ ਹੋਇਆ ਭਵਿੱਖ ਬਾਰੇ ਸੋਚਦਾ ਹੈ। ਇੱਥੇ ਦਲੀਪ ਸਿੰਘ ਆਸ਼ਾਵਾਦੀ ਨਹੀਂ ਪਰ ਉਸ ਦਾ ਪੁੱਤਰ

ਵਿਕਟਰ ਦਲੀਪ ਸਿੰਘ ਸਾਰੀ ਸਥਿਤੀ ਨੂੰ ਬਦਲਵੀਆਂ ਰਾਜਨੀਤਕ ਆਰਥਿਕ ਸਥਿਤੀਆਂ ਦੇ ਸੰਦਰਭ ਵਿਚ ਵਿਚਾਰਦਾ ਹੈ। ਅਖ਼ੀਰ ਤੇ ਦਲੀਪ ਸਿੰਘ ਦੁਖਾਂਤਕ ਸਥਿਤੀ ਵਿਚ ਮਰ ਜਾਂਦਾ ਹੈ। ਨਾਟਕਕਾਰ ਨੇ ਇਸ ਰਚਨਾ ਨੂੰ ਸਮੁੱਚੀ ਕੌਮ ਦਾ ਦੁਖਾਂਤ ਕਿਹਾ ਹੈ।[34]

**ਬੇੜਾ ਬੰਧਿ ਨ ਸਕਿਓ (1955)**

ਇਹ ਨਾਟਕ ਸੰਤ ਸਿੰਘ ਸੇਖੋਂ ਦੁਆਰਾ ਲਿਖਿਆ ਗਿਆ ਹੈ ਜੋ ਕੰਵਰ ਨੌਨਿਹਾਲ ਸਿੰਘ ਦੀ ਮੌਤ ਤੋਂ ਲੈ ਕੇ ਦਲੀਪ ਸਿੰਘ ਦੀ ਤਾਜਪੋਸ਼ੀ ਤਕ ਦੀਆਂ ਇਤਿਹਾਸਕ ਘਟਨਾਵਾਂ ਨੂੰ ਪ੍ਰਗਟਾਉਂਦਾ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਰਾਜ ਦਰਬਾਰ ਵਿਚ ਹੋਈ ਬੁਰਸ਼ਾਗਰਦੀ ਦਾ ਵਰਣਨ ਵੀ ਮਿਲਦਾ ਹੈ। ਨਾਟਕ ਦੇ ਆਰੰਭ ਵਿਚ ਹੀ ਕੰਵਰ ਨੌਨਿਹਾਲ ਸਿੰਘ ਦੀ ਅਚਾਨਕ ਮੌਤ ਤੇ ਪ੍ਰਤੀਕਰਮ ਵਜੋਂ ਸਾਧਾਰਨ ਜਨਤਾ ਵਿਚ ਪੈਦਾ ਹੋਏ ਗ਼ਮ ਗੁੱਸੇ ਅਤੇ ਸ਼ੰਕਿਆਂ ਨੂੰ ਆਮ ਗੱਲਬਾਤ ਰਾਹੀਂ ਦਰਸਾਇਆ ਗਿਆ ਹੈ। ਇਹ ਵੀ ਕਿਆਸ ਲਗਾਏ ਜਾ ਰਹੇ ਹਨ ਕਿ ਕੰਵਰ ਦੀ ਮੌਤ ਪਿੱਛੇ ਧਿਆਨ ਸਿੰਘ ਡੋਗਰੇ ਦਾ ਹੱਥ ਹੈ। ਇੱਥੇ ਨਾਟਕਕਾਰ ਨੇ ਮਹਾਰਾਜਾ ਰਣਜੀਤ ਸਿੰਘ ਦੇ ਦੀਰਘਕਾਲੀਨ ਸੋਚ ਦੀ ਘਾਟ ਵੱਲ ਵੀ ਇਸ਼ਾਰਾ ਕੀਤਾ ਹੈ ਕਿ ਉਹ ਆਪਣੇ ਜਿਉਂਦੇ ਜੀਅ ਆਪਣੇ ਯੋਗ ਵਾਰਿਸ ਦੀ ਚੋਣ ਨਾ ਕਰ ਸਕਿਆ।

ਨਾਟਕ ਦੇ ਦੂਸਰੇ ਅੰਕ ਵਿਚ ਧਿਆਨ ਸਿੰਘ ਦੇ ਦੂਤ ਕੰਵਰ ਸ਼ੇਰ ਸਿੰਘ ਨੂੰ ਸੁਨੇਹਾ ਦਿੰਦੇ ਹਨ ਕਿ ਉਹ ਸਿੱਖ ਰਾਜ ਦਾ ਵਾਰਿਸ ਬਣਨ ਲਈ ਬਟਾਲੇ ਵਿਚ ਕੁਝ ਸਮਾਂ ਇੰਤਜ਼ਾਰ ਕਰੇ। ਇਸ ਗੱਲ ਦਾ ਪਤਾ ਜਦ ਰਾਣੀ ਚੰਦ ਕੋਰ ਅਤੇ ਸੰਧਾਵਾਲੀਏ ਸਰਦਾਰਾਂ ਨੂੰ ਲੱਗਦਾ ਹੈ ਤਾਂ ਉਹ ਆਪਣੀ ਅਣਖ ਤੇ ਸਿੱਧਾ ਹਮਲਾ ਹੋਇਆ ਦੱਸਦੇ ਹਨ। ਜਦੋਂ ਰਾਣੀ ਚੰਦ ਕੌਰ ਨੂੰ

ਪਰਿਵਾਰਕ ਗੌਰਵ ਲਈ ਕੰਵਰ ਸ਼ੇਰ ਸਿੰਘ ਤੇ ਚਾਦਰ ਪਾਉਣ ਲਈ ਕਿਹਾ ਜਾਂਦਾ ਹੈ ਤਾਂ ਉਹ ਸੰਧਾਵਾਲੀਏ ਸਰਦਾਰਾਂ ਰਾਹੀਂ ਅੰਗਰੇਜ਼ਾਂ ਨਾਲ ਹਰ ਕੀਮਤ ਤੇ ਸਮਝੌਤਾ ਕਰਨ ਲਈ ਤਿਆਰ ਹੈ। ਦੂਜੇ ਪਾਸੇ ਫ਼ੌਜ ਦੇ ਪੰਚ ਇਹ ਫ਼ੈਸਲਾ ਦਿੰਦੇ ਹਨ ਕਿ ਜੇਕਰ ਚੰਦ ਕੌਰ ਦੇ ਕੋਈ ਬੱਚਾ ਨਾ ਹੋਇਆ ਤਾਂ ਉਹ ਕੰਵਰ ਸ਼ੇਰ ਸਿੰਘ ਨੂੰ ਗੱਦੀ ਸੌਂਪ ਦੇਣਗੇ। ਨਾਟਕ ਦੇ ਤੀਸਰੇ ਅੰਕ ਵਿਚ ਧਿਆਨ ਸਿੰਘ ਕੰਵਰ ਸ਼ੇਰ ਸਿੰਘ ਨੂੰ ਲਾਹੌਰ ਆਉਣ ਦਾ ਸੱਦਾ ਦਿੰਦਾ ਹੈ ਜਿਸ ਤੇ ਮਾਮੂਲੀ ਝੜਪ ਹੋਣ ਤੋਂ ਬਾਅਦ ਸ਼ੇਰ ਸਿੰਘ ਤਖ਼ਤ ਤੇ ਬੈਠ ਜਾਂਦਾ ਹੈ। ਰਾਣੀ ਚੰਦ ਕੌਰ ਤੇ ਸੰਧਾਵਾਲੀਆਂ ਨੂੰ ਜਗੀਰਾਂ ਦੇ ਕੇ ਖ਼ੁਸ਼ ਕਰ ਦਿੱਤਾ ਜਾਂਦਾ ਹੈ।

ਨਾਟਕ ਦੇ ਚੌਥੇ ਅੰਕ ਵਿਚ ਰਾਜਾ ਧਿਆਨ ਸਿੰਘ ਰਾਣੀ ਚੰਦ ਕੌਰ ਦਾ ਉਸ ਦੀਆਂ ਗੋਲੀਆਂ ਹੱਥੋਂ ਕਤਲ ਕਰਵਾ ਦਿੰਦਾ ਹੈ ਤੇ ਇਸੇ ਦੋਸ਼ ਵਿਚ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿੰਦਾ ਹੈ। ਇਸ ਤਰ੍ਹਾਂ ਸ਼ੇਰ ਸਿੰਘ ਦੇ ਰਾਜ ਵਿਚ ਅਸਥਿਰਤਾ ਫ਼ੈਲ ਜਾਂਦੀ ਹੈ ਅਤੇ ਸਿੱਖ ਸਰਦਾਰ ਆਪਣੀਆਂ ਜਗੀਰਾਂ ਉੱਪਰ ਚਲੇ ਜਾਂਦੇ ਹਨ। ਨਾਟਕ ਦੇ ਪੰਜਵੇਂ ਅੰਕ ਵਿਚ ਸੰਧਾਵਾਲੀਏ ਸਰਦਾਰ, ਰਾਜਾ ਧਿਆਨ ਸਿੰਘ ਅਤੇ ਸ਼ੇਰ ਸਿੰਘ ਦਾ ਕਤਲ ਕਰ ਦਿੰਦੇ ਹਨ। ਹੀਰਾ ਸਿੰਘ ਆਪਣੇ ਪਿਤਾ ਧਿਆਨ ਸਿੰਘ ਦੇ ਕਾਤਲਾਂ ਕੋਲੋਂ ਬਦਲਾ ਲੈਣ ਲਈ ਫ਼ੌਜ ਦੀ ਅਗਵਾਈ ਕਰਦਾ ਹੈ ਅਤੇ ਸੰਧਾਵਾਲੀਏ ਸਰਦਾਰਾਂ ਨੂੰ ਕਤਲ ਕਰਕੇ ਦਲੀਪ ਸਿੰਘ ਨੂੰ ਤਖ਼ਤ ਤੇ ਬਿਠਾ ਦਿੰਦਾ ਹੈ ਅਤੇ ਦੁਬਾਰਾ ਤੋਂ ਫ਼ੌਜ ਦੀ ਤਲਬ ਵਿਚ ਵਾਧਾ ਕੀਤਾ ਜਾਂਦਾ ਹੈ। ਇਸ ਨਾਟਕ ਵਿਚ ਨਾਟਕਕਾਰ ਸਿੱਖ ਰਾਜ ਦੀ ਮੋਹ-ਬਿਰਤੀ ਤੋਂ ਉੱਪਰ ਉਠ ਕੇ ਵਿਗਿਆਨਕ ਸੋਚ ਅਪਣਾਉਂਦਾ ਹੈ ਤੇ ਨਾਟਕ ਨੂੰ ਇਤਿਹਾਸਕ ਛੋਹਾਂ ਦੇ ਕੇ ਪੇਸ਼ ਕਰਦਾ ਹੈ।

## ਪੰਜਾਬ 'ਚ ਇਕੋ ਇਕ ਮਰਦ ਰਾਣੀ ਜਿੰਦਾਂ (1981)

ਹਰਚਰਨ ਸਿੰਘ ਦਾ ਨਾਟਕ 'ਪੰਜਾਬ 'ਚ ਇਕੋ ਇਕ ਮਰਦ ਰਾਣੀ ਜਿੰਦਾਂ' ਮਹਾਰਾਣੀ ਜਿੰਦ ਕੌਰ ਦੇ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਨੂੰ ਨਾਟਕੀ ਸੰਦਰਭ ਵਿਚ ਪੇਸ਼ ਕਰਦਾ ਹੈ। ਇਸ ਨਾਟਕੀ ਕਥਾਨਕ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਛੇ ਅਤੇ ਦੂਜੇ ਵਿਚ ਪੰਜ ਝਾਕੀਆਂ ਹਨ।

ਇਸ ਨਾਟਕ ਦੇ ਆਰੰਭ ਵਿਚ ਅਖ਼ਬਾਰ ਵੇਚਣ ਵਾਲੇ ਦੋ ਵਿਅਕਤੀਆਂ ਦੇ ਦਵੰਦ ਨੂੰ ਪੇਸ਼ ਕੀਤਾ ਗਿਆ ਹੈ ਜਿਸ ਵਿਚ ਅਮੀ ਚੰਦ ਆਪਣੀ ਅਖ਼ਬਾਰ ਦੀ ਵਿਕਰੀ ਲਈ ਖ਼ਬਰ ਨੂੰ ਵਧਾ ਚੜ੍ਹਾ ਕੇ ਦੱਸਦਾ ਹੈ। ਇਸ ਵਿਚ ਨਾਟਕਕਾਰ ਨੇ ਦੋ ਨਾਟਕੀ ਜੁਗਤਾਂ ਵਰਤੀਆਂ ਹਨ। ਪਹਿਲੀ ਦਰਸ਼ਕਾਂ ਨੂੰ ਸੁਚੇਤ ਰੂਪ ਵਿਚ ਦੱਸਣਾ ਕਿ ਉਹ ਮਹਾਰਾਣੀ ਜਿੰਦਾਂ ਬਾਰੇ ਕਹਾਣੀ ਸੁਣ ਰਹੇ ਹਨ ਭਾਵ ਨਾਟਕ ਦੇਖ ਰਹੇ ਹਨ ਅਤੇ ਦੂਸਰੀ ਜੁਗਤ ਇਹ ਕਿ ਉਹ ਅਸਲ ਰੂਪ ਵਿਚ ਵਾਪਰੀਆਂ ਘਟਨਾਵਾਂ ਦੇਖ ਰਹੇ ਹਨ।

ਨਾਟਕ ਦੇ ਕਥਾਨਕੀ ਆਰੰਭ ਵਿਚ ਮਹਾਰਾਣੀ ਸੰਮਨ ਬੁਰਜ ਵਿਚ ਕੈਦ ਹੈ। ਪਿੱਠਭੂਮੀ ਰਾਹੀਂ ਇਕ ਫ਼ੌਜੀ ਸ਼ਾਹ ਮੁਹੰਮਦ ਦੇ ਜੰਗਨਾਮੇ ਵਿਚੋਂ ਬੈਂਤ ਬੋਲ ਰਿਹਾ ਹੈ। ਫ਼ੌਜੀ ਸਿੱਖਾਂ ਦੀ ਜੰਗ ਵਿਚ ਹੋਈ ਹਾਰ ਦੇ ਕਾਰਨਾਂ ਨੂੰ ਇਸ ਤਰ੍ਹਾਂ ਪ੍ਰਸਤੁਤ ਕਰਦਾ ਹੈ:

ਫ਼ੌਜੀ : ਮੈਂ ਸੁਣ ਲਿਆ ਹੈ ਰਾਜਮਾਤਾ ਨੂੰ ਦੱਸ ਦੇਹ, ਪੰਜਾਬੀ ਸਿਪਾਹੀ ਨਹੀਂ ਹਾਰਿਆ, ਜਰਨੈਲਾਂ ਨੇ ਗ਼ਦਾਰੀ ਕੀਤੀ ਹੈ। ਸਿਪਾਹੀ ਅਜੇ ਵੀ ਲੜਨ ਲਈ ਤਿਆਰ ਹੈ।[35]

ਇਹ ਇਕ ਇਤਿਹਾਸਕ ਸਚਾਈ ਹੈ ਕਿ ਸਿੱਖ ਦੀ ਹਾਰ ਦਾ ਕਾਰਨ ਜਰਨੈਲਾਂ ਦੀ ਗ਼ਦਾਰੀ ਸੀ ਪਰ ਹੋਰ ਵੀ ਕਈ ਕਾਰਨ ਸਨ। ਇੱਥੇ ਤੇਜਾ ਸਿੰਘ ਨੂੰ ਰਾਜਾ ਦਾ ਖ਼ਿਤਾਬ ਦਿੱਤੇ ਜਾਣ ਦਾ ਪਤਾ ਲੱਗਦਾ ਹੈ ਜਿਸ ਕਾਰਨ ਮਹਾਰਾਣੀ ਗੁੱਸੇ ਵਿਚ ਆ ਜਾਂਦੀ ਹੈ। ਦੂਜੇ ਪਾਸੇ ਤੇਜਾ ਸਿੰਘ ਦੀਆਂ ਸੇਵਾਵਾਂ ਕਾਰਨ ਅੰਗਰੇਜ਼ ਵੀ ਤੇਜਾ ਸਿੰਘ ਨੂੰ ਰਾਜਾ ਦਾ ਖ਼ਿਤਾਬ ਦਿਵਾਉਣਾ ਚਾਹੁੰਦੇ ਹਨ ਇਸ ਤਰ੍ਹਾਂ ਦੋਹਾਂ ਧਿਰਾਂ ਵਿਚ ਤਨਾਉ ਵੱਧ ਜਾਂਦਾ ਹੈ। ਦੂਜੀ ਝਾਕੀ ਵਿਚ ਤੇਜਾ ਸਿੰਘ ਨੂੰ ਮਹਾਰਾਜਾ ਦਲੀਪ ਸਿੰਘ ਦੇ ਰਾਜ ਤਿਲਕ ਲਾਉਣ ਲਈ ਕਿਹਾ ਜਾਦਾ ਹੈ ਪਰ ਉਹ ਖਾਮੋਸ਼ ਹੈ ਜਦ ਅੱਗੇ ਵੱਧ ਕੇ ਤਿਲਕ ਲਾਉਣ ਲੱਗਦਾ ਹੈ ਤਾਂ ਦਲੀਪ ਸਿੰਘ ਉਸ ਦੇ ਲੱਤ ਮਾਰ ਦਿੰਦਾ ਹੈ ।ਇਸ ਨਾਲ ਨਾਟਕੀ ਤਨਾਉ ਗਹਿਰਾ ਹੋ ਜਾਂਦਾ ਹੈ।

ਤੀਜੀ ਝਾਕੀ ਵਿਚ ਤੇਜਾ ਸਿੰਘ ਅੰਗਰੇਜ਼ ਰੈਜ਼ੀਮੈਂਟ ਲਾਰੰਸ ਗੇਜ਼ ਆਦਿ ਨੂੰ ਮਿਲਦਾ ਹੈ ਤੇ ਇੱਥੇ ਹੀ ਮਿਥਿਆ ਜਾਂਦਾ ਹੈ ਕਿ ਬੇਇੱਜ਼ਤੀ ਕਰਨ ਪਿੱਛੇ ਮਹਾਰਾਣੀ ਜਿੰਦਾਂ ਦਾ ਹੱਥ ਹੈ। ਇਸ ਤਰ੍ਹਾਂ ਮਹਾਰਾਣੀ ਜਿੰਦਾਂ ਨੂੰ ਸੁਮਨ ਬੁਰਜ ਵਿਚੋਂ ਕੱਢ ਕੇ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਕੈਦ ਕਰਨ ਤੇ ਮਹਾਰਾਜਾ ਦਲੀਪ ਸਿੰਘ ਨੂੰ ਸ਼ਾਲਾਮਾਰ ਬਾਗ ਭੇਜਣ ਦੀਆਂ ਘਟਨਾਵਾਂ ਦੀ ਪੇਸ਼ਕਾਰੀ ਹੈ। ਪੰਜਵੀਂ ਝਾਕੀ ਵਿਚ ਮਹਾਰਾਣੀ ਨੂੰ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਕੈਦ ਕਰਨ ਬਾਰੇ ਸਾਧਾਰਨ ਲੋਕਾਂ ਦਾ ਪ੍ਰਤੀਕਰਮ ਦਿਖਾਇਆ ਗਿਆ ਹੈ ਜੋ ਰੋਸ ਜ਼ਾਹਿਰ ਕਰਦੇ ਹਨ। ਛੇਵੀਂ ਝਾਕੀ ਵਿਚ ਮਹਾਰਾਣੀ ਜਿੰਦਾਂ ਦੇ ਸ਼ੇਖੂਪੁਰੇ ਦੇ ਕਿਲ੍ਹੇ ਵਿਚੋਂ ਭੱਜ ਨਿਕਲਣ ਅਤੇ ਖ਼ਾਲਸਾ ਰਾਜ ਦੀ ਪੁਨਰ-ਸਥਾਪਤੀ ਲਈ ਕੀਤੇ ਗਏ ਅਸਫ਼ਲ ਯਤਨ ਹਨ।

ਨਾਟਕ ਦੇ ਦੂਜੇ ਐਕਟ ਦੀ ਪਹਿਲੀ ਝਾਕੀ ਵਿਚ ਮਹਾਰਾਣੀ ਜਿੰਦਾਂ ਦੇ ਚਨਾਰ ਦੇ ਕਿਲ੍ਹੇ ਵਿਚੋਂ ਭੱਜ ਨਿਕਲਣ ਤੇ ਅੰਗਰੇਜ਼ ਸਿਪਾਹੀ ਅਤੇ ਕੈਪਟਨ ਪ੍ਰੇਸ਼ਾਨ ਹਨ। ਦੂਜੀ ਝਾਕੀ ਵਿਚ ਮਹਾਰਾਣੀ ਆਪਣੀ ਦਾਸੀ ਧਰਮੋ ਨਾਲ ਨੇਪਾਲ ਨੂੰ ਜਾਣ ਲਈ ਜੰਗਲ ਵਿਚੋਂ ਗੁਜ਼ਰ ਰਹੀ ਹੈ ਜਿੱਥੇ ਉਸ ਨੂੰ ਕਈ ਡਾਕੂਆਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ ਪਰ ਇੱਥੇ ਵੀ ਮਹਾਰਾਣੀ ਨੇ ਦਲੇਰੀ ਤੇ ਹੌਸਲਾ ਦਿਖਾਇਆ ਹੈ। ਅਖ਼ੀਰ ਤੇ ਮਹਾਰਾਣੀ ਜਿੰਦਾਂ ਬਿਮਾਰ ਹਾਲਤ ਵਿਚ ਹੈ ਜੋ ਦਲੀਪ ਸਿੰਘ ਕੋਲੋਂ ਵਰ ਲੈਂਦੀ ਹੈ ਕਿ ਉਹ ਸਿੱਖ ਬਣ ਕੇ ਅਟਾਰੀ ਵਾਲੇ ਸਰਦਾਰਾਂ ਦੀ ਲੜਕੀ ਨਾਲ ਵਿਆਹ ਕਰੇਗਾ ਅਤੇ ਖ਼ਾਲਸਾ ਰਾਜ ਦੀ ਪੁਨਰ-ਸਥਾਪਤੀ ਲਈ ਸੰਘਰਸ਼ ਕਰੇਗਾ। ਇਹ ਵਾਅਦਾ ਲੈਣ ਤੋਂ ਬਾਅਦ ਮਹਾਰਾਣੀ ਜਿੰਦਾਂ ਦੀ ਮੌਤ ਹੋ ਜਾਂਦੀ ਹੈ ਤੇ ਨਾਟਕ ਦਾ ਅੰਤ ਹੋ ਜਾਂਦਾ ਹੈ। ਇਸ ਨਾਟਕ ਵਿਚ ਨਾਟਕਕਾਰ ਨੇ ਮਹਾਰਾਣੀ ਜਿੰਦਾਂ ਨੂੰ ਇਕ ਦੁਖਾਂਤਕ ਕੌਮੀ ਨਾਇਕ ਵਜੋਂ ਪੇਸ਼ ਕੀਤਾ ਹੈ।

**ਮਹਾਰਾਣੀ ਜਿੰਦ ਕੌਰ (1984)**

'ਮਹਾਰਾਣੀ ਜਿੰਦ ਕੌਰ' ਨਾਟਕ ਰੌਸ਼ਨ ਲਾਲ ਆਹੂਜਾ ਦਾ ਲਿਖਿਆ ਹੋਇਆ ਹੈ ਜੋ ਮਹਾਰਾਜਾ ਰਾਣਜੀਤ ਸਿੰਘ ਦੀ ਮੌਤ ਤੋਂ ਲੈ ਕੇ ਮਹਾਰਾਣੀ ਜਿੰਦਾਂ ਦੀ ਮੌਤ ਤਕ ਦੀਆਂ ਇਤਿਹਾਸਕ ਘਟਨਾਵਾਂ ਤੇ ਆਧਾਰਿਤ ਹੈ। ਸਾਰੇ ਨਾਟਕੀ ਕਥਾਨਕ ਨੂੰ ਪੰਜ ਅੰਕਾਂ ਵਿਚ ਵੰਡ ਕੇ ਅੱਗੇ ਝਾਕੀਆਂ ਵਿਚ ਵੰਡ ਕੀਤੀ ਗਈ ਹੈ। ਪਹਿਲੇ ਅੰਕ ਵਿਚ ਪੰਜ ਝਾਕੀਆਂ, ਦੂਸਰੇ ਵਿਚ ਛੇ, ਤੀਸਰੇ ਵਿਚ ਸੱਤ, ਚੌਥੇ ਵਿਚ ਸੱਤ ਪੰਜਵੇਂ ਅਤੇ ਆਖ਼ਰੀ ਅੰਕ ਵਿਚ ਗਿਆਰਾਂ ਝਾਕੀਆਂ ਹਨ।

ਨਾਟਕ ਦਾ ਆਰੰਭ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਹੁੰਦਾ ਹੈ ਜਿਸ ਕਾਰਨ ਸਾਰਾ ਵਾਤਾਵਰਨ ਸੋਗ ਵਿਚ ਡੁੱਬਿਆ ਨਜ਼ਰ ਆਉਂਦਾ ਹੈ। ਇਸ ਸਥਿਤੀ ਵਿਚ ਰਾਜ ਦਰਬਾਰ ਦੀ ਸਥਿਤੀ ਅਤੇ ਭੀੜ ਦੇ ਦ੍ਰਿਸ਼ ਨੂੰ ਚਿਤਰਿਆ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਖੜਕ ਸਿੰਘ ਨੂੰ ਤਖ਼ਤ ਤੇ ਬਿਠਾ ਦਿੱਤਾ ਜਾਂਦਾ ਹੈ। ਇੱਥੇ ਖੜਕ ਸਿੰਘ ਅਤੇ ਚੇਤ ਸਿੰਘ ਦੀ ਗੱਲਬਾਤ ਨੂੰ ਇਤਨਾ ਵਿਸਥਾਰ ਦਿੱਤਾ ਜਾਂਦਾ ਹੈ ਕਿ ਇਸ ਵਿਚੋਂ ਘਟਨਾਵਾਂ ਦੀ ਨਾਟਕੀ ਚੋਣ ਦੀ ਸੂਝ ਗਾਇਬ ਹੋ ਗਈ ਪ੍ਰਤੀਤ ਹੁੰਦੀ ਹੈ। ਨਾਟਕੀ ਚੋਣ ਦੇ ਨਾ ਹੋਣ ਕਾਰਨ ਇਹ ਵਾਰਤਾਲਾਪ ਇਤਿਹਾਸਕ ਬਿਰਤਾਂਤ ਤਾਂ ਸਿਰਜਦਾ ਹੈ ਪਰ ਇਤਿਹਾਸ ਦੇ ਨਾਟਕੀ ਸੰਦਰਭ ਨੂੰ ਨਹੀਂ ਉਘਾੜਦਾ। ਖੜਕ ਸਿੰਘ ਦੀ ਮੌਤ ਤੋਂ ਬਾਅਦ ਕੰਵਰ ਨੌਨਿਹਾਲ ਸਿੰਘ ਦੀ ਮੌਤ ਸਾਜਿਸ਼ ਤਹਿਤ ਹੋ ਜਾਂਦੀ ਹੈ। ਇਸ ਅੰਕ ਵਿਚ ਨਾਟਕਕਾਰ ਦੁਆਰਾ ਇਤਿਹਾਸਕ ਤੱਥਾਂ ਦੇ ਨਾਟਕੀ ਸੰਦਰਭ ਨਾਲ ਪਹਿਚਾਣ ਨਹੀਂ ਕਰਵਾਈ ਗਈ ਹੈ। ਦੂਜੇ ਅੰਕ ਵਿਚ ਕੰਵਰ ਨੌਨਿਹਾਲ ਸਿੰਘ ਦੀ ਮੌਤ ਕਾਰਨ ਉਪਜੀ ਸਥਿਤੀ ਨੂੰ ਇਤਿਹਾਸਕ ਘਟਨਾਵਾਂ ਨੂੰ ਨਾਟਕੀ ਸੰਦਰਭ ਵਿਚ ਰੱਖ ਕੇ ਨਹੀਂ ਸਿਰਜਿਆ ਗਿਆ ਬਲਕਿ ਘਟਨਾਵਾਂ ਨੂੰ ਦ੍ਰਿਸ਼ਟਾਂਤ ਅਤੇ ਸੰਵਾਦ ਵਿਧੀ ਰਾਹੀਂ ਇਤਿਹਾਸਕ ਦ੍ਰਿਸ਼ਟੀ ਅਨੁਸਾਰ ਪੇਸ਼ ਕੀਤਾ ਗਿਆ ਹੈ। ਇਸੇ ਅੰਕ ਵਿਚ ਹੀ ਮਹਾਰਾਜਾ ਸ਼ੇਰ ਸਿੰਘ, ਧਿਆਨ ਸਿੰਘ ਅਤੇ ਕੰਵਰ ਪ੍ਰਤਾਪ ਸਿੰਘ ਦੇ ਕਤਲ ਹੁੰਦੇ ਹਨ ਜਿਸ ਨੂੰ ਇਤਿਹ਼ਸਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ ਨਾ ਕਿ ਨਾਟਕੀ ਦ੍ਰਿਸ਼ਟੀ ਤੋਂ, ਤੀਸਰੇ ਅੰਕ ਵਿਚ ਖ਼ਾਲਸਾ ਦਰਬਾਰ ਦੀ ਅੰਦਰੂਨੀ ਸੰਕਟ ਭਰੀ ਦ੍ਰਿਸ਼ਟੀ ਅਤੇ ਅੰਗਰੇਜ਼ਾਂ ਦੁਆਰਾ ਇਸ ਵਿਚ ਕੀਤੀ ਦਖ਼ਲਅੰਦਾਜ਼ੀ ਨੂੰ ਨਾਟਕੀ ਸੰਦਰਭ ਵਿਚ ਰੱਖ ਕੇ ਵਿਚਾਰਿਆ ਗਿਆ ਹੈ।

ਇਸ ਤੋਂ ਇਲਾਵਾ ਇਸ ਅੰਕ ਵਿਚ ਸਿੱਖ ਰਾਜ ਦਰਬਾਰ ਵਿਚ ਛਿੜੀ ਖ਼ਾਨਾਜੰਗੀ, ਜਿਸ ਵਿਚ ਸਿੱਖ ਸਰਦਾਰਾਂ ਦੇ ਨਿੱਜੀ ਹਿੱਤ ਝਲਕਦੇ ਹਨ ਤੇ ਅੰਗਰੇਜ਼ਾਂ ਦੁਆਰਾ ਵਰਤੀ ਗਈ ਕੂਟਨੀਤੀ ਵਾਲੀਆਂ ਵਧੀਕੀਆਂ ਦੇ ਆਪਸੀ ਤਨਾਉ ਨੂੰ ਹੀ ਉਭਾਰਿਆ ਹੈ ਪਰੰਤੂ ਸਥਿਤੀ ਦੀ ਕੋਈ ਨਵੀਂ ਵਿਆਖਿਆ ਨਹੀਂ ਕੀਤੀ ਗਈ। ਇਸ ਤਰ੍ਹਾਂ ਚੌਥੇ ਅੰਕ ਵਿਚ ਵੀ ਅੰਗਰੇਜ਼ਾਂ ਅਤੇ ਸਿੱਖਾਂ ਦੀਆਂ ਲੜਾਈਆਂ ਅਤੇ ਇਨ੍ਹਾਂ ਲੜਾਈਆਂ ਵਿਚ ਸਿੱਖ ਫ਼ੌਜ ਦੀ ਹਾਰ ਨੂੰ ਇਤਿਹਾਸਕ ਨਜ਼ਰੀਏ ਤੋਂ ਲਿਆ ਗਿਆ ਹੈ। ਕੋਈ ਨਾਟਕੀ ਬਿੰਬ ਪੇਸ਼ ਨਹੀਂ ਕੀਤਾ ਗਿਆ।

ਨਾਟਕ ਦੇ ਪੰਜਵੇਂ ਅਤੇ ਆਖਰੀ ਅੰਕ ਵਿਚ ਮਹਾਰਾਣੀ ਜਿੰਦਾਂ ਦਾ ਜੀਵਨ ਨਾਟਕੀ ਰੂਪ ਵਿਚ ਪੇਸ਼ ਕਰਕੇ ਖ਼ਾਲਸਾ ਰਾਜ ਦੀ ਪੁਨਰ-ਸਥਾਪਤੀ ਲਈ ਕੀਤੇ ਯਤਨ ਇਸ ਨਾਟਕ ਨੂੰ ਨਾਟਕੀ ਬਿੰਬ ਵਜੋਂ ਪੇਸ਼ ਕਰਦੇ ਹਨ। ਮਹਾਰਾਣੀ ਜਿੰਦਾਂ ਦਾ ਸ਼ੇਖ਼ੂਪੁਰੇ ਦੇ ਕਿਲ੍ਹੇ ਵਿਚ ਕੈਦ ਚਿਨਾਰ ਦੇ ਕਿਲ੍ਹੇ ਵਿਚੋਂ ਫਰਾਰ ਹੋ ਜਾਣਾ, ਨੇਪਾਲ ਤੇ ਲੰਦਨ ਜਾਣ ਤੋਂ ਬਾਅਦ ਮੌਤ ਹੋ ਜਾਣੀ ਆਦਿ ਘਟਨਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਨਾਟਕ ਵਿਚ ਪਾਤਰ ਇਤਿਹਾਸਕ ਤਾਂ ਹਨ ਪਰ ਨਾਟਕੀ ਨਹੀਂ, ਜਿਹੜੇ ਇਸ ਵਿਚ ਵਿਅਕਤੀਗਤ ਭਿੰਨਤਾਵਾਂ ਦਾ ਆਧਾਰ ਬਣ ਸਕਣ।

**ਲੋਕ ਮਨਾਂ ਦਾ ਰਾਜਾ (2004)**

ਡਾ. ਸਤੀਸ਼ ਕੁਮਾਰ ਵਰਮਾ ਦਾ ਨਾਟਕ 'ਲੋਕ ਮਨਾਂ ਦਾ ਰਾਜਾ' ਮਹਾਰਾਜਾ ਰਣਜੀਤ ਸਿੰਘ ਦੀ ਜ਼ਿੰਦਗੀ ਨਾਲ ਸੰਬੰਧਿਤ ਹੈ। ਇਸ ਨਾਟਕ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਨਾਟਕ ਲੋਕਾਂ ਦੇ ਮਨਾਂ ਦੀ ਤਰਜਮਾਨੀ ਕਰਦਾ ਹੈ ਜਿਸ ਵਿਚ ਸਾਧਾਰਨ ਲੋਕਾਂ ਨੇ ਆਪਣੇ ਮਹਿਬੂਬ ਰਾਜਾ ਪ੍ਰਤੀ ਸ਼ਰਧਾ ਭਾਵਨਾ ਵਿਚ ਆ ਕੇ ਕਈ ਧਾਰਨਾਵਾਂ ਵੀ ਜੋੜੀਆਂ ਹਨ। ਇਸ

ਨਾਟਕ ਦਾ ਆਰੰਭ ਪਿੱਠਭੂਮੀ ਤੋਂ ਇਕ ਆਵਾਜ਼ ਰਾਹੀਂ ਹੁੰਦਾ ਹੈ, ਜਿਸ ਵਿਚ ਮਹਾਰਾਜਾ ਦੇ ਗੁਣਾਂ ਨੂੰ ਉਜਾਗਰ ਕੀਤਾ ਗਿਆ ਹੈ। ਇਸ ਤੋਂ ਬਾਅਦ ਸ਼ਾਹ ਮੁਹੰਮਦ ਦੇ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਵਿਚਲੀਆਂ ਲਾਈਨਾਂ ਨੂੰ ਢਾਡੀਆਂ ਦੁਆਰਾ ਪੇਸ਼ ਕੀਤਾ ਗਿਆ ਹੈ। ਇਸ ਨਾਟਕ ਵਿਚ ਸ੍ਰੀ ਗੁਰੂ ਨਾਨਕ, ਭਗਤ ਕਬੀਰ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ ਬਾਣੀ ਦੀਆਂ ਤੁਕਾਂ ਨੂੰ ਵੀ ਸੰਗੀਤ ਦੁਆਰਾ ਪੇਸ਼ ਕੀਤਾ ਗਿਆ ਹੈ, ਜਿਵੇਂ :

ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨ
ਕਹੁ ਨਾਨਕ ਸੁਨ ਰੇ ਮਨਾ, ਗਿਆਨੀ ਤਾਹਿ ਬਖਾਨ।[36]

ਇਸ ਨਾਟਕ ਵਿਚ ਨਾਟਕਕਾਰ ਨੇ ਉਹ ਘਟਨਾਵਾਂ ਵੀ ਪੇਸ਼ ਕੀਤੀਆਂ ਹਨ ਜਦ ਅਟਕ ਦਰਿਆ ਤੋਂ ਪਾਰ ਅਫ਼ਗਾਨ ਫਤਿਹ ਅਲੀ ਖਾਂ ਨਾਲ ਜੰਗ ਛਿੜੀ ਹੋਈ ਸੀ ਤੇ ਉੱਥੇ ਸਿੱਖ ਫ਼ੌਜ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਸੀ। ਸਿੰਘਾਂ ਦੁਆਰਾ ਮਹਾਰਾਜਾ ਰਣਜੀਤ ਸਿੰਘ ਕੋਲ ਇਹ ਤਜਵੀਜ ਪੇਸ਼ ਕੀਤੀ ਤਾਂ ਮਹਾਰਾਜਾ ਨੇ ਖੁਦ ਅਟਕ ਦਰਿਆ ਵਿਚ ਆਪਣਾ ਘੋੜਾ ਠੇਲ੍ਹ ਦਿੱਤਾ ਤੇ ਆਪਣੀ ਬਾਕੀ ਸੈਨਾ ਨੂੰ ਪਿੱਛੇ ਪਿੱਛੇ ਆਉਣ ਦਾ ਹੁਕਮ ਦਿੱਤਾ ਜੋ ਮਹਾਰਾਜਾ ਦੇ ਕਹੇ ਸ਼ਬਦਾਂ ਤੋਂ ਜ਼ਾਹਿਰ ਹੁੰਦਾ ਹੈ:

ਮਹਾਰਾਜਾ : ਸੈਨਾਪਤੀ ! ਇਹ ਅਟਕ ਉਨ੍ਹਾਂ ਲਈ ਅਟਕ ਹੈ ਜਿਨ੍ਹਾਂ ਦੇ ਮਨਾਂ ਵਿਚ ਅਟਕ ਹੈ। ਇਸ ਵਕਤ ਸਾਡੇ ਲਈ ਕੋਈ ਅਟਕ ਅਟਕ ਨਹੀਂ ਬਣ ਸਕਦਾ। ਸਾਰੀ ਸੈਨਾ ਨੂੰ ਹੁਕਮ ਦਿਉ ਕਿ ਮੇਰੇ ਪਿੱਛੇ ਪਿੱਛੇ ਆਵੇ।[37]

ਇਸ ਤੋਂ ਸਿਵਾ ਸਾਰੇ ਨਾਟਕ ਵਿਚ ਨਟ ਤੇ ਨਟੀ ਹਾਸਰਸ ਪੈਦਾ ਕਰਕੇ ਨਾਟਕ ਨੂੰ ਅੱਗੇ ਤੋਰਦੇ ਹਨ। ਇਸ ਨਾਟਕ ਵਿਚ ਮਹਾਰਾਜੇ ਦੇ ਜਾਨਵਰਾਂ ਪ੍ਰਤੀ ਪਿਆਰ ਤੇ ਦਿਆਲਤਾ ਨੂੰ ਵੀ ਪੇਸ਼ ਕੀਤਾ ਗਿਆ ਹੈ। ਸਾਰੇ

ਧਰਮਾਂ ਨਾਲ ਇਕੋ ਜਿਹਾ ਵਿਵਹਾਰ ਕਰਨਾ ਦੱਸਿਆ ਗਿਆ ਹੈ। ਮਹਾਰਾਜਾ ਦਾ ਬੱਚਿਆਂ ਪ੍ਰਤੀ ਪਿਆਰ ਇਸ ਗੱਲ ਤੋਂ ਜ਼ਾਹਿਰ ਹੁੰਦਾ ਹੈ ਕਿ ਜਦ ਮਹਾਰਾਜਾ ਗਲੀ ਵਿਚੋਂ ਆਪਣੀ ਸੈਨਾ ਨਾਲ ਲੰਘ ਰਹੇ ਹੁੰਦੇ ਹਨ ਤਾਂ ਬੇਰੀ ਨੂੰ ਵੱਟੇ ਮਾਰਦੇ ਹੋਏ ਬੱਚਿਆਂ ਦਾ ਇਕ ਵੱਟਾ ਮਹਾਰਾਜਾ ਨੂੰ ਵੱਜ ਜਾਂਦਾ ਹੈ ਤਾਂ ਉਨ੍ਹਾਂ ਨੂੰ ਦੰਡ ਦੇਣ ਦੀ ਬਜਾਏ ਇਨਾਮ ਦਿੱਤੇ ਗਏ। ਇਸ ਤਰ੍ਹਾਂ ਇਕ ਗਰੀਬ ਬੁੱਢੀ ਮਾਈ ਜਿਸ ਨੇ ਮਹਾਰਾਜਾ ਨੂੰ ਪਾਰਸ ਸਮਝ ਕੇ ਉਸ ਨਾਲ ਆਪਣਾ ਕਾਲਖ ਵਾਲਾ ਪਤੀਲਾ ਰਗੜਿਆ ਉਸ ਨੂੰ ਵਿਸ਼ਵਾਸ ਸੀ ਕਿ ਇਹ ਜ਼ਰੂਰ ਸੋਨੇ ਦਾ ਬਣ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਣ ਤੇ ਉਸ ਨੇ ਉਸ ਬੁੱਢੀ ਦਾ ਪਤੀਲਾ ਸੋਨੇ ਦੀਆਂ ਮੋਹਰਾਂ ਨਾਲ ਭਰਕੇ ਸਹੀ ਸਲਾਮਤ ਘਰ ਛੱਡ ਕੇ ਆਉਣ ਦਾ ਆਦੇਸ਼ ਦਿੱਤਾ। ਇਸ ਨਾਟਕ ਰਾਹੀਂ ਇਹ ਵੀ ਪਤਾ ਲੱਗਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੁਆਰਾ ਸ੍ਰੀ ਗੁਰੂ ਨਾਨਕ ਦੇ ਨਾਮ ਤੇ ਸਿੱਕਾ ਚਲਾਇਆ ਗਿਆ। ਇਕ ਘਟਨਾ ਇਹ ਵੀ ਨਾਟਕ ਵਿਚ ਪੇਸ਼ ਕੀਤੀ ਗਈ ਹੈ ਕਿ ਇਕ ਗ਼ਰੀਬ ਕਾਤਿਬ ਆਉਂਦਾ ਹੈ ਜਿਸ ਨੇ ਸਾਰੀ ਉਮਰ ਕੁਰਾਨ ਨੂੰ ਆਪਣੇ ਹੱਥਾਂ ਨਾਲ ਲਿਖਿਆ, ਕਿਸੇ ਮੁਸਲਮਾਨ ਨੇ ਉਸ ਦੀ ਕੀਮਤ ਨਹੀਂ ਪਾਈ ਪਰ ਮਹਾਰਾਜੇ ਨੇ ਉਸ ਦੀ ਕੀਮਤ ਦਸ ਹਜ਼ਾਰ ਰੁਪਏ ਪਾਈ। ਅਖ਼ੀਰ ਤੇ ਨਾਟਕਕਾਰ ਨੇ ਸ਼ਾਹ ਮੁਹੰਮਦ ਦੇ ਜੰਗਨਾਮੇ ਵਿਚਲੇ ਕਾਵਿ ਬੰਦਾਂ ਨੂੰ ਢਾਡੀਆਂ ਕੋਲੋਂ ਗਵਾ ਕੇ ਇਤਿਹਾਸਕਤਾ ਪੇਸ਼ ਕੀਤੀ ਹੈ ਅਤੇ ਮਹਾਰਾਜਾ ਦੁਆਰਾ ਪੰਜਾਬੀ ਰਾਜ ਨੂੰ ਸਥਾਪਤ ਕਰਨ ਤੇ ਉਨ੍ਹਾਂ ਤੋਂ ਬਾਅਦ ਉਤਰਾਧਿਕਾਰੀਆਂ ਦਾ ਰਾਜ ਗੱਦੀ ਪਿੱਛੇ ਝਗੜਨਾ, ਕਤਲੋਗਾਰਤ, ਅੰਗਰੇਜ਼ਾਂ ਨਾਲ ਕੀਤੀ ਸੰਧੀ ਤੋੜਨਾ, ਕਈ ਸਰਦਾਰਾਂ ਦਾ ਗ਼ਦਾਰੀ ਕਰ ਜਾਣਾ ਆਦਿ ਕਾਰਨ ਇਨੀ ਵੱਡੀ

ਸਲਤਨਤ ਦੇ ਦਰਦਨਾਕ ਅੰਤ ਦਾ ਕਾਰਨ ਬਣਨ ਬਾਰੇ ਦੱਸਿਆ ਹੈ। ਅੰਤ ਤੇ ਕਵੀ ਸ਼ਾਹ ਮੁਹੰਮਦ ਨੂੰ ਆਪਣੇ ਦੁੱਖ ਦਾ ਇਜ਼ਹਾਰ ਕਰਨਾ ਪਿਆ:

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ...।[38]

## 3. ਜੱਸਾ ਸਿੰਘ ਆਹਲੂਵਾਲੀਆ ਨਾਲ ਸੰਬੰਧਿਤ ਨਾਟਕ

### ਜੱਸਾ ਸਿੰਘ ਆਹਲੂਵਾਲੀਆ (1949)

ਨਾਟਕ ਜੱਸਾ ਸਿੰਘ ਆਹਲੂਵਾਲੀਆ ਸ.ਸ.ਅਮੋਲ ਦੁਆਰਾ ਲਿਖਿਆ ਗਿਆ ਹੈ ਜੋ ੧੮ਵੀਂ ਸਦੀ ਵਿਚ ਪੰਜਾਬ ਦੀ ਇਤਿਹਾਸਕ ਰਾਜਨੀਤਕ ਸਥਿਤੀ ਨੂੰ ਜੱਸਾ ਸਿੰਘ ਆਹਲੂਵਾਲੀਆ ਦੇ ਸੰਦਰਭ ਵਿਚ ਪੇਸ਼ ਕਰਦਾ ਹੈ। ਇਹ ਨਾਟਕ ਪੰਜਾਬ ਦੀ ਇਤਿਹਾਸਕ ਸਥਿਤੀ ਅਤੇ ਜੱਸਾ ਸਿੰਘ ਆਹਲੂਵਾਲੀਏ ਦੇ ਨਾਇਕਤਵ ਨੂੰ ਉਭਾਰਨ ਲਈ ਯਤਨਸ਼ੀਲ ਹੈ ਪਰੰਤੂ ਇਸ ਦੀ ਘਟਨਾਤਮਕ ਸਿਰਜਣਾ ਅਤੇ ਨਾਟਕੀ-ਸੰਗਠਨ ਸ਼ੈਕਸਪੀਅਰ ਦੇ ਨਾਟਕ ਜੂਲੀਅਸ ਸੀਜ਼ਰ ਉੱਪਰ ਆਧਾਰਿਤ ਹੈ। ਨਾਟਕਕਾਰ ਇਤਿਹਾਸਕ ਸਮੱਗਰੀ ਦੀ ਚੋਣ ਲਈ ਮੁਹੰਮਦ ਲਤੀਫ਼ ਦੀ ਪੁਸਤਕ 'ਹਿਸਟਰੀ ਆਫ ਪੰਜਾਬ' ਅਤੇ ਬਾਬਾ ਪ੍ਰੇਮ ਸਿੰਘ ਹੋਤੀ ਦੀ ਪੁਸਤਕ 'ਖ਼ਾਲਸਾ ਰਾਜ ਦੇ ਉਸਰਈਏ' ਨੂੰ ਸਰੋਤ ਵਜੋਂ ਵਰਤਦਾ ਹੈ। ਇਸ ਤੋਂ ਇਲਾਵਾ ਨਾਟਕਕਾਰ ਜੱਸਾ ਸਿੰਘ ਆਹਲੂਵਾਲੀਏ ਦੇ ਜੀਵਨ ਨੂੰ ਨਾਟਕੀ ਸੰਦਰਭ ਵਿਚ ਪੇਸ਼ ਕਰਦਾ ਹੈ।ਨਾਟਕਕਾਰ ਇਹ ਰਵਾਇਤਾਂ ਇਤਿਹਾਸਕ ਪੁਸਤਕਾਂ ਵਿਚੋਂ ਗ੍ਰਹਿਣ ਕਰਦਾ ਹੈ।[39]

ਇਸ ਨਾਟਕ ਦਾ ਆਰੰਭ ਜੱਸਾ ਸਿੰਘ ਆਹਲੂਵਾਲੀਏ ਦੁਆਰਾ ਜਲੰਧਰ ਦੇ ਅਦੀਨਾ ਬੇਗ ਦਾ ਕਤਲ ਕਰਕੇ ਉਸ ਉੱਪਰ ਕਬਜ਼ਾ ਕਰਨ ਦੀਆਂ

ਇਤਿਹਾਸਕ ਘਟਨਾਵਾਂ ਨਾਲ ਹੁੰਦਾ ਹੈ। ਇੱਥੇ ਕਲਪਿਤ ਪਾਤਰ ਫੱਤਾ ਤੇ ਗਾਮਾ ਆਹਲੂਵਾਲੀਏ ਦੇ ਸਨਮਾਨ ਵਿਚ ਜਲੰਧਰ ਵਿਖੇ ਕੱਢੇ ਜਾ ਰਹੇ ਜਲੂਸ ਨੂੰ ਅਸਫ਼ਲ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਇਹ ਪਾਤਰ ਜੱਸਾ ਸਿੰਘ ਆਹਲੂਵਾਲੀਆ ਨਾਲ ਇਬਰਾਹੀਮ ਭੱਟੀ ਅਤੇ ਜੱਸਾ ਸਿੰਘ ਰਾਮਗੜ੍ਹੀਏ ਦੇ ਸਥਾਪਿਤ ਵਿਰੋਧਾਂ ਤੋਂ ਜਾਣੂ ਕਰਾਉਂਦੇ ਹੋਏ ਉਸ ਵੇਲੇ ਦੇ ਪੰਜਾਬ ਦੀਆਂ ਇਤਿਹਾਸਕ ਘਟਨਾਵਾਂ ਤੋਂ ਵੀ ਪਾਠਕਾਂ/ਦਰਸ਼ਕਾਂ ਨੂੰ ਜਾਣੂ ਕਰਾਉਂਦੇ ਹਨ ਜੋ ਹਰ ਇਕ ਮਿਸਲ ਆਪਣੇ ਵਿਰੋਧੀ ਸਰਕਾਰਾਂ ਅਤੇ ਨਵਾਬਾਂ ਨੂੰ ਖ਼ਤਮ ਕਰਕੇ ਆਪਣਾ ਰਾਜ ਕਾਇਮ ਕਰਨਾ ਚਾਹੁੰਦੀ ਸੀ। ਉਸ ਵੇਲੇ ਮਿਸਲਾਂ ਦੇ ਸਰਦਾਰ ਆਪਣੇ ਧਾਰਮਿਕ ਵਿਰੋਧੀ ਮੁਸਲਮਾਨਾਂ ਤੋਂ ਵੀ ਸਹਾਇਤਾ ਮੰਗਣ ਤੋਂ ਗੁਰੇਜ਼ ਨਹੀਂ ਕਰਦੇ ਹਨ। ਇਸ ਨਾਟਕ ਦਾ ਪਹਿਲਾ ਅੰਕ ਮਿਸਲਾਂ ਦੇ ਸਰਦਾਰਾਂ ਦੇ ਆਪਸੀ ਵੈਰ-ਵਿਰੋਧਾਂ ਵਿਚੋਂ ਹੀ ਨਾਟਕੀ ਤਨਾਉ ਦੀ ਸਿਰਜਨਾ ਕਰਦਾ ਹੋਇਆ ਇਤਿਹਾਸਕ ਸਥਿਤੀਆਂ ਤੋਂ ਜਾਣੂ ਕਰਾਉਂਦਾ ਹੈ।

ਇਸ ਨਾਟਕ ਦੇ ਦੂਜੇ ਐਕਟ ਵਿਚ ਆਹਲੂਵਾਲੀਏ ਦੀ ਪਤਨੀ ਭਿਆਨਕ ਸੁਪਨੇ ਅਤੇ ਤੂਫ਼ਾਨੀ ਰਾਤ ਕਾਰਨ ਬਾਹਰ ਨਾ ਜਾਣ ਲਈ ਕਹਿੰਦੀ ਹੈ ਜੋ ਇਤਿਹਾਸਕ ਸੱਚ ਨਹੀਂ ਹੈ ਪਰ ਸੀਜ਼ਰ ਦੀ ਪਤਨੀ ਦੇ ਕਾਰਜ ਦਾ ਅਨੁਕਰਣਿਤ ਰੂਪ ਹੈ। ਆਹਲੂਵਾਲੀਏ ਦਾ ਆਪਣੀ ਪਤਨੀ ਦੇ ਕਹੇ ਤੇ ਨਾ ਜਾਣਾ ਪਰ ਮਾਲੀ ਸਿੰਘ ਦੇ ਕਹੇ ਤੇ ਚਲੇ ਜਾਣਾ ਇਹ ਘਟਨਾ ਸੀਜ਼ਰ ਨਾਲ ਵਾਪਰੀ ਘਟਨਾ ਦਾ ਹੀ ਪਰਿਵਰਤਿਤ ਹੈ। ਇਸ ਐਕਟ ਵਿਚ ਆਹਲੂਵਾਲੀਏ ਦੀ ਨਿਡਰਤਾ ਤੇ ਇਬਰਾਹੀਮ ਦੀ ਕਪਟਤਾ ਨੂੰ ਤਾਂ ਪੇਸ਼ ਕੀਤਾ ਹੈ ਪਰ ਇਤਿਹਾਸਕ ਨਾਟਕੀ ਸੰਦਰਭ ਘੱਟ ਹੈ ਅਤੇ ਅਨੁਕਰਣਿਤ ਰੂਪ ਜ਼ਿਆਦਾ

ਦਿਖਾਇਆ ਗਿਆ ਹੈ। ਇਸ ਲਈ ਇਹ ਨਾਟਕ ਮੌਲਿਕਤਾ ਦਿਖਾਉਣ ਵਿਚ ਅਸਫ਼ਲ ਕਿਹਾ ਜਾ ਸਕਦਾ ਹੈ।

ਨਾਟਕ ਤੇ ਤੀਜੇ ਐਕਟ ਵਿਚ ਇਤਿਹਾਸਕ ਨਾਟਕ ਹੋਣ ਕਾਰਨ ਇਤਿਹਾਸਕਤਾ ਇਹ ਦਿਖਾਈ ਗਈ ਹੈ ਕਿ ਇਬਰਾਹੀਮ ਭੱਟੀ ਅਤੇ ਰਾਮਗੜ੍ਹੀਏ ਭਰਾ, ਜੱਸਾ ਸਿੰਘ ਆਹਲੂਵਾਲੀਏ ਦਾ ਕਤਲ ਕਰਨਾ ਚਾਹੁੰਦੇ ਹਨ ਜੋ ਕਿ ਆਹਲੂਵਾਲੀਆ ਬਹਾਦਰੀ ਨਾਲ ਮੁਕਾਬਲਾ ਕਰਦਾ ਹੋਇਆ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲੈਂਦਾ ਹੈ। ਜਦ ਇਸ ਘਟਨਾ ਦਾ ਪਤਾ ਆਮ ਲੋਕਾਂ ਨੂੰ ਲੱਗਦਾ ਹੈ ਤਾਂ ਉਹ ਰੋਹ ਵਿਚ ਆ ਕੇ ਇਨ੍ਹਾਂ ਸਾਜਸ਼ੀਆਂ ਦੇ ਘਰਾਂ ਨੂੰ ਅੱਗ ਲਾਉਣ ਲਈ ਉਤੇਜਿਤ ਹੋ ਜਾਂਦੇ ਹਨ ਪਰ ਆਹਲੂਵਾਲੀਆ ਇਸ ਭੜਕੀ ਭੀੜ ਨੂੰ ਸ਼ਾਂਤ ਕਰ ਦਿੰਦਾ ਹੈ। ਇਹ ਵੀ ਘਟਨਾ ਜੂਲੀਅਸ ਸੀਜ਼ਰ ਵਿਚਲੀ ਘਟਨਾ ਨਾਲ ਮੇਲ ਖਾਂਦੀ ਹੈ ਜੋ ਇਤਿਹਾਸਕ ਸਚਾਈ ਨਹੀਂ ਹੈ। ਇਸ ਐਕਟ ਦੇ ਸ਼ੁਰੂ ਵਿਚ ਜੋ ਇਕ ਸਾਧੂ ਆਹਲੂਵਾਲੀਏ ਨੂੰ ਭਵਿੱਖ ਵਿਚ ਵਾਪਰਨ ਵਾਲੀ ਸਾਜ਼ਿਸ ਬਾਰੇ ਸੁਚੇਤ ਕਰਨ ਵਾਲੀ ਘਟਨਾ ਵੀ ਜੂਲੀਅਸ ਸੀਜ਼ਰ ਵਿਚਲੇ ਆਰਟੇਮੀਡੋਟਸ ਦੇ ਪਾਤਰ ਦਾ ਹੀ ਪ੍ਰਤੀਰੂਪ ਹੈ।

ਨਾਟਕ ਦੇ ਚੌਥੇ ਐਕਟ ਵਿਚ ਮੱਧਕਾਲੀ ਭਾਰਤੀ ਰਾਜਨੀਤਕ ਢਾਂਚਾ ਅਤੇ ਧਾਰਮਿਕ ਮੁਹਾਂਦਰੇ ਵਾਲੀ ਵੱਖਰੀ ਪਹਿਚਾਣ ਨੂੰ ਪ੍ਰਸਤੁਤ ਕੀਤਾ ਗਿਆ ਹੈ। ਇਸ ਵਿਚ ਇਬਰਾਹੀਮ ਭੱਟੀ ਇਸਲਾਮ ਦੇ ਨਾਮ ਉੱਪਰ ਅਹਿਮਦਸ਼ਾਹ ਪਾਸੋਂ ਸਹਾਇਤਾ ਮੰਗਦਾ ਹੈ। ਇਸ ਤੋਂ ਇਲਾਵਾ ਨਾਟਕਕਾਰ ਇਬਰਾਈਮ ਭੱਟੀ ਅਤੇ ਅਹਿਮਦਸ਼ਾਹ ਦੀ ਗੱਲਬਾਤ ਰਾਹੀਂ ਮੱਧਕਾਲੀ ਭਾਰਤੀ ਜਾਗੀਰਦਾਰੀ ਰਾਜਨੀਤਕ ਸੰਬੰਧਾਂ ਦੇ ਧਾਰਮਿਕ ਅਤੇ ਫਿਰਕੂ ਆਧਾਰਾਂ ਵੱਲ ਵੀ ਸੰਕੇਤ ਕਰਦਾ ਹੈ। ਇਸ ਵਿਚ ਇਹ ਵੀ ਦਿਖਾਇਆ ਹੈ ਕਿ ਜੱਸਾ

ਸਿੰਘ ਆਹਲੂਵਾਲੀਆ ਸਿੱਖਾਂ ਦਾ ਕੇਵਲ ਰਾਜਨੀਤਕ ਫ਼ੌਜੀ ਨੇਤਾ ਹੀ ਨਹੀਂ ਸੀ ਬਲਕਿ ਇਕ ਧਾਰਮਿਕ ਆਗੂ ਵਜੋਂ ਵੀ ਜਾਣਿਆ ਜਾਂਦਾ ਸੀ।

ਇਸ ਨਾਟਕ ਦੇ ਆਖ਼ਰੀ ਤੇ ਪੰਜਵੇਂ ਐਕਟ ਵਿਚ ਇਬਰਾਹੀਮ ਭੱਟੀ ਤੇ ਅਹਿਮਦਸ਼ਾਹ ਅਬਦਾਲੀ ਦੀਆਂ ਫ਼ੌਜਾ ਜੱਸਾ ਸਿੰਘ ਆਹਲੂਵਾਲੀਆ ਦੀਆਂ ਫ਼ੌਜਾਂ ਨਾਲ ਲੜਾਈ ਕਰਦੀਆਂ ਹਨ ਜਿਸ ਵਿਚ ਹਾਰ ਦੀ ਨਮੋਸ਼ੀ ਕਾਰਨ ਅਹਿਮਦਸ਼ਾਹ ਖ਼ੁਦਕਸ਼ੀ ਕਰ ਲੈਂਦਾ ਹੈ। ਜਦ ਇਬਰਾਹੀਮ ਭੱਟੀ ਖ਼ੁਦਕੁਸ਼ੀ ਕਰਨ ਲੱਗਦਾ ਹੈ ਤਾਂ ਜੱਸਾ ਸਿੰਘ ਆਹਲੂਵਾਲੀਆ ਉਸ ਨੂੰ ਆ ਕੇ ਬਚਾ ਲੈਂਦਾ ਹੈ। ਇਸ ਐਕਟ ਵਿਚ ਵੀ ਇਹ ਨਾਟਕ ਜੂਲੀਅਸ ਸੀਜ਼ਰ ਨਾਲੋਂ ਅੰਤਰ ਗ੍ਰਹਿਣ ਕਰ ਲੈਂਦਾ ਹੈ। ਇਸ ਐਕਟ ਵਿਚ ਜੱਸਾ ਸਿੰਘ ਨੂੰ ਉਦਾਰਵਾਦੀ ਮਾਨਵਵਾਦੀ ਸੋਚ ਵਾਲਾ ਦਿਖਾਇਆ ਗਿਆ ਹੈ। ਇਸ ਨਾਟਕ ਵਿਚ ਨਾਟਕਕਾਰ ਨੇ ਇਕ ਪਾਸੇ ਤਾਂ ਮੱਧਕਾਲ ਵਾਲੇ ਪੰਜਾਬ ਦੀ ਇਤਿਹਾਸਕ ਸਥਿਤੀ ਪੇਸ਼ ਕੀਤੀ ਹੈ ਤੇ ਦੂਜੇ ਪਾਸੇ ਜੱਸਾ ਸਿੰਘ ਆਹਲੂਵਾਲੀਏ ਨੂੰ ਸੀਜ਼ਰ ਦੇ ਬਰਾਬਰ ਦਾ ਨਾਟਕੀ ਨਾਇਕ ਬਣਾਉਣ ਦਾ ਯਤਨ ਕੀਤਾ ਹੈ ਜਿਸ ਕਾਰਨ ਇਹ ਮੌਲਿਕ ਨਾਟਕ ਹੋਣ ਦੀ ਬਜਾਏ ਆਧਾਰਿਤ ਰਚਨਾ ਪ੍ਰਤੀਤ ਹੋਣ ਲੱਗ ਪੈਂਦੀ ਹੈ।

### (ੲ) ਸਿੱਖ ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ/ਲਹਿਰਾਂ ਨਾਲ ਸੰਬੰਧਿਤ ਨਾਟਕ

**ਝੱਖੜ ਝੁਲਦੇ ਰਹਿਣਗੇ (1981)**

ਨਾਟਕ ਝੱਖੜ ਝੁਲਦੇ ਰਹਿਣਗੇ ਪਾਂਧੀ ਨਨਕਾਣਵੀ ਦੁਆਰਾ ਰਚਿਤ ਸਿੱਖ ਇਤਿਹਾਸ ਨਾਲ ਸੰਬੰਧਿਤ ਜੁਝਾਰੂ ਘਟਨਾਵਾਂ ਤੇ ਆਧਾਰਿਤ ਹੈ। ਇਸ ਨਾਟਕ ਵਿਚ ਛੋਟੇ ਘੱਲੂਘਾਰੇ ਸਮੇਤ ਕਈ ਘਟਨਾਵਾਂ ਨੂੰ ਲੈ ਕੇ ਨਾਟਕ ਰਚਨਾ ਕੀਤੀ ਗਈ ਹੈ। ਇਸ ਨੂੰ ਇਤਿਹਾਸਕਾਰਾਂ ਨੇ ਅਤਿਆਚਾਰ ਅਤੇ

ਸ਼ਹੀਦੀਆਂ ਦਾ ਸਮਾਂ ਕਿਹਾ ਹੈ।[41] ਇਸ ਨਾਟਕ ਦੇ ਨਾਟਕੀ ਕਥਾਨਕ ਨੂੰ ਚਾਰ ਨਾਟਾਂ ਵਿਚ ਵੰਡਿਆ ਗਿਆ ਹੈ।

ਇਸ ਨਾਟਕ ਦੇ ਆਰੰਭ ਵਿਚ ਤਾਰੀਖਦਾਨ ਇਕ ਸੂਤਰਧਾਰ ਦੁਆਰਾ ਸਿੱਖਾਂ ਦੇ ਅਸਲ ਇਤਿਹਾਸ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਦਿਖਾਇਆ ਗਿਆ ਹੈ। ਇਸ ਨਾਟਕ ਵਿਚ ਇਤਿਹਾਸਕ ਘਟਨਾਵਾਂ ਪੇਸ਼ ਕਰਨ ਤੋਂ ਸਿਵਾ ਕੋਈ ਨਾਟਕੀ ਬਿੰਬ ਉਘੜ ਕੇ ਸਾਹਮਣੇ ਨਹੀਂ ਆਇਆ।

ਦੂਸਰੇ ਦ੍ਰਿਸ਼ ਵਿਚ ਲਾਹੌਰ ਦਾ ਸੂਬੇਦਾਰ ਜ਼ਕਰੀਆ ਖਾਂ ਸਿੱਖਾਂ ਵੱਲੋਂ ਨਿੱਤ ਲੁੱਟਮਾਰ ਕਰਨ ਕਾਰਨ ਪ੍ਰੇਸ਼ਾਨੀ ਦੇ ਆਲਮ ਵਿਚ ਹੈ। ਉਹ ਲਖਪਤ ਅਤੇ ਮੋਮਨ ਖਾਂ ਨਾਲ ਇਹ ਸਲਾਹ ਕਰ ਰਿਹਾ ਹੈ ਕਿ ਲਾਹੌਰ ਦੇ ਸੂਬੇਦਾਰ ਸੁਬੇਗ ਸਿੰਘ ਰਾਹੀਂ ਸਿੱਖਾਂ ਨੂੰ ਜਾਗੀਰਾਂ ਦੇਣ ਦੀ ਪੇਸ਼ਕਸ਼ ਕੀਤੀ ਜਾਵੇ ਤਾਂ ਜੋ ਮੁਗ਼ਲ ਹਕੂਮਤ ਦਾ ਕੀਤਾ ਜਾ ਰਿਹਾ ਵਿਰੋਧ ਖ਼ਤਮ ਕੀਤਾ ਜਾ ਸਕੇ ਤੇ ਸੂਬਾ ਲਾਹੌਰ ਵਿਚ ਸ਼ਾਂਤੀ ਸਥਾਪਤ ਕੀਤੀ ਜਾ ਸਕੇ। ਇਸ ਨਾਟਕ ਦੇ ਤੀਜੇ ਦ੍ਰਿਸ਼ ਵਿਚ ਜ਼ਕਰੀਆ ਖਾਂ ਸਿੱਖਾਂ ਨੂੰ ਦਿੱਤੀ ਜਾਗੀਰ ਸਮਾਪਤ ਕਰਨ ਦੇ ਰੌਅ ਵਿਚ ਹੈ ਕਿਉਂਕਿ ਸੈਨਿਕ ਤੌਰ ਤੇ ਸਿੱਖ ਪਹਿਲਾਂ ਨਾਲੋਂ ਵੀ ਵੱਧ ਸੰਗਠਿਤ ਹੋਣੇ ਸ਼ੁਰੂ ਹੋ ਗਏ ਸਨ। ਇਸ ਨਾਟਕ ਵਿਚ ਜ਼ਕਰੀਆ ਖਾਂ ਦੇ ਕਹੇ ਸ਼ਬਦਾਂ ਰਾਹੀਂ ਇਤਿਹਾਸਕ ਸਥਿਤੀ ਨੂੰ ਇਸ ਤਰ੍ਹਾਂ ਚਿਤਰਿਆ ਗਿਆ ਹੈ:

ਜ਼ਕਰੀਆ ਖਾਂ: ਹਾਂ.......ਲਖਪਤ ਰਾਏ ਦਾ ਮਸ਼ਵਰਾ ਕਾਬਲੇ ਗੌਰ ਹੈ। ਦੋ ਬਰਸਾਂ ਤੋਂ ਅਸੀਂ ਦੇਖ ਰਹੇ ਹਾਂ ਕਿ ਇਨ੍ਹਾਂ ਦੀ ਤਾਅਦਾਦ....ਔਰ ਤਾਕਤ ਦਿਨ-ਬ-ਦਿਨ ਵੱਧ ਰਹੀ ਏ। ਅਗਰ ਕੁਝ ਬਰਸ ਇਹੋ ਹਾਲਤ ਰਹੀ ਤਾਂ ਸਾਡੇ ਲਈ ਸੰਭਾਲਣਾ ਮੁਸ਼ਕਲ ਹੋ ਜਾਵੇਗਾ।[42]

ਇਸ ਤਰ੍ਹਾਂ ਜ਼ਕਰੀਆ ਖਾਂ ਸਿੰਘਾਂ ਦੇ ਸਿਰਾਂ ਦੇ ਮੁੱਲ ਪਾਉਂਦਾ ਹੈ। ਚੌਥੇ ਦ੍ਰਿਸ਼ ਵਿਚ ਵੀ ਜ਼ਕਰੀਆ ਖਾਂ ਨੂੰ ਪ੍ਰੇਸ਼ਾਨ ਦਿਖਾਇਆ ਗਿਆ ਹੈ। ਉਸ ਦੀ ਪ੍ਰੇਸ਼ਾਨੀ ਦਾ ਵੱਡਾ ਕਾਰਨ ਇਹ ਹੈ ਕਿ ਉਸ ਦੁਆਰਾ ਸਿੰਘਾਂ ਨੂੰ ਖ਼ਤਮ ਕਰਨ ਦੇ ਬਾਵਜੂਦ ਵੀ ਉਹ ਖ਼ਤਮ ਨਹੀਂ ਹੋ ਰਹੇ। ਸਭ ਤੋਂ ਵੱਡਾ ਉਸ ਦੀ ਪ੍ਰੇਸ਼ਾਨੀ ਦਾ ਕਾਰਨ ਇਹ ਹੈ ਕਿ ਨਾਦਰ ਸ਼ਾਹ ਦੀ ਵਾਪਸੀ ਸਮੇਂ ਉਸ ਦੇ ਕਾਫ਼ਲੇ ਨੂੰ ਸਿੰਘਾਂ ਨੇ ਹਮਲਾ ਕਰ ਕੇ ਲੁੱਟ ਲਿਆ ਸੀ।

ਦੂਸਰੇ ਨਾਟ ਵਿਚ ਜ਼ਕਰੀਆ ਖਾਂ ਦੀ ਸਖ਼ਤੀ ਦਾ ਸਿਖ਼ਰ ਸਿਰਜਿਆ ਗਿਆ ਹੈ। ਨਾਦਰ ਸ਼ਾਹ ਤੇ ਜ਼ਕਰੀਆ ਖਾਂ ਸਿੱਖਾਂ ਦੁਆਰਾ ਸਦਾ ਚੜ੍ਹਦੀ ਕਲਾ ਵਿਚ ਰਹਿਣ ਤੇ ਪ੍ਰੇਸ਼ਾਨ ਹਨ। ਚੌਥੇ ਨਾਟ ਵਿਚ ਸਿੱਖਾਂ ਦੇ ਮਾਨਸਿਕ ਅਤੇ ਸਰੀਰਕ ਹਾਲਤ ਨੂੰ ਚਿੱਤਰ ਕੇ ਉਨ੍ਹਾਂ ਦੇ ਹੌਸਲੇ ਦਾ ਨਾਟਕੀ ਬਿੰਬ ਉਭਾਰਨ ਦਾ ਯਤਨ ਕੀਤਾ ਗਿਆ ਹੈ।ਲੱਖਪਤ ਰਾਏ ਦੁਆਰਾ ਸਖ਼ਤੀ ਕਰਨ ਦੇ ਬਾਵਜੂਦ ਵੀ ਸਿੰਘ ਚੜ੍ਹਦੀ ਕਲਾ ਵਿਚ ਹਨ। ਇਸ ਨਾਟ ਵਿਚ ਸਿੱਖਾਂ ਦੀ ਆਪਣੇ ਮਿਸ਼ਨ ਲਈ ਦ੍ਰਿੜਤਾ ਅਤੇ ਮੁਗ਼ਲ ਰਾਜ ਦੇ ਜਬਰ ਦੇ ਵਿਰੋਧ ਨੂੰ ਪੇਸ਼ ਕੀਤਾ ਗਿਆ ਹੈ।

ਇਹ ਨਾਟਕ ਮੁਗ਼ਲ ਸਾਮਰਾਜ ਦੁਆਰਾ ਸਿੱਖਾਂ ਨੂੰ ਖ਼ਤਮ ਕਰਨ ਅਤੇ ਸਿੱਖਾਂ ਦੀ ਦਲੇਰੀ ਤੇ ਹੌਸਲੇ ਨੂੰ ਸਿਰਜਦਾ ਹੈ। ਇਸ ਨਾਟਕ ਵਿਚ ਨਾਟਕਕਾਰ ਨੇ ਨਾਟਕੀ ਸਥਿਤੀਆਂ ਦੀ ਥਾਂ ਇਤਿਹਾਸਕ ਘਟਨਾਵਾਂ ਨੂੰ ਸਿਰਜਿਆ ਹੈ।

**ਚੋਅ ਅਜੇ ਨਹੀਂ ਸੁੱਕਾ (1982)**

ਨਾਟਕ 'ਚੋਅ ਅਜੇ ਨਹੀਂ ਸੁੱਕਾ' ਗੁਰਦਿਆਲ ਸਿੰਘ ਫੁੱਲ ਦਾ ਲਿਖਿਆ ਹੋਇਆ ਹੈ ਜੋ ਬੱਬਰ ਅਕਾਲੀ ਲਹਿਰ ਨਾਲ ਸੰਬੰਧਿਤ ਕੁੱਝ

ਇਤਿਹਾਸਕ ਘਟਨਾਵਾਂ ਤੇ ਆਧਾਰਿਤ ਹੈ। ਇਸ ਵਿਚ ਨਾਟਕਕਾਰ ਬੱਬਰ ਅਕਾਲੀ ਨੇਤਾ ਕਿਸ਼ਨ ਸਿੰਘ ਨੂੰ ਨਾਇਕ ਦੇ ਰੂਪ ਵਿਚ ਚਿਤਰਦਾ ਹੈ। ਇਹ ਨਾਟਕ ਬੱਬਰ ਅਕਾਲੀ ਲਹਿਰ ਦੇ ਕੁੱਝ ਗਰੁੱਪਾਂ ਅਤੇ ਵਿਅਕਤੀਗਤ ਸ਼ਖ਼ਸੀਅਤ ਦੇ ਕਾਰਨਾਮਿਆਂ ਨੂੰ ਤਾਂ ਪ੍ਰਸਤੁਤ ਕਰਦਾ ਹੈ ਪਰ ਸਮੁੱਚੀ ਬੱਬਰ ਅਕਾਲੀ ਲਹਿਰ ਦੇ ਕਾਰਨਾਮਿਆਂ, ਰਾਜਨੀਤਿਕ ਘਟਨਾਵਾਂ, ਪ੍ਰਾਪਤੀਆਂ ਤੇ ਅਪ੍ਰਾਪਤੀਆਂ ਨੂੰ ਪ੍ਰਸਤੁਤ ਕਰਕੇ ਨਾਟਕੀ ਵਿਵੇਕ ਦੇ ਬਿੰਬ ਨਹੀਂ ਸਿਰਜਦਾ। ਇਸ ਨਾਟਕ ਦੇ ਸਥਾਨਕੀ ਪਾਠ ਨੂੰ ਤਿੰਨ ਅੰਕਾਂ ਵਿਚ ਵੰਡ ਕੇ ਨਾਟਕੀ ਘਟਨਾਵਾਂ ਦੀ ਸਿਰਜਨਾ ਕੀਤੀ ਗਈ ਹੈ।

ਇਸ ਨਾਟਕ ਦਾ ਆਰੰਭ ਇਕ ਸਾਧਾਰਨ ਕਿਸਾਨ ਦੀ ਆਰਥਿਕ ਮੰਦਹਾਲੀ ਤੋਂ ਸ਼ੁਰੂ ਹੁੰਦਾ ਹੈ ਜਿਸ ਵਿਚ ਅੰਗਰੇਜ਼ ਸਰਕਾਰ ਨੇ ਮਾਲੀਆ ਅਨਾਜ ਦੇ ਰੂਪ ਵਿਚ ਲੈਣ ਦੀ ਬਜਾਏ ਨਗਦ ਪੈਸਿਆਂ ਦੇ ਰੂਪ ਵਿਚ ਲੈਣਾ ਸ਼ੁਰੂ ਕਰ ਦਿੱਤਾ ਸੀ। ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਵੈਸੇ ਤਾਂ ਸਾਰਾ ਸੰਸਾਰ ਹੀ ਆਰਥਿਕ ਸੰਕਟ ਭੋਗ ਰਿਹਾ ਸੀ ਪਰ ਪੰਜਾਬ ਦੀ ਛੋਟੀ ਕਿਸਾਨੀ ਲਈ ਨਗਦ ਮੁਦਰਾ ਅਤੇ ਸ਼ਾਹੂਕਾਰਾਂ ਦਾ ਵਿਆਜ਼ ਅਦਾ ਕਰਨਾ ਇਕ ਗੰਭੀਰ ਸਮੱਸਿਆ ਸੀ। ਇਸ ਆਰਥਕ ਸੰਕਟ ਨੇ ਪੰਜਾਬ ਵਿਚ ਕੁੱਝ ਲਹਿਰਾਂ ਨੂੰ ਜਨਮ ਦਿੱਤਾ ਜਿਸ ਵਿਚੋਂ ਬੱਬਰ ਅਕਾਲੀ ਲਹਿਰ ਇਕ ਸੀ। ਨਾਟਕਕਾਰ ਇਸ ਲਹਿਰ ਨੂੰ ਆਰਥਿਕ ਸੰਕਟ ਵਜੋਂ ਨਜਿੱਠਣ ਦੀ ਬਜਾਏ ਨਿਰੋਲ ਧਾਰਮਿਕ ਨਜ਼ਰੀਏ ਤੋਂ ਦੇਖਦਾ ਹੋਇਆ ਕਿਸ਼ਨ ਸਿੰਘ ਨੂੰ ਨਾਟਕ ਵਿਚ ਇਸ ਤਰ੍ਹਾਂ ਚਿਤਰਦਾ ਹੈ ਕਿ ਉਸ ਨੂੰ ਚੋਅ ਵਿਚ ਗੁਰੂ ਗੋਬਿੰਦ ਸਿੰਘ ਦਾ ਹੁਕਮ ਹੁੰਦਾ ਹੈ। ਜਿਸ ਦੇ ਪ੍ਰਤੀਕਰਮ ਵਜੋਂ ਦੇਸ਼ ਦੀ ਅਜ਼ਾਦੀ ਲਈ ਕੁੱਝ ਕਰਨ ਹਿਤ ਕਿਸ਼ਨ ਸਿੰਘ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਆਵਾਜ਼ ਉਠਾਉਂਦਾ ਹੈ।

ਇਸ ਤਰ੍ਹਾਂ ਇਹ ਨਾਟਕ ਇਤਿਹਾਸਕ ਅਤੇ ਧਾਰਮਿਕ ਨਜ਼ਰੀਏ ਤੋਂ ਉਸਾਰਿਆਂ ਜਾਂਦਾ ਹੈ ਜਿਸ ਵਿਚ ਬੱਬਰ ਅਕਾਲੀਆਂ ਤੇ ਅੰਗਰੇਜ਼ਾਂ ਦੇ ਪਿੱਠੂਆਂ ਵਿਚਕਾਰ ਤਨਾਉ ਨੂੰ ਪੇਸ਼ ਕੀਤਾ ਗਿਆ ਹੈ।

ਨਾਟਕ ਦੇ ਦੂਜੇ ਅੰਕ ਨੂੰ 'ਬੁੱਕੇ ਸ਼ੇਰ ਦੁਆਬੀਏ' ਦਾ ਨਾਮ ਦਿੱਤਾ ਗਿਆ ਹੈ। ਇਸ ਵਿਚ ਅਨੂਪ ਸਿੰਘ ਦੀ ਗ਼ਦਾਰੀ ਅਤੇ ਧੰਨਾ ਸਿੰਘ ਦੀ ਬਹਾਦਰੀ ਨੂੰ ਦਿਖਾਇਆ ਗਿਆ ਹੈ ਤੇ ਇਸ ਤੋਂ ਸਿਵਾ ਬੁਸੇਲੀ ਵਾਲੇ ਸਾਕੇ ਨੂੰ ਵੀ ਨਾਟਕੀ ਰੂਪ ਵਿਚ ਪ੍ਰਸਤੁਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਨਾਟਕ ਵਿਚ ਬੱਬਰ ਆਪਣੇ ਅੰਦਰੂਨੀ ਗ਼ਦਾਰਾਂ ਕਾਰਨ ਮਾਤ ਖਾਂਦੇ ਦਿਖਾਏ ਗਏ ਹਨ। ਇਸ ਅੰਕ ਵਿਚ ਨਾਟਕੀ ਤਨਾਉ ਨੂੰ ਗੰਭੀਰ ਤੇ ਗਹਿਰਾ ਨਹੀਂ ਦਿਖਾਇਆ ਗਿਆ। ਨਾਟਕ ਦੇ ਤੀਸਰੇ ਅੰਕ ਵਿਚ ਕਿਸ਼ਨ ਸਿੰਘ ਦੀ ਬਹਾਦਰੀ, ਹੌਸਲੇ ਤੇ ਨਿਡਰਤਾ ਨੂੰ ਪ੍ਰਸਤੁਤ ਕੀਤਾ ਗਿਆ ਹੈ। ਕਿਸ਼ਨ ਸਿੰਘ ਨੂੰ ਫਾਂਸੀ ਲੱਗਣ ਦੀ ਘਟਨਾ ਨਾਲ ਇਹ ਨਾਟਕ ਖ਼ਤਮ ਹੋ ਜਾਂਦਾ ਹੈ। ਇਸ ਨਾਟਕ ਵਿਚ ਘਟਨਾਵਾਂ ਅਤੇ ਪਾਤਰ ਤਾਂ ਇਤਿਹਾਸਕ ਹਨ ਪਰ ਦਰਸ਼ਕਾਂ ਨੂੰ ਨਿਵੇਕਲਾ ਬੋਧ ਕਰਾਉਣ ਦੇ ਇਹ ਸਮਰੱਥ ਨਹੀਂ ਹੈ ਜਿਸ ਤੋਂ ਉਹ ਸੇਧ ਲੈ ਕੇ ਸਮਕਾਲੀ ਜ਼ਮਾਨੇ ਨੂੰ ਕੋਈ ਸੇਧ ਦੇ ਸੱਕਣ।

**ਕਾਮਾਗਾਟਾ ਮਾਰੂ (1984)**

ਨਾਟਕ ਕਾਮਾਗਾਟਾ ਮਾਰੂ ਨਾਟਕਕਾਰ ਅਜਮੇਰ ਰੋਡੇ ਦੁਆਰਾ ਰਚਿਤ ਗ਼ਦਰੀ ਬਾਬਿਆਂ ਦੇ ਸਮੁੰਦਰੀ ਜਹਾਜ਼ ਕਾਮਾਗਾਟਾ ਮਾਰੂ ਨਾਲ ਸੰਬੰਧਿਤ ਇਤਿਹਾਸਕ ਘਟਨਾਵਾਂ ਤੇ ਆਧਾਰਿਤ ਹੈ। ਇਹ ਨਾਟਕ ਸ਼ੁਰੂ ਤੋਂ ਅਖ਼ੀਰ ਤਕ ਇਕ ਅੰਕ ਦੇ ਆਧਾਰ ਤੇ ਸਿਰਜਿਆ ਗਿਆ ਹੈ ਜਿਸ ਵਿਚ ਰੋਸ਼ਨੀਆਂ ਦੀ ਮਦਦ ਨਾਲ ਸਮੇਂ ਤੇ ਸਥਾਨ ਵਿਚ ਤਬਦੀਲੀ ਕੀਤੀ ਗਈ ਹੈ। ਇਸ ਨਾਟਕ ਵਿਚਲੀ ਸਮੱਗਰੀ ਇਤਿਹਾਸਕਤਾ ਬਾਰੇ ਜਾਣਕਾਰੀ ਦਿੰਦੀ ਹੈ।

ਇਸ ਨਾਟਕ ਦਾ ਆਰੰਭ ਵੈਨਕੂਵਰ ਸ਼ਹਿਰ ਵਿਚ ਸਥਿਤ ਉਸ ਗੁਰਦੁਆਰੇ ਦੇ ਦ੍ਰਿਸ਼ ਤੋਂ ਹੁੰਦਾ ਹੈ ਜਿਸ ਵਿਚ ਇਕ ਲੜਕੀ ਇਕ ਸਿੱਖ ਬਜ਼ੁਰਗ ਨੂੰ ਰਸਤਾ ਦੱਸਣ ਦੀ ਕੋਸ਼ਿਸ ਕਰਦੀ ਹੈ। ਇਸ ਗੁਰਦੁਆਰੇ ਵਿਚ ਹੀ ਬੈਠ ਕੇ ਹਿੰਦੀਆਂ ਨੇ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਦੀ ਮਦਦ ਕਰਨ ਦਾ ਮਤਾ ਪਕਾਇਆ ਸੀ। ਉਸ ਲੜਕੀ ਦੇ ਮਜ਼ਬੂਰ ਕਰਨ ਤੇ ਉਹ ਬਜ਼ੁਰਗ ਕਾਮਾਗਾਟੂ ਮਾਰੂ ਦੀ ਅੱਖੀਂ ਦੇਖੀ ਘਟਨਾ ਸੁਣਾਉਂਦਾ ਹੈ। ਇਸ ਨਾਟਕ ਦਾ ਆਰੰਭ ਕੈਨੇਡਾ ਸਰਕਾਰ ਦੁਆਰਾ ਵੈਨਕੂਵਰ ਦੇ ਬੀਚ ਉੱਪਰ ਜਹਾਜ਼ ਨਾ ਲੱਗਣ ਦੇਣ ਕਾਰਨ ਪੈਦਾ ਹੋਈ ਸਥਿਤੀ ਨਾਲ ਹੁੰਦਾ ਹੈ। ਕਾਮਾਗਾਟਾ ਮਾਰੂ ਜਹਾਜ਼ ਦਾ ਮਾਲਕ ਬਾਬਾ ਗੁਰਦਿੱਤ ਸਿੰਘ ਆਪਣੇ ਸੈਕਟਰੀ ਨਾਲ ਇਹ ਗੱਲਬਾਤ ਕਰ ਰਿਹਾ ਹੈ ਕਿ ਕਾਨੂੰਨ ਅਨੁਸਾਰ ਕੈਨੇਡਾ ਸਰਕਾਰ ਉਨ੍ਹਾਂ ਨੂੰ ਆਪਣੇ ਦੇਸ਼ ਵਿਚ ਦਾਖਲ ਹੋਣ ਤੋਂ ਨਹੀਂ ਰੋਕ ਸਕਦੀ। ਇਸ ਨਾਟਕ ਦੀਆਂ ਇਹੋ ਸਥਿਤੀਆਂ ਅਤੇ ਵਿਸ਼ਵਾਸ ਨਾਟਕੀ ਤਨਾਉ ਦਾ ਅਧਾਰ ਬਣਦੇ ਹਨ। ਨਾਟਕਕਾਰ ਅੰਗਰੇਜ਼ਾਂ ਦੀ ਦੋਗਲੀ ਨੀਤੀ ਨੂੰ ਚਿਤਰਦਾ ਹੋਇਆ ਇਹ ਦੱਸ ਰਿਹਾ ਹੈ ਕਿ ਕਹਿਣ ਨੂੰ ਤਾਂ ਉਹ ਕਹਿੰਦੇ ਸਨ ਕਿ ਸਾਰੀਆਂ ਅੰਗਰੇਜ਼ ਬਸਤੀਆਂ ਦੇ ਨਾਗਰਿਕਾਂ ਨੂੰ ਬਰਾਬਰ ਦੇ ਅਧਿਕਾਰ ਹਨ ਪਰ ਅਸਲ ਵਿਚ ਹਿੰਦੀਆਂ ਨਾਲ ਨਸਲਵਾਦ ਅਧੀਨ ਵਿਤਕਰਾ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ ਨਾਟਕ ਵਿਚ ਨਾਟਕਕਾਰ ਇਹ ਵੀ ਦੱਸਦਾ ਹੈ ਕਿ ਕੈਨੇਡਾ ਬਰਤਾਨੀਆ ਅਤੇ ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਵਿਚ ਭਾਰਤੀਆਂ ਨੂੰ ਕੈਨੇਡਾ ਆਉਣ ਤੋਂ ਰੋਕਣ ਲਈ ਗੁਪਤ ਸਮਝੌਤਾ ਹੋਇਆ ਸੀ। ਨਾਟਕ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਭਾਰਤੀ ਅੰਗਰੇਜ਼ ਸਰਕਾਰ ਨੂੰ ਡਰ ਸੀ ਕਿ ਹਿੰਦੁਸਤਾਨੀ ਲੋਕ ਵਿਦੇਸ਼ਾਂ ਵਿਚ ਇਥੋਂ ਤੇ ਉਥੋਂ

ਦੇ ਰਾਜਨੀਤਿਕ ਤੇ ਸਮਾਜਿਕ ਪ੍ਰਬੰਧ ਦਾ ਟਾਕਰਾ ਕਰਨਗੇ ਤੇ ਭਾਰਤੀ ਅੰਗਰੇਜ਼ੀ ਸਰਕਾਰ ਲਈ ਇਹ ਖ਼ਤਰਾ ਪੈਦਾ ਕਰਨਗੇ। ਨਾਟਕ ਦੇ ਪਾਤਰ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਅਤੇ ਵੈਨਕੂਵਰ ਦੇ ਮੇਅਰ ਜੌਹਨ ਰੀਡ ਤੇ ਉਸ ਦੇ ਸਾਥੀਆਂ ਵਿਚ ਵੰਡੇ ਹੋਏ ਹਨ। ਇਹ ਨਾਟਕ ਇਕ ਪਾਸੇ ਤਾਂ ਕੈਨੇਡਾ ਸਰਕਾਰ ਦੇ ਗ਼ੈਰ-ਕਾਨੂੰਨੀ ਰਵੱਈਏ ਨੂੰ ਚਿਤਰਦਾ ਹੈ ਤੇ ਦੂਜੇ ਪਾਸੇ ਨਸਲਵਾਦ ਅਧੀਨ ਉਪਜੀ ਸੋਚ ਦਾ ਬੋਧ ਕਰਾਉਂਦਾ ਹੈ। ਇਸ ਤੋਂ ਇਲਾਵਾ ਜਹਾਜ਼ ਨੂੰ ਬੰਦੀ ਬਣਾਏ ਜਾਣ ਕਾਰਨ ਪੈਦਾ ਹੋਏ ਸੰਕਟ ਨੂੰ ਪੇਸ਼ ਕਰਦਾ ਹੈ। ਵੈਨਕੂਵਰ ਦਾ ਮੇਅਰ ਇਸ ਜਹਾਜ਼ ਨੂੰ ਵਾਪਸ ਭੇਜਣ ਲਈ ਯਤਨਸ਼ੀਲ ਹੈ ਤੇ ਬਾਬਾ ਗੁਰਦਿੱਤ ਸਿੰਘ ਨੂੰ ਪੂਰਨ ਵਿਸ਼ਵਾਸ ਹੈ ਕਿ ਕਨੂੰਨੀ ਜਿੱਤ ਉਸ ਦੀ ਹੀ ਹੋਵੇਗੀ। ਨਾਟਕ ਦੇ ਪਹਿਲੇ ਗਿਆਰਾਂ ਦ੍ਰਿਸ਼ਾਂ ਵਿਚ ਕੈਨੇਡਾ ਸਰਕਾਰ ਉਤੇ ਬਾਬਾ ਗੁਰਦਿੱਤ ਨੇ ਪੜਤਾਲੀਆ ਕਮਿਸ਼ਨ ਦੇ ਫੈਸਲੇ ਵਿਰੁੱਧ ਜੱਜ ਮਰਫ਼ੀ ਦੀ ਅਦਾਲਤ ਵਿਚ ਅਪੀਲ ਕਰ ਦਿੱਤੀ ਹੈ ਤੇ ਇਸ ਨਾਲ ਹੀ ਨਾਟਕਕਾਰ ਨਾਟਕ ਦਾ ਅੱਧ ਸਮਾਂ ਹੋਣ ਦੀ ਅਪੀਲ ਕਰਦਾ ਹੈ।

ਨਾਟਕ ਦੇ ਦੂਜੇ ਅੱਧ ਵਿਚ ਦੋਹਾਂ ਧਿਰਾਂ ਦੀ ਦ੍ਰਿੜਤਾ ਨਾਟਕ ਵਿਚ ਉਤਸੁਕਤਾ ਅਤੇ ਤਨਾਉ ਭਰਦੀ ਹੈ। ਇਸ ਨਾਟਕ ਵਿਚ ਕੈਨੇਡਾ ਸਰਕਾਰ ਦੀਆਂ ਵਧੀਕੀਆਂ ਦਾ ਵਰਣਨ ਕੀਤਾ ਗਿਆ ਹੈ ਜਿਸ ਵਿਚ ਅਖ਼ੀਰ ਤੇ ਕੈਨੇਡਾ ਸਰਕਾਰ ਨੂੰ ਝੁਕਣਾ ਪਿਆ ਜੋ ਜਹਾਜ਼ ਵਿਚ ਰਾਸ਼ਨ ਭੇਜਣ ਲਈ ਰਜ਼ਾਮੰਦ ਹੋ ਗਈ ਸੀ। ਨਾਟਕਕਾਰ ਨੇ ਨਾਟਕ ਵਿਚ ਇਹ ਵੀ ਦੱਸਿਆ ਹੈ ਕਿ ਅਸਲ ਵਿਚ ਮੇਅਰ ਜੌਹਨ ਰੀਡ ਹਾਪਕਿਨਜ਼ ਅਤੇ ਬੇਲਾ ਸਿੰਘ ਨੇ ਇਸ ਨੂੰ ਆਪਣੀ ਇੱਜ਼ਤ ਦਾ ਸਵਾਲ ਬਣਾ ਲਿਆ ਸੀ ਜਿਸ ਕਾਰਨ ਬਾਅਦ ਵਿਚ ਵੀ ਉਹ ਭਾਰਤੀ ਆਵਾਸੀਆਂ ਉੱਪਰ ਕੋਝੇ ਵਾਰ ਕਰਦੇ ਰਹੇ। ਇਸ ਵਿਚ

ਬਜਬਜ ਘਾਟ ਕਲਕੱਤਾ ਵਿਖੇ ਵਾਪਰੀਆਂ ਘਟਨਾਵਾਂ ਦੀ ਜਾਣਕਾਰੀ ਆਵਾਜ਼ ਦੇ ਪ੍ਰਭਾਵ ਰਾਹੀਂ ਦਿਖਾਈ ਗਈ ਹੈ। ਹੋਰ ਕਿਸੇ ਨਾਟਕੀ ਸਥਿਤੀ ਦੀ ਸਿਰਜਨਾ ਨਹੀਂ ਮਿਲਦੀ। ਬਜਬਜ ਘਾਟ ਦੀ ਘਟਨਾ ਤੋਂ ਬਾਅਦ ਮੇਵਾ ਸਿੰਘ ਲੋਪੋਕੇ ਵੱਲੋਂ ਹਾਪਕਿਨਜ਼ ਦੇ ਕਤਲ ਦਾ ਦ੍ਰਿਸ਼ ਪੇਸ਼ ਕੀਤਾ ਗਿਆ ਹੈ।

ਇਸ ਤਰ੍ਹਾਂ ਇਹ ਨਾਟਕ ਅੰਗਰੇਜ਼ ਸਰਕਾਰ ਦੀ ਨਸਲਵਾਦੀ ਸੋਚ, ਦੋਗਲੀਆਂ ਨੀਤੀਆਂ, ਭਾਰਤੀਆਂ ਦੇ ਹੌਸਲੇ, ਅਣਖ ਅਤੇ ਬਦਲਾ ਲੈਣ ਦੀਆਂ ਭਾਵਨਾਵਾਂ ਨੂੰ ਇਤਿਹਾਸਕ ਨਾਟਕੀ ਸੰਦਰਭ ਵਿਚ ਪੇਸ਼ ਕਰਦਾ ਹੈ।

**ਕਾਮਾਗਾਟੂ ਮਾਰੂ (1985)**

ਨਾਟਕ 'ਕਾਮਾਗਾਟਾ ਮਾਰੂ' ਨਾਟਕਕਾਰ ਹਰਚਰਨ ਸਿੰਘ ਦੁਆਰਾ ਲਿਖਿਆ ਗਿਆ ਹੈ ਜਿਸ ਵਿਚ 'ਕਾਮਾਗਾਟਾ ਮਾਰੂ' ਜਹਾਜ਼ ਦੇ ਮੁਸਾਫ਼ਰਾਂ ਨਾਲ ਵਾਪਰੀਆਂ ਘਟਨਾਵਾਂ ਨੂੰ ਨਾਟਕੀ ਰੂਪ ਦਿੱਤਾ ਗਿਆ ਹੈ। ਇਸ ਨਾਟਕ ਦਾ ਮਹੱਤਵਪੂਰਨ ਪਹਿਲੂ ਇਹ ਹੈ ਕਿ ਨਾਟਕਕਾਰ ਨੇ ਨਾਟਕ ਦੀ ਰਚਨਾ 1982-83 ਵਿਚ ਪੰਜਾਬ ਦੀ ਸਮਕਾਲੀ ਸੰਕਟਮਈ ਸਥਿਤੀ ਨੂੰ ਵਾਚਦੇ ਹੋਏ ਕੀਤੀ ਹੈ। ਸਮੁੱਚੇ ਕਥਾਨਕ ਨੂੰ ਗਿਆਰਾਂ ਦ੍ਰਿਸ਼ਾਂ ਵਿਚ ਵੰਡਿਆ ਗਿਆ ਹੈ।

ਇਸ ਨਾਟਕ ਦਾ ਆਰੰਭ ਭਾਰਤੀ ਮੂਲ ਦੀ ਇਕ ਕੁੜੀ ਨਾਲ ਹੁੰਦਾ ਹੈ ਜੋ ਸਾਧਾਰਨ ਸਿੱਖ ਪਰਿਵਾਰ ਵਿਚੋਂ ਹੈ ਵੈਨਕੂਵਰ ਯੂਨੀਵਰਸਿਟੀ ਵਿਚ ਹਿਸਟਰੀ ਦੀ ਰਿਸਰਚ ਸਕਾਲਰ ਹੈ। ਉਸ ਨੇ ਕਾਮਾਗਾਟਾ ਮਾਰੂ ਜਹਾਜ਼ ਨਾਲ ਵਾਪਰੀਆਂ ਘਟਨਾਵਾਂ ਨੂੰ ਸੁਣਿਆ ਤੇ ਉਸ ਨੂੰ ਗਹਿਰਾ ਸਦਮਾ ਪਹੁੰਚਿਆ। ਇਸ ਨਾਟਕ ਵਿਚ ਨਾਟਕਕਾਰ ਨੇ ਨਾਟਕੀ ਰਚਨਾ ਵੇਲੇ ਦੋ ਜੁਗਤਾਂ ਵਰਤੀਆਂ ਹਨ ਇਕ ਇਹ ਕਿ ਕਾਮਾਗਾਟਾ ਮਾਰੂ ਜਹਾਜ਼ ਦੀ ਵਿਥਿਆ ਬਹੁਤ ਹੀ ਕਰੁਣਾਮਈ ਭਾਵਪੂਰਤ ਸੀ ਤੇ ਦੂਜੀ ਹਿਸਟਰੀ ਦੀ

ਰਿਸਰਚ ਸਕਾਲਰ ਕੁੜੀ ਦੁਆਰਾ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਨਾਟਕ ਵਿਚ ਇਤਿਹਾਸ ਨੂੰ ਸੱਚੇ ਸੁੱਚੇ ਢੰਗ ਨਾਲ ਪੇਸ਼ ਕੀਤਾ ਜਾਵੇਗਾ।

ਨਾਟਕ ਦੇ ਇਤਿਹਾਸਕ ਪ੍ਰਕਰਣ ਦਾ ਆਰੰਭ ਹਾਂਗਕਾਂਗ ਵਿਖੇ ਤਿੰਨ ਪੰਜਾਬੀਆਂ ਦੀ ਆਪਸੀ ਗੱਲਬਾਤ ਰਾਹੀਂ ਹੁੰਦਾ ਹੈ। ਇਹ ਪਾਤਰ ਇਕ ਪਾਸੇ ਤਾਂ ਪੰਜਾਬ ਦੀ ਆਰਥਿਕ ਮੰਦਹਾਲੀ ਦਾ ਬੋਧ ਕਰਾਉਂਦੇ ਹਨ ਤੇ ਦੂਜੇ ਪਾਸੇ ਇਹ ਦੱਸਦੇ ਹਨ ਕਿ ਹਾਂਗਕਾਂਗ ਵਿਖੇ ਮਜ਼ਦੂਰ ਬੇਰੁਜ਼ਗਾਰੀ ਅਤੇ ਆਰਥਿਕ ਮੰਦਹਾਲੀ ਕਾਰਨ ਪੰਜਾਬ ਦੇ ਕਿਸਾਨ ਰੋਜ਼ਗਾਰ ਦੀ ਭਾਲ ਵਿਚ ਵਿਦੇਸ਼ਾਂ ਨੂੰ ਚਾਲੇ ਪਾ ਲੈਂਦੇ ਹਨ। ਇੱਥੇ ਪੰਜਾਬੀਆਂ ਦੀ ਵਾਰਤਾਲਾਪ ਦੌਰਾਨ ਇਕ ਹੋਰ ਕੰਪਨੀ ਦਾ ਏਜੰਟ ਉਨ੍ਹਾਂ ਨੂੰ ਦੱਸਦਾ ਹੈ ਕਿ ਬਾਬਾ ਗੁਰਦਿੱਤ ਸਿੰਘ ਦਾ ਜਹਾਜ਼ ਨਵੇਂ ਕਾਨੂੰਨ ਅਨੁਸਾਰ ਕੈਨੇਡਾ ਸਰਕਾਰ ਬੰਦਰਗਾਹ ਉੱਪਰ ਨਹੀਂ ਲੱਗਣ ਦੇਵੇਗੀ। ਦੂਜੇ ਪਾਸੇ ਜਹਾਜ਼ ਵਿਚਲੇ ਮੁਸਾਫ਼ਰ ਤੇ ਬਾਬਾ ਗੁਰਦਿੱਤ ਸਿੰਘ ਕੈਨੇਡਾ ਪਹੁੰਚਣ ਲਈ ਦ੍ਰਿੜ ਹਨ। ਇੱਥੇ ਹੀ ਇਹ ਪਾਤਰ ਕੈਨੇਡਾ ਪਹੁੰਚਣ ਦਾ ਸੁਪਨਾ ਲੈਂਦੇ ਹਨ ਤੇ ਇਸ ਨੂੰ ਸਾਕਾਰ ਕਰਨ ਲਈ ਉਹ ਸਥਿਤੀਆਂ ਨਾਲ ਜੂਝਦੇ ਹਨ ਤਾਂ ਇੱਥੇ ਨਾਟਕੀ ਤਨਾਉ ਦਾ ਆਰੰਭ ਹੁੰਦਾ ਹੈ। ਨਾਟਕ ਦੇ ਦੂਜੇ ਦ੍ਰਿਸ਼ ਵਿਚ ਯੋਕੋਹਾਮਾ ਦੇ ਬਜ਼ਾਰ ਦਾ ਦ੍ਰਿਸ਼ ਹੈ। ਇਹ ਇਕ ਪਾਸੇ ਤਾਂ ਮੁਸਾਫ਼ਰਾਂ ਦੀ ਸਾਧਾਰਨਤਾ ਨੂੰ ਪੇਸ਼ ਕਰਦਾ ਹੈ ਤੇ ਦੂਜੇ ਪਾਸੇ ਉਨ੍ਹਾਂ ਦੀ ਰੋਟੀ ਰੋਜ਼ੀ ਲਈ ਦ੍ਰਿੜਤਾ ਨੂੰ ਚਿਤਰਦਾ ਹੈ। ਇੱਥੇ ਬਾਬਾ ਗੁਰਦਿੱਤ ਸਿੰਘ ਨੂੰ ਗ਼ਦਰ ਪਾਰਟੀ ਦੇ ਕੁੱਝ ਮੈਂਬਰ ਸੁਚੇਤ ਕਰਦੇ ਹਨ ਕਿ ਵੈਨਕੂਵਰ ਦੀ ਬੰਦਰਗਾਹ ਤੇ ਜਹਾਜ਼ ਨਾ ਲੱਗਣ ਦੇਣ ਦਾ ਕਾਰਨ ਉਨ੍ਹਾਂ ਦਾ ਗ਼ੁਲਾਮ ਦੇਸ਼ ਦੇ ਵਸਨੀਕ ਹੋਣਾ ਹੈ।

ਨਾਟਕ ਦੇ ਤੀਜੇ ਦ੍ਰਿਸ਼ ਵਿਚ ਵੈਨਕੂਵਰ ਵਿਖੇ ਇਮੀਗਰੇਸ਼ਨ ਅਫ਼ਸਰ ਹੋਪਕਿਨਜ਼ ਅਤੇ ਬੇਲਾ ਸਿੰਘ ਦੀ ਗੱਲਬਾਤ ਰਾਹੀਂ ਪਤਾ ਲੱਗਦਾ ਹੈ ਕਿ ਹਾਂਗਕਾਂਗ ਤੋਂ ਆਉਣ ਵਾਲੇ ਭਾਰਤੀਆਂ ਨੂੰ ਇਹ ਇੱਥੇ ਨਹੀਂ ਉਤਰਨ ਦੇਣਗੇ। ਚੌਥੇ ਦ੍ਰਿਸ਼ ਵਿਚ ਬਾਬਾ ਗੁਰਦਿੱਤ ਸਿੰਘ ਤੇ ਹੋਪਕਿਨਜ਼ ਦਾ ਰਿਸ਼ਵਤ ਬਾਰੇ ਸਲਾਹ ਮਸ਼ਵਰਾ ਹੁੰਦਾ ਹੈ। ਪਰ ਗੱਲ ਸਿਰੇ ਨਹੀਂ ਲੱਗਦੀ। ਪੰਜਵੇਂ ਦ੍ਰਿਸ਼ ਵਿਚ ਵੈਨਕੂਵਰ ਦੇ ਪੰਜਾਬੀ ਆਵਾਸੀ ਬੀਚ ਉੱਪਰ ਖੜ੍ਹੇ ਹਨ। ਇਹ ਸਾਰੇ ਹੀ ਆਪਣੇ ਦੇਸ਼ ਵਾਸੀ ਮੁਸਾਫ਼ਰਾਂ ਦੀ ਸੰਕਟਮਈ ਸਥਿਤੀ ਕਾਰਨ ਪ੍ਰੇਸ਼ਾਨ ਹਨ। ਛੇਵੇਂ ਦ੍ਰਿਸ਼ ਵਿਚ ਹੋਪਕਿਨਜ਼ ਅਤੇ ਬੇਲਾ ਸਿੰਘ ਦੁਆਰਾ ਜਹਾਜ਼ ਦੇ ਮੁਸਾਫ਼ਰਾਂ ਵਿਚ ਫੁੱਟ ਪਵਾ ਦਿੱਤੀ ਗਈ ਹੈ ਤੇ ਇਹ ਜਹਾਜ਼ ਨੂੰ ਕਿਸੇ ਵੀ ਕੀਮਤ ਤੇ ਬੀਚ ਉੱਪਰ ਉਤਰਨ ਨਹੀਂ ਦੇਣਾ ਚਾਹੁੰਦੇ। ਸੱਤਵੇਂ ਦ੍ਰਿਸ਼ ਵਿਚ ਮੁਸਾਫ਼ਰਾਂ ਦੀ ਬੇਸਬਰੀ ਨੂੰ ਉਲੀਕਿਆ ਗਿਆ ਹੈ। ਅੱਠਵੇਂ ਦ੍ਰਿਸ਼ ਵਿਚ ਕੈਨੇਡਾ ਸਰਕਾਰ ਨੇ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਉੱਪਰ ਹਮਲਾ ਕਰ ਦਿੱਤਾ ਦਿਖਾਇਆ ਹੈ ਤੇ ਮੁਸਾਫ਼ਰ ਵੀ ਪੂਰੀ ਸ਼ਕਤੀ ਨਾਲ ਉਸ ਦਾ ਮੁਕਾਬਲਾ ਕਰਦੇ ਹਨ। ਇਸ ਤਰ੍ਹਾਂ ਨਾਟਕ ਵਿਚ ਤਨਾਉ ਦੀ ਸਥਿਤੀ ਸਿਖ਼ਰ ਤੇ ਪਹੁੰਚਦੀ ਹੈ। ਇਸ ਤਰ੍ਹਾਂ ਹੋਣ ਨਾਲ ਬਾਬਾ ਗੁਰਦਿੱਤ ਸਿੰਘ ਤੇ ਮੁਸਾਫ਼ਰਾਂ ਦਾ ਸੰਜੋਇਆ ਹੋਇਆ ਸੁਪਨਾ ਟੁੱਟ ਰਿਹਾ ਹੈ ਪਰ ਦੁਖਾਂਤਕ ਸਥਿਤੀ ਹੋਣ ਦੇ ਬਾਵਜੂਦ ਸਾਰੇ ਹੀ ਮੁਸਾਫ਼ਰ ਦੇਸ਼ ਭਗਤੀ ਦੇ ਰੰਗ ਵਿਚ ਰੰਗੇ ਹੋਏ ਹਨ। ਨੌਵੇ ਦ੍ਰਿਸ਼ ਵਿਚ ਭਾਗ ਸਿੰਘ ਅਤੇ ਹਸਨ ਮੁਸਾਫ਼ਰਾਂ ਨੂੰ ਦੱਸਦੇ ਹਨ ਕਿ ਜਹਾਜ਼ ਵਿਚ ਰਾਸ਼ਨ ਭਰਿਆ ਜਾ ਰਿਹਾ ਹੈ ਜਿਸ ਕਾਰਨ ਆਉਣ ਵਾਲੇ ਸਮੇਂ ਵਿਚ ਆਰਥਿਕ ਸੰਕਟ ਹੋਰ ਗਹਿਰਾ ਹੋਣ ਦਾ ਅਹਿਸਾਸ ਹੁੰਦਾ ਹੈ।

ਨਾਟਕ ਦੇ ਦਸਵੇਂ ਦ੍ਰਿਸ਼ ਵਿਚ ਮੁਸਾਫ਼ਰਾਂ ਨੂੰ ਗ਼ਦਰ ਪਾਰਟੀ ਦੇ ਆਗੂ ਕਰਤਾਰ ਸਿੰਘ ਸਰਾਭਾ ਅਤੇ ਬਾਬਾ ਸੋਹਣ ਸਿੰਘ ਭਕਨਾ ਸੰਬੋਧਨ ਕਰਦੇ ਹਨ ਕਿ ਉਨ੍ਹਾਂ ਦੇ ਸੰਕਟ ਦਾ ਕਾਰਨ ਉਨ੍ਹਾਂ ਦੇ ਦੇਸ਼ ਦਾ ਗ਼ੁਲਾਮ ਹੋਣਾ ਹੈ। ਪਰ ਇਤਿਹਾਸ ਅਨੁਸਾਰ ਬਾਬਾ ਗੁਰਦਿੱਤ ਸਿੰਘ ਤੇ ਮੁਸਾਫ਼ਰਾਂ ਦਾ ਗ਼ਦਰ ਪਾਰਟੀ ਨਾਲ ਕੋਈ ਸੰਬੰਧ ਨਹੀਂ ਸੀ। ਉਨ੍ਹਾਂ ਦਾ ਤਾਂ ਆਪਣਾ ਆਰਥਿਕ ਨਿੱਜੀ ਮਸਲਾ ਸੀ। ਜਗਜੀਤ ਸਿੰਘ ਅਨੁਸਾਰ, 'ਗ਼ਦਰ ਪਾਰਟੀ' ਨੇ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਦੇ ਹੱਕਾਂ ਵਿਚ ਪ੍ਰਚਾਰ ਕਰਨ ਅਤੇ ਉਨ੍ਹਾਂ ਵਾਸਤੇ ਵੈਨਕੂਵਰ ਗੁਰਦੁਆਰਾ ਕਮੇਟੀ ਨੂੰ ਮਾਲੀ ਸਹਾਇਤਾ ਭੇਜਣ ਤੋਂ ਇਲਾਵਾ ਕੁਦਰਤੀ ਤੌਰ ਤੇ ਆਪਣੇ ਪਾਰਟੀ ਪ੍ਰੋਗਰਾਮ ਖ਼ਾਤਰ ਇਸ ਸਮੇਂ ਦੀ ਯੋਗ ਵਰਤੋਂ ਕੀਤੀ।[43]

ਨਾਟਕ ਦੇ ਗਿਆਰਵੇਂ ਦ੍ਰਿਸ਼ ਵਿਚ ਬਜਬਜ ਘਾਟ ਕਲਕੱਤਾ ਵਿਖੇ ਵਾਪਰੀਆਂ ਇਤਿਹਾਸਕ ਘਟਨਾਵਾਂ ਨੂੰ ਪ੍ਰਸਤੁਤ ਕੀਤਾ ਗਿਆ ਹੈ। ਇਸ ਵਿਚ ਨਾਟਕਕਾਰ ਨੇ ਇਹ ਦੱਸਿਆ ਹੈ ਕਿ ਅੰਗਰੇਜ਼ ਹਕੂਮਤ ਸਾਰੇ ਮੁਸਾਫ਼ਰਾਂ ਨੂੰ ਪੰਜਾਬ ਭੇਜਣਾ ਚਾਹੁੰਦੀ ਸੀ ਪਰ ਗੁਰਦਿੱਤ ਸਿੰਘ ਆਪਣੇ ਸਾਥੀਆਂ ਨਾਲ ਹੋਏ ਗ਼ੈਰ-ਕਾਨੂੰਨੀ ਅਤੇ ਅਣ-ਮਨੁੱਖੀ ਵਿਵਹਾਰ ਕਾਰਨ ਗਵਰਨਰ ਨੂੰ ਇਕ ਸ਼ਕਾਇਤ ਪੱਤਰ ਦੇਣਾ ਚਾਹੁੰਦਾ ਸੀ। ਬਜਬਜ ਘਾਟ ਤੇ ਮੁਸਾਫ਼ਰਾਂ ਨੂੰ ਕਲਕੱਤਾ ਜਾਣ ਤੋਂ ਰੋਕਣ ਤੇ ਪੁਲਿਸ ਅਤੇ ਮੁਸਾਫ਼ਰਾਂ ਵਿਚ ਟਕਰਾਉ ਹੋ ਜਾਂਦਾ ਹੈ ਤੇ ਇਸ ਹੱਥੋ ਪਾਈ ਵਿਚ ਈਸਟਵੁੱਡ ਨੂੰ ਦੁੱਲਾ ਸਿੰਘ ਕੋਲੋਂ ਗੋਲੀ ਵੱਜ ਜਾਂਦੀ ਹੈ ਤੇ ਉਹ ਮਾਰਿਆ ਜਾਂਦਾ ਹੈ। ਦਰਅਸਲ ਈਸਟਵੁੱਡ ਅਚਾਨਕ ਹੀ ਹੱਥੋਪਾਈ ਵਿਚ ਨਹੀਂ ਸੀ ਮਾਰਿਆ ਗਿਆ, ਉਸ ਨੂੰ ਮਿੱਥ ਕੇ ਗੋਲੀ ਮਾਰੀ ਗਈ ਸੀ ਅਤੇ ਇਸ ਨੂੰ ਮਾਰਨ ਵਾਲੇ ਦਾ ਨਾਂ ਦੁੱਲਾ ਸਿੰਘ ਨਹੀਂ, ਮੁਨਸ਼ਾ ਸਿੰਘ ਸੀ।[44]

ਨਾਟਕਕਾਰ ਨੇ ਇਸ ਦ੍ਰਿਸ਼ ਵਿਚ ਅਖ਼ੀਰ ਤੇ ਮੇਵਾ ਸਿੰਘ ਲੋਪੋਕੇ ਵੱਲੋਂ ਹਾਪਕਿਨਜ਼ ਦੇ ਕਤਲ ਦੀ ਘਟਨਾ ਤੋਂ ਬਾਅਦ ਨਿਰਮਲ ਨੂੰ ਪਏ ਹੋਏ ਦੌਰੇ ਨੂੰ ਪੇਸ਼ ਕੀਤਾ ਹੈ ਜਿਸ ਵਿਚ ਉਹ ਸ਼ਹੀਦ ਮੇਵਾ ਸਿੰਘ ਲੋਪੋਕੇ ਨੂੰ ਪ੍ਰਣਾਮ ਕਰਦੀ ਹੈ ਤਾਂ ਨਾਟਕ ਖ਼ਤਮ ਹੋ ਜਾਂਦਾ ਹੈ। ਨਾਟਕਕਾਰ ਨੇ ਇਸ ਨਾਟਕ ਨੂੰ ਕੌਮੀ ਦੁਖਾਂਤ ਦਾ ਨਾਮ ਦਿੱਤਾ ਹੈ ਤੇ ਇਸ ਦਾ ਮੁੱਖ ਕਾਰਨ ਭਾਰਤੀਆਂ ਦੀ ਰਾਜਨੀਤਿਕ ਗ਼ੁਲਾਮੀ ਦੱਸਿਆ ਹੈ। ਅਸਲ ਵਿਚ ਇਹ ਨਾਟਕ ਵਰਤਮਾਨ ਸਮੱਸਿਆ ਅਤੇ ਇਤਿਹਾਸ ਵਿਚ ਇਕ ਸਾਂਝ ਦੇਖਦਾ ਹੈ। ਇਹ ਸਾਂਝ ਆਰਥਿਕ ਸੰਕਟ ਅਤੇ ਰਾਜਨੀਤਕ ਸਥਿਤੀਆਂ ਹਨ।ਇਸ ਨਾਟਕ ਵਿਚ ਨਾਟਕੀ ਤਨਾਉ ਕਥਾਨਕ ਦੇ ਵਿਸਥਾਰ ਨਾਲ ਵਿਕਾਸਮਈ ਅਤੇ ਭਵਿੱਖਮਈ ਸਥਿਤੀਆਂ ਵੀ ਪੈਦਾ ਕੀਤੀਆਂ ਗਈਆਂ ਹਨ। ਇਸ ਵਿਚ ਨਾਟਕੀ ਉਤਸੁਕਤਾ ਨਿਰੰਤਰ ਬਣੀ ਰਹਿੰਦੀ ਹੈ ਜਿਸ ਕਾਰਨ ਇਸ ਨਾਟਕ ਨੂੰ ਰੰਗਮੰਚ ਦਾ ਸਫ਼ਲ ਨਾਟਕ ਕਿਹਾ ਜਾ ਸਕਦਾ ਹੈ।

### (ਸ) ਸਿੱਖ ਇਤਿਹਾਸ ਤੋਂ ਪ੍ਰੇਰਿਤ ਸੁਤੰਤਰਤਾ ਸੰਗਰਾਮ ਨਾਲ ਸੰਬੰਧਿਤ ਨਾਟਕ

**ਮਿੱਤਰ ਪਿਆਰਾ (1970)**

ਇਹ ਨਾਟਕ ਸੰਤ ਸਿੰਘ ਸੇਖੋਂ ਦੁਆਰਾ ਲਿਖਿਆ ਹੋਇਆ ਹੈ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸ਼ਬਦ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਉੱਪਰ ਆਧਾਰਿਤ ਹੈ ਜਿਸ ਵਿਚ ਮਿੱਤਰ ਪਿਆਰਾ ਪਰਮਾਤਮਾ ਹੈ ਤੇ ਮੁਰੀਦ ਗੁਰੂ ਗੋਬਿੰਦ ਸਿੰਘ। ਇਸ ਨਾਟਕ ਵਿਚ ਮਿੱਤਰ ਪਿਆਰਾ ਲੈਨਿਨ ਹੈ ਅਤੇ ਮੁਰੀਦ ਸਾਰੇ ਇਨਕਲਾਬੀ ਭਾਰਤੀ ਹਨ। ਇਹ ਨਾਟਕ ਇਕ ਪਾਸੇ ਭਾਰਤੀ ਪੰਜਾਬ ਦੀ ਆਰਥਿਕਤਾ ਤੇ ਰਾਜਨੀਤਕ ਸਥਿਤੀ ਨੂੰ ਪੇਸ਼ ਕਰਦਾ ਹੈ

ਤੇ ਦੂਸਰੇ ਪਾਸੇ ਭਾਰਤੀ ਇਨਕਲਾਬੀਆਂ ਦੇ ਵਿਚਾਰਾਂ ਵਿਚ ਲੈਨਿਨ ਦੇ ਵਿਚਾਰਾਂ ਦੀ ਸਰਵਉਚਤਾ ਨੂੰ ਸਾਕਾਰ ਕਰਦਾ ਹੈ। ਇਹ ਤਿੰਨ ਅੰਕਾਂ ਵਿਚ ਵੰਡਿਆ ਹੈ ਜਿਸ ਦੇ ਪਹਿਲੇ ਅੰਕ ਵਿਚ ਇਕ ਝਾਕੀ ਦੂਜੇ ਵਿਚ ਚਾਰ ਅਤੇ ਤੀਜੇ ਵਿਚ ਦੋ ਝਾਕੀਆਂ ਹਨ। ਇਸ ਦੇ ਪਹਿਲੇ ਅੰਕ ਵਿਚ ਮਾਸਕੋ ਵਿਖੇ ਤਾਨੀਆ ਦੇ ਘਰ ਦਾ ਦ੍ਰਿਸ਼ ਹੈ ਜਿਸ ਦੇ ਪਤੀ ਦੀ ਜੰਗ ਵਿਚ ਮੌਤ ਹੋ ਜਾਂਦੀ ਹੈ। ਉਸ ਦੇ ਘਰ ਵਿਚ ਭਾਰਤੀ ਇਨਕਲਾਬੀ ਰਤਨ ਸਿੰਘ ਸੰਤੋਖ ਸਿੰਘ ਆਦਿ ਠਹਿਰੇ ਹੋਏ ਹਨ ਜਿਨ੍ਹਾਂ ਦੀ ਆਪਸੀ ਗੱਲਬਾਤ ਦਾ ਮੁੱਦਾ ਪੰਜਾਬ ਦੀ ਰਾਜਨੀਤਕ ਸਥਿਤੀ ਰੂਸੀ ਇਨਕਲਾਬ ਦੀ ਸਫ਼ਲਤਾ ਅਤੇ ਜਰਮਨ ਵਿਚ ਇਨਕਲਾਬ ਨਾ ਆ ਸਕਣਾ ਹੈ। ਇੱਥੇ ਨਾਟਕਕਾਰ ਜਰਮਨ ਵਿਚ ਇਨਕਲਾਬ ਨਾ ਆਉਣ ਦਾ ਕਾਰਨ ਇਹ ਦੱਸਦਾ ਹੈ ਕਿ ਜਿੰਨੀ ਦੇਰ ਕੋਈ ਨੇਤਾ ਲੋਕ ਸ਼ਕਤੀ ਬਣ ਕੇ ਇਨਕਲਾਬ ਨਹੀਂ ਲਿਆਉਂਦਾ ਉਨੀ ਦੇਰ ਇਨਕਲਾਬ ਨਹੀਂ ਆ ਸਕਦਾ।

ਨਾਟਕ ਦੇ ਦੂਸਰੇ ਅੰਕ ਵਿਚ ਇਹ ਦੱਸਿਆ ਗਿਆ ਹੈ ਕਿ ਭਾਰਤੀ ਇਨਕਲਾਬੀਆਂ ਲਈ ਲੈਨਿਨ ਹੀ ਇਕ ਸਹਾਰਾ ਹੈ ਜੋ ਇਨ੍ਹਾਂ ਦੀ ਬੇੜੀ ਤਣ ਪੱਤਣ ਲਗਾ ਸਕਦਾ ਹੈ ਕਿਉਂਕਿ ਇਸ ਦੀ ਰਾਜਨੀਤੀ ਦੀਆਂ ਜੜ੍ਹਾਂ ਧਾਰਮਿਕ ਸੋਚ ਵਿਚ ਹੀ ਹਨ ਕਿਉਂਕਿ ਮੁਸਲਮਾਨ ਅੱਲ੍ਹਾ ਵਿਚ ਵਿਸ਼ਵਾਸ ਰੱਖਣ ਲਈ ਪ੍ਰੇਰਦੇ ਹਨ ਤੇ ਬਾਕੀ ਇਨਕਲਾਬੀ ਵਿਚਾਰਧਾਰਾ ਦੇ ਆਧਾਰ ਤੇ ਕਾਰਜ ਕਰਨ ਲਈ ਪ੍ਰੇਰਦੇ ਹਨ। ਇਸ ਤੋਂ ਇਲਾਵਾ ਭਾਰਤੀ ਇਨਕਲਾਬੀਆਂ ਨਾਲ ਅਤੀਤ ਵਿਚ ਵਾਪਰੀਆਂ ਘਟਨਾਵਾਂ ਨੂੰ ਪੇਸ਼ ਕਰਦਾ ਹੋਇਆ ਵਰਤਮਾਨ ਤੇ ਭਵਿੱਖ ਦੇ ਰਾਜਨੀਤਕ ਆਸ਼ਿਆਂ ਦੇ ਸੰਦਰਭ ਵਿਚ ਅਫ਼ਗਾਨਿਸਤਾਨ ਸਰਕਾਰ ਦੇ ਦ੍ਰਿਸ਼ਟੀਕੋਣ ਦੀ ਸਾਰਥਿਕਤਾ ਅੱਗੇ ਸੰਕੇਤ ਖੜੇ ਕਰਦਾ ਹੈ।

ਨਾਟਕ ਦੇ ਤੀਸਰੇ ਅੰਕ ਵਿਚ ਭਾਰਤ ਦੇ ਵੱਖ ਵੱਖ ਗਰੁੱਪ ਲੈਨਿਨ ਨੂੰ ਮਿਲਦੇ ਹਨ ਜੋ ਭਾਰਤ ਦੀ ਰਾਜਨੀਤਕ ਸਥਿਤੀ ਵਿਚ ਸਮਾਜਵਾਦੀ ਪ੍ਰਬੰਧ ਲਿਆਉਣ ਲਈ ਆਪਣੇ ਆਪਣੇ ਵਿਚਾਰ ਪੇਸ਼ ਕਰਦੇ ਹਨ ਤੇ ਲੈਨਿਨ ਸੁਣ ਕੇ ਆਪਣੇ ਵਿਚਾਰ ਪੇਸ਼ ਕਰਦਾ ਹੈ। ਇਹ ਨਾਟਕ ਅਜਿਹੀ ਵਿਚਾਰ ਚਰਚਾ ਨਾਲ ਸ਼ੁਰੂ ਹੋ ਕੇ ਖ਼ਤਮ ਹੋ ਜਾਂਦਾ ਹੈ। ਇਹ ਲੈਨਿਨ ਦੀ ਪਹਿਲੀ ਜਨਮ ਸ਼ਤਾਬਦੀ ਉੱਪਰ ਸ਼ਰਧਾਂਜਲੀ ਭੇਂਟ ਕਰਨ ਲਈ ਲਿਖਿਆ ਗਿਆ ਹੈ।ਇਸ ਨਾਟਕ ਨੂੰ ਸਿੱਖ ਇਤਿਹਾਸ ਨਾਲ ਸੰਬੰਧਿਤ ਬਣਾਉਣ ਵਾਲੇ ਤੱਤ ਇਕ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਬਦ ਹਾਲ ਮੁਰੀਦਾਂ ਦਾ ਕਹਿਣਾ ਹੈ ਤੇ ਦੂਸਰਾ ਗੁਰੂ ਨਾਨਕ ਦੁਆਰਾ ਹੱਥੀਂ ਕਿਰਤ ਕਰਨ ਦੇ ਸੰਦੇਸ਼ ਨੂੰ ਕਿਸਾਨਾਂ ਦੁਆਰਾ ਅਪਣਾਉਣਾ ਹੈ।

ਉਪਰੋਕਤ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਦਾ ਆਲੋਚਨਾਤਮਕ ਅਧਿਐਨ ਸਿੱਖ ਇਤਿਹਾਸ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਤੋਂ ਲੈ ਕੇ ਸੁਤੰਤਰਤਾ ਸੰਗਰਾਮ ਤੀਕ ਫੈਲੇ ਸਿੱਖ ਇਤਿਹਾਸ ਤੇ ਆਧਾਰਿਤ ਹੈ। ਇਹ ਵੀ ਤੱਥ ਧਿਆਨਯੋਗ ਹੈ ਕਿ ਇਹ ਅਧਿਐਨ ਮੁੱਢਲੇ ਦੌਰ (ਵੀਹਵੀਂ ਸਦੀ ਦਾ ਆਰੰਭ) ਤੋਂ ਲੈ ਕੇ ਇੱਕਵੀਂ ਸਦੀ ਦੇ ਪਹਿਲੇ ਦਹਾਕੇ ਤੀਕ ਫੈਲਿਆ ਹੋਇਆ ਹੈ। ਇੱਥੋਂ ਇਹ ਸਪਸ਼ਟ ਹੁੰਦਾ ਹੈ ਕਿ ਜਿੱਥੇ ਸਿੱਖ ਇਤਿਹਾਸ ਪੰਜਾਬੀ ਨਾਟਕ ਮੂਲ ਆਧਾਰ ਹੈ ਉਥੇ ਇਹ ਇਤਿਹਾਸ ਅਜੋਕੇ ਸਮਿਆਂ ਲਈ ਪ੍ਰੇਰਣਾ ਸਰੋਤ ਵੀ ਹੈ। ਸਿੱਖ ਇਤਿਹਾਸ ਨਾਲ ਸੰਬੰਧਿਤ ਪੰਜਾਬੀ ਨਾਟਕਾਂ ਦੇ ਆਲੋਚਨਾਤਮਕ ਅਧਿਐਨ ਉਪਰੰਤ ਸਿੱਖ ਇਤਿਹਾਸ ਦੇ ਪ੍ਰਮੁੱਖ ਪੜਾਵਾਂ ਦੀ ਨਿਸ਼ਾਨਦੇਹੀ ਨਾਲ ਸੰਬੰਧਿਤ ਪੰਜ ਪ੍ਰਮੁੱਖ ਨਾਟਕਾਂ 'ਗੁਰ ਬਿਨ ਘੋਰ ਅੰਧਾਰ', 'ਤੱਤੀ ਤਵੀ ਦਾ ਸੱਚ',

'ਚਮਕੌਰ ਦੀ ਗੜ੍ਹੀ', 'ਬੰਦਾ ਬਹਾਦਰ' ਤੇ 'ਲੋਕ ਮਨਾਂ ਦਾ ਰਾਜਾ' ਦਾ ਆਲੋਚਨਾਤਮਕ ਅਧਿਐਨ ਅਗਲੇ ਅਧਿਆਇ ਵਿਚ ਨਿਹਿਤ ਹੈ ਤਾਂ ਕਿ ਸਿੱਖ ਇਤਿਹਾਸ ਨਾਲ ਸੰਬੰਧਿਤ ਪੰਜਾਬੀ ਨਾਟਕਾਂ ਦਾ ਦੀਰਘ ਅਧਿਐਨ ਸਾਹਮਣੇ ਆ ਸਕੇ।

# ਟਿੱਪਣੀਆਂ ਅਤੇ ਹਵਾਲੇ

1. ਖੋਜ ਪਤ੍ਰਿਕਾ, ਨਾਟਕ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 93
2. ਪੰਜਾਬੀ ਦੁਨੀਆ, ਪੰਜਾਬੀ ਰੰਗਮੰਚ ਵਿਸ਼ੇਸ਼ ਅੰਕ, ਭਾਸ਼ਾ ਵਿਭਾਗ, ਪੰਜਾਬ, ਪੰਨਾ 93
3. Una Ellis Fermer, *The frontiers of Drama*, p 19-20
4. ਸੁਰਜੀਤ ਸਿੰਘ ਸੇਠੀ, *ਗੁਰ ਬਿਨ ਘੋਰ ਅੰਧਾਰ*, ਪੰਨਾ 50
5. ਉਹੀ, ਪੰਨਾ 55
6. ਉਹੀ, ਪੰਨਾ 72
7. ਫ਼ੌਜਾ ਸਿੰਘ, 'ਜਨਮ ਸਾਖੀਆਂ ਸਾਹਿਤ ਕਿ ਇਤਿਹਾਸ', ਕਿਰਪਾਲ ਸਿੰਘ ਕਸੇਲ (ਸੰਪਾ.), ਜਨਮਸਾਖੀ ਅਧਿਐਨ, ਪੰਨਾ 65
8. ਜ.ਸ. ਗਰੇਵਾਲ, *ਸਿੱਖ ਅਤੀਤ ਅਤੇ ਸੰਤ ਸਿੰਘ ਸੇਖੋਂ*, ਡਾ. ਤੇਜਵੰਤ ਸਿੰਘ ਗਿੱਲ, ਸੰਤ ਸਿੰਘ ਸੇਖੋਂ ਚਿੰਤਨ ਤੇ ਕਲਾ (ਸੰਪ.), ਪੰਨਾ 110
9. ਬਲਵੰਤ ਗਾਰਗੀ, *ਗਗਨੁ ਮੈ ਥਾਲੁ*, ਪੰਨਾ 6
10. ਡਾ. ਹਰਚਰਨ ਸਿੰਘ, *ਪੁੰਨਿਆ ਦਾ ਚੰਨ*, ਪੰਨਾ 12–13
11. ਉਹੀ, ਪੰਨਾ 54
12. ਉਹੀ, ਪੰਨਾ 87
13. ਉਹੀ, *ਮਿਟੀ ਧੁੰਧ ਜਗਿ ਚਾਨਣ ਹੋਆ*, ਪੰਨਾ 13
14. ਹਰਿਭਜਨ ਸਿੰਘ, *ਜਨਮਸਾਖੀ ਅਧਿਐਨ*, ਪੰਨਾ 6
15. ਗੁਰਚਰਨ ਸਿੰਘ ਜਸੂਜਾ, *ਚੜ੍ਹਿਆ ਸੋਧਣ ਧਰਤ ਲੁਕਾਈ*, ਪੰਨਾ 17

16. ਕਪੂਰ ਸਿੰਘ ਘੁੰਮਣ, *ਵਿਸਮਾਦ ਨਾਦ,* ਪੰਨਾ 9

17. ਆਤਮਜੀਤ, *ਤੱਤੀ ਤਵੀ ਦਾ ਸੱਚ,* ਪੰਨਾ 19

18. ਡਾ. ਹਰਚਰਨ ਸਿੰਘ, ਹਿੰਦ ਦੀ ਚਾਦਰ, ਪੰਨਾ 75

19. ਪ੍ਰਿੰਸੀਪਲ ਤੇਜਾ ਸਿੰਘ, ਗੰਡਾ ਸਿੰਘ, *ਸਿੱਖ ਇਤਿਹਾਸ* (ਅਨੁ.), ਭਗਤ ਸਿੰਘ, ਪੰਨਾ 57-58

20. ਰਾਜਿੰਦਰ ਸਿੰਘ ਸੋਢੀ, *ਹਿੰਦ ਦੀ ਚਾਦਰ,* ਪੰਨਾ 28

21. ਤੇਜਾ ਸਿੰਘ, ਗੰਡਾ ਸਿੰਘ, *ਸਿੱਖ ਇਤਿਹਾਸ* (ਅਨੁ. ਭਗਤ ਸਿੰਘ), ਪੰਨਾ 65-66

22. ਹਰਚਰਨ ਸਿੰਘ, *ਚਮਕੌਰ ਦੀ ਗੜ੍ਹੀ,* ਪੰਨਾ 6

23. ਉਹੀ, ਪੰਨਾ 25

24. ਉਹੀ, ਪੰਨਾ 59

25. ਉਹੀ, ਪੰਨਾ 89

26. ਪਾਂਧੀ ਨਨਕਾਣਵੀ, *ਆਨੰਦਪੁਰ ਦੀ ਅਵਾਜ਼,* ਪੰਨਾ 54-55

27. ਉਹੀ, *ਦੋ ਰਾਤਾਂ ਚਮਕੌਰ ਦੀਆਂ,* ਪੰਨਾ 40

28. ਸੰਤ ਸਿੰਘ ਸੇਖੋਂ, *ਬੰਦਾ ਬਹਾਦਰ,* ਪੰਨਾ 67

29. Fauja Singh, *Aftar Ranjit Singh*, p 28-29

30. "Neither by Night or Day was he (Sher Singh) Ever Separated from them"

    Fauja Singh, After Ranjit Singh, p.38

31. "Moreover they were ambitious and wanted to capture power possibly the throne,

    Fauja Singh, After Ranjit Singh, p 39

32. "There is no doubt Maharaja Sher Singh and Dhian Singh were party to this brutal act,"

Fauja Singh, *Ibid*, p 38

33. ਸੰਤ ਸਿੰਘ ਸੇਖੋਂ, *ਮੁਇਆ ਸਾਰ ਨ ਕੋਈ*, ਪੰਨਾ 12-13

34. ਉਹੀ, ਭੂਮਿਕਾ, ਪੰਨਾ 5

35. ਹਰਚਰਨ ਸਿੰਘ, *ਪੰਜਾਬ ਚ ਇਕੋ ਇਕ ਮਰਦ ਰਾਣੀ ਜਿੰਦਾਂ*, ਪੰਨਾ 16

36. ਸਤੀਸ਼ ਕੁਮਾਰ ਵਰਮਾ, *ਲੋਕ ਮਨਾਂ ਦਾ ਰਾਜਾ*, ਪੰਨਾ 14

37. ਉਹੀ, ਪੰਨਾ 18

38. ਉਹੀ, ਪੰਨਾ 46

39. Muhamnad Latif, *History of The Punjab*, p 314

40. ਹਰਨਾਮ ਸਿੰਘ, *ਸ਼ਹੀਦੀ ਨਜ਼ਾਰੇ: ਚਾਰ ਸਾਹਿਬਜ਼ਾਦੇ*, ਪੰਨਾ 4

41. ਪ੍ਰਿੰਸੀਪਲ ਤੇਜਾ ਸਿੰਘ, ਡਾ. ਗੰਡਾ ਸਿੰਘ, *ਸਿੱਖ ਇਤਿਹਾਸ* (ਅਨੁ.ਭਗਤ ਸਿੰਘ), ਪੰਨਾ 134

42. ਪਾਂਧੀ ਨਨਕਾਣਵੀ, *ਝੱਖੜ ਝੁਲਦੇ ਰਹਿਣਗੇ*, ਪੰਨਾ 33

43. ਹਰਚਰਨ ਸਿੰਘ, *ਕਾਮਾਗਾਟਾ ਮਾਰੂ*, ਪੰਨਾ 109

44. ਹਰਚਰਨ ਸਿੰਘ, *ਉਹੀ ਰਚਨਾ*, ਪੰਨਾ 7

ਅਧਿਆਇ ਤੀਜਾ

# ਗੁਰੂ ਸਾਹਿਬਾਨ ਨਾਲ ਸੰਬੰਧਿਤ ਪ੍ਰਮੁੱਖ ਨਾਟਕਾਂ ਦਾ ਆਲੋਚਨਾਤਮਕ ਅਧਿਐਨ

ਹੈ ਉੱਥੇ ਨਾਟਕ ਦਾ ਸਮੂਹਿਕ ਹੈ ਜੋ ਰੰਗਮੰਚ ਤੇ ਪੇਸ਼ ਹੋ ਕੇ ਦਰਸ਼ਕਾਂ ਨਾਲ ਸਿੱਧਾ ਸੰਚਾਰ ਸਥਾਪਿਤ ਕਰਦਾ ਹੈ। ਸਾਹਿਤ ਦਾ ਹੋਰ ਕੋਈ ਵੀ ਰੂਪ ਨਾਟਕ ਦੀ ਤੁਲਨਾ ਨਹੀਂ ਕਰ ਸਕਦਾ ਕਿਉਂਕਿ ਇਸ ਵਿਚ ਅਨੇਕ ਘਟਨਾਵਾਂ ਵਰਣਨ ਕੀਤੇ ਬਗੈਰ ਹੀ ਵਾਪਰ ਜਾਂਦੀਆਂ ਹਨ। ਪਾਤਰ ਵਾਰਤਾਲਾਪ ਰਾਹੀਂ ਤੁਰਦੇ ਫਿਰਦੇ ਲੇਖਕ ਦੇ ਆਸ਼ੇ ਅਨੁਕੂਲ ਸਭ ਕੁੱਝ ਕਰੀ ਜਾਂਦੇ ਹਨ ਤੇ ਦਰਸ਼ਕਾਂ ਦਾ ਮਨਪਰਚਾਵਾ ਹੁੰਦਾ ਰਹਿੰਦਾ ਹੈ। ਇਕ ਨਾਟਕਕਾਰ ਨੂੰ ਜਿੱਥੇ ਨਾਟਕ ਦੀ ਰਚਨਾ ਕਰਨ ਲੱਗਿਆਂ ਰੰਗਮੰਚ ਨੂੰ ਧਿਆਨ ਵਿਚ ਰੱਖਣਾ ਪੈਂਦਾ ਹੈ ਉੱਥੇ ਦਰਸ਼ਕਾਂ ਨੂੰ ਵੀ ਧਿਆਨ ਵਿਚ ਰੱਖਣਾ ਪੈਂਦਾ ਹੈ ਤਾਂ ਜੋ ਉਹ ਉਸ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਸਕਣ।

ਨਾਟਕ ਦੇ ਉਪਰੋਕਤ ਪ੍ਰਸੰਗ ਵਿਚ ਇਹ ਵੀ ਜਾਣਨਾ ਬਣਦਾ ਹੈ ਕਿ ਨਾਟਕ ਅਤੇ ਇਤਿਹਾਸ ਦੋ ਸੁਤੰਤਰ ਸਾਂਸਕ੍ਰਿਤਕ ਵਰਤਾਰੇ ਹੋਣ ਦੇ ਬਾਵਜੂਦ ਅੰਤਰ-ਸੰਬੰਧਿਤ ਹਨ। ਇਨ੍ਹਾਂ ਦੇ ਅੰਤਰ-ਸੰਬੰਧਾਂ ਦੀ ਗੱਲ ਕਰਦਿਆਂ ਕੁੱਝ ਵਿਦਵਾਨ ਇਨ੍ਹਾਂ ਦੀ ਹੋਂਦ ਵਿਧੀ ਨੂੰ ਵੀ ਇਕ ਰੂਪ ਸਮਝਦੇ ਹਨ। ਇਸ ਲਈ 'ਨਾਟਕ ਤੇ ਇਤਿਹਾਸ' ਦੇ ਸੁਮੇਲ ਵਿਚੋਂ ਉਪਜੇ ਇਤਿਹਾਸਕ ਨਾਟਕ ਨੂੰ ਸਮਝਣਾ ਵੀ ਜ਼ਰੂਰੀ ਹੈ। ਇਸੇ ਸੰਦਰਭ ਵਿਚ ਅਸੀਂ ਸਿੱਖ ਇਤਿਹਾਸ ਨਾਲ ਸੰਬੰਧਿਤ ਪੰਜਾਬੀ ਨਾਟਕ ਦਾ ਆਲੋਚਨਾਤਮਕ ਅਧਿਐਨ ਕੀਤਾ ਹੈ। ਲੇਕਿਨ ਇਸ ਅਧਿਐਨ ਉਪਰੋਕਤ ਸਿੱਖ ਇਤਿਹਾਸ ਦੇ ਪ੍ਰਮੁੱਖ ਪੜਾਵਾਂ ਨੂੰ ਸਮਝਣ ਲਈ ਕੁਝ ਨਾਟਕਾਂ ਦਾ ਦੀਰਘ ਅਧਿਐਨ ਜ਼ਰੂਰੀ ਹੈ ਤਾਂ ਕਿ ਸਿੱਖ ਇਤਿਹਾਸ ਦਾ ਨੇੜ ਅਧਿਐਨ (Micro Study) ਹੋ ਸਕੇ। ਇਸ ਪਰਥਾਇ ਇਸ ਅਧਿਆਇ ਵਿਚ ਗੁਰੂ ਸਾਹਿਬਾਨ ਨਾਲ ਸੰਬੰਧਿਤ ਤਿੰਨ ਪ੍ਰਮੁੱਖ ਨਾਟਕਾਂ ਦਾ ਆਲੋਚਨਾਤਮਕ ਅਧਿਐਨ ਨਿਹਿਤ ਹੈ।

ਸਿੱਖ ਇਤਿਹਾਸ ਦੇ ਪ੍ਰਮੁੱਖ ਪੜਾਵਾਂ ਅਧੀਨ ਸਿੱਖ ਇਤਿਹਾਸ ਨਾਲ ਸੰਬੰਧਿਤ ਪ੍ਰਮੁੱਖ ਨਾਟਕਾਂ ਦਾ ਆਲੋਚਨਾਤਮਕ ਅਧਿਐਨ ਕਰਨ ਹਿਤ ਸਭ ਤੋਂ ਪਹਿਲਾਂ ਇਸ ਬਾਰੇ ਸਪਸ਼ਟ ਹੋਣ ਦੀ ਜ਼ਰੂਰਤ ਹੈ ਕਿ ਸਿੱਖ ਇਤਿਹਾਸ ਨਾਲ ਸੰਬੰਧਿਤ ਪੰਜਾਬੀ ਨਾਟਕਾਂ ਵਿਚ ਸਿੱਖ ਗੁਰੂਆਂ ਦੀ ਗਾਥਾ ਹੁੰਦੀ ਹੈ ਜੋ ਆਪਣੇ ਵਿਸ਼ੇਸ਼ ਕਾਰਨਾਮਿਆਂ ਸਦਕਾ ਇਤਿਹਾਸ ਦੇ ਪੰਨਿਆਂ ਤੇ ਸਦਾ ਜ਼ਿੰਦਾ ਰਹਿੰਦੇ ਹਨ। ਇਸ ਲਈ ਪੰਜਾਬੀ ਸਿੱਖ ਇਤਿਹਾਸਕ ਨਾਟਕ ਪ੍ਰਮੁੱਖ ਤੌਰ ਤੇ ਸਿੱਖ ਧਰਮ ਦਾ ਸਮਰੂਪ ਗੁਰੂ ਸਾਹਿਬਾਨ ਨਾਲ ਸੰਬੰਧਿਤ ਹਨ। ਲੇਕਿਨ ਸਾਡੀਆਂ ਧਾਰਮਿਕ ਪਰੰਪਰਾਵਾਂ ਅਨੁਸਾਰ ਨਾਟਕਾਂ ਵਿਚ ਗੁਰੂ ਸਾਹਿਬਾਨ ਨੂੰ ਮੰਚ ਤੇ ਪੇਸ਼ ਕਰਨ ਦੀ ਮਨਾਹੀ ਹੈ। ਇਸੇ ਲਈ ਪੰਜਾਬੀ ਇਤਿਹਾਸਕ ਨਾਟਕ ਆਪਣੇ ਆਪ ਵਿਚ ਇਕ ਨਿਵੇਕਲੀ ਕਲਾਤਮਕ ਕਲਾ ਹੈ ਜਿਸ ਦਾ ਨਾਟਕੀ ਸਮੱਸਿਆਵਾਂ ਤੇ ਸੀਮਾਵਾਂ ਦੇ ਬਾਵਜੂਦ ਆਪਣਾ ਵੱਖਰਾ ਸਰੂਪ ਤੇ ਪ੍ਰਭਾਵ-ਖੇਤਰ ਹੈ। ਅਸਲ ਵਿਚ ਨਾਟਕ ਕਲਾ ਨਿਰਾ ਦਰਸ਼ਕਾਂ/ਸਰੋਤਿਆਂ ਦਾ ਮਨਪ੍ਰਚਾਵਾ ਹੀ ਨਹੀਂ ਹੁੰਦੀ ਸਗੋਂ ਇਹ ਅੰਤਰ ਆਤਮਾ ਨੂੰ ਟੁੰਬ ਕੇ ਕੋਈ ਅਜਿਹੀ ਸੋਚ ਬਖਸ਼ਦੀ ਹੈ ਜਿਸ ਨਾਲ ਉਹ ਸਮਾਜ ਦੇ ਤੇ ਆਪਣੇ ਭਲੇ ਲਈ ਸੋਚਦੇ ਹਨ। ਇਸੇ ਲਈ ਸਭ ਤੋਂ ਪਹਿਲਾਂ ਸਿੱਖ ਇਤਿਹਾਸ ਨਾਲ ਸੰਬੰਧਿਤ ਗੁਰੂ ਸਾਹਿਬਾਨ ਦੇ ਜੀਵਨ ਤੇ ਵਿਚਾਰਧਾਰਾ ਬਾਰੇ ਰਚੇ ਗਏ ਪ੍ਰਮੁੱਖ ਨਾਟਕਾਂ ਦੇ ਨਾਟ-ਵਸਤੂ ਦਾ ਮਹੱਤਵ ਬਣ ਜਾਂਦਾ ਹੈ। ਨਾਟਕਕਾਰ ਦੇ ਮਨ ਵਿਚ ਜਦੋਂ ਕੋਈ ਤਣਾਉ, ਅੰਤਰ-ਵਿਰੋਧ ਜਾਂ ਇਤਿਹਾਸ ਨੂੰ ਉਜਾਗਰ ਕਰਨ ਦੀ ਤਮੰਨਾ ਉਪਜਦੀ ਹੈ ਤਾਂ ਉਹ ਅਜਿਹੀ ਨਾਟਕ ਰਚਨਾ ਕਰਦਾ ਹੈ ਜਿਸ ਕਾਰਨ ਉਹ ਸਮਾਜ ਨੂੰ ਦਿਖਾ ਸਕੇ ਕਿ ਇਤਿਹਾਸ ਪਿੱਛੇ ਛੁਪੀ ਹੋਈ ਸੱਚਾਈ ਕੀ ਹੈ ? ਅਸਲ ਵਿਚ ਨਾਟ-ਵਸਤੂ ਦਾ ਆਧਾਰ ਵਿਸ਼ਾ ਜਾਂ ਵਿਚਾਰ

ਨਾਟਕਕਾਰ ਦੇ ਮੰਤਵ ਵਿਚ ਛੁਪਿਆ ਹੁੰਦਾ ਹੈ ਜਿਸ ਦੀ ਪੂਰਤੀ ਲਈ ਉਹ ਨਾਟਕ ਕਲਾ ਦਾ ਸਹਾਰਾ ਲੈਂਦਾ ਹੈ। ਅਰਸਤੂ ਦੀ ਪ੍ਰਮੁੱਖ ਧਾਰਨਾ ਅਨੁਸਾਰ ਨਾਟਕ ਵਿਚ ਵਿਸ਼ੇ ਜਾਂ ਵਿਚਾਰ ਦਾ ਭਾਵ ਉਹ ਤੱਤ ਹੈ ਜਿਹੜਾ ਨਾਟਕਕਾਰ ਪੇਸ਼ ਕਰਨਾ ਚਾਹੁੰਦਾ ਹੈ। ਉਸ ਦੇ ਅਨੁਸਾਰ ਵਿਚਾਰ ਅੰਦਰ ਹੀ ਨਾਟਕ ਦਾ ਉਦੇਸ਼, ਵਿਸ਼ਾ ਅਤੇ ਸਮੇਂ ਦੀਆਂ ਕਦਰਾਂ-ਕੀਮਤਾਂ ਲੁਕੀਆਂ ਹੁੰਦੀਆਂ ਹਨ। ਇਤਿਹਾਸਕ ਨਾਟਕਕਾਰ ਸੁਚੇਤ ਪੱਧਰ ਉੱਪਰ ਇਤਿਹਾਸ ਦਾ ਅਜਨਬੀਕਰਨ ਕਰਦਾ ਹੈ ਕਿਉਂਕਿ ਨਾਟਕਕਾਰ ਨੇ ਸਾਹਿਤ-ਸਿਰਜਨਾ ਕਰਨੀ ਹੁੰਦੀ ਹੈ, ਇਤਿਹਾਸ-ਸਿਰਜਨਾ ਨਹੀਂ ਕਰਨੀ ਹੁੰਦੀ। ਸਾਹਿਤਕਾਰ ਜਿਸ ਤਰ੍ਹਾਂ ਵਸਤੂ ਯਥਾਰਥ ਦਾ ਅਜਨਬੀਕਰਨ ਕਰਦਾ ਹੈ, ਉਸੇ ਤਰ੍ਹਾਂ ਹੀ ਇਤਿਹਾਸ ਦਾ ਅਜਨਬੀਕਰਨ ਵੀ ਕਰਦਾ ਹੈ। ਇਤਿਹਾਸਕ ਨਾਟਕ ਦੀ ਸਿਰਜਣਾ ਲਈ ਨਾਟਕਕਾਰ ਇਤਿਹਾਸਕ ਘਟਨਾਵਾਂ ਦੀ ਤਰਤੀਬ, ਆਕਾਰ ਅਤੇ ਰੂਪ ਵਿਚ ਨਾਟਕੀ ਲੋੜਾਂ ਅਨੁਸਾਰ ਵਾਧਾ ਘਾਟਾ ਕਰਦਾ ਹੈ। ਇਤਿਹਾਸਕ ਨਾਟਕ ਕੋਈ ਵੱਖਰਾ ਸਾਹਿਤ ਰੂਪ ਨਹੀਂ, ਸਗੋਂ ਆਪਣੇ ਵਿਸ਼ੇ ਸਦਕਾ ਨਾਟਕ ਖੇਤਰ ਵਿਚ ਵਿਲੱਖਣ ਸਥਾਨ ਅਤੇ ਮਹੱਤਵ ਦਾ ਧਾਰਨੀ ਹੈ। ਇਤਿਹਾਸਕ ਨਾਟਕਾਂ ਵਿਚ ਕੇਂਦਰੀ ਪਾਤਰ ਇਤਿਹਾਸਕ ਵਿਅਕਤੀ ਹੁੰਦਾ ਹੈ ਜਿਸ ਨਾਲ ਸਾਰੀ ਕੌਮ ਦਾ ਇਤਿਹਾਸ ਜੁੜਿਆ ਹੁੰਦਾ ਹੈ। ਇਸ ਕਰਕੇ ਇਤਿਹਾਸਕ ਨਾਟਕ ਦੇ ਨਾਇਕ ਨੂੰ ਸਰਬ-ਸੰਸਾਰ ਇਤਿਹਾਸਕ ਵਿਅਕਤੀ ਵੀ ਕਿਹਾ ਗਿਆ ਹੈ।

ਉਪਰੋਕਤ ਧਾਰਨਾਵਾਂ ਦੇ ਪ੍ਰਸੰਗ ਵਿਚ ਹੀ ਸਿੱਖ ਧਰਮ ਨਾਲ ਸੰਬੰਧਿਤ ਉਨ੍ਹਾਂ ਪ੍ਰਮੁੱਖ ਇਤਿਹਾਸਕ ਨਾਟਕਾਂ ਦਾ ਅਧਿਐਨ ਅਰਥਵਾਨ ਹੈ ਜਿਨ੍ਹਾਂ ਦਾ ਸੰਬੰਧ ਗੁਰੂ ਸਾਹਿਬਾਨ ਨਾਲ ਹੈ। ਇਸ ਪਰਥਾਇ ਜਿਨ੍ਹਾਂ ਤਿੰਨ ਪ੍ਰਮੁੱਖ ਇਤਿਹਾਸਕ ਨਾਟਕਾਂ ਨੂੰ ਇਸ ਖੋਜ ਅਧਿਐਨ ਲਈ ਚੁਣਿਆ ਗਿਆ ਹੈ,

ਉਹ ਪ੍ਰਮੁੱਖ ਰੂਪ ਵਿਚ ਸਿੱਖ ਧਰਮ ਨਾਲ ਸੰਬੰਧਿਤ ਗੁਰੂ ਸਾਹਿਬਾਨ ਹਨ ਜਿਨ੍ਹਾਂ ਨਾਲ ਸਮੁੱਚੀ ਕੌਮ ਦੀ ਤਕਦੀਰ ਬੱਝੀ ਹੋਈ ਹੈ। ਇਸ ਦ੍ਰਿਸ਼ਟੀ ਤੋਂ 'ਗੁਰ ਬਿਨ ਘੋਰ ਅੰਧਾਰ' (ਸੁਰਜੀਤ ਸਿੰਘ ਸੇਠੀ), ਸ੍ਰੀ ਗੁਰੂ ਨਾਨਕ ਦੇਵ ਦੇ ਜੀਵਨ ਨਾਲ ਸੰਬੰਧਿਤ, 'ਤੱਤੀ ਤਵੀ ਦਾ ਸੱਚ' (ਆਤਮਜੀਤ) ਸ੍ਰੀ ਗੁਰੂ ਅਰਜਨ ਦੇਵ ਦੇ ਜੀਵਨ ਨਾਲ ਸੰਬੰਧਿਤ ਅਤੇ 'ਚਮਕੌਰ ਦੀ ਗੜ੍ਹੀ' (ਹਰਚਰਨ ਸਿੰਘ) ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜੀਵਨ ਨਾਲ ਸੰਬੰਧਿਤ ਨਾਟਕ ਅਰਥ ਗ੍ਰਹਿਣ ਕਰਦੇ ਹਨ। ਇਨ੍ਹਾਂ ਨਾਟਕਾਂ ਦੇ ਆਲੋਚਨਾਤਮਕ ਅਧਿਐਨ ਹਿਤ ਅਸੀਂ ਕ੍ਰਮਵਾਰ ਵਿਸਤਾਰਪੂਰਵਕ ਚਰਚਾ ਕਰਾਂਗੇ :

ੳ) ਸੁਰਜੀਤ ਸਿੰਘ ਸੇਠੀ ਰਚਿਤ ਨਾਟਕ 'ਗੁਰ ਬਿਨ ਘੋਰ ਅੰਧਾਰ' ਦਾ ਆਲੋਚਨਾਤਮਕ ਅਧਿਐਨ

ਅ) ਆਤਮਜੀਤ ਰਚਿਤ ਨਾਟਕ 'ਤੱਤੀ ਤਵੀ ਦਾ ਸੱਚ' ਦਾ ਆਲੋਚਨਾਤਮਕ ਅਧਿਐਨ

ੲ) ਹਰਚਰਨ ਸਿੰਘ ਰਚਿਤ ਨਾਟਕ 'ਚਮਕੌਰ ਦੀ ਗੜ੍ਹੀ' ਦਾ ਆਲੋਚਨਾਤਮਕ ਅਧਿਐਨ

## ੳ) ਗੁਰੂ ਨਾਨਕ ਦੇਵ ਨਾਲ ਸੰਬੰਧਿਤ ਸੁਰਜੀਤ ਸਿੰਘ ਸੇਠੀ ਰਚਿਤ ਨਾਟਕ 'ਗੁਰ ਬਿਨ ਘੋਰ ਅੰਧਾਰ'

ਸੁਰਜੀਤ ਸਿੰਘ ਸੇਠੀ ਪੰਜਾਬੀ ਸਾਹਿਤ ਦੇ ਇਕ ਸਰਬਾਂਗੀ ਸਾਹਿਤਕਾਰ ਹਨ ਜਿਨ੍ਹਾਂ ਨੇ ਪੰਜਾਬੀ ਸਾਹਿਤ ਦੇ ਹਰ ਖੇਤਰ ਵਿਚ ਰਚਨਾਵਾਂ ਲਿਖ ਕੇ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਉਨ੍ਹਾਂ ਨੇ ਨਾਟਕ 'ਕਿੰਗ ਮਿਰਜ਼ਾ ਤੇ ਸਪੇਰਾ' ਲਿਖ ਕੇ ਪੰਜਾਬੀ ਨਾਟਕਕਾਰੀ ਵਿਚ ਐਬਸਰਡਵਾਦ ਦੀ ਧਾਰਨਾ ਲਿਆਂਦੀ ਹੈ। ਇਸੇ ਪ੍ਰਕਾਰ ਧਾਰਮਿਕ ਨਾਟਕਾਂ ਵਿਚ ਵੀ ਪੂਰੀ ਪ੍ਰਸਿੱਧੀ ਪ੍ਰਾਪਤ ਕੀਤੀ

ਹੈ। ਇਸ ਖੋਜ-ਪ੍ਰਬੰਧ ਵਿਚ ਇਨ੍ਹਾਂ ਦਾ ਨਾਟਕ 'ਗੁਰ ਬਿਨ ਘੋਰ ਅੰਧਾਰ' ਲਿਆ ਗਿਆ ਹੈ ਜਿਸ ਦਾ ਅਸੀਂ ਅਧਿਐਨ ਕਰ ਰਹੇ ਹਾਂ ਇਹ ਨਾਟਕ ਪਹਿਲੀ ਵਾਰ 1969 ਈ: ਵਿਚ ਸ੍ਰੀ ਗੁਰੂ ਨਾਨਕ ਦੇਵ ਦੀ ਪੰਜਵੀਂ ਜਨਮ ਸ਼ਤਾਬਦੀ ਮੌਕੇ ਰਚਿਆ ਗਿਆ। ਇਉਂ ਪ੍ਰਸਤੁਤ ਅਧਿਐਨ ਹਿਤ 'ਗੁਰ ਬਿਨ ਘੋਰ ਅੰਧਾਰ' ਉਨ੍ਹਾਂ ਦਾ ਨਾਟਕ ਮਹੱਤਵਪੂਰਨ ਹੈ। ਭਾਵੇਂ ਸੁਰਜੀਤ ਸਿੰਘ ਸੇਠੀ ਨੇ ਸਮਾਜਿਕ ਯਥਾਰਥਵਾਦੀ, ਧਾਰਮਿਕ, ਇਤਿਹਾਸਕ ਤੇ ਦੁਖਾਂਤਕ ਨਾਟਕ ਵੀ ਲਿਖੇ ਹਨ ਅਤੇ ਇਨ੍ਹਾਂ ਨੂੰ ਜ਼ਿਆਦਾਤਰ ਐਬਸਰਡਵਾਦੀ ਕਿਹਾ ਜਾਂਦਾ ਹੈ। ਲੇਕਿਨ ਇਸ ਖੋਜ-ਕਾਰਜ ਵਿਚ ਡਾ. ਸੁਰਜੀਤ ਸਿੰਘ ਸੇਠੀ ਦਾ ਨਾਟਕ 'ਗੁਰ ਬਿਨ ਘੋਰ ਅੰਧਾਰ' (1969) ਇਸ ਲਈ ਲਿਆ ਗਿਆ ਹੈ ਕਿਉਂਕਿ ਇਹ ਨਾਟਕ ਧਾਰਮਿਕ ਸ਼੍ਰੇਣੀ ਨਾਲ ਸੰਬੰਧ ਰੱਖਦਾ ਹੈ ਜਿਸ ਵਿਚ ਸ੍ਰੀ ਗੁਰੂ ਨਾਨਕ ਦੇਵ ਦੇ ਸਮੇਂ ਦੇ ਸਮਾਜ ਦੀ ਇਕ ਝਲਕ ਦਿਖਾਣ ਦਾ ਯਤਨ ਕੀਤਾ ਗਿਆ ਹੈ। ਉਸ ਸਮੇਂ ਅਧਰਮ, ਝੂਠ, ਪਖੰਡ, ਬੇਗ਼ੈਰਤੀ, ਕਾਇਰਤਾ, ਲੁੱਟ-ਘਸੁੱਟ, ਜ਼ੁਲਮ, ਗਿਆਨ-ਹੀਣਤਾ, ਬੇਪਰਤੀਤੀ, ਕਠੋਰਤਾ ਤੇ ਤਾਨਾਸ਼ਾਹੀ ਦਾ ਦੌਰ ਸੀ ਜੋ ਇਸ ਨਾਟਕ ਵਿਚ ਵਿਖਾਇਆ ਗਿਆ ਹੈ। ਇਹੋ ਜਿਹੀ ਹਨੇਰੀ ਦੁਨੀਆਂ ਨੂੰ ਗੁਰੂ ਨਾਨਕ ਦੇਵ ਨੇ ਚਾਨਣ ਬਖਸ਼ਿਆ ਹੈ। ਇਸ ਨਾਟਕ ਵਿਚਲੀ ਸੱਜਣ ਦੀ ਦੁਨੀਆਂ ਅਸਲ ਵਿਚ ਉਸ ਸਮੇਂ ਦੀ ਸਮੁੱਚੀ ਦੁਨੀਆਂ ਹੀ ਹੈ। ਇਹ ਨਾਟਕ ਸ੍ਰੀ ਗੁਰੂ ਨਾਨਕ ਦੇਵ ਦੀ ਪੰਜਵੀਂ ਜਨਮ ਸ਼ਤਾਬਦੀ (1969) ਸਮੇਂ ਲਿਖਿਆ ਤੇ ਖੇਡਿਆ ਗਿਆ ਸੀ। ਲਿਹਾਜ਼ਾ ਇਸ ਨਾਟਕ ਰਾਹੀਂ ਲੇਖਕ ਵੱਲੋਂ ਗੁਰੂ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਹੈ।

ਨਾਟਕ 'ਗੁਰ ਬਿਨ ਘੋਰ ਅੰਧਾਰ' ਵਿਚਲੀਆਂ ਘਟਨਾਵਾਂ ਜਿੱਥੇ ਉਸ ਸਮੇਂ ਦੀ ਸਮਾਜਿਕ, ਰਾਜਨੀਤਿਕ, ਧਾਰਮਿਕ ਤੇ ਆਰਥਿਕ ਸਥਿਤੀ ਨੂੰ ਬਿਆਨ ਕਰਦੀਆਂ ਹਨ ਉੱਥੇ ਉਸ ਸਮੇਂ ਦੀ ਲੁੱਟ-ਘਸੁੱਟ, ਮੰਦਰਾਂ ਤੇ ਮਸੀਤਾਂ ਦੇ ਪੁਜਾਰੀਆਂ ਦਾ ਜਤ-ਸਤ ਖੰਭ ਲਾ ਕੇ ਉਡ ਜਾਣਾ, ਤਾਨਾਸ਼ਾਹੀ, ਜ਼ੁਲਮ ਦੀ ਹੱਦ ਮੁੱਕ ਜਾਣੀ, ਧਰਮਸ਼ਾਲਾ ਧੜਵਾਈ,ਠਾਕਰ ਦੁਆਰੇ ਠੱਗ ਤੇ ਮਸੀਤਾਂ ਵਿਚ ਕੁਸੱਤੀਏ ਰਹਿੰਦੇ ਆਪਣੀ ਮਨਮਾਨੀ ਕਰ ਰਹੇ ਸਨ। ਲੋਕਾਂ ਨੂੰ ਧਰਮ ਦੇ ਨਾਂ ਤੇ ਲੁੱਟ ਰਹੇ ਸਨ ਜੋ ਮੌਲਵੀ ਤੇ ਪੁਜਾਰੀ ਦੀ ਵਾਰਤਾਲਾਪ ਤੋਂ ਇਸ ਤਰ੍ਹਾਂ ਪਤਾ ਲਗਦਾ ਹੈ:

ਮੌਲਵੀ: ਦੇਖੋ ਪੁਜਾਰੀ ਜੀ ਕਿੰਨਾ ਅਨ੍ਹੇਰ ਹੈ, ਰਾਹਗੁਜ਼ਾਰਾਂ ਨੂੰ ਫਸਾਂਦੇ ਤਾਂ ਅਸੀਂ ਹਾਂ ਤੇ ਫਾਇਦਾ ਸਾਰਾ ਹੋਰ ਲੋਕ ਉਠਾ ਲੈਂਦੇ ਨੇ।

ਪੁਜਾਰੀ: ਸਾਨੂੰ ਵੀ ਤਾਂ ਕੁਝ ਮਿਲਦਾ ਹੀ ਹੈ ਮੌਲਵੀ ਜੀ।[1]

ਇਸ ਨਾਟਕ ਵਿਚੋਂ ਉਸ ਵੇਲੇ ਦੇ ਹੁਕਮਰਾਨ ਲੋਧੀ ਰਾਜ ਦਾ ਪਤਾ ਲਗਦਾ ਹੈ ਜੋ ਅਯਾਸ਼ੀ ਵਿਚ ਆ ਕੇ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਭੁੱਲ ਚੁੱਕਿਆ ਸੀ ਤੇ ਰਾਜੇ ਸ਼ੀਂਹ ਮੁਕੱਦਮ ਕੁੱਤੇ ਬਣ ਚੁੱਕੇ ਸਨ ਜਿਸ ਬਾਰੇ ਅਸ਼ਰਫ ਖ਼ਾਨ ਤੇ ਜਗਨਨਾਥ ਦੀ ਗੱਲ-ਬਾਤ ਰਾਹੀਂ ਇਸ ਤਰ੍ਹਾਂ ਪਤਾ ਲਗਦਾ ਹੈ:

ਅਸ਼ਰਫ਼ ਖ਼ਾਨ: ਆ ਖੇਮੀਏ, ਬਹਿ ਜਾ, ਕਿਥੋਂ ਪਈ ਆਉਂਦੀ ਏਂ?

ਜਗਨ ਨਾਥ: ਨਹੀਂ ਬਈ, ਮੇਰੇ ਕੋਲ ਬੈਠ। ਮਲਿਕਾ ਆਵੇ ਤਾਂ ਅਸ਼ਰਫ਼ ਕੋਲ, ਤੂੰ ਆਵੇਂ ਤਾਂ ਵੀ ਉਹਦੇ ਕੋਲ। ਅਸੀਂ ਕੋਈ ਏਥੇ ਗਏ ਗੁਜ਼ਰੇ ਹਾਂ। ਕਿਉਂ ਖੇਮੀਏ?[2]

ਅਯਾਸ਼ੀਪੁਣੇ ਤੋਂ ਅੱਗੇ ਕੋਤਵਾਲ ਤੇ ਸਿਪਾਹੀ ਦੀ ਵਾਰਤਾਲਾਪ ਤੋਂ ਪਤਾ ਲਗਦਾ ਹੈ ਕਿ ਉਸ ਵੇਲੇ ਦੇ ਰਖਵਾਲੇ ਵੀ ਨਸ਼ੇ ਵਿਚ ਧੁੱਤ ਹੋਏ ਆਪਣੇ ਫ਼ਰਜ਼ਾਂ ਦੀ ਕੋਤਾਹੀ ਕਰਦੇ ਹੋਏ ਆਮ ਜਨਤਾ ਨੂੰ ਤੰਗ ਕਰਦੇ ਸਨ। ਉਸ ਵੇਲੇ ਦੇ ਹਾਕਮ ਆਪਣੀ ਅਯਾਸ਼ੀ ਲਈ ਸਾਰਾ ਕੰਮ ਹਕੂਮਤ ਰਾਹੀਂ ਡੰਡੇ ਦੇ ਜ਼ੋਰ ਨਾਲ ਕਰਾਉਂਦੇ ਸਨ। ਕੋਤਵਾਲ ਦੀ ਵਾਰਤਾਲਾਪ ਤੋਂ ਉਸ ਦੁਆਰਾ ਵਰਤੇ ਜਾਂਦੇ ਨਸ਼ਿਆਂ ਸੰਬੰਧੀ ਇਸ ਤਰ੍ਹਾਂ ਜਾਣਕਾਰੀ ਮਿਲਦੀ ਹੈ:

ਕੋਤਵਾਲ: ਜਲਦੀ ਆਈਂ, ਅਸੀਂ ਇਸ ਵੇਲੇ ਨਸ਼ੇ ਪਾਣੀ ਤੋਂ ਟੁੱਟੇ ਹੋਏ ਆਂ।ਅੱਜ ਨਸ਼ੇ ਪਾਣੀ ਨਾਲ ਰਜਣੈ। ਵਾਹ ਓਏ ਸ਼ੇਖਾ, ਤੇਰੀਆਂ ਹੀ ਬਰਕਤਾਂ ਨੇ।[3]

ਇਸ ਨਾਟਕ ਦੀ ਪਾਤਰ ਅਮੀਨਾ, ਸ਼ੇਖ ਸੱਜਣ ਦੀ ਧੀ ਹੈ ਤੇ ਨਾਸਰ, ਇਕਤਾਰਾ ਵਜਾਉਣ ਵਾਲਾ ਅਤੇ ਪਿਆਰ ਕਰਨ ਵਾਲਾ ਵਿਅਕਤੀ ਹੈ। ਉਸ ਸਮੇਂ ਸੱਚਾ ਪਿਆਰ ਕਰਨ ਵਾਲਿਆਂ ਤੇ ਵੀ ਸਖ਼ਤੀ ਨਾਲ ਵਰਤਾਉ ਕੀਤਾ ਜਾਂਦਾ ਸੀ। ਉਸ ਸਮੇਂ ਦੇ ਹਾਕਮ ਤੇ ਹੁਕਮਰਾਨ ਲੋਕਾਂ ਦੀਆਂ ਧੀਆਂ ਨਾਲ ਤਾਂ ਖਿਲਵਾੜ ਕਰਦੇ ਹੀ ਸਨ ਪਰ ਜੇ ਆਪਣੀ ਹੀ ਕਿਸੇ ਨਾਲ ਪਿਆਰ ਕਰਨ ਲੱਗ ਜਾਵੇ ਤਾਂ ਮੁੰਡੇ ਨੂੰ ਪਾਰ ਬੁਲਾ ਦਿੱਤਾ ਜਾਂਦਾ ਸੀ ਜੋ ਅਮੀਨਾ ਦੀ ਗੱਲਬਾਤ ਰਾਹੀਂ ਇੰਜ ਪਤਾ ਲੱਗਦਾ ਹੈ:

ਅਮੀਨਾ: ਮੇਰੇ ਲਈ ਇਹ ਦੁਨੀਆਂ ਕੈਦਖਾਨੇ ਤੋਂ ਵਧ ਕੁਝ ਨਹੀਂ। ਮੈਂ ਇੱਥੇ ਆਪਣੀ ਮਰਜ਼ੀ ਨਾਲ ਕੁਝ ਵੀ ਨਹੀਂ। ਤੈਨੂੰ ਮਿਲਦੀ ਹਾਂ ਤਾਂ ਛੁਪ ਕੇ। ਇਹ ਮੇਰੇ ਅੱਬਾ ਦੀ ਦੁਨੀਆਂ ਹੈ ਨਾਸਰ, ਮੇਰੀ ਨਹੀਂ। ਇੱਥੇ ਮੇਰੇ ਅੱਬਾ ਦਾ ਰਾਜ ਹੈ,ਮੇਰੇ ਜ਼ਾਲਿਮ ਅੱਬਾ ਦਾ। ਜੇ ਉਸ ਨੂੰ ਕਿਸੇ ਨੇ ਦਸ ਦਿੱਤਾ ਕਿ ਅਸੀਂ ਇਕ ਦੂਜੇ ਨੂੰ

ਇੰਜ ਛੁਪ ਛੁਪ ਕੇ ਮਿਲਦੇ ਹਾਂ ਤਾਂ ਉਹ ਸਾਡੇ ਦੋਹਾਂ ਦੀ ਜਾਨ ਲੈ ਲਏਗਾ।[4]

ਉਸ ਵਕਤ ਪਿਆਰ ਕਰਨ ਵਾਲਿਆਂ ਤੇ ਇਤਨਾ ਸਖ਼ਤ ਪਹਿਰਾ ਸੀ ਕਿ ਜ਼ਰਾ ਵੀ ਕੋਈ ਅਜਿਹਾ ਕੇਸ ਹਾਕਮ ਦੇਖ ਲੈਂਦੇ ਤਾਂ ਉਸ ਨੂੰ ਮੌਤ ਦੇ ਘਾਟ ਉਤਾਰ ਦਿੰਦੇ ਜੋ ਇਕ ਹਮਦਰਦੀ ਰੱਖਣ ਵਾਲੇ ਸਿਪਾਹੀ ਬਾਲੂ ਦੀ ਵਾਰਤਾ ਤੋਂ ਪਤਾ ਲਗਦਾ ਹੈ:

ਬਾਲੂ: ਉਸ ਦਿਨ ਸ਼ਹਿਬਾਜ਼ ਨੂੰ ਮਰਵਾ ਹੀ ਦਿੱਤਾ ਸੀ ਨਾ। ਉਸ ਦਾ ਕਸੂਰ ਸਿਰਫ ਏਨਾ ਸੀ ਕਿ ਉਹ ਅਮੀਨਾ ਵਲ ਵੇਖ ਕੇ ਹੱਸਿਆ ਸੀ।[5]

ਬਾਲੂ ਤੇ ਕੋਤਵਾਲ ਦੀ ਗੱਲਬਾਤ ਤੋਂ ਪਤਾ ਲੱਗਦਾ ਹੈ ਕਿ ਲੋਧੀ ਦੇ ਰਾਜ ਵਿਚ ਹਨੇਰਗਰਦੀ ਮਚੀ ਹੋਈ ਸੀ ਉਸ ਦਾ ਰਾਜ ਢਹਿੰਦੀਆਂ ਕਲਾ ਵੱਲ ਜਾ ਰਿਹਾ ਸੀ ਤੇ ਬਾਬਰ ਦੀ ਆਮਦ ਦਾ ਡੰਕਾ ਵੱਜ ਚੁੱਕਾ ਸੀ ਜੋ ਇੱਕ ਆਮ ਆਦਮੀ ਬਾਲੂ ਦੀ ਕੋਤਵਾਲ ਨਾਲ ਹੋਈ ਗੱਲਬਾਤ ਤੋਂ ਪਤਾ ਲਗਦਾ ਹੈ:

ਬਾਲੂ: ਮੈਂ ਸੋਚਿਆ ਹੋਇਐ ਸਭ ਕੁਝ, ਬੱਚੂ ਤੁਹਾਨੂੰ ਇਹ ਲੋਧੀ ਨਹੀਂ, ਸਿਧਾ ਕਰ ਸਕਦੈ। ਤੁਹਾਨੂੰ ਸਿਧਾ ਕਰਨ ਵਾਸਤੇ ਤਾਂ ਕੋਈ ਬਾਬਰ ਵਰਗਾ ਹੀ ਆਉਣਾ ਚਾਹੀਦੈ।[6]

ਸੱਜਣ ਸ਼ੇਖ ਤੇ ਫ਼ਰੀਦ ਖ਼ਾਨ ਜੋ ਕਿ ਦੋਵੇਂ ਬਚਪਨ ਦੇ ਦੋਸਤ ਸਨ। ਫ਼ਰੀਦ ਖ਼ਾਨ ਸੱਜਣ ਸ਼ੇਖ ਨੂੰ ਮਿਲਣ ਲਈ ਆਉਂਦਾ ਹੈ। ਇਨ੍ਹਾਂ ਦੀ ਗੱਲਬਾਤ ਤੋਂ ਪਤਾ ਲੱਗਦਾ ਹੈ ਕਿ ਸੱਜਣ ਦੇ ਬਾਪ ਨੂੰ ਪਿੰਡ ਦਿਆਂ ਕੁਝ ਜ਼ਾਲਮਾਂ ਨੇ ਕਤਲ ਕਰ ਦਿੱਤਾ ਸੀ ਤੇ ਸੱਜਣ ਨੇ ਉਨ੍ਹਾਂ ਕਾਤਲਾਂ ਨੂੰ ਇਕ

ਇਕ ਕਰਕੇ ਕਤਲ ਕਰ ਦਿੱਤਾ ਸੀ ਹੁਣ ਉਸ ਨੇ ਅਜਿਹਾ ਧੰਦਾ ਅਪਣਾ ਲਿਆ ਸੀ ਕਿ ਜੋ ਵੀ ਧਨ-ਦੌਲਤ ਵਾਲਾ ਆਦਮੀ ਉਸ ਕੋਲ ਆਉਂਦਾ ਉਸ ਦੀ ਦਿਨ ਨੂੰ ਖ਼ੂਬ ਸੇਵਾ ਕਰਦਾ ਤੇ ਰਾਤ ਪੈਣ ਤੇ ਉਸ ਨੂੰ ਮਾਰ ਦਿੱਤਾ ਜਾਂਦਾ ਤੇ ਧਨ ਦੌਲਤ ਲੁੱਟ ਲਈ ਜਾਂਦੀ ਪਰੰਤੂ ਸੱਜਣ ਆਪਣੇ ਮਨ ਦਾ ਚੈਨ ਹਮੇਸ਼ਾ ਲਈ ਗਵਾ ਬੈਠਦਾ ਹੈ ਜੋ ਫ਼ਰੀਦ ਖ਼ਾਨ ਦੀ ਗੱਲਬਾਤ ਤੋਂ ਪਤਾ ਲੱਗਦਾ ਹੈ:

ਫ਼ਰੀਦ ਖ਼ਾਨ: ਇਹ ਸਭ ਕੁਝ ਆਪਣੇ ਦਿਲ ਕੋਲੋਂ ਪੁੱਛ। ਮੈਂ ਤੇਰੇ ਚਿਹਰੇ ਨੂੰ ਵੇਖ ਕੇ ਅੰਦਾਜ਼ਾ ਲਾ ਸਕਦਾ ਹਾਂ ਕਿ ਤੂੰ ਇਸ ਜ਼ਿੰਦਗੀ ਨੂੰ ਪਸੰਦ ਨਹੀਂ ਕਰਦਾ, ਤੂੰ ਇਸ ਜ਼ਿੰਦਗੀ ਤੋਂ ਤੰਗ ਏਂ, ਪਰ ਇਸ ਨੂੰ ਛੱਡਣਾ ਹੁਣ ਤੇਰੇ ਵਸ ਵਿੱਚ ਨਹੀਂ ਰਿਹਾ।[7]

ਸੱਜਣ ਪੈਸੇ ਦੇ ਜ਼ੋਰ ਨਾਲ ਇਹ ਸਾਰਾ ਕੁਝ ਕਰ ਰਿਹਾ ਹੈ ਜੋ ਅੱਜ ਵੀ ਸੱਜਣ ਦੀ ਦੁਨੀਆਂ ਵਾਲਾ ਹੀ ਬੋਲਬਾਲਾ ਹੈ। ਪੈਸੇ ਨਾਲ ਕੀ ਕੰਮ ਨਹੀਂ ਹੁੰਦੇ ਜੋ ਸੱਜਣ ਕਰ ਰਿਹਾ ਸੀ, ਉਸ ਦੀ ਗੱਲਬਾਤ ਤੋਂ ਪਤਾ ਲੱਗਦਾ ਹੈ :

ਸੱਜਣ ਸ਼ੇਖ: ਉਹ ਜ਼ਮਾਨੇ ਹੋਰ ਸਨ ਫ਼ਰੀਦ ਖ਼ਾਨ, ਜਦੋਂ ਸਾਨੂੰ ਪਤਾ ਹੀ ਨਹੀਂ ਸੀ ਕਿ ਐਸ਼ ਦੀ ਜ਼ਿੰਦਗੀ ਕੀ ਹੁੰਦੀ ਹੈ, ਪੈਸੇ ਨਾਲ ਸਾਰੀ ਦੁਨੀਆਂ ਖ਼ਰੀਦੀ ਜਾ ਸਕਦੀ ਹੈ। ਭਗਤ ਤਾਂ ਬਸ ਭੁੱਖੇ ਮਰਦੇ ਨੇ, ਮੁਸ਼ਕਲਾਂ ਝਲਦੇ ਨੇ।[8]

ਸੱਜਣ ਦੀ ਦੁਨੀਆਂ ਅਸਲ ਵਿਚ ਉਸ ਵੇਲੇ ਦੀ ਦੁਨੀਆਂ ਦੇ ਹਾਲਾਤ ਸਨ। ਇਉਂ ਅੰਧੇਰਗਰਦੀ ਚਾਰੇ ਪਾਸੇ ਪਸਰੀ ਹੋਈ ਸੀ। ਸੱਜਣ ਨੂੰ ਉਸ ਦਾ ਦੋਸਤ ਫ਼ਰੀਦ ਖ਼ਾਨ ਮਿਲਣ ਆਉਂਦਾ ਹੈ ਜਿਸ ਨੇ ਸ੍ਰੀ ਗੁਰੂ ਨਾਨਕ ਦੇਵ ਦੇ ਦੀਦਾਰ ਕੀਤੇ ਹੋਏ ਹਨ। ਸੱਜਣ ਨੂੰ ਉਹ ਬੁਰੇ ਕੰਮਾਂ ਨੂੰ ਛੱਡਣ ਲਈ

ਕਹਿੰਦਾ ਹੈ ਤੇ ਇਹ ਵੀ ਕਹਿੰਦਾ ਹੈ ਕਿ ਖ਼ੁਦਾ ਦੇ ਬੰਦੇ ਦਿਲ ਦੇ ਅਮੀਰ ਹੁੰਦੇ ਹਨ। ਸੱਜਣ ਜਦੋਂ ਕਹਿੰਦਾ ਹੈ ਕਿ ਅੱਜ ਕੋਈ ਅਜਿਹਾ ਖ਼ੁਦਾ ਦਾ ਬੰਦਾ ਦੇਖਣ ਨੂੰ ਨਹੀਂ ਮਿਲਦਾ ਤਾਂ ਫ਼ਰੀਦ ਖ਼ਾਨ ਕਹਿੰਦਾ ਹੈ:

ਫ਼ਰੀਦ ਖ਼ਾਨ: ਹਾਂ, ਵੇਖਿਆ ਹੈ, ਉਸ ਦਾ ਨਾਂ ਨਾਨਕ ਹੈ। ਸੁਲਤਾਨਪੁਰ ਵਿਚ ਹਰ ਕੋਈ ਉਸ ਨੂੰ ਜਾਣਦਾ ਹੈ। ਉਹ ਝੂਠ ਤੇ ਪਾਖੰਡ ਦਾ ਦੁਸ਼ਮਣ ਹੈ। ਉਹ ਨੇਕੀ ਦਾ ਪਰਚਾਰ ਕਰਦਾ ਹੈ ਤੇ ਸੱਚ ਦਾ ਰਸਤਾ ਦਸਦਾ ਹੈ। ਉਸ ਦੇ ਚਿਹਰੇ ਤੇ ਅਲਾਹੀ ਨੂਰ ਹੈ। ਮੈਂ ਸੱਚ ਕਹਿੰਦਾਂ, ਜੇ ਕਿਧਰੇ ਤੂੰ ਉਸ ਦੇ ਇਕ ਵਾਰ ਦੀਦਾਰ ਕਰ ਲਏਂ, ਖ਼ੁਦਾ ਦੀ ਕਸਮ ਤੂੰ ਆਪੇ ਹੀ ਅੱਗੋਂ ਤੋਂ ਇਸ ਬਦੀ ਦੇ ਰਸਤੇ ਤੇ ਚਲਣ ਤੋਂ ਤੋਬਾ ਕਰ ਲਏਂਗਾ।[9]

ਸੱਜਣ ਤੇ ਫ਼ਰੀਦ ਖ਼ਾਨ ਦੋਹਾਂ ਦਾ ਜਸ਼ਨ ਮਨਾਉਣ ਜਾਣਾ ਤੇ ਇਕ ਪਾਗਲ ਦਾ ਪ੍ਰਵੇਸ਼ ਕਰਨਾ, ਜੋ ਸਭ ਕੁਝ ਜਾਣਦਾ ਹੈ, ਪਰ ਦੂਜਿਆਂ ਨੂੰ ਕੁਝ ਵੀ ਨਾਂ ਦੱਸਣ ਬਾਰੇ ਕਹਿੰਦਾ ਹੈ।ਉਹ ਕਹਿੰਦਾ ਹੈ ਕਰੀ ਜੋ ਕੁਝ ਭਾਵੇਂ ਮਰਜ਼ੀ ਜਾਵੋ ਪਰ ਕਿਸੇ ਨੂੰ ਕੁਝ ਨਾ ਦੱਸੋ, ਦਿਲ ਦਾ ਭੇਤ ਨਾ ਦਿਉ। ਇਹ ਉਸਦੇ ਕਹੇ ਹੋਏ ਸ਼ਬਦਾਂ ਤੋਂ ਜ਼ਾਹਿਰ ਹੁੰਦਾ ਹੈ :

ਪਾਗਲ : ਕੁਝ ਵੀ ਕਰੀ ਜਾਉ, ਪਰ ਦਸਣਾ ਨਾ ਕਿ ਤੁਸੀਂ ਕੁਝ ਕਰ ਰਹੇ ਹੋ। ਕਰੋ ਕੁਝ ਤੇ ਦੱਸੋ ਕੁਝ। ਇਹੋ ਸਿਆਣਪ ਹੈ, ਇਹੋ ਅਕਲ ਹੈ। ਇਥੇ ਸਾਰੇ ਬੇਵਕੂਫ ਨੇ। ਮੈਂ ਜਾਣਦਾ ਹਾਂ ਕਿ ਸਾਰੇ ਕੀ ਕਰਦੇ ਨੇ। ਪਰ ਮੈ ਕਿਸੇ ਨੂੰ ਦਸਦਾ ਨਹੀਂ। ਤੁਸੀਂ ਵੀ ਕਿਸੇ ਨੂੰ ਨਾ ਦਸਣਾ।[10]

ਮੌਲਵੀ ਤੇ ਪੁਜਾਰੀ ਸੱਜਣ ਸ਼ੇਖ ਨੂੰ ਸ਼ਿਕਾਰ ਫਸਾ ਕੇ ਦਿੰਦੇ ਹਨ। ਸੱਜਣ ਆਪਣੇ ਸ਼ਿਕਾਰ ਦੀ ਦਿਨ ਨੂੰ ਟਹਿਲ ਸੇਵਾ ਕਰਦਾ ਹੈ ਤੇ ਰਾਤ ਜਦ ਉਹ ਸੌਂ ਜਾਂਦੇ ਹਨ ਤਾਂ ਉਨ੍ਹਾਂ ਨੂੰ ਮਾਰ ਕੇ ਧਨ ਆਪ ਸਾਂਭ ਲੈਂਦਾ ਹੈ। ਮੌਲਵੀ ਤੇ ਪੁਜਾਰੀ ਬਹੁਤ ਥੋੜ੍ਹਾ ਹਿੱਸਾ ਮਿਲਣ ਤੇ ਇਸ ਤਰ੍ਹਾਂ ਗੱਲਾਂ ਕਰਦੇ ਹਨ:

ਮੌਲਵੀ: ਦੇਖੋ ਪੁਜਾਰੀ ਜੀ ਕਿੰਨਾ ਅਨ੍ਹੇਰ ਹੈ, ਰਾਹਗੁਜ਼ਾਰਾਂ ਨੂੰ ਫਸਾਂਦੇ ਤਾਂ ਅਸੀਂ ਹਾਂ ਤੇ ਫਾਇਦਾ ਸਾਰਾ ਹੋਰ ਲੋਕ ਉਠਾ ਲੈਂਦੇ ਹਨ।[11]

ਜਗਨ ਨਾਥ, ਅਸ਼ਰਫ਼ ਖ਼ਾਨ, ਇਬਰਾਹੀਮ ਕੋਤਵਾਲ ਤੇ ਦੌਲਤ ਰਾਮ ਮਲਿਕਾ ਦਾ ਨਾਚ ਦੇਖਣ ਲਈ ਉਤਾਵਲੇ ਹਨ ਜੋ ਮਲਿਕਾ ਦੀਆਂ ਗੱਲਾਂ ਕਰ ਰਹੇ ਹਨ ਤੇ ਨੱਥੂ, ਬਾਲੂ ਤੇ ਛਿਬੂ ਮੰਚ ਤੇ ਆਉਂਦੇ ਹਨ ਜੋ ਨਾਸਿਰ ਤੇ ਹਮੀਦਾ ਦੇ ਇਸ਼ਕ ਦੀ ਗੱਲ ਕਰਦੇ ਹਨ ਜੋ ਕਿ ਸੱਜਣ ਦੁਆਰਾ ਨਾਸਿਰ ਨੂੰ ਕਤਲ ਕਰਵਾ ਦਿੱਤਾ ਜਾਂਦਾ ਹੈ ਤੇ ਇਸ ਤੇ ਛਿਬੂ, ਜੋ ਨਾਸਿਰ ਨਾਲ ਹਮਦਰਦੀ ਜਤਾਉਂਦਾ ਹੋਇਆ ਕਹਿੰਦਾ ਹੈ:

ਛਿਬੂ: ਚੰਗੀ ਗੱਲ ਨਹੀਂ ਹੋਈ, ਵਿਚਾਰਾ ਨਾਸਿਰ ਐਵੇਂ ਮਾਰਿਆ ਗਿਆ।[12]

ਮਲਿਕਾ ਦਾ ਨਾਚ ਹੋ ਰਿਹਾ ਹੈ ਸਾਰੇ ਨਸ਼ੇ ਵਿਚ ਨਾਚ ਦੇਖਦੇ ਝੂਮ ਰਹੇ ਹਨ, ਇਤਨੇ ਨੂੰ ਅਸ਼ਰਫ ਖਾਂ, ਜਗਨ ਨਾਥ ਤੇ ਦੌਲਤ ਰਾਮ ਨੂੰ ਉਠਾ ਕੇ ਲੈ ਜਾਂਦਾ ਹੈ। ਇਕ ਬੁੱਢਾ ਨੌਕਰ ਸ਼ੇਖ ਸੱਜਣ ਦੇ ਕੰਨ ਵਿਚ ਕੁਝ ਕਹਿੰਦਾ ਹੈ ਤੇ ਅੱਗੋਂ ਸੱਜਣ ਕਹਿੰਦਾ ਹੈ:

ਸ਼ੇਖ ਸੱਜਣ: ਨਾਚ ਬੰਦ ਕਰੋ ਮਲਿਕਾ। ਤੇਰਾ ਨਾਚ ਬਹੁਤ ਖ਼ੂਬਸੂਰਤ ਹੈ ਮਲਿਕਾ ! ਦਿਲ ਤਾਂ ਕਰਦਾ ਸੀ ਕਿ ਅਜ ਦੀ ਰਾਤ ਤੇਰਾ ਇਹ ਖ਼ੂਬਸੂਰਤ ਨਾਚ ਵੇਖਦਿਆਂ ਹੀ ਗੁਜ਼ਾਰਾਂ, ਪਰ ਇਕ ਬਹੁਤ

ਜ਼ਰੂਰੀ ਕੰਮ ਪੈ ਗਿਆ ਹੈ। ਅਜ ਦੀ ਰਾਤ, ਮੈਂ ਤੈਨੂੰ ਫਿਰ ਕਿਸੇ ਵੇਲੇ ਮਿਲਾਂਗਾ।[13]

ਇਸ ਨਾਟਕ ਵਿਚ ਸ੍ਰੀ ਗੁਰੂ ਨਾਨਕ ਦੇਵ ਤੇ ਮਰਦਾਨੇ ਦੀ ਆਮਦ ਤੇ ਸੱਜਣ ਠੱਗ ਤੇ ਉਸ ਦੇ ਸਾਥੀ ਬਹੁਤ ਖੁਸ਼ ਹਨ ਕਿ ਅੱਜ ਕੋਈ ਹੀਰੇ, ਮੋਤੀਆਂ ਵਾਲਾ ਧਨਾਢ ਫਸਿਆ ਹੈ। ਉਹ ਸਾਰੇ ਆਪਣਾ ਆਪਣਾ ਤ੍ਰਾਣ ਲਾ ਹਟਦੇ ਹਨ ਪਰ ਗੁਰੂ ਜੀ ਉਨ੍ਹਾਂ ਦੀਆਂ ਗੱਲਾਂ ਵਿਚ ਨਹੀਂ ਆਉਂਦੇ। ਸਾਰੇ ਹੀ ਪ੍ਰੇਸ਼ਾਨ ਹਨ ਜਦ ਰਬਾਬ ਵੱਜਣ ਦੀ ਤੇ ਗੁਣਗਣਾਉਣ ਦੀ ਆਵਾਜ਼ ਆਉਂਦੀ ਹੈ ਤਾ ਦੌਲਤ ਰਾਮ ਕਹਿੰਦਾ ਹੈ:

ਦੌਲਤ ਰਾਮ: ਉਹ ਤਾਂ ਕੋਈ ਗੱਲ ਹੀ ਨਹੀਂ ਸੁਣਦਾ। ਮੈ ਜਦ ਵੀ ਕੁਝ ਕਹਿੰਦਾ ਹਾਂ, ਉਹ ਮੁਸਕਰਾ ਛਡਦਾ ਹੈ। ਤੇ ਹੁਣ ਉਸ ਨੇ ਆਪਣੇ ਨਾਲ ਵਾਲੇ ਨੂੰ ਆਖਿਆ ਹੈ, ਰਬਾਬ ਵਜਾ। ਰਬਾਬ ਵੱਜਣ ਲਗ ਪਈ ਹੈ ਤੇ ਉਸ ਫ਼ਕੀਰ ਨੇ ਕੁਝ ਗਾਣਾ ਸ਼ੁਰੂ ਕਰ ਦਿੱਤਾ ਹੈ। ਵੇਖੋ, ਇਹ ਆਵਾਜ਼ ਉਸੇ ਦੀ ਹੈ।[14]

ਸ੍ਰੀ ਗੁਰੂ ਨਾਨਕ ਦੇਵ ਸ਼ਬਦ ਗਾ ਰਹੇ ਹਨ ਤੇ ਮਰਦਾਨਾ ਰਬਾਬ ਵਜਾ ਰਿਹਾ ਹੈ। ਸ਼ੇਖ ਸੱਜਣ ਵਾਰੋ ਵਾਰੀ ਆਪਣੇ ਸਾਥੀਆਂ ਨੂੰ ਗੁਰੂ ਜੀ ਨੂੰ ਭਰਮਾਉਣ ਤੇ ਸੁਆਉਣ ਲਈ ਭੇਜਦਾ ਹੈ ਪਰ ਗੁਰੂ ਜੀ ਉਨ੍ਹਾਂ ਦੀ ਕਿਸੇ ਗੱਲ ਵੱਲ ਧਿਆਨ ਨਹੀਂ ਦਿੰਦੇ। ਗੁਰੂ ਜੀ ਨੂੰ ਕੋਈ ਸੂਹੀਆ, ਕੋਈ ਧਨਾਢ ਵਿਉਪਾਰੀ ਤੇ ਕੋਈ ਬਹੁਰੂਪੀਆ ਕਹਿੰਦਾ ਹੈ ਪਰੰਤੂ ਉਨ੍ਹਾਂ ਨੂੰ ਕੋਈ ਨਹੀਂ ਪਛਾਣ ਸਕਿਆ। ਸੱਜਣ ਆਪਣੀ ਰਖੇਲ ਖੇਮੀ ਨੂੰ ਭੇਜਦਾ ਹੈ ਪਰ ਕਿਸੇ ਦੀ ਕੋਈ ਪੇਸ਼ ਨਹੀਂ ਜਾਂਦੀ। ਸ਼ੇਖ ਦਾ ਨੌਕਰ ਮਰਦਾਨੇ ਨੂੰ ਸ਼ੇਖ ਵੱਲ ਲੈ ਜਾਂਦਾ

ਹੈ ਤੇ ਉਸ ਨੂੰ ਸ਼ਰਾਬ ਪੀਣ ਲਈ ਕਹਿੰਦਾ ਹੈ, ਮਰਦਾਨਾ ਨਹੀਂ ਪੀਂਦਾ ਤੇ ਸੱਜਣ ਗੁਰੂ ਜੀ ਦੇ ਵੱਡੇ ਵਿਉਪਾਰੀ ਹੋਣ ਬਾਰੇ ਮਰਦਾਨੇ ਨੂੰ ਕਹਿੰਦਾ ਹੈ ਤਾਂ ਮਰਦਾਨਾ ਉਸ ਨੂੰ ਗੁਰੂ ਜੀ ਦੇ ਨਾਮ ਦੇ ਵੱਡੇ ਵਿਉਪਾਰੀ ਹੋਣ ਬਾਰੇ ਦੱਸਦਾ ਹੈ। ਸ਼ੇਖ ਸੱਜਣ ਬਹੁਤ ਜ਼ਿਆਦਾ ਦਾਰੂ ਪੀਂਦਾ ਚਲਾ ਜਾ ਰਿਹਾ ਹੈ ਤੇ ਅਖੀਰ ਤੇ ਇਕ ਸੁਪਨਮਈ ਵਾਤਾਵਰਨ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਇਸ ਤੇ ਉਹ ਸਭ ਰੂਹਾਂ ਸੱਜਣ ਦੇ ਸੁਪਨੇ ਵਿਚ ਆਉਂਦੀਆਂ ਹਨ ਜਿਨ੍ਹਾਂ ਤੋਂ ਸੱਜਣ ਨੇ ਕਤਲ ਕਰਕੇ ਧਨ ਲੁੱਟਿਆ ਸੀ। ਸਭ ਤੋਂ ਪਹਿਲਾਂ ਗੋਕਲ ਰਾਮ ਸੱਜਣ ਕੋਲ ਆਉਂਦਾ ਹੈ ਤੇ ਕਹਿੰਦਾ ਹੈ:

ਗੋਕਲ ਰਾਮ: ਮੈਨੂੰ ਪਛਾਣਦਾ ਏਂ ਸਜਣਾ ! ਮੈਂ ਉਹੋ ਗੋਕਲ ਰਾਮ ਹਾਂ ਜਿਸ ਨੂੰ ਮਰਵਾ ਕੇ ਤੂੰ ਖੂਹ ਵਿਚ ਸੁਟਾ ਦਿੱਤਾ ਸੀ।[15]

ਸੱਜਣ ਇਕ ਕਮੀਨਾ ਬੰਦਾ ਹੈ ਜੋ ਕਿ ਇਕ ਸੌਦਾਗਰ ਨੂੰ ਧੋਖੇ ਨਾਲ ਮਾਰਦਾ ਹੈ ਤੇ ਉਸ ਦਾ ਧਨ ਲੁੱਟਦਾ ਹੈ। ਉਹ ਇਕ ਅਯਾਸ਼ ਵੀ ਹੈ, ਇਕ ਔਰਤ ਦੇ ਪਤੀ ਨੂੰ ਮਾਰ ਕੇ ਉਹ ਤੇ ਉਸ ਦੇ ਸਾਥੀ ਉਸ ਦੀ ਇੱਜ਼ਤ ਲੁਟਦੇ ਹਨ, ਉਹ ਸੁਪਨੇ ਵਿਚ ਆਉਂਦੀ ਹੈ। ਇਸ ਤਰ੍ਹਾਂ ਸੁਲਤਾਨ ਨੂੰ ਸੱਜਣ ਨੇ ਦੋਸਤ ਬਣਾ ਕੇ ਉਸ ਦੀ ਕੁੜੀ ਮਲਿਕਾ ਤੇ ਕਬਜ਼ਾ ਕਰਨ ਲਈ ਧੋਖੇ ਨਾਲ਼ ਉਸ ਨੂੰ ਮਰਵਾਇਆ ਸੀ ਜੋ ਸੁਲਤਾਨ ਦੀ ਗੱਲਬਾਤ ਤੋਂ ਪਤਾ ਲਗਦਾ ਹੈ:

ਸੁਲਤਾਨ: ਮੈਂ ਸੁਲਤਾਨ ਹਾਂ, ਮਲਿਕਾ ਦਾ ਬਾਪ। ਮੈਨੂੰ ਮਰਵਾ ਕੇ ਤੂੰ ਹਵੇਲੀ ਦੇ ਪਿੱਛੇ ਦੱਬ ਦਿੱਤਾ ਸੀ ਤੇ ਮੇਰੀ ਲੜਕੀ ਨੂੰ ਤੂੰ ਜ਼ਬਰਦਸਤੀ ਆਪਣੀ ਟੋਲੀ ਵਿਚ ਰਲਾ ਲਿਆ ਸੀ। ਬਦਕਾਰਾ,

ਤੇਰੇ ਤੇ ਤਾਂ ਮੈਂ ਬੜੇ ਅਹਿਸਾਨ ਕੀਤੇ ਸਨ,ਤੂੰ ਮੇਰੇ ਅਹਿਸਾਨ ਦਾ ਬਦਲਾ ਮੈਨੂੰ ਇਹ ਦਿੱਤਾ।[16]

ਇੱਕ ਬੱਚਾ ਜਿਸ ਦੇ ਬਾਪ ਨੂੰ ਮਾਰ ਕੇ ਫਿਰ ਉਸ ਦੀ ਮਾਂ ਨੂੰ ਕਤਲ ਕੀਤਾ ਤੇ ਫਿਰ ਉਸ ਬੱਚੇ ਦਾ ਗਲਾ ਘੁੱਟਿਆ ਗਿਆ, ਉਹ ਸੱਜਣ ਦੇ ਸੁਪਨੇ ਵਿਚ ਆ ਕੇ ਉਸ ਨੂੰ ਕਹਿੰਦਾ ਹੈ:

ਬੱਚਾ: ਓਏ ਸ਼ੇਖਾ, ਹੁਣ ਦਸ ਖਾਂ। ਪਹਿਲਾਂ ਤੂੰ ਮੇਰੇ ਬਾਪੂ ਨੂੰ ਮਾਰਿਆ, ਫਿਰ ਮੇਰੀ ਮਾਂ ਨੂੰ ਕਤਲ ਕੀਤਾ ਤੇ ਫਿਰ ਮੇਰਾ ਵੀ ਗਲਾ ਘੁਟ ਦਿੱਤਾ। ਮੈਂ ਤੇਰਾ ਕੀ ਵਿਗਾੜਿਆ ਸੀ? ਤੂੰ ਪਾਪੀ ਏਂ, ਜ਼ਾਲਿਮ ਏਂ। ਮੈਂ ਵੀ ਹੁਣ ਤੈਨੂੰ ਨਹੀਂ ਛਡਣਾ। ਮੈਂ ਤੇਰੇ ਕੋਲੋਂ ਆਪਣੇ ਮਾਂ ਪਿਉ ਦਾ ਬਦਲਾ ਲਵਾਂਗਾ।[17]

ਇਸ ਤਰ੍ਹਾਂ ਇਕ ਕੁੜੀ ਜਿਸ ਦੀ ਮਾਂ ਨੂੰ ਉਸ ਕੋਲੋਂ ਖੋਹ ਕੇ, ਗਹਿਣੇ ਲੁੱਟ ਕੇ ਮਾਰਿਆ ਗਿਆ ਤੇ ਜਦ ਉਹ ਰੋਈ ਤਾਂ ਉਸ ਨੂੰ ਉਪਰੋਂ ਹੇਠਾਂ ਸੁੱਟ ਦਿੱਤਾ ਗਿਆ। ਉਹ ਸੱਜਣ ਨੂੰ ਮੁੱਕੇ ਮਾਰਦੀ ਹੈ ਤੇ ਧੱਕਾ ਦੇ ਕੇ ਚਲੀ ਜਾਂਦੀ ਹੈ ਤਾਂ ਸ਼ਹਿਬਾਜ਼ ਜੋ ਸੱਜਣ ਦਾ ਸਾਥੀ ਸੀ ਜਿਹੜਾ ਉਸ ਦੀ ਕੁੜੀ ਵੱਲ ਵੇਖ ਕੇ ਹੱਸਿਆ ਸੀ ਤੇ ਇਸ ਬਦਲੇ ਉਸ ਨੂੰ ਮਰਵਾ ਦਿੱਤਾ ਗਿਆ ਸੀ, ਉਹ ਦੋ ਤਿੰਨ ਚਪੇੜਾਂ ਉਸ ਨੂੰ ਮਾਰਦਾ ਹੈ ਤੇ ਚਲਾ ਜਾਂਦਾ ਹੈ। ਇਸ ਤੋਂ ਬਾਅਦ ਨਾਸਿਰ ਆਉਂਦਾ ਹੈ ਜਿਸ ਦਾ ਸੱਜਣ ਦੀ ਕੁੜੀ ਅਮੀਨਾ ਨਾਲ ਪਿਆਰ ਹੁੰਦਾ ਹੈ ਉਸ ਨੂੰ ਦਾਊਦ ਬੁੱਚੜ ਕੋਲੋਂ ਮਰਵਾ ਦਿੱਤਾ ਗਿਆ ਸੀ। ਉਹ ਕਹਿੰਦਾ ਹੈ ਕਿ ਤੂੰ ਮੈਨੂੰ ਆਪ ਮਾਰ ਦਿੰਦਾ ਤਾਂ ਏਨਾ ਗ਼ਮ ਨਹੀਂ ਸੀ ਹੋਣਾ। ਨਾਸਿਰ ਪਿੱਛੇ ਮੁੜਨ ਲੱਗਦਾ ਹੈ ਤਾਂ ਉਹ ਸਾਰੇ ਜਣੇ ਹੀ ਰੰਗਮੰਚ ਤੇ ਆ ਜਾਂਦੇ ਹਨ ਜਿਨ੍ਹਾਂ ਵਿਚ ਗੋਕਲ ਰਾਮ, ਸੌਦਾਗਰ, ਤੀਵੀਂ, ਸੁਲਤਾਨ,

ਬੱਚਾ, ਕੁੜੀ ਤੇ ਸ਼ਹਿਬਾਜ਼ ਵੀ ਸ਼ਾਮਲ ਹੈ।ਸਾਰੇ ਜਣੇ ਕਹਿੰਦੇ ਹਨ 'ਮਾਰੋ ਇਸ ਪਾਖੰਡੀ ਨੂੰ। ਮਾਰੋ, ਮਾਰੋ। ਕੋਈ ਸੱਜਣ ਨੂੰ ਧੱਕੇ ਮਾਰਦਾ ਹੈ, ਕੋਈ ਕੱਪੜੇ ਉਤਾਰ ਕੇ ਜੁੱਤੀਆਂ ਮਾਰਦਾ ਹੈ।ਫਿਰ ਪਿਛਵਾੜੇ ਤੋਂ ਗੁਰੂ ਜੀ ਦੁਆਰਾ ਉਚਾਰੇ ਸ਼ਬਦ ਦੀ ਆਵਾਜ਼ ਆਉਂਦੀ ਹੈ:

ਕਪੜੁ ਰੂਪੁ ਸੁਹਾਵਣਾ, ਛਡ ਦੁਨੀਆਂ ਅੰਦਰ ਜਾਵਣਾ।
ਮੰਦਾ ਚੰਗਾ ਆਪਣਾ, ਆਪੇ ਹੀ ਕੀਤਾ ਪਾਵਣਾ।
ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੇ ਅਗੈ ਜਾਵਣਾ।
ਨੰਗਾ ਦੋਜਕਿ ਚਾਲਿਆ, ਤਾਂ ਦਿਸੈ ਖਰਾ ਡਰਾਵਣਾ।
ਕਰਿ ਆਉਗਣ ਪਛੋਤਾਵਣਾ।[18]

ਸ਼ੇਖ ਸੱਜਣ ਸ਼ਬਦ ਖ਼ਤਮ ਹੋਣ ਤੋਂ ਬਾਅਦ ਇਕ ਦਮ ਥੜ੍ਹੇ ਤੋਂ ਉਠਦਾ ਹੈ। ਉਸ ਦੇ ਪਾਪ ਉਸ ਨੂੰ ਸੁਪਨੇ ਵਿਚ ਡਰਾ ਰਹੇ ਹਨ। ਇਨ੍ਹਾਂ ਸਭ ਨੂੰ ਸੁਪਨਾ ਸਮਝ ਕੇ ਸੱਜਣ ਆਪਣੇ ਬੁਰੇ ਕੰਮਾਂ ਤੋਂ ਅਜੇ ਵੀ ਬਾਜ਼ ਨਹੀਂ ਆਉਂਦਾ ਤੇ ਸੁਪਨੇ ਬਾਰੇ ਉਹ ਕਹਿੰਦਾ ਹੈ ਕਿ ਇਹ ਕੋਈ ਅਸਲੀਅਤ ਨਹੀਂ ਹੁੰਦੀ। ਉਹ ਫ਼ਕੀਰਾਂ ਨੂੰ ਅਜੇ ਤੱਕ ਜਾਗਦੇ ਦੇਖ ਕੇ ਆਪਣੇ ਮਨ ਨਾਲ ਗੱਲਾਂ ਕਰਦਾ ਹੈ ਕਿ ਇਨ੍ਹਾਂ ਨੂੰ ਉਹ ਹੀਰੇ ਜਵਾਹਰਾਂ ਸਮੇਤ ਵਾਪਸ ਨਹੀਂ ਜਾਣ ਦੇਵੇਗਾ। ਹੁਣ ਸੱਜਣ ਆਪਣੇ ਦੋਸਤ ਫ਼ਰੀਦ ਨੂੰ ਆਪਣੇ ਕੋਲ ਬੁਲਾਉਂਦਾ ਹੈ ਜੋ ਸੁਲਤਾਨਪੁਰ ਤੋਂ ਆਇਆ ਹੋਇਆ ਹੈ ਜਿਸ ਨੇ 'ਸ੍ਰੀ ਗੁਰੂ ਨਾਨਕ ਦੇਵ' ਦੇ ਦਰਸ਼ਨ ਕੀਤੇ ਹੋਏ ਹਨ ਤੇ ਸੱਜਣ ਨੂੰ ਬੁਰੇ ਕੰਮ ਕਰਨ ਤੋਂ ਵਰਜਦਾ ਹੈ ਪਰ ਉਹ ਅੰਦਰੋਂ ਤਾਂ ਡਰ ਰਿਹਾ ਹੈ ਤੇ ਆਪਣੇ ਦੋਸਤ ਨੂੰ ਸੁਪਨੇ ਦਾ ਹਾਲ ਵੀ ਦੱਸਦਾ ਹੈ ਪਰ ਫਿਰ ਵੀ ਕਹਿੰਦਾ ਹੈ:

ਸੱਜਣ : ਹਾਂ, ਚੰਗੇ ਕੰਮ ਨੇ, ਇਨ੍ਹਾਂ ਕੰਮਾਂ ਤੋਂ ਬਿਨਾਂ ਗੁਜ਼ਾਰਾ ਹੀ ਨਹੀਂ। ਉਂਜ ਕੋਈ ਜੀਣ ਦਿੰਦਾ ਹੈ ਸਾਨੂੰ, ਕੋਈ ਇਸ ਤਰ੍ਹਾਂ ਦੀ ਐਸ਼ ਕਰਨ ਦਿੰਦਾ ਹੈ ਸਾਨੂੰ। ਇਹ ਬਾਹਰਲੀ ਦੁਨੀਆਂ ਬੜੀ ਜ਼ਾਲਿਮ ਏ। ਕਿਸੇ ਨੂੰ ਖਾਂਦਾ ਵੇਖ ਕੇ ਖੁਸ਼ ਨਹੀਂ ਹੁੰਦੀ। ਇਸੇ ਲਈ ਮੈਂ ਆਪਣੀ ਦੁਨੀਆਂ ਵਸਾਈ ਹੈ।[19]

ਇਸ ਨਾਟਕ ਦੇ ਨਾਟ-ਵਸਤੂ ਦਾ ਪਿਛੋਕੜ ਇਹ ਹੈ ਕਿ ਨਾਟਕ ਵਿਚ ਨਾਟਕਕਾਰ ਸੱਜਣ ਕੋਲੋਂ ਉਪਰੋਕਤ ਸ਼ਬਦ ਬੁਲਾ ਕੇ ਜ਼ਮਾਨੇ ਨੂੰ ਚੰਗੀ ਸੇਧ ਦੇਣਾ ਚਾਹੁੰਦਾ ਹੈ। ਜਦੋਂ ਸੱਜਣ ਆਪਣੇ ਦੋਸਤ ਫ਼ਰੀਦ ਨੂੰ ਕਹਿੰਦਾ ਹੈ ਕਿ ਬਾਹਰਲੀ ਦੁਨੀਆਂ ਵਿਚ ਵੀ ਇਹੋ ਕੁਝ ਹੁੰਦਾ ਹੈ, ਹਰ ਇਕ ਨੂੰ ਆਪੋ ਆਪਣੀ ਪਈ ਹੋਈ ਹੈ, ਫਿਰ ਅਸੀਂ ਤਾਂ ਸਾਰੀ ਟੋਲੀ ਵੰਡ ਕੇ ਖਾਂਦੇ ਹਾਂ। ਸੱਜਣ ਦੋਚਿੱਤੀ ਵਿਚ ਹੈ। ਕਦੇ ਤਾਂ ਉਹ ਚਾਹੁੰਦਾ ਹੈ ਕਿ ਸੌਂ ਜਾਵਾਂ ਤੇ ਸਵੇਰੇ ਇਨ੍ਹਾਂ ਨੂੰ ਰੁਖ਼ਸਤ ਕਰ ਦੇਵਾਂ ਪਰ ਉਪਰੋਂ ਇਹ ਵੀ ਡਰ ਹੈ ਕਿਤੇ ਸਰਕਾਰੀ ਸੂਹੀਏ ਨਾ ਹੋਣ। ਸਰਕਾਰੀ ਸੂਹੀਏ ਹੋਣ ਦਾ ਡਰ ਉਦੋਂ ਉਸ ਦਾ ਦੂਰ ਹੁੰਦਾ ਹੈ ਜਦ ਉਸ ਦਾ ਸਾਥੀ ਅਸ਼ਰਫ ਖ਼ਾਨ ਆ ਕੇ ਦੱਸਦਾ ਹੈ ਕਿ ਅਸੀਂ ਦੂਰ ਤਕ ਦੇਖ ਆਏ ਹਾਂ, ਇਨ੍ਹਾਂ ਨਾਲ ਕੋਈ ਸਰਕਾਰੀ ਬੰਦਾ ਨਹੀਂ। ਅਸ਼ਰਫ ਖ਼ਾਨ ਨੂੰ ਹੁਣ ਇਕ ਸਕੀਮ ਸੁੱਝੀ ਹੈ ਕਿ ਪੁਜਾਰੀ ਇਨ੍ਹਾਂ ਨਾਲ ਪੂਜਾ ਪਾਠ ਦੀਆਂ ਗੱਲਾਂ ਕਰੇ ਤੇ ਮੰਦਰ ਵੱਲ ਨੂੰ ਲੈ ਜਾਵੇ ਜਦ ਇਹ ਮੰਦਰ ਜਾ ਕੇ ਮੱਥਾ ਟੇਕਣਗੇ ਤਾਂ ਇਨ੍ਹਾਂ ਦੀ ਲੁਕਵੀਂ ਜੇਬ ਦਾ ਪਤਾ ਲੱਗ ਜਾਏਗਾ, ਇਹ ਪੈਸੇ ਵਾਲੇ ਹਨ ਜਾਂ ਨਹੀਂ। ਨਾਟ-ਵਸਤੂ ਦੀ ਦ੍ਰਿਸ਼ਟੀ ਤੋਂ ਇੱਥੇ ਨਾਟਕਕਾਰ ਇਹ ਕਹਿਣਾ ਚਾਹੁੰਦਾ ਹੈ ਕਿ ਕਿਵੇਂ ਅੱਜ ਧਰਮ ਦੇ ਨਾਂ ਤੇ ਲੋਕਾਂ ਨੂੰ ਪੁਜਾਰੀ ਤੇ ਮੌਲਵੀ ਲੁੱਟ ਰਹੇ ਹਨ। ਇਨ੍ਹਾਂ ਫ਼ਕੀਰਾਂ ਦਾ ਉਦੋਂ ਪਤਾ ਲਗਦਾ ਹੈ, ਜਦੋਂ ਫ਼ਰੀਦ ਗੁਰੂ ਨਾਨਕ ਨੂੰ ਮਿਲ ਕੇ ਆਉਂਦਾ ਹੈ।

ਫ਼ਰੀਦ ਬਾਬੇ ਨਾਨਕ ਦਾ ਮੁਰੀਦ ਬਣ ਚੁੱਕਿਆ ਹੈ ਤੇ ਸੱਜਣ ਨੂੰ ਵੀ ਸੱਚਾਈ ਦੇ ਰਸਤੇ ਤੇ ਚੱਲਣ ਲਈ ਕਹਿੰਦਾ ਹੈ ਪਰ ਸੱਜਣ ਇਹ ਮੰਨਣ ਲਈ ਤਿਆਰ ਨਹੀਂ ਤਾਂ ਨਾਟਕਕਾਰ ਨੇ ਇਕ ਪਾਗਲ ਰਾਹੀਂ ਸੱਜਣ ਨੂੰ ਸਿੱਖਿਆ ਦੇਣ ਦੀ ਕੋਸ਼ਿਸ਼ ਕੀਤੀ ਹੈ। ਜਦ ਉਹ ਇਹ ਕਹਿੰਦਾ ਹੈ ਕਿ ਅਸੀਂ ਸਭ ਕੈਦੀ ਹਾਂ। ਪਰ ਸੱਜਣ ਤਾਂ ਆਪਣੀ ਹਉਮੈ ਵਿਚ ਤੇ ਦੌਲਤ ਦੇ ਨਸ਼ੇ ਵਿਚ ਚੂਰ ਕਿਸੇ ਦੀ ਗੱਲ ਵੀ ਸੁਣਨ ਨੂੰ ਤਿਆਰ ਨਹੀਂ, ਸਿੱਖਿਆ ਲੈਣੀ ਤਾਂ ਦੂਰ ਦੀ ਗੱਲ। ਇਸ ਤਰ੍ਹਾਂ ਵਾਰੀ ਵਾਰੀ ਸਾਰੇ ਹੀ ਸੱਜਣ ਦਾ ਸਾਥ ਛੱਡ ਜਾਂਦੇ ਹਨ ਤੇ ਅਮੀਨਾ ਸੱਜਣ ਦੀ ਧੀ ਤੇ ਪਤਨੀ ਹਮੀਦਾ ਬਾਨੋ ਆਉਂਦੀਆਂ ਹਨ। ਇਹ ਦੋਵੇਂ ਹੀ ਸੱਜਣ ਦਾ ਸਾਥ ਛੱਡ ਰਹੀਆਂ ਹਨ ਜੋ ਅਮੀਨਾ ਦੇ ਕਹੇ ਸ਼ਬਦਾਂ ਤੋਂ ਪਤਾ ਲੱਗਦਾ ਹੈ:

ਅਮੀਨਾ: ਅੱਜ ਤੋਂ ਬਾਅਦ ਮੈਂ ਤੈਨੂੰ ਆਪਣਾ ਅੱਬਾ ਨਹੀਂ ਮੰਨਦੀ। ਤੂੰ ਜਲਾਦ ਏਂ। ਤੂੰ ਮੇਰੇ ਨਾਸਿਰ ਨੂੰ ਕਤਲ ਕੀਤਾ। ਤੂੰ ਹਜ਼ਾਰਾਂ ਜਾਨਾਂ ਲਈਆਂ। ਤੇਰੇ ਜਿਹੇ ਜਲਾਦ ਨੂੰ ਜਿੰਦਾ ਰਹਿਣ ਦਾ ਕੋਈ ਹੱਕ ਨਹੀਂ।[20]

ਇਸ ਤਰ੍ਹਾਂ ਸੱਜਣ ਨੂੰ ਇਸ ਨਾਟਕ ਵਿਚ ਕਾਤਲ ਤੇ ਮਾੜਾ ਬੰਦਾ ਦਿਖਾਇਆ ਗਿਆ ਹੈ। ਇਸ ਨੇ ਮਲਿਕਾ ਦੇ ਬਾਪ ਨੂੰ ਮਰਵਾ ਕੇ ਉਸ ਨੂੰ ਜ਼ਲਾਲਤ ਵਿਚ ਧੱਕ ਦਿੱਤਾ ਸੀ ਜੋ ਕਿ ਮਲਿਕਾ ਦੀ ਵਾਰਤਾਲਾਪ ਤੋਂ ਇਸ ਤਰ੍ਹਾਂ ਪਤਾ ਲੱਗਦਾ ਹੈ;

ਮਲਿਕਾ: ਇਸ ਜ਼ਲਾਲਤ ਵਿਚ ਤੁਸੀਂ ਮੈਨੂੰ ਧਕੇਲ ਦਿੱਤਾ ਸੀ। ਮੈਨੂੰ ਹੁਣ ਪਤਾ ਲਗਾ ਹੈ ਕਿ ਤੁਸੀਂ ਹੀ ਮੇਰੇ ਅੱਬਾ ਨੂੰ ਮਰਵਾਇਆ ਸੀ। ਤੁਸੀਂ ਜ਼ਾਲਮ ਹੋ, ਪਾਪੀ ਹੋ।[21]

ਨਾਟਕਕਾਰ ਨੇ ਸੱਜਣ ਨੂੰ ਸੁਪਨਮਈ ਵਾਤਾਵਰਨ ਵਿਚੋਂ ਲੰਘਾਇਆ ਹੈ। ਉਸ ਨੇ ਜਿਹੜੇ ਜਿਹੜੇ ਬੁਰੇ ਕੰਮ ਕੀਤੇ ਸਨ, ਉਹ ਸਾਰੇ ਹੀ ਉਸ ਨੂੰ ਆਣ ਘੇਰਦੇ ਹਨ। ਉਸ ਦੇ ਜੋ ਸਾਥੀ ਸਨ, ਉਹ ਗੁਰੂ ਨਾਨਕ ਦੀ ਸ਼ਰਨ ਪੈ ਕੇ ਪਾਪਾਂ ਤੋਂ ਮੁਕਤੀ ਪਾ ਚੁੱਕੇ ਹਨ। ਸਾਰੇ ਹੀ ਸੱਜਣ ਨੂੰ ਮਾਰਦੇ ਹਨ ਤੇ ਕੱਪੜੇ ਪਾੜ ਦਿੰਦੇ ਹਨ ਤੇ ਨੰਗਾ ਕਰ ਦਿੰਦੇ ਹਨ। ਉਸ ਦਾ ਸਾਥੀ ਜ਼ਲਾਦ ਦਾਊਦ ਉਸ ਨੂੰ ਆਪਣੇ ਨਾਲ ਚੱਲਣ ਲਈ ਕਹਿੰਦਾ ਹੈ ਤੇ ਪਿਛੋਕੜ ਤੋਂ ਆਵਾਜ਼ ਆਉਂਦੀ ਹੈ:

ਨੰਗਾ ਦੋਜਕਿ ਚਾਲਿਆ.....
ਉਹ ਦਿਸੈ ਖਰਾ ਡਰਾਵਣਾ
ਕਰ ਅਉਗਣ ਪਛੋਤਾਵਣਾ।[22]

ਆਖਰ ਤੇ ਜਦ ਸੱਜਣ ਇਕੱਲਾ ਰਹਿ ਜਾਂਦਾ ਹੈ ਤਾਂ ਉਸ ਨੂੰ ਜਾਗ ਆਉਂਦੀ ਹੈ ਭਾਵ ਇਹ ਹਕੀਕਤ ਵਰਗੇ ਖਾਬ ਨੂੰ ਦੇਖ ਕੇ ਸੱਜਣ ਨੂੰ ਸੁਰ੍ਤ ਆਉਂਦੀ ਹੈ। ਇਹ ਨਾਟਕਕਾਰ ਦੀ ਜੁਗਤੀ ਹੈ ਜੋ ਕਿ ਯਥਾਰਥ ਨੂੰ ਸੁਪਨਮਈ ਬਣਾ ਕੇ ਭਾਵ ਸੁਪਨੇ ਨੂੰ ਯਥਾਰਥ ਨਾਲ ਜੋੜ ਕੇ ਇਸ ਨਾਟਕ ਦੀ ਰਚਨਾ ਕੀਤੀ ਹੈ। ਹੁਣ ਸੱਜਣ ਆਪਣੇ ਗੁਨਾਹਾਂ ਨੂੰ ਬਖਸ਼ਾਉਣ ਲਈ ਹਨੇਰੇ ਵਿਚੋਂ ਚਾਨਣ ਦੀ ਭਾਲ ਕਰ ਰਿਹਾ ਹੈ ਚਾਨਣ ਉਸ ਦੇ ਅੱਗੇ ਅੱਗੇ ਚਲਦਾ ਹੈ ਤੇ ਸੱਜਣ ਉਸ ਦੇ ਪਿੱਛੇ ਪਿੱਛੇ ਚਲਦਾ ਹੈ। ਸੱਜਣ ਜਦ ਆਪਣਾ ਮੁਰਸ਼ਦ ਗੁਰੂ ਨਾਨਕ ਨੂੰ ਮੰਨਣ ਲੱਗਦਾ ਹੈ ਤਾਂ ਪਿਛੋਕੜ ਵਿਚੋਂ ਸ੍ਰੀ ਗੁਰੂ ਨਾਨਕ ਦੇਵ ਦੇ ਉਚਾਰੇ ਸ਼ਬਦ ਦੀ ਆਵਾਜ਼ ਆਉਂਦੀ ਹੈ:

ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ।
ਨਾਨਕ ਨਾਮਿ ਸਮਾਲਿ ਤੂੰ ਬੱਧਾ ਛੁਟਹਿ ਜਿਤੁ।[23]

ਇਉਂ ਇਸ ਨਾਟਕ ਦਾ ਨਾਟ-ਵਸਤੂ ਗੁਰੂ ਨਾਨਕ ਦੇਵ ਦੀ ਹਾਜ਼ਰੀ ਦੀ ਬਦੌਲਤ ਹੀ ਸੱਜਣ ਦੀ ਅੰਤਰ ਆਤਮਾ ਨੂੰ ਟੁੰਬਣ ਦੁਆਲੇ ਘੁੰਮਦਾ ਹੈ। ਇਹ ਨਾਟਕ ਸਾਧਾਰਨ ਰੰਗਮੰਚ ਦੀਆਂ ਸੀਮਾਵਾਂ ਨੂੰ ਸਾਹਮਣੇ ਰੱਖ ਕੇ 1969 ਈ: ਵਿਚ ਸ੍ਰੀ ਗੁਰੂ ਨਾਨਕ ਦੇਵ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਲਿਖਿਆ ਗਿਆ ਹੈ ਜੋ ਲੋਕਾਂ ਦੇ ਧਾਰਮਿਕ ਭਾਵਾਂ ਨੂੰ ਤਾਂ ਟੁੰਬਦਾ ਹੈ ਪਰ ਇਤਿਹਾਸਕ ਸੋਝੀ ਵਿਚ ਕੋਈ ਖਾਸ ਵਾਧਾ ਨਹੀਂ ਕਰਦਾ। ਇਸ ਨਾਟਕ ਵਿਚ ਪਾਤਰਾਂ ਦੀ ਗਿਣਤੀ 32 ਹੈ। ਨਾਟਕਕਾਰ ਨੇ ਇਨ੍ਹਾਂ ਪਾਤਰਾਂ ਦੀ ਰੰਗਮੰਚੀ ਪੇਸ਼ਕਾਰੀ ਨੂੰ ਕਠਿਨ ਮੰਨਿਆ ਹੈ। ਭਾਵੇਂ ਇਸ ਨਾਟਕ ਵਿਚ ਸ੍ਰੀ ਗੁਰੂ ਨਾਨਕ ਦੇਵ ਰੰਗਮੰਚ ਤੇ ਪ੍ਰਗਟ ਨਹੀਂ ਹੁੰਦੇ ਪਰ ਫਿਰ ਵੀ ਉਨ੍ਹਾਂ ਦੀ ਹੋਂਦ ਸਾਰੇ ਨਾਟਕ ਦੇ ਕਾਰਜ ਦੌਰਾਨ ਮੌਜੂਦ ਰਹਿੰਦੀ ਹੈ। ਨਾਟਕਕਾਰ ਨੇ ਇਹ ਜੁਗਤ ਵਰਤੀ ਹੈ ਕਿ ਸ਼ੇਖ ਸੱਜਣ ਤੇ ਉਸ ਦੇ ਦੋਸਤ ਫ਼ਰੀਦ ਖ਼ਾਨ ਦੀ ਲੰਬੀ ਗੱਲਬਾਤ ਹੁੰਦੀ ਹੈ ਜਿਸ ਵਿਚ ਫ਼ਰੀਦ ਖ਼ਾਨ ਸੱਜਣ ਨੂੰ ਬੁਰੇ ਕੰਮ ਕਰਨ ਤੋਂ ਰੋਕਦਾ ਹੈ ਤੇ ਕਹਿੰਦਾ ਹੈ ਖ਼ੁਦਾ ਦੇ ਬੰਦੇ ਦਿਲ ਦੇ ਅਮੀਰ ਹੁੰਦੇ ਹਨ ਤਾਂ ਸੱਜਣ ਕਹਿੰਦਾ ਹੈ ਤੂੰ ਇਹੋ ਜਿਹਾ ਕੋਈ ਖ਼ੁਦਾ ਦਾ ਬੰਦਾ ਦੇਖਿਆ ਹੈ। ਇਸ ਨਾਟਕ ਦੇ ਪੰਨਾ ਨੰਬਰ 25 ਤੇ ਫ਼ਰੀਦ ਖ਼ਾਨ ਦੀ ਵਾਰਤਾਲਾਪ ਰਾਹੀਂ ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਅਤੇ ਪ੍ਰਭਾਵ ਨੂੰ ਇਸ ਤਰ੍ਹਾਂ ਨਾਟਕਕਾਰ ਨੇ ਪੇਸ਼ ਕੀਤਾ ਹੈ ਕਿ ਉਨ੍ਹਾਂ ਦੀ ਤਸਵੀਰ ਅੱਖਾਂ ਸਾਹਮਣੇ ਸਪਸ਼ਟ ਹੋ ਜਾਂਦੀ ਹੈ:

ਫ਼ਰੀਦ ਖ਼ਾਨ: ਹਾਂ, ਵੇਖਿਆ ਹੈ, ਉਸ ਦਾ ਨਾਂ ਨਾਨਕ ਹੈ। ਸੁਲਤਾਨਪੁਰ ਵਿਚ ਹਰ ਕੋਈ ਉਸ ਨੂੰ ਜਾਣਦਾ ਹੈ। ਉਹ ਝੂਠ ਤੇ ਪਾਖੰਡ ਦਾ ਦੁਸ਼ਮਣ ਹੈ। ਉਹ ਨੇਕੀ ਦਾ ਪਰਚਾਰ ਕਰਦਾ ਹੈ ਤੇ ਸਚ ਦਾ

ਰਸਤਾ ਦਸਦਾ ਹੈ। ਉਸ ਦੇ ਚਿਹਰੇ ਤੇ ਅਲਾਹੀ ਨੂਰ ਹੈ। ਮੈਂ ਸੱਚ ਕਹਿੰਦਾਂ, ਜੇ ਕਿਧਰੇ ਤੂੰ ਉਸ ਦੇ ਇਕ ਵਾਰ ਦੀਦਾਰ ਕਰ ਲਏਂ, ਖ਼ੁਦਾ ਦੀ ਕਸਮ ਤੂੰ ਆਪੇ ਹੀ ਅੱਗੋਂ ਤੋਂ ਇਸ ਬਦੀ ਦੇ ਰਸਤੇ ਤੇ ਚੱਲਣ ਤੋਂ ਤੋਬਾ ਕਰ ਲਏਂਗਾ।[24]

ਭਾਵੇਂ ਫ਼ਰੀਦ ਖਾਨ ਸੱਜਣ ਦਾ ਦੋਸਤ ਹੈ ਪਰ ਉਹ ਸੱਜਣ ਨੂੰ ਬੁਰੇ ਕੰਮਾਂ ਤੋਂ ਵਰਜਦਾ ਹੈ ਤੇ ਨੇਕੀ ਦੇ ਰਸਤੇ ਤੇ ਚੱਲਣ ਲਈ ਗੁਰੂ ਨਾਨਕ ਦੀ ਸ਼ਰਨ ਲੈਣ ਲਈ ਕਹਿੰਦਾ ਹੈ। ਅੱਗੋਂ ਸੱਜਣ, ਫ਼ਰੀਦ ਖ਼ਾਨ ਨੂੰ ਗੁਰੂ ਨਾਨਕ ਬਾਰੇ ਕਹਿੰਦਾ ਹੈ ਕਿ ਕੋਈ ਮੇਰੇ ਵਰਗਾ ਹੀ ਹੋਵੇਗਾ ਜਿਸ ਨੇ ਤੇਰੇ ਤੇ ਏਨਾ ਅਸਰ ਕੀਤਾ ਹੈ।

ਇਸ ਨਾਟਕ ਵਿਚ ਪਾਤਰਾਂ ਦੀ ਉਸਾਰੀ ਵੀ ਬੜੇ ਪ੍ਰਮਾਣਿਕ ਢੰਗ ਨਾਲ ਕੀਤੀ ਗਈ ਹੈ। ਰੰਗਮੰਚ ਤੇ ਗੁਰੂ ਨਾਨਕ ਦੇਵ ਦੀ ਹੋਂਦ ਤੇ ਵਿਅਕਤੀਤਵ ਦਾ ਅਨੁਭਵ ਦੂਜੇ ਪਾਤਰਾਂ ਦੀ ਵਾਰਤਾਲਾਪ ਰਾਹੀਂ ਹੁੰਦਾ ਹੈ। ਵੱਖ ਵੱਖ ਪਾਤਰ ਆਪਣੇ ਆਪਣੇ ਅੰਦਾਜ਼ ਨਾਲ ਗੁਰੂ ਜੀ ਦੀ ਸ਼ਖ਼ਸੀਅਤ ਬਾਰੇ ਸੱਜਣ ਨੂੰ ਦੱਸਦੇ ਹਨ ਜਿਨ੍ਹਾਂ ਵਿਚੋਂ ਇਬਰਾਹੀਮ ਇਕ ਪਾਤਰ ਹੈ ਜੋ ਸੱਜਣ ਨੂੰ ਗੁਰੂ ਜੀ ਦੀ ਸ਼ਖ਼ਸੀਅਤ ਬਾਰੇ ਇਸ ਤਰ੍ਹਾਂ ਬਿਆਨ ਕਰ ਰਿਹਾ ਹੈ:

ਇਬਰਾਹੀਮ: ਉਸ ਫ਼ਕੀਰ ਦੀ ਸ਼ਖ਼ਸੀਅਤ ਵਿਚ ਸਚ-ਮੁਚ ਕੋਈ ਜਾਦੂ ਹੈ। ਉਸ ਦੇ ਸਾਹਮਣੇ ਜਾਣ ਦੀ ਦੇਰ ਹੈ, ਬੰਦਾ ਸਾਰੇ ਹਥਿਆਰ ਸੁੱਟ ਦਿੰਦਾ ਹੈ। ਉਸ ਦੀ ਤਕਣੀ ਵਿਚ ਜਾਦੂ ਹੈ ਹਜ਼ੂਰ, ਜਾਦੂ।[25]

ਨਾਟਕ ਵਿਚ ਇਤਿਹਾਸਕ ਘਟਨਾਵਾਂ ਦੇ ਕਾਲਕ੍ਰਮ ਅਨੁਸਾਰ ਬਿਆਨ ਕਰਨਾ ਹੀ ਕਾਫ਼ੀ ਨਹੀਂ ਹੁੰਦਾ ਸਗੋਂ ਲੋਕ ਜੀਵਨ ਦੀ ਭਰਪੂਰ ਤਸਵੀਰ ਵੀ

ਪੇਸ਼ ਕਰਨੀ ਜ਼ਰੂਰੀ ਹੁੰਦੀ ਹੈ। ਵਿਰੋਧੀ ਧੜਿਆਂ ਦੇ ਸੰਘਰਸ਼ ਨਾਲ ਸੰਬੰਧਿਤ ਲੋਕਾਂ ਦੀ ਪ੍ਰਤਿਕ੍ਰਿਆ ਦਾ ਹੀ ਮਹੱਤਵ ਹੈ। ਇਤਿਹਾਸਕ ਨਾਟਕ ਵਿਚ ਪਾਤਰਾਂ ਦੀ ਭਾਸ਼ਾ ਉਨ੍ਹਾਂ ਦੀ ਮਨੋਵ੍ਰਿਤੀ ਵੇਲੇ ਦੀ ਛਾਪ ਤੋਂ ਅਛੂਤੀ ਨਹੀਂ ਰਹਿ ਸਕਦੀ। ਵਾਤਾਵਰਨ ਦੇ ਅੰਤਰਗਤ ਕਥਾ ਦੇ ਸਾਰੇ ਬਾਹਰੀ ਉਪਕਰਣ ਉਸ ਦੀ ਯੋਜਨਾ ਵਿਚ ਸਹਾਇਤਾ ਕਰਨ ਵਾਲੇ ਪਾਤਰਾਂ ਦਾ ਆਚਾਰ-ਵਿਹਾਰ, ਰੀਤੀ-ਨੀਤੀ, ਰਹਿਣ-ਸਹਿਣ, ਪ੍ਰਕ੍ਰਿਤਿਕ, ਪਿੱਠਭੂਮੀ ਅਤੇ ਪ੍ਰਸਥਿਤੀਆਂ ਆ ਜਾਂਦੀਆਂ ਹਨ। ਜਿਥੋਂ ਤਕ ਇਤਿਹਾਸਕ ਨਾਟਕ ਦੀ ਭਾਸ਼ਾ ਦਾ ਸੰਬੰਧ ਹੈ ਉਸ ਬਾਰੇ ਕਿਹਾ ਜਾ ਸਕਦਾ ਹੈ ਕਿ ਇਤਿਹਾਸਕ ਨਾਟਕਕਾਰ ਭਾਸ਼ਾ ਦੇ ਪ੍ਰਯੋਗ ਦੇ ਸੰਬੰਧ ਵਿਚ ਜਾਂ ਤਾਂ ਉਸ ਭਾਸ਼ਾ ਦਾ ਪ੍ਰਯੋਗ ਕਰੇਗਾ ਜਿਸ ਸਮੇਂ ਬਾਰੇ ਉਹ ਨਾਟਕ ਲਿਖਿਆ ਗਿਆ ਹੈ ਜਾਂ ਉਸ ਸਮੇਂ ਦੀ ਭਾਸ਼ਾ ਨੂੰ ਵਰਤੋਂ ਵਿਚ ਲਿਆਵੇਗਾ ਜਦੋਂ ਉਹ ਨਾਟਕ ਲਿਖਿਆ ਗਿਆ ਅਤੇ ਜਾਂ ਵਰਤਮਾਨ ਦੀ ਭਾਸ਼ਾ ਦਾ ਪ੍ਰਯੋਗ ਕਰਕੇ ਉਸ ਵਿਚ ਉਸ ਸਮੇਂ ਦੀ ਵੀ ਕੁੱਝ ਸ਼ਬਦਾਵਲੀ ਲੈ ਆਵੇਗਾ ਜਿਸ ਸਮੇਂ ਨੂੰ ਉਸ ਵਿਚ ਚਿਤਰਿਆ ਗਿਆ ਹੈ। ਇਸ ਤਰ੍ਹਾਂ ਨਾਟਕਕਾਰ ਵਾਸਤੇ ਵਧੇਰੇ ਸਫ਼ਲ ਭਾਸ਼ਾ ਉਹੀ ਹੋਵੇਗੀ ਜਿਹੜੀ ਭਾਸ਼ਾ ਪਾਠਕ ਵਰਗ ਦੀ ਹੋਵੇਗੀ। ਇਸ ਦ੍ਰਿਸ਼ਟੀ ਤੋਂ ਇਸ ਨਾਟਕ ਦਾ ਆਲੋਚਨਾਤਮਕ ਅਧਿਐਨ ਕਰਦਿਆਂ ਸਭ ਤੋਂ ਪਹਿਲਾਂ ਕਥਾਨਕ ਦਾ ਅਧਿਐਨ ਜ਼ਰੂਰੀ ਹੈ। ਅਸਲ ਵਿਚ ਤਕਨੀਕ ਦੀ ਦ੍ਰਿਸ਼ਟੀ ਤੋਂ ਨਾਟਕ ਦਾ ਸਭ ਤੋਂ ਮੁਢਲਾ ਤੱਥ ਕਥਾਨਕ ਹੈ। ਨਾਟਕ ਵਿਚ ਕਥਾਨਕ ਨਾਵਾਂ ਥਾਵਾਂ ਅਤੇ ਘਟਨਾਵਾਂ ਨੂੰ ਸੁਨਿਸ਼ਚਿਤਤਾ ਦੇ ਕੇ ਇਕ ਬੱਝਵਾਂ ਪ੍ਰਭਾਵ ਉਸਾਰਨ ਦਾ ਕੰਮ ਕਰਦਾ ਹੈ। ਕਥਾਨਕ ਦੀ ਦ੍ਰਿਸ਼ਟੀ ਤੋਂ ਟੱਕਰ ਨਾਟਕ ਦੀ ਮੂਲ ਚੂਲ ਮੰਨੀ ਜਾਂਦੀ ਹੈ। ਨਾਟਕ ਵਿਚ ਘਟਨਾਵਾਂ ਦੀ ਕਾਂਟ-ਛਾਂਟ ਅਤੇ ਤਰਤੀਬ ਭਾਵ

ਕਥਾ ਦੀ ਵਿਉਂਤਬੰਦੀ ਨੂੰ ਕਥਾਨਕ ਦਾ ਨਾਮ ਦਿੱਤਾ ਗਿਆ ਹੈ ਨਾਟਕ ਵਿਚ ਕਥਾ ਵਸਤੂ ਦੇ ਵਿਕਾਸ ਵਿਚ ਵੱਖ ਵੱਖ ਅਵਸਥਾਵਾਂ, ਆਰੰਭ, ਵਿਕਾਸ, ਸਿਖ਼ਰ, ਉਤਾਰ ਅਤੇ ਅੰਤਰ ਸਹਾਇਕ ਹੁੰਦੀਆਂ ਹਨ। 'ਗੁਰ ਬਿਨ ਘੋਰ ਅੰਧਾਰ' ਨਾਟਕ ਵਿਚ ਇਹ ਸਾਰੇ ਗੁਣ ਮੌਜੂਦ ਹਨ।

ਇਸੇ ਪ੍ਰਕਾਰ ਕਥਾਨਕ ਤੋਂ ਬਾਅਦ ਨਾਟਕ ਦੇ ਤੱਤਾਂ ਵਿਚ ਮਹੱਤਵਪੂਰਨ ਤੱਤ ਪਾਤਰ ਅਤੇ ਪਾਤਰ ਚਿਤਰਨ ਦਾ ਆਉਂਦਾ ਹੈ। ਭਾਵੇਂ ਸਾਰਾ ਗਲਪ ਸਾਹਿਤ ਪਾਤਰਾਂ ਦੁਆਰਾ ਹੀ ਸਿਰਜਿਆ ਜਾਂਦਾ ਹੈ ਪਰ ਨਾਟਕ ਵਿਚ ਰੰਗਮੰਚ ਉਤੇ ਪਾਤਰ ਹੀ ਭੂਮਿਕਾ ਨਿਭਾਉਂਦੇ ਹਨ। ਨਾਟਕ ਵਿਚ ਪਾਤਰਾਂ ਨੇ ਹੀ ਕਥਾਨਕ ਨੂੰ ਦਰਸ਼ਕਾਂ ਸਾਹਮਣੇ ਪੇਸ਼ ਕਰਨਾ ਹੁੰਦਾ ਹੈ। ਨਾਟਕ ਵਿਚ ਪਾਤਰ ਅਸਲ ਜ਼ਿੰਦਗੀ ਵਿਚੋਂ ਜਾਣੇ ਪਛਾਣੇ ਲਏ ਜਾਂਦੇ ਹਨ। ਜਿਹੜੇ ਜਿਉਂਦੇ-ਜਾਗਦੇ, ਹੱਸਦੇ-ਰੋਂਦੇ ਤੇ ਲੜਦੇ-ਝਗੜਦੇ ਵਿਅਕਤੀ ਹੁੰਦੇ ਹਨ। ਜਿਤਨੇ ਪਾਤਰ ਅਸਲ ਜ਼ਿੰਦਗੀ ਦੇ ਨਜ਼ਦੀਕ ਹੋਣਗੇ ਉਤਨੇ ਹੀ ਵੱਧ ਜਾਨਦਾਰ ਹੁੰਦੇ ਹਨ। ਬੇਜਾਨ ਤੇ ਬਨਾਉਟੀ ਪਾਤਰ ਕੱਠਪੁਤਲੀਆਂ ਹੀ ਲੱਗਦੇ ਹਨ। ਨਾਟਕ ਵਿਚ ਪਾਤਰ ਉਸਾਰੀ ਹੀ ਰੋਚਕਤਾ ਪੈਦਾ ਕਰਦੀ ਹੈ। ਨਾਟਕਕਾਰ ਨੇ ਨਾਟਕ ਵਿਚ ਪਾਤਰਾਂ ਰਾਹੀਂ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਨਾ ਹੁੰਦਾ ਹੈ। ਨਾਟਕ ਵਿਚ ਪਾਤਰ ਕੱਚੀ ਸਮੱਗਰੀ ਨਹੀਂ ਹੁੰਦਾ ਸਗੋਂ ਉਸ ਦਾ ਸਿਰਜਿਆ ਜੀਵ ਭਾਵ ਉਪਫਲ ਹੁੰਦਾ ਹੈ। ਇਹ ਨਾਟਕ ਵਿਚੋਂ ਉਸਰਦਾ ਹੈ ਨਾਟਕ ਵਿਚ ਪਾਇਆ ਨਹੀਂ ਜਾਂਦਾ। ਨਾਟਕ 'ਗੁਰ ਬਿਨ ਘੋਰ ਅੰਧਾਰ' ਵਿਚ ਵੀ ਪਾਤਰ ਜਿਉਂਦੇ-ਜਾਗਦੇ ਲਏ ਗਏ ਹਨ ਜਿਨ੍ਹਾਂ ਵਿਚੋਂ ਸੱਜਣ ਠੱਗ ਇਕ ਸ਼ਕਤੀਸ਼ਾਲੀ ਪਾਤਰ ਹੈ ਜਿਸ ਦੇ ਇਰਦ-ਗਿਰਦ ਹੀ ਸਾਰੇ ਪਾਤਰ ਘੁੰਮਦੇ ਹਨ ਕਿਤੇ ਕਿਤੇ ਇਸ ਨਾਟਕ ਵਿਚ ਮਨਬਚਨੀ ਵੀ ਦਿਖਾਈ ਗਈ ਹੈ।

ਨਾਟਕ 'ਗੁਰ ਬਿਨ ਘੋਰ ਅੰਧਾਰ' ਰੰਗਮੰਚ ਦੇ ਪੱਖੋਂ ਸਫ਼ਲ ਨਾਟਕ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਕਈ ਵਾਰ ਸਫ਼ਲਤਾ ਪੂਰਵਕ ਰੰਗਮੰਚ ਤੇ ਖੇਡਿਆ ਜਾ ਚੁੱਕਿਆ ਹੈ।

ਨਾਟਕਕਾਰ ਸੁਰਜੀਤ ਸਿੰਘ ਸੇਠੀ ਨੇ ਇਸ ਨਾਟਕ ਦਾ ਰੰਗਮੰਚੀ ਸੰਚਾਰ ਢੁਕਵਾਂ ਤੇ ਯਥਾਰਥਕ ਪੇਸ਼ ਕੀਤਾ ਹੈ ਜੋ ਪਾਤਰਾਂ ਦੀ ਸਮਾਜਿਕ, ਆਰਥਿਕ, ਸਭਿਆਚਾਰਕ ਤੇ ਮਾਨਸਿਕ ਸਥਿਤੀ ਨੂੰ ਯਥਾਰਥਕ ਰੂਪ ਵਿਚ ਪੇਸ਼ ਕੀਤਾ ਹੈ। ਇਸ ਨਾਟਕ ਵਿਚ ਰੰਗਮੰਚ ਦੇ ਪੱਖ ਤੋਂ ਕੋਈ ਵੀ ਘਟਨਾ ਵਿਸ਼ੇ ਤੋਂ ਅਲੱਗ ਨਹੀਂ ਹੈ ਤੇ ਘਟਨਾਵਾਂ ਸੰਜਮਤਾ ਭਰਪੂਰ ਹਨ ਜੋ ਇਸ ਨਾਟਕ ਨੂੰ ਰੰਗਮੰਚ ਪੱਖੋਂ ਸਫ਼ਲ ਬਣਾਉਂਦੀਆਂ ਹਨ।

'ਗੁਰ ਬਿਨ ਘੋਰ ਅੰਧਾਰ' ਨਾਟਕ ਦੇ ਨਾਟ-ਵਸਤੂ ਨੂੰ ਉਜਾਗਰ ਕਰਨ ਹਿਤ ਇਸ ਦੀ ਵਾਰਤਾਲਾਪ ਇਸ ਦੇ ਵਿਸ਼ੇ ਅਨੁਸਾਰ ਢੁਕਵੀਂ ਹੈ ਤੇ ਵਿਸ਼ੇ ਨੂੰ ਪੇਸ਼ ਕਰਨ ਵਿਚ ਸਫ਼ਲ ਹੋਈ ਹੈ। ਇਸ ਦੀ ਅਸਲ ਵਡਿਆਈ ਇਹ ਹੈ ਕਿ ਇਹ ਰੰਗਮੰਚ ਤੇ ਬੜੀ ਸਫ਼ਲਤਾ ਨਾਲ ਖੇਡਿਆ ਜਾ ਚੁੱਕਿਆ ਹੈ। ਇਸ ਨਾਟਕ ਦਾ ਮੁੱਖ ਮੰਤਵ ਉਸ ਸਮੇਂ ਦੇ ਯਥਾਰਥ ਨੂੰ ਪੇਸ਼ ਕਰਨਾ ਹੈ ਜੋ ਸਮਾਜ ਵਿਚ ਹੋ ਰਿਹਾ ਸੀ ਉਸ ਨੂੰ ਪੇਸ਼ ਕੀਤਾ ਗਿਆ ਹੈ। ਇਸ ਨਾਟਕ ਵਿਚ ਸੱਜਣ ਦੀ ਦੁਨੀਆਂ ਅਸਲ ਵਿਚ ਉਸ ਸਮੇਂ ਦੇ ਸਮਾਜ ਦੀ ਸਮੁੱਚੀ ਤਸਵੀਰ ਸੀ। ਇਸ ਦੇ ਨਾਲ ਨਾਲ ਨਾਟਕਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਦੀ ਸ਼ਖ਼ਸੀਅਤ ਨੂੰ ਉਘਾੜਨ ਦਾ ਯਤਨ ਵੀ ਕੀਤਾ ਹੈ।ਇਸ ਨਾਟਕ ਵਿਚ ਸੱਜਣ ਤੇ ਪਾਗਲ ਦੀ ਵਾਰਤਾਲਾਪ ਰੌਚਕਤਾ ਪੈਦਾ ਕਰਦੀ ਹੈ।ਇਸ ਨਾਟਕ ਵਿਚ ਸੱਜਣ ਠੱਗ ਦੇ ਸਾਰੇ ਹੀ ਸਾਥੀ ਗੁਰੂ ਦੀ ਸ਼ਰਨ ਵਿਚ ਆ ਚੁੱਕੇ ਹਨ ਜੋ ਬਾਅਦ ਵਿਚ ਸ਼ੇਖ ਸੱਜਣ ਵੀ ਹੁਮ-ਹਮਾ ਕੇ ਗੁਰੂ ਜੀ ਦੀ ਸ਼ਰਨ ਵਿਚ

ਆਉਂਦਾ ਹੈ। ਇਸ ਨਾਟਕ ਨੂੰ ਰੰਗਮੰਚ ਤੇ ਪੇਸ਼ ਕਰਨ ਲਈ ਕਈ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪਿਆ ਜੋ ਇਕ ਤਾਂ ਇਸ ਨਾਟਕ ਵਿਚ ਪਾਤਰਾਂ ਦੀ ਬਹੁਤਾਤ ਹੈ, ਦੂਸਰਾ ਗੁਰੂ ਸਾਹਿਬ ਨੂੰ ਅਲੱਗ ਰੂਪ ਵਿਚ ਰੰਗਮੰਚ ਤੇ ਪੇਸ਼ ਨਹੀਂ ਕਰ ਸਕਦੇ ਜੋ ਨਾਟਕਕਾਰ ਨੇ ਪਾਤਰਾਂ ਦੀ ਵਾਰਤਾਲਾਪ ਰਾਹੀਂ ਗੁਰੂ ਸਾਹਿਬ ਦੀ ਸਮੁੱਚੀ ਸ਼ਖ਼ਸੀਅਤ ਨੂੰ ਬਿਆਨ ਕੀਤਾ ਹੈ। ਸਮੁੱਚੇ ਤੌਰ ਤੇ ਇਸ ਨਾਟਕ ਦੇ ਨਾਟ-ਵਸਤੂ ਦਾ ਅਧਿਐਨ ਇਹ ਸਪਸ਼ਟ ਕਰਦਾ ਹੈ ਕਿ ਗੁਰੂ ਨਾਨਕ ਦੇਵ ਦੀ ਚੁੰਬਕੀ ਸ਼ਖ਼ਸੀਅਤ ਨਾਲ ਮਾੜੇ ਬੰਦਿਆਂ ਵਿਚ ਵੀ ਤਬਦੀਲੀ ਆ ਜਾਂਦੀ ਹੈ ਜਿਵੇਂ ਸੱਜਣ ਵਿਚ ਆਈ।

**ਅ) ਗੁਰੂ ਅਰਜਨ ਦੇਵ ਨਾਲ ਸੰਬੰਧਿਤ ਆਤਮਜੀਤ ਰਚਿਤ ਨਾਟਕ 'ਤੱਤੀ ਤਵੀ ਦਾ ਸੱਚ'**

ਨਾਟਕਕਾਰ ਆਤਮਜੀਤ ਨੇ ਸ਼ਹਿਰੀ ਮੱਧ-ਸ਼੍ਰੇਣੀ ਦੇ ਜੀਵਨ ਦੀਆਂ ਵਿਸੰਗਤੀਆਂ ਨੂੰ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਪੇਸ਼ ਕਰਨ ਦੇ ਨਾਲ ਨਾਲ ਸਾਮਿਅਕ ਸਮਾਜਿਕ, ਆਰਥਿਕ, ਸਭਿਆਚਾਰਕ ਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਦੀ ਰਚਨਾ ਵੀ ਕੀਤੀ ਹੈ। ਇਨ੍ਹਾਂ ਨੇ ਐਬਸਰਡ ਸ਼ੈਲੀ ਤੋਂ ਨਾਟਕਾਂ ਦਾ ਆਰੰਭ ਕਰਕੇ ਐਪਿਕ ਥੀਏਟਰ, ਨੁੱਕੜ ਨਾਟਕ, ਬਾਲ ਨਾਟਕ ਆਦਿ ਖੇਤਰਾਂ ਵਿਚ ਵੀ ਸਫ਼ਲਤਾ ਪ੍ਰਾਪਤ ਕੀਤੀ ਹੈ। ਰੰਗਮੰਚ ਦੇ ਖੇਤਰ ਵਿਚ ਅਹਿਮ ਭੂਮਿਕਾ ਨਿਭਾਉਣ ਕਾਰਨ ਇਨ੍ਹਾਂ ਦੇ ਨਾਟਕਾਂ ਨੂੰ 'ਨਿਰਦੇਸ਼ਕ ਦੇ ਨਾਟਕ' ਵੀ ਕਿਹਾ ਜਾਂਦਾ ਹੈ। ਲੇਕਿਨ ਇਸ ਦੇ ਨਾਲ ਨਾਲ ਉਸ ਨੇ ਸਿੱਖ ਧਰਮ ਨਾਲ ਸੰਬੰਧਤ ਨਾਟ-ਰਚਨਾ ਵੀ ਕੀਤੀ ਹੈ। ਆਪਣੇ ਮੁਢਲੇ ਦੌਰ ਵਿਚ ਪਹਿਲਾਂ ਉਸ ਨੇ ਆਪਣੇ ਪਿਤਾ ਐਸ.ਐਸ.ਅਮੋਲ ਨਾਲ ਸਾਂਝੇ ਤੌਰ ਤੇ

'ਅੰਮ੍ਰਿਤਸਰ ਸਿਫ਼ਤੀ ਦਾ ਘਰ' ਰਚਿਆ। ਮੁੜ ਗੁਰੂ ਅਰਜਨ ਦੇਵ ਦੇ ਜੀਵਨ ਨਾਲ ਸੰਬੰਧਿਤ ਨਾਟਕ 'ਤੱਤੀ ਤਵੀ ਦਾ ਸਚੁ' ਲਿਖਿਆ ਜਿਸ ਤੇ ਉਸ ਨੂੰ ਸਾਹਿਤ ਅਕਾਦੇਮੀ ਦਾ ਇਨਾਮ ਮਿਲਿਆ। ਇਸ ਖੋਜ-ਪ੍ਰਬੰਧ ਵਿਚ ਆਤਮਜੀਤ ਦਾ ਨਾਟਕ 'ਤੱਤੀ ਤਵੀ ਦਾ ਸੱਚ' ਨੂੰ ਲਿਆ ਗਿਆ ਹੈ ਜੋ ਸ੍ਰੀ ਗੁਰੂ ਅਰਜਨ ਦੇਵ ਦੀ ਜ਼ਿੰਦਗੀ ਨਾਲ ਸੰਬੰਧਿਤ ਹੈ। ਇਸ ਨਾਟਕ ਵਿਚ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਦੀ ਅਦੁੱਤੀ ਸ਼ਹਾਦਤ ਨੂੰ ਨਾਟ-ਵਸਤੂ ਬਣਾਇਆ ਗਿਆ ਹੈ ਜਿਸ ਸ਼ਹਾਦਤ ਨੇ ਸਿੱਖ ਧਰਮ ਵਿਚ ਸ਼ਹੀਦੀਆਂ ਦਾ ਮੁੱਢ ਬੰਨ੍ਹਿਆ। ਇਉਂ ਗੁਰੂ ਸਾਹਿਬ ਦੀ ਸ਼ਹੀਦੀ ਨਾਲ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੁੰਦੀ ਹੈ। ਸ੍ਰੀ ਗੁਰੂ ਅਰਜਨ ਦੇਵ ਨੇ 12 ਜੂਨ 1606 ਈ: ਨੂੰ ਸਿੱਖ ਧਰਮ ਨੂੰ ਹੋਰ ਪੱਕਿਆਂ ਕਰਨ ਲਈ ਬਲੀਦਾਨ ਦਿੱਤਾ। ਇਸ ਬਲੀਦਾਨ ਨਾਲ ਸੰਬੰਧਿਤ ਉਦੇਸ਼ ਸਮੁੱਚੀ ਕੌਮ ਲਈ ਮਹਾਨਤਾ ਰੱਖਦਾ ਹੈ ਕਿਉਂਕਿ ਜਹਾਂਗੀਰ ਇੱਕ ਕੱਟੜ ਵਿਅਕਤੀ ਸੀ। ਉਸ ਦੇ ਰਾਜ ਕਾਲ ਸਮੇਂ ਧਾਰਮਿਕ ਮਸਲਿਆਂ ਦਾ ਫ਼ੈਸਲਾ ਕੇਵਲ ਦੋ ਗੱਲਾਂ ਉਤੇ ਹੁੰਦਾ ਸੀ ਪਹਿਲਾ ਇਸਲਾਮ ਧਰਮ ਕਬੂਲ ਕਰਨ ਨਾਲ ਤੇ ਦੂਜਾ ਮੌਤ ਦੀ ਸਜ਼ਾ ਨਾਲ। ਗੁਰੂ ਜੀ ਨੂੰ ਜਹਾਂਗੀਰ ਨੇ ਮੁਜੱਦਿਦ ਦੇ ਇਸ਼ਾਰੇ ਤੇ ਦੋ ਲੱਖ ਜੁਰਮਾਨਾ ਕਰ ਦਿੱਤਾ ਤੇ ਨਾ ਭਰਨ ਦੀ ਸੂਰਤ ਵਿਚ ਮੌਤ ਦੀ ਸਜ਼ਾ ਸੁਣਾਈ ਤਾਂ ਸਾਈਂ ਮੀਆਂ ਮੀਰ ਨੇ ਗੁਰੂ ਜੀ ਨੂੰ ਬਚਾਉਣ ਲਈ ਜੁਰਮਾਨੇ ਦਾ ਇੰਤਜ਼ਾਮ ਕਰਨ ਲਈ ਬੇਨਤੀ ਵੀ ਕੀਤੀ ਪਰ ਗੁਰੂ ਸਾਹਿਬ ਨੇ ਮੌਤ ਨੂੰ ਕਬੂਲ ਕਰਕੇ ਉਨ੍ਹਾਂ ਨੂੰ ਜਬਰ-ਜ਼ੁਲਮ ਦੀ ਵਿਰੋਧਤਾ ਕਰਨ ਲਈ ਕਿਹਾ। ਇਸ ਬਿਰਤਾਂਤ ਤੇ ਆਧਾਰਿਤ ਨਾਟਕ 'ਤੱਤੀ ਤਵੀ ਦਾ ਸੱਚ' ਆਤਮਜੀਤ ਦਾ ਸਿੱਖ ਇਤਿਹਾਸ ਨਾਲ ਸੰਬੰਧਿਤ ਇਕ ਧਾਰਮਿਕ ਨਾਟਕ ਹੈ। ਆਤਮਜੀਤ ਨੇ

ਇਸ ਨਾਟਕ ਦੀ ਰਚਨਾ ਗੁਰੂ ਸਾਹਿਬ ਦੀ ਮਹਾਨ ਕੁਰਬਾਨੀ ਦੀ ਇਤਿਹਾਸਕ ਮਹਾਨਤਾ ਨੂੰ ਉਜਾਗਰ ਕਰਨ ਦੇ ਮੰਤਵ ਨਾਲ ਕੀਤੀ ਹੈ। ਉਨ੍ਹਾਂ ਨੇ ਇਸ ਨਾਟਕ ਦੀ ਰਚਨਾ ਸੰਬੰਧੀ ਲਿਖਿਆ ਹੈ:

ਜਦੋਂ ਮੈਂ ਮੁਜੱਦਿਦ ਅਤੇ ਮੀਆਂ ਮੀਰ ਵਿਚਕਾਰਲਾ ਅੰਤਰ ਦੇਖਣਾ ਸ਼ੁਰੂ ਕੀਤਾ ਤਾਂ ਮੈਨੂੰ ਗੁਰੂ ਅਰਜਨ ਦੇਵ ਬਾਰੇ ਨਾਟਕ ਲੱਗਿਆ। ਕਮਾਲ ਦੀ ਗੱਲ ਇਹ ਹੈ ਕਿ ਅੱਜ ਵੀ ਸਾਡੇ ਜੀਵਨ ਵਿਚ ਨਾ ਕੇਵਲ ਚੰਦੂ ਅਤੇ ਪ੍ਰਿਥੀਏ ਵੱਡੀ ਗਿਣਤੀ ਵਿਚ ਮੌਜੂਦ ਹਨ ਸਗੋਂ ਮੁਜੱਦਿਦ ਵੀ ਕਾਇਮ ਹੈ। ਪਰ ਮੁਜੱਦਿਦ ਪਹਿਲਾਂ ਵਾਂਗ ਹੀ ਬੜਾ ਸ਼ਕਤੀਸ਼ਾਲੀ ਹੋ ਰਿਹਾ ਹੈ ਅਤੇ ਮੀਆਂ ਮੀਰ ਪਹਿਲਾਂ ਵਾਂਗ ਹੀ ਕੁਝ ਨਹੀ ਕਰ ਸਕਦਾ। ਵੱਡੇ ਦੁੱਖ ਦੀ ਗੱਲ ਇਹ ਹੈ ਕਿ ਸਾਡੇ ਕੋਲ ਗੁਰੂ ਅਰਜਨ ਵਰਗੀ ਤਾਂ ਕੀ ਉਨ੍ਹਾਂ ਦੇ ਨੇੜੇ ਤੇੜੇ ਪੁੱਜਣ ਵਾਲੀ ਕੋਈ ਵੀ ਸ਼ਖ਼ਸੀਅਤ ਨਹੀਂ ਹੈ। ਮੈਂ ਇਸੇ ਪ੍ਰਸੰਗ ਵਿਚ ਆਪਣੇ ਇਸ ਨਾਟਕ 'ਤੱਤੀ ਤਵੀ ਦਾ ਸੱਚ' ਦਾ ਮਹੱਤਵ ਦੇਖਦਾ ਹਾਂ।[26]

ਸ੍ਰੀ ਗੁਰੂ ਅਰਜਨ ਦੇਵ ਦੀ ਸ਼ਹੀਦੀ ਪਿੱਛੇ ਇਕ ਬਹੁਤ ਵੱਡੀ ਰਾਜਨੀਤਿਕ ਸਾਜਿਸ਼ ਸੀ। ਚੰਦੂ ਤੇ ਪ੍ਰਿਥੀਆ ਤਾਂ ਇਕ ਹਥਿਆਰ ਵਾਂਗ ਹੀ ਵਰਤੇ ਗਏ ਸਨ। ਇਸ ਸ਼ਹੀਦੀ ਨੂੰ ਅੰਜਾਮ ਦੇਣ ਪਿੱਛੇ ਨਕਸ਼ਬੰਦੀ ਸੂਫ਼ੀ ਮੱਤ ਦੇ ਅਨੁਆਈ ਮੁਜੱਦਿਦ ਦੀ ਇਸਲਾਮੀ ਕਟੱੜਤਾ ਸੀ ਜੋ ਗੁਰੂ ਸਾਹਿਬ ਦੀ ਮਹਿਮਾ ਤੇ ਸਿੱਖ ਮੱਤ ਦੇ ਪਸਾਰ ਨੂੰ ਬਰਦਾਸ਼ਤ ਨਾ ਕਰ ਸਕਿਆ ਤੇ ਅਕਬਰ ਤੋਂ ਬਾਅਦ ਉਸ ਦੇ ਪੁੱਤਰ ਜਹਾਂਗੀਰ ਨੂੰ ਰਾਜਗੱਦੀ ਤੇ ਬਿਠਾਉਣ ਵਿਚ ਸਫ਼ਲ ਹੋਇਆ ਜਦ ਕਿ ਅਕਬਰ ਆਪਣੇ ਪੋਤਰੇ ਖੁਸਰੋ, ਜੋ ਜਹਾਂਗੀਰ ਦਾ ਪੁੱਤਰ ਸੀ, ਨੂੰ ਰਾਜਗੱਦੀ ਸੌਂਪਣਾ ਚਾਹੁੰਦਾ ਸੀ। ਇਸ ਲਈ ਇਹ ਨਾਟਕ ਕਿਸੇ ਨਾਲ ਧਾਰਮਿਕ ਦ੍ਰਿਸ਼ਟੀ ਤੋਂ ਘਿਰਣਾ ਤੇ ਪੱਖਪਾਤ ਨਾ ਕਰਨ

ਅਤੇ ਹਰੇਕ ਜੀਵ ਵਿਚੋਂ ਪਰਮਾਤਮਾ ਦਾ ਰੂਪ ਦੇਖਣ ਦੀ ਸਿੱਖਿਆ ਦਿੰਦਾ ਹੈ। ਇਉਂ ਇਹ ਅਨਿਆਂ ਨੂੰ ਨਿੰਦਣ ਵਾਲਾ ਨਾਟਕ ਹੈ।ਇਸ ਵਿਚ ਗੁਰੂ ਸਾਹਿਬ ਦੀ ਸ਼ਹੀਦੀ ਵਾਲੀ ਘਟਨਾ ਸਾਨੂੰ ਫਿਰਕਾਪ੍ਰਸਤ ਬਣਨ ਦੀ ਬਜਾਏ ਮਾਨਵਵਾਦੀ ਬਣਨ ਦਾ ਰਾਹ ਦਿਖਾਉਣ ਹਿਤ ਵਿਸ਼ਾਲ ਅਰਥਾਂ ਦੀ ਲਖਾਇਕ ਸਿੱਧ ਹੁੰਦੀ ਹੈ।

'ਤੱਤੀ ਤਵੀ ਦਾ ਸੱਚ' ਨਾਟਕ ਦਾ ਨਾਟ-ਵਸਤੂ ਸਿੱਖ ਇਤਿਹਾਸ ਦੇ ਮਹੱਤਵਪੂਰਨ ਕਾਂਡ ਨਾਲ ਸੰਬੰਧਿਤ ਹੈ। ਨਾਟਕਕਾਰ ਆਤਮਜੀਤ ਨੇ ਇਸ ਵਿਚ ਸ੍ਰੀ ਗੁਰੂ ਅਰਜਨ ਦੇਵ ਦੀ ਸ਼ਹੀਦੀ ਦੇ ਕਾਰਨਾਂ ਮੁਜੱਦਿਦ ਦੀ ਕੱਟੜ ਧਰਮ ਨੀਤੀ ਤੇ ਜਹਾਂਗੀਰ ਦਾ ਪਿੱਛਲੱਗੂਪੁਣਾ, ਲਾਹੌਰ ਵਿਚ ਵੱਸਦੇ ਲੋਕਾਂ ਅਤੇ ਸਾਈਂ ਮੀਆਂ ਮੀਰ ਦਾ ਗੁਰੂ ਜੀ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋਣਾ, ਚੰਦੂ ਤੇ ਪ੍ਰਿਥੀਏ ਦਾ ਗੁਰੂ ਪ੍ਰਤੀ ਰਵੱਈਆ ਨਾਕਰਾਤਮਕ ਹੋਣਾ, ਬਾਲ ਗੁਰੂ ਹਰਗੋਬਿੰਦ ਨੂੰ ਦਾਈ ਦੁਆਰਾ ਜ਼ਹਿਰ ਦੇਣ ਦੀ ਅਸਫ਼ਲ ਕੋਸ਼ਿਸ਼, ਕਮਲਾ ਤੇ ਸਿਆਣਾ ਪਾਤਰਾਂ ਰਾਹੀਂ ਨਾਟਕ ਨੂੰ ਅੱਗੇ ਤੋਰਨਾ, ਪ੍ਰਿਥੀਏ ਤੇ ਕਰਮੋ ਦੁਆਰਾ ਮਸੰਦਾਂ ਨੂੰ ਆਪਣੇ ਹੱਕ ਵਿਚ ਤੋਰਨਾ ਆਦਿ ਸਿੱਖ ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ ਨੂੰ ਇਸ ਨਾਟਕ ਦਾ ਵਿਸ਼ਾ ਬਣਾਇਆ ਹੈ। ਇਸ ਨਾਟਕ ਵਿਚ ਜਹਾਂਗੀਰ ਦੀ ਕੱਟੜ ਨੀਤੀ ਦਾ ਜ਼ਿਕਰ ਕਰਦਿਆਂ ਉਸ ਸਮੇਂ ਦੀ ਸਮਾਜਿਕ ਅਵਸਥਾ ਨੂੰ ਨਾਟਕਕਾਰ ਨੇ ਪੇਸ਼ ਕੀਤਾ ਹੈ ਤੇ ਇਹ ਵੀ ਦੱਸਿਆ ਹੈ ਕਿ ਉਸ ਸਮੇਂ ਕੋਈ ਵੀ ਸ਼ਕਤੀ ਜਹਾਂਗੀਰ ਦੇ ਜ਼ੁਲਮ ਦਾ ਟਾਕਰਾ ਕਰਨ ਲਈ ਤੇ ਉਸ ਨੂੰ ਵੰਗਾਰਨ ਲਈ ਤਿਆਰ ਨਹੀਂ ਸੀ। ਸ੍ਰੀ ਗੁਰੂ ਅਰਜਨ ਦੇਵ ਨੇ ਬਾਦਸ਼ਾਹ ਦੀ ਸ਼ਰਤ ਅਨੁਸਾਰ ਕਰਾਮਾਤ ਦਿਖਾ ਕੇ ਜਾਂ ਦੀਨ ਇਸਲਾਮ ਕਬੂਲ ਕਰਕੇ ਆਪਣੀ ਜਾਨ ਨਹੀਂ ਬਖਸ਼ਾਈ ਸਗੋਂ ਧਰਮ ਦੀ ਆਨ-ਸ਼ਾਨ ਤੇ ਸੱਚਾਈ ਦੀ ਖਾਤਰ ਆਪਣੀ ਕੁਰਬਾਨੀ ਦਿੱਤੀ।

ਗੁਰੂ ਅਰਜਨ ਦੇਵ ਨੂੰ ਸ਼ਹੀਦ ਕਰਨ ਦਾ ਮਨਸੂਬਾ ਜਹਾਂਗੀਰ ਦੇ ਰਾਜ ਭਾਗ ਸੰਭਾਲਣ ਤੋਂ ਪਹਿਲਾਂ ਦਾ ਬਣ ਚੁੱਕਿਆ ਸੀ ਜੋ ਮੁਜੱਦਿਦ ਨੇ ਉਸ ਕੋਲੋਂ ਇਹ ਪ੍ਰਣ ਲੈ ਲਿਆ ਸੀ। ਇਸ ਪੱਖੋਂ ਪ੍ਰਸਿੱਧ ਵਿਦਵਾਨ ਕਪੂਰ ਸਿੰਘ ਆਈ.ਸੀ.ਐਸ. ਦੀ ਪੁਸਤਕ 'ਸਾਚੀ ਸਾਖੀ' ਗੁਰੂ ਅਰਜਨ ਦੇਵ ਦੀ ਸ਼ਹਾਦਤ ਨੂੰ ਸਮਝਣ ਵਿਚ ਬਹੁਤ ਵੱਡੀ ਭੂਮਿਕਾ ਅਦਾ ਕਰਦੀ ਹੈ। ਇਸ ਦਾ ਜ਼ਿਕਰ ਨਾਟਕਕਾਰ ਨੇ ਆਪਣੇ ਨਾਟਕ ਦੇ 'ਲੇਖਕ ਵੱਲੋਂ' ਕਹੇ ਸ਼ਬਦਾਂ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ:

ਗੁਰੂ ਅਰਜਨ ਨੂੰ ਇਉਂ ਸ਼ਹੀਦ ਕਰਨ ਦਾ ਇਹ ਕਾਰਾ ਅਸਲ ਵਿਚ ਮੁਜੱਦਿਦ ਨੇ ਹੀ ਕਰਵਾਇਆ ਸੀ, ਇਸ ਵਿਚ ਨਾ ਸੰਸੈ ਹੈ, ਨਾ ਸੰਦੇਹ ਅਤੇ ਜਹਾਂਗੀਰ ਦੇ ਰਾਜ ਭਾਗ ਸੰਭਾਲਣ ਤੋਂ ਪਹਿਲਾਂ ਹੀ ਮੁਜੱਦਿਦ ਨੇ ਜਹਾਂਗੀਰ ਕੋਲੋਂ ਇਹ ਪ੍ਰਣ ਲੈ ਲਿਆ ਸੀ ਕਿ ਉਹ ਗੁਰੂ ਕੇਂਦਰਿਤ ਸਮਾਜ ਪ੍ਰਚਾਰਣ ਵਾਲੇ ਸਿੱਖ ਮੱਤ ਦਾ ਖੁਰਾ-ਖੋਜ ਮਿਟਾ ਦੇਵੇਗਾ। ਜਹਾਂਗੀਰ ਆਪਣੇ ਤੋਜ਼ਿਕ ਵਿਚ ਜਦ ਕਹਿੰਦਾ ਹੈ ਕਿ ਬੜੇ ਚਿਰ ਤੋਂ ਮੇਰਾ ਵਿਚਾਰ ਸੀ ਕਿ ਇਸ ਝੂਠ ਦੀ ਦੁਕਾਨ (ਸਿੱਖ-ਮੱਤ) ਨੂੰ ਢਹਿ ਢੇਰੀ ਕਰਾਂ ਯਾ ਗੁਰੂ ਨੂੰ ਇਸਲਾਮੀਆਂ ਦੇ ਟੋਲੇ ਵਿਚ ਸ਼ਾਮਲ ਕਰ ਲਵਾਂ ਤਾਂ ਉਸਦਾ ਸੰਕੇਤ ਇਸ ਪ੍ਰਣ ਵੱਲ ਸੀ ਜੋ ਕਿ ਉਸ ਨੇ ਮੁਜ਼ੱਦਦ ਨੂੰ ਅਕਬਰ ਦੀ ਮੌਤ ਤੋਂ ਪਹਿਲਾਂ ਹੀ ਦਿੱਤਾ ਹੋਇਆ ਸੀ। [27]

ਨਾਟਕਕਾਰ ਨੇ ਜਿੱਥੇ ਗੁਰੂ ਅਰਜਨ ਦੇਵ ਪ੍ਰਤੀ ਲੋਕਾਂ ਦੀ ਸ਼ਰਧਾ ਨੂੰ ਬਿਆਨ ਕੀਤਾ ਹੈ ਉੱਥੇ ਹਕੂਮਤ ਦੀ ਧਰਮ ਪ੍ਰਤੀ ਕੱਟੜਤਾ ਨੂੰ ਵੀ ਦਿਖਾਇਆ ਹੈ। ਅਕਬਰ ਦੀ ਮੌਤ ਤੋਂ ਬਾਅਦ ਜਹਾਂਗੀਰ ਨੇ ਹਿੰਦੁਸਤਾਨ ਵਿਚ ਇਸਲਾਮ ਧਰਮ ਦਾ ਪ੍ਰਚਾਰ ਅਤੇ ਫੈਲਾਅ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ 'ਤੁਜ਼ਕੇ ਜਹਾਂਗੀਰੀ' ਵਿਚ ਗੁਰੂ ਸਾਹਿਬ ਬਾਰੇ ਲਿਖਿਆ ਹੈ ਜੋ

ਨਾਟਕਕਾਰ ਨੇ ਉਸ ਨੂੰ ਨਾਟਕ ਵਿੱਚ ਪਿੱਠਭੂਮੀ ਰਾਹੀਂ ਇਸ ਤਰ੍ਹਾਂ ਪੇਸ਼ ਕੀਤਾ ਹੈ :

ਆਵਾਜ਼ : ਪੀਰਾਂ-ਫ਼ਕੀਰਾਂ ਦੇ ਭੇਸ ਵਿਚ ਅਰਜਨ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਤੇ ਕਈ ਬੇਸਮਝ ਮੂਰਖ ਮੁਸਲਮਾਨਾਂ ਨੂੰ ਆਪਣੇ ਸਿਦਕੀ ਬਣਾਇਆ ਹੋਇਆ ਸੀ। ਉਸ ਨੇ ਆਪਣੀ ਪੀਰੀ ਦਾ ਉੱਚਾ ਢੋਲ ਵਜਾਇਆ। ਆਸ-ਪਾਸ ਦੇ ਮੂਰਖ ਲੋਕ ਉਸ ਨੂੰ ਗੁਰੂ ਆਖਦੇ ਤੇ ਉਹਦੇ ਦੁਆਲੇ ਆ ਜੁੜਦੇ। ਮੁੱਦਤਾਂ ਤੋਂ ਮੇਰੇ ਦਿਲ ਵਿਚ ਖਿਆਲ ਆਉਂਦਾ ਸੀ ਕਿ ਜਾਂ ਤਾਂ ਇਹ ਝੂਠ ਦੀ ਦੁਕਾਨ ਬੰਦ ਕਰਾਂ ਤੇ ਜਾਂ ਉਸ ਨੂੰ ਮੁਸਲਮਾਨ ਬਣਾਵਾਂ।[28]

ਇਸ ਨਾਟਕ ਦੇ ਪਿਛੋਕੜ ਵਿਚ ਪਿਆ ਨਾਟਕ ਦਾ ਪਲਾਟ ਇਤਿਹਾਸਕ ਹੈ। ਨਾਟਕਕਾਰ ਨੇ ਇਸ ਨੂੰ ਇਕ ਨਿਵੇਕਲੇ ਢੰਗ ਨਾਲ ਪੇਸ਼ ਕੀਤਾ ਹੈ। ਸਾਰਾ ਨਾਟਕ ਪੱਚੀ ਦ੍ਰਿਸ਼ਾਂ ਵਿਚ ਵੰਡਿਆ ਹੋਇਆ ਹੈ। ਪਹਿਲੇ ਦ੍ਰਿਸ਼ ਵਿਚ ਗੁਰੂ ਸਾਹਿਬ ਨੂੰ ਕਤਲ ਕੀਤਾ ਜਾ ਚੁੱਕਿਆ ਹੈ ਜੋ ਜਹਾਂਗੀਰ ਆਪਣੀ 'ਤੁਜ਼ਕੇ ਜਹਾਂਗੀਰੀ' ਵਿਚ ਗੁਰੂ ਸਾਹਿਬ ਦੁਆਰਾ ਸਿੱਖੀ ਦੇ ਪ੍ਰਚਾਰ ਨੂੰ ਝੂਠ ਦੀ ਦੁਕਾਨ ਦੱਸਦਾ ਹੈ ਜੋ ਕਿ ਇਸ ਨੂੰ ਇਕ ਆਵਾਜ਼ ਰਾਹੀਂ ਪੇਸ਼ ਕੀਤਾ ਗਿਆ ਹੈ।

ਦੂਜਾ ਦ੍ਰਿਸ਼ ਕਮਲੇ ਤੇ ਸਿਆਣੇ ਰਾਹੀਂ ਗੁਰੂ ਸਾਹਿਬ ਦੇ ਸੱਚ ਨੂੰ ਬਿਆਨ ਕਰਦਾ ਹੈ ਤੇ ਜਹਾਂਗੀਰ ਨੂੰ ਤੇ ਉਸ ਦੀ ਪਤਨੀ ਨੂਰਜਹਾਂ ਨੂੰ ਝੂਠ ਬਿਆਨ ਕਰਦਾ ਹੈ। ਇਸ ਦ੍ਰਿਸ਼ ਵਿਚ ਵਾਰਤਾਲਾਪ ਜ਼ਿਆਦਾ ਰੋਚਕ ਤੇ ਹਾਸਰਸੀ ਹੈ ਜਿਸ ਵਿਚ ਕਮਲਾ ਤੇ ਸਿਆਣਾ ਜਹਾਂਗੀਰ ਨੂੰ ਤਾਸ਼ ਦਾ

ਬਾਦਸ਼ਾਹ ਤੇ ਉਸ ਦੀ ਪਤਨੀ ਨੂਰਜਹਾਂ ਨੂੰ ਤਾਸ਼ ਦੀ ਬੇਗਮ ਬਿਆਨ ਕਰਦੇ ਹਨ।

ਤੀਜਾ ਦ੍ਰਿਸ਼ ਗੁਰੂ ਦੀ ਬਾਣੀ ਨਾਲ ਭਰਪੂਰ ਹੈ ਜਿਸ ਵਿਚ ਰਾਗੀ ਗੁਰਬਾਣੀ ਦਾ ਕੀਰਤਨ ਕਰ ਰਹੇ ਹਨ। ਚੌਥਾ ਦ੍ਰਿਸ਼ ਸ੍ਰੀ ਗੁਰੂ ਅਰਜਨ ਦੇਵ ਦੇ ਵੱਡੇ ਭਰਾ ਪ੍ਰਿਥੀਆ ਤੇ ਉਸ ਦੀ ਪਤਨੀ ਕਰਮੋ ਵਿਚਕਾਰ ਗੁਰਗੱਦੀ ਪ੍ਰਤੀ ਸਾੜਾ ਹੈ ਜਿਸ ਵਿਚ ਜਾਇਦਾਦ ਨੂੰ ਪ੍ਰਾਪਤ ਕਰਨ ਦੇ ਮਨਸੂਬੇ ਹਨ ਤੇ ਮਸੰਦਾਂ ਨੂੰ ਆਪਣੇ ਹੱਕ ਵਿਚ ਕਰਨ ਦੀ ਗੱਲ ਕਹੀ ਗਈ ਹੈ ਤੇ ਇਹ ਵੀ ਸੱਚਾਈ ਪੇਸ਼ ਕੀਤੀ ਗਈ ਹੈ ਕਿ ਗੁਰੂ ਸਾਹਿਬ ਨੇ ਆਪਣੀ ਸਾਰੀ ਜਾਇਦਾਦ ਪ੍ਰਿਥੀਏ ਦੇ ਨਾਮ ਲਗਵਾ ਦਿੱਤੀ ਸੀ। ਪੰਜਵਾਂ ਦ੍ਰਿਸ਼ ਰਾਗੀਆਂ ਦੁਆਰਾ ਕੀਰਤਨ ਨਾਲ ਭਰਪੂਰ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਜਦੋਂ ਬੰਦੇ ਤੇ ਮੁਸ਼ਕਲ ਬਣਦੀ ਹੈ ਤਾਂ ਅੰਗ ਸਾਕ ਸਾਰੇ ਭੱਜ ਜਾਂਦੇ ਹਨ ਤੇ ਆਖਰ ਵੇਲੇ ਪਾਰਬ੍ਰਹਮ ਹੀ ਬੰਦੇ ਦਾ ਸਹਾਈ ਹੁੰਦਾ ਹੈ। ਛੇਵਾਂ ਦ੍ਰਿਸ਼ ਪ੍ਰਿਥੀਏ ਤੇ ਉਸਦੀ ਪਤਨੀ ਕਰਮੋ ਦੁਆਰਾ ਗੁਰੂ ਘਰ ਦੇ ਮਸੰਦਾਂ ਨੂੰ ਲਾਲਚ ਦੇਣ ਤੇ ਆਪਣੇ ਵੱਸ ਵਿਚ ਕਰਨ ਦੇ ਅਸਫ਼ਲ ਯਤਨ ਹਨ। ਸੱਤਵਾਂ ਦ੍ਰਿਸ਼ ਕਮਲੇ ਤੇ ਸਿਆਣੇ ਦੀ ਵਾਰਤਾਲਾਪ ਨਾਲ ਉਭਰਦਾ ਹੈ ਜਿਸ ਵਿਚ ਪ੍ਰਿਥੀਏ ਦੀ ਤੰਗਦਿਲੀ ਬਾਰੇ ਬਿਆਨ ਕੀਤਾ ਗਿਆ ਹੈ। ਇਸ ਵਿਚ ਇਹ ਵੀ ਦੱਸਿਆ ਹੈ ਕਿ ਦਾਈ ਨੂੰ ਰਿਸ਼ਵਤ ਦੇ ਕੇ ਬਾਲ ਗੁਰੂ ਹਰਗੋਬਿੰਦ ਨੂੰ ਮਰਵਾਉਣ ਦੀ ਕੋਸ਼ਿਸ਼ ਕੀਤੀ ਗਈ ਸੀ।

ਅੱਠਵੇਂ ਦ੍ਰਿਸ਼ ਵਿਚ ਗੁਰੂ ਘਰ ਦੇ ਦੋ ਸਿੰਘਾਂ ਤੇ ਦਾਈ ਵਿਚਕਾਰ ਗੱਲਬਾਤ ਹੁੰਦੀ ਹੈ। ਦਾਈ ਪ੍ਰਿਥੀਏ ਦੁਆਰਾ ਪੈਸਿਆਂ ਦੇ ਲਾਲਚ ਵਿਚ ਆ ਕੇ ਬਾਲ ਗੁਰੂ ਨੂੰ ਮਾਰਨਾ ਚਾਹੁੰਦੀ ਸੀ। ਸਿੰਘਾਂ ਨੇ ਉਸ ਨੂੰ ਫੜ ਕੇ ਪ੍ਰਿਥੀਏ ਦੇ ਬਾਕੀ ਮਨਸੂਬਿਆਂ ਨੂੰ ਜਾਣ ਕੇ ਅਸਫ਼ਲ ਕੀਤਾ। ਨੌਵੇਂ ਦ੍ਰਿਸ਼

ਵਿਚ ਗੁਰੂ ਦੀ ਮਹਿਮਾ ਵਿਚ ਗਾਇਿਆ ਹੋਇਆ ਕੋਰਸ ਗੀਤ ਹੈ। ਦਸਵੇਂ ਦ੍ਰਿਸ਼ ਵਿਚ ਚੰਦੂ ਤੇ ਪ੍ਰਿਥੀਆ ਅਕਬਰ ਬਾਦਸ਼ਾਹ ਕੋਲ ਗੁਰੂ ਸਾਹਿਬ ਬਾਰੇ ਝੂਠੀਆਂ ਤੋਹਮਤਾਂ ਲਗਾਉਂਦੇ ਹਨ। ਗਿਆਰਵੇਂ ਦ੍ਰਿਸ਼ ਵਿਚ ਕਮਲੇ ਤੇ ਸਿਆਣੇ ਵਿਚ ਆਪਸੀ ਗੱਲ ਬਾਤ ਰਾਹੀਂ ਵਾਰਤਾਲਾਪ ਹੈ ਜੋ ਕਿ ਸਿਆਣਾ ਜਹਾਂਗੀਰ ਤੋਂ ਗੱਲ ਸ਼ੁਰੂ ਕਰਨੀ ਚਾਹੁੰਦਾ ਹੈ ਪਰ ਕਮਲਾ ਬਦੋ-ਬਦੀ ਅਕਬਰ ਤੋਂ ਸ਼ੁਰੂ ਕਰਦਾ ਹੈ।

ਬਾਰ੍ਹਵੇਂ ਦ੍ਰਿਸ਼ ਵਿਚ ਅਕਬਰ ਬਹੁਤ ਵਿਸਮਾਦ ਵਿਚ ਹੈ ਉਸ ਨੂੰ ਕਾਤਬ, ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਦੇ ਉਚਾਰੇ ਸ਼ਬਦ ਪੜ੍ਹ ਕੇ ਸੁਣਾ ਰਿਹਾ ਹੈ ਤੇ ਅਕਬਰ ਦੁਆਰਾ ਹੁਕਮ ਕੀਤਾ ਗਿਆ ਕਿ ਇਨ੍ਹਾਂ ਨੂੰ ਸਰਕਾਰੀ ਖ਼ਜਾਨੇ ਵਿਚੋਂ ਖਿਲਤਾਂ ਤੇ ਤੋਹਫ਼ੇ ਦਿੱਤੇ ਜਾਣ, ਨਾਲ ਇਹ ਵੀ ਕਹਿੰਦਾ ਹੈ ਕਿ ਉਹ ਖ਼ੁਦ ਇਨ੍ਹਾਂ ਦੇ ਮੁਰਸ਼ਦ ਦੇ ਦਰਸ਼ਨਾਂ ਨੂੰ ਜਾਵੇਗਾ।

ਤੇਰ੍ਹਵੇਂ ਕਾਂਡ ਵਿਚ ਕਮਲਾ ਤੇ ਸਿਆਣਾ ਪਾਤਰ ਆਪਸੀ ਗੱਲਬਾਤ ਕਰਦੇ ਹਨ ਤੇ ਸਿਆਣਾ ਚੰਦੂ ਤੇ ਪ੍ਰਿਥੀਏ ਨੂੰ ਗੁਰੂ ਜੀ ਦੀ ਸ਼ਹੀਦੀ ਦਾ ਕਾਰਨ ਦੱਸਦਾ ਹੈ ਤੇ ਕਮਲਾ ਪਾਤਰ ਇਸ ਪਿੱਛੇ ਲੁੱਕੇ ਸੱਚ ਵੱਲ ਇਸ਼ਾਰਾ ਕਰਦਾ ਹੈ। ਚੌਦਵਾਂ ਦ੍ਰਿਸ਼ ਵਿਚ ਮੁਜੱਦਿਦ ਤੇ ਫ਼ਰੀਦ ਬੁਖਾਰੀ ਵੱਲੋਂ ਜਹਾਂਗੀਰ ਨੂੰ ਰਾਜਗੱਦੀ ਤੇ ਬਿਠਾਉਣ ਦੇ ਅਤੇ ਉਸ ਦੁਆਰਾ ਗੁਰੂ ਅਰਜਨ ਦੇਵ ਨੂੰ ਖ਼ਤਮ ਕਰਨ ਦੇ ਘੜੇ ਜਾ ਰਹੇ ਮਨਸੂਬੇ ਦੀ ਪੇਸ਼ਕਾਰੀ ਨਾਲ ਸੰਬੰਧਿਤ ਹੈ ਜਿਸ ਦਾ ਮਕਸਦ ਇਹ ਹੈ ਕਿ ਇਸਲਾਮ ਧਰਮ ਨੂੰ ਸਾਰੇ ਹਿੰਦੁਸਤਾਨ ਵਿਚ ਲਾਗੂ ਕੀਤਾ ਜਾ ਸਕੇ। ਪੰਦਰਵੇਂ ਦ੍ਰਿਸ਼ ਵਿਚ ਕਮਲਾ ਤੇ ਸਿਆਣਾ ਪਾਤਰ ਦੀ ਵਾਰਤਾਲਾਪ ਰਾਹੀਂ ਨਾਟਕਕਾਰ ਨੇ ਰਾਜਨੀਤੀਵਾਨਾਂ ਦੀ ਨੀਤੀ ਨੂੰ ਨੰਗਿਆ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ

ਇਨ੍ਹਾਂ ਦਾ ਬਿਆਨ ਹੋਰ ਹੁੰਦਾ ਹੈ ਤੇ ਇਹ ਕਰਦੇ ਕੁੱਝ ਹੋਰ ਹਨ। ਸੋਲ੍ਹਵੇਂ ਦ੍ਰਿਸ਼ ਵਿਚ ਨਾਟਕਕਾਰ ਨੇ ਮਸੰਦਾਂ ਦੀ ਆਪਸੀ ਗੱਲਬਾਤ ਰਾਹੀਂ ਦੱਸਿਆ ਹੈ ਕਿ ਕਿਵੇਂ ਗੁਰੂ ਘਰ ਦੇ ਮਸੰਦਾਂ ਨੂੰ ਪ੍ਰਿਥੀਏ ਨੇ ਲਾਲਚ ਵੱਸ ਕਰ ਲਿਆ ਸੀ ਪਰ ਕੁੱਝ ਗੁਰੂ ਘਰ ਦੇ ਪੱਕੇ ਮਸੰਦ ਸਨ ਜਿਨ੍ਹਾਂ ਨੂੰ ਉਹ ਭਰਮਾ ਨਾ ਸਕਿਆ। ਇਸ ਤੋਂ ਇਲਾਵਾ ਗੁਰੂ ਰਾਮਦਾਸ ਜੀ ਦੁਆਰਾ ਪ੍ਰਿਥੀਏ ਤੇ ਗੁਰੂ ਅਰਜਨ ਦੇਵ ਵਿਚੋਂ ਗੁਰਿਆਈ ਦੇਣ ਬਾਰੇ ਕਿਵੇਂ ਪਰਖ ਕੀਤੀ ਤੇ ਤੀਜਾ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਤੇ ਚਹੁੰ ਵਰਨਾਂ ਦਾ ਸਾਂਝਾ ਮੰਦਿਰ ਹੋਣ ਬਾਰੇ ਦੱਸਿਆ ਗਿਆ ਹੈ। ਸਤਾਰ੍ਹਵੇ ਦ੍ਰਿਸ਼ ਵਿਚ ਸਿਆਣਾ ਅਤੇ ਕਮਲਾ ਪਾਤਰ ਦੀ ਵਾਰਤਾਲਾਪ ਰਾਹੀਂ ਨਾਟਕਕਾਰ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਗੁਰੂ ਸਾਹਿਬ ਦੀ ਵਧਦੀ ਹੋਈ ਲੋਕਪ੍ਰਿਯਤਾ ਨੂੰ ਉਸ ਵੇਲੇ ਦੇ ਕੱਟੜਪੰਥੀ ਸਹਾਰ ਨਾ ਸਕੇ। ਚੰਦੂ ਦੀ ਨੀਤ ਤਾਂ ਜ਼ਰੂਰ ਖੋਟੀ ਸੀ ਪਰ ਉਹ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਬਾਰੇ ਐਡੇ ਵੱਡੇ ਫ਼ੈਸਲੇ ਨਹੀਂ ਲੈ ਸਕਦਾ ਸੀ ਜੋ ਜਹਾਂਗੀਰ ਨਾਲ ਮਿਲ ਕੇ ਮੁਜੱਦਿਦ ਤੇ ਮੀਰ ਮੁਰਤਜ਼ਾ ਨੇ ਕੀਤੇ। ਇਹ ਤਿੰਨੇ ਹੀ ਜਬਰ-ਜ਼ੁਲਮ ਭਰੀਆਂ ਕੱਟੜ ਧਰਮੀ ਨੀਤੀਆਂ ਦੇ ਸਮਰਥਕ ਸਨ। ਇਸ ਦ੍ਰਿਸ਼ ਵਿਚ ਕਾਰਜ ਘੱਟ ਪਰੰਤੂ ਵਾਰਤਾਲਾਪ ਵਧੇਰੇ ਹੈ ਜੋ ਕਾਫ਼ੀ ਰੋਚਕ ਹੈ।

ਅਠਾਰ੍ਹਵਾਂ ਦ੍ਰਿਸ਼ ਚੰਦੂ ਤੇ ਉਸ ਦੀ ਪਤਨੀ ਦੀ ਵਾਰਤਾਲਾਪ ਰਾਹੀਂ ਉਭਰਦਾ ਹੈ ਜਿਸ ਵਿਚ ਚੰਦੂ ਦੀ ਪਤਨੀ ਉਸ ਨੂੰ ਮੱਤਾਂ ਦਿੰਦੀ ਹੈ ਕਿ ਗੁਰੂ ਇਕ ਬ੍ਰਹਮ ਗਿਆਨੀ ਹਨ ਉਨ੍ਹਾਂ ਦਾ ਅਪਮਾਨ ਨਹੀਂ ਸਗੋਂ ਸਨਮਾਨ ਕਰਨਾ ਚਾਹੀਦਾ ਹੈ ਪਰ ਚੰਦੂ ਨੂੰ ਆਪਣੇ ਉੱਚੇ ਅਹੁਦੇ ਦਾ ਹੰਕਾਰ ਹੈ ਤੇ ਉਹ ਗੁਰੂ ਨੂੰ ਇਕ ਸਾਧਾਰਨ ਵਿਅਕਤੀ ਸਮਝਦਾ ਹੈ। ਇਸ ਵਿਚ ਚੰਦੂ ਦੀ

ਲੜਕੀ ਦਾ ਵਿਆਹ ਸ੍ਰੀ ਗੁਰੂ ਹਰਗੋਬਿੰਦ ਨਾਲ ਹੋਣ ਦੀ ਗੱਲ ਸੰਗਤ ਨੇ ਸਵੀਕਾਰ ਨਹੀਂ ਕੀਤੀ ਜਿਸ ਤੇ ਚੰਦੂ ਵੱਟ ਖਾ ਗਿਆ ਪਰ ਉਸ ਦੀ ਪਤਨੀ ਉਸ ਨੂੰ ਸਮਝਾਉਂਦੀ ਹੈ ਜੋ ਉਸ ਦੀ ਸਮਝ ਵਿਚ ਨਹੀਂ ਆਉਂਦਾ। ਉਨ੍ਹੀਵੇਂ ਦ੍ਰਿਸ਼ ਵਿਚ ਇਕ ਗੀਤ ਰਾਹੀਂ ਗੁਰੂ ਦੀ ਮਹਿਮਾ ਗਾਈ ਗਈ ਹੈ। ਵੀਹਵਾਂ ਦ੍ਰਿਸ਼ ਕਮਲਾ ਤੇ ਸਿਆਣਾ ਪਾਤਰ ਦੀ ਆਪਸੀ ਵਾਰਤਾਲਾਪ ਰਾਹੀਂ ਜਹਾਂਗੀਰ ਦੇ ਪੁੱਤਰ ਖੁਸਰੋ ਦੁਆਰਾ ਬਗ਼ਾਵਤ ਕਰਨ ਤੇ ਉਸ ਨੂੰ ਗ੍ਰਿਫ਼ਤਾਰ ਕਰਕੇ ਜਹਾਂਗੀਰ ਦੇ ਹਵਾਲੇ ਕਰਨ ਬਾਰੇ ਹੈ। ਇੱਕੀਵਾਂ ਦ੍ਰਿਸ਼ ਬਹੁਤ ਹੀ ਰੌਚਕ ਹੈ ਜਿਸ ਵਿਚ ਜਹਾਂਗੀਰ ਤੇ ਸ਼ਹਿਜ਼ਾਦਾ ਖੁਸਰੋ ਵਿਚਕਾਰ ਤਿੱਖੀ ਵਾਰਤਾਲਾਪ ਹੁੰਦੀ ਹੈ ਜਿਸ ਵਿਚ ਜਹਾਂਗੀਰ ਅਮੀਰ ਖੁਸਰੋ ਤੇ ਉਸ ਦੇ ਸਾਥੀਆਂ ਨੂੰ ਮੌਤ ਦੀ ਸਜ਼ਾ ਦਿੰਦਾ ਹੈ।

ਬਾਈਵਾਂ ਦ੍ਰਿਸ਼ ਸ੍ਰੀ ਗੁਰੂ ਅਰਜਨ ਦੇਵ ਦੀ ਮਹਿਮਾ ਵਿਚ ਗਾਏ ਜਾਣ ਵਾਲਾ ਇਕ ਕੋਰਸ ਗੀਤ ਹੈ। ਤੇਈਵਾਂ ਦ੍ਰਿਸ਼ ਜਹਾਂਗੀਰ, ਮੁਰਤਜ਼ਾ ਤੇ ਮੁਜੱਦਿਦ ਵਿਚਕਾਰ ਤਿੱਖੀ ਵਾਰਤਾਲਾਪ ਦਾ ਹੈ। ਇਕ ਪਾਸੇ ਜਹਾਂਗੀਰ ਗੁਰੂ ਨੂੰ ਸਜਾਇ ਮੌਤ ਬਾਰੇ ਕਹਿ ਰਿਹਾ ਹੈ ਕਿ ਗੁਰੂ ਉੱਪਰ ਕੋਈ ਅਜਿਹਾ ਇਲਜ਼ਾਮ ਨਹੀਂ ਜਿਸ ਕਾਰਨ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾ ਸਕੇ। ਦੂਜੇ ਪਾਸੇ ਮੁਜੱਦਿਦ ਇਸ ਗੱਲ ਤੇ ਅੜਿਆ ਹੋਇਆ ਹੈ ਕਿ ਜਲਦੀ ਤੋਂ ਜਲਦੀ ਗੁਰੂ ਨੂੰ ਮਰਵਾ ਦਿੱਤਾ ਜਾਵੇ। ਉਹ ਜਹਾਂਗੀਰ ਨੂੰ ਇਹ ਗੁਰ ਵੀ ਦੱਸ ਰਿਹਾ ਹੈ ਕਿ ਜੇ ਹੋਰ ਨਹੀਂ ਕੋਈ ਦੋਸ਼ ਆਇਦ ਹੁੰਦਾ ਤਾਂ ਸ਼ਹਿਜ਼ਾਦਾ ਖੁਸਰੋ ਨੂੰ ਗੁਰੂ ਦੁਆਰਾ ਦਿੱਤੀ ਗਈ ਪਨਾਹ ਤੇ ਇਤਨਾ ਜੁਰਮਾਨਾ ਕਰ ਦਿਉ ਕਿ ਉਹ ਦੇ ਨਾ ਸਕੇ ਤੇ ਇਸ ਦੇ ਬਦਲੇ ਉਸ ਨੂੰ ਮੌਤ ਦੀ ਸਜ਼ਾ ਦੇ ਦਿਉ। ਚੌਈਵਾਂ ਦ੍ਰਿਸ਼ ਕਮਲਾ ਤੇ ਸਿਆਣਾ ਪਾਤਰ ਵਿਚਕਾਰ ਹੋਈ ਵਾਰਤਾਲਾਪ ਦਾ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਜਹਾਂਗੀਰ ਨੇ ਗੁਰੂ ਸਾਹਿਬ ਨੂੰ 2

ਲੱਖ ਜੁਰਮਾਨਾ ਕਰ ਦਿੱਤਾ ਹੈ ਤੇ ਗੁਰੂ ਸਾਹਿਬ ਨੇ ਕਿਹਾ ਕਿ ਇਹ ਜੁਰਮਾਨਾ ਮੈਂ ਨਹੀਂ ਦੇਣਾ ਕਿਉਂਕਿ ਮੈਂ ਕੋਈ ਗੁਨਾਹ ਨਹੀਂ ਕੀਤਾ। ਜੇ ਖੁਸਰੋ ਵਾਂਗ ਤੂੰ ਵੀ ਕੋਈ ਸਹਾਇਤਾ ਲੈਣਾ ਚਾਹਵੇਂ ਤਾਂ ਲੈ ਸਕਦਾ ਹੈਂ। ਪਰ ਅਜਿਹਾ ਨਹੀਂ ਹੋਇਆ ਤੇ ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਪੰਝੀਵੇਂ ਦ੍ਰਿਸ਼ ਵਿਚ ਰਾਗੀ ਜੱਥੇ ਦੁਆਰਾ ਸ਼ਬਦ ਗਾਇਨ ਕੀਤਾ ਗਿਆ ਹੈ ਜੋ ਸ਼ਾਂਤ ਰਸ ਨਾਲ ਭਰਪੂਰ ਹੈ। ਛੱਬੀਵੇਂ ਦ੍ਰਿਸ਼ ਵਿਚ ਸਾਈਂ ਮੀਆਂ ਮੀਰ ਦਿਖਾਈ ਦਿੰਦਾ ਹੈ ਜੋ ਗੁਰੂ ਜੀ ਦੁਆਰਾ ਰੱਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਤੇ ਉਨ੍ਹਾਂ ਨੂੰ ਸਜਦਾ ਕਰਦਾ ਹੈ ਤੇ ਕਹਿੰਦਾ ਹੈ ਕਿ ਇਕ ਮੌਕਾ ਸਾਨੂੰ ਆਪ ਦੀ ਜਿੰਦ ਬਚਾਉਣ ਦਾ ਦਿਉ ਪਰ ਗੁਰੂ ਸਾਹਿਬ ਇਸ ਤੇ ਉਸ ਨੂੰ ਕੁਝ ਵੀ ਨਾ ਕਰਨ ਬਾਰੇ ਕਹਿੰਦੇ ਹਨ ਤੇ ਆਪ ਪ੍ਰਭੂ ਦੇ ਭਾਣੇ ਨੂੰ ਮੰਨਦੇ ਹੋਏ ਸ਼ਹੀਦ ਹੋ ਜਾਂਦੇ ਹਨ।ਇਸ ਨਾਟਕ ਦੇ ਆਖਰੀ ਤੇ ਸਤਾਈਵੇਂ ਦ੍ਰਿਸ਼ ਵਿਚ ਸ੍ਰੀ ਗੁਰੂ ਅਰਜਨ ਦੇਵ ਦੀ ਮਹਿਮਾ ਵਿਚ ਗੀਤ ਗਾਇਆ ਗਿਆ ਹੈ ਤੇ ਇਹ ਵੀ ਦੱਸਿਆ ਹੈ ਕਿ ਇਸ ਨਾਟਕ ਤੋਂ ਪਤਾ ਲੱਗਦਾ ਹੈ ਕਿ ਇਸ ਸ਼ਹਾਦਤ ਪਿੱਛੇ ਕਿਸ ਕਿਸ ਰਾਜਨੀਤੀਵਾਨ ਦਾ ਹੱਥ ਸੀ।

ਇਸ ਨਾਟਕ ਵਿਚ ਨਾਟਕਕਾਰ ਨੇ ਸ੍ਰੀ ਗੁਰੂ ਅਰਜਨ ਦੇਵ ਦੀ ਸ਼ਹਾਦਤ ਵਾਹਿਗੁਰੂ ਦਾ ਭਾਣਾ ਮੰਨਣ ਤਕ ਸੀਮਤ ਰੱਖੀ ਹੈ ਜੋ ਗੁਰੂ ਦੀ ਸ਼ਹਾਦਤ ਤੋਂ ਬਾਅਦ ਸਿੱਖ ਕੌਮ ਵਿਚ ਪ੍ਰਤੀਕਰਮ ਹੁੰਦਾ ਹੈ ਉਸ ਬਾਰੇ ਕੋਈ ਕੁਝ ਨਹੀਂ ਕਿਹਾ ਜਦ ਕਿ ਗੁਰੂ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਸ੍ਰੀ ਗੁਰੂ ਹਰਗੋਬਿੰਦ ਨੇ ਮੀਰੀ ਤੇ ਪੀਰੀ ਦੀ ਤਲਵਾਰ ਇਸ ਲਈ ਧਾਰਨ ਕੀਤੀ ਕਿ ਹੁਣ ਜ਼ੁਲਮ ਹੱਦੋਂ ਵੱਧ ਚੁੱਕਿਆ ਹੈ ਇਸ ਨੂੰ ਖ਼ਤਮ ਕਰਨਾ ਜ਼ਰੂਰੀ ਹੈ।

ਨਾਟਕਕਾਰ ਨੇ ਇਸ ਨਾਟਕ ਵਿਚ ਮੁਜੱਦਿਦ ਅਲਫਸਾਨੀ ਦੀ ਇਸਲਾਮੀ ਕੱਟੜਤਾ ਅਤੇ ਈਰਖਾ ਦਾ ਸਿੱਟਾ ਸ੍ਰੀ ਗੁਰੂ ਅਰਜਨ ਦੇਵ ਦੀ ਸ਼ਹਾਦਤ ਦਾ ਕਾਰਨ ਦੱਸਿਆ ਹੈ ਜੋ ਨਾਟਕਕਾਰ ਨੇ ਨਾਟਕ ਦੇ ਸ਼ੁਰੂ ਹੋਣ ਤੋਂ ਪਹਿਲਾਂ ਲੇਖਕ ਵੱਲੋਂ ਕਹੇ ਸ਼ਬਦਾਂ ਵਿਚ ਮੁਜੱਦਿਦ ਦੁਆਰਾ ਆਪਸੀ ਲਿਖਤ 'ਮਕਤਬਾਤਿ ਅਮਾਮਿ ਰੱਬਾਨੀ' ਵਿਚ ਅੰਕਿਤ ਤੋਂ ਪਤਾ ਲੱਗਦਾ ਹੈ:

ਇਨ੍ਹਾਂ ਦਿਨਾਂ ਵਿਚ ਗੋਇੰਦਵਾਲ ਦੇ ਭ੍ਰਸ਼ਟੇ ਹੋਏ ਕਾਫ਼ਰ ਨੂੰ ਕਤਲ ਕਰ ਦਿੱਤਾ ਗਿਆ, ਇਹ ਬੜੀ ਸ਼ੁੱਭ ਘਟਨਾ ਹੋਈ ਅਤੇ ਇਸ ਨਾਲ ਹਿੰਦੂਆਂ ਨੂੰ ਇਕ ਵੱਡੀ ਸ਼ਿਕਸਤ ਹੋਈ ਅਤੇ ਮੁਸਲਮਾਨਾਂ ਲਈ ਇਹ ਸ਼ੁੱਭ ਅਤੇ ਮਹਾਨ ਲਾਭ ਦੀ ਗੱਲ ਬਣੀ ਹੈ। ਇਸ ਬੇਈਮਾਨ ਦੇ ਕਤਲ ਹੋਣ ਤੋਂ ਪਹਿਲਾਂ ਮੈਨੂੰ ਇਕ ਦਿੱਬ ਸੁਪਨਾ ਆਇਆ ਸੀ ਕਿ ਪਾਤਸ਼ਾਹ (ਜਹਾਂਗੀਰ) ਨੇ ਭ੍ਰਸ਼ਟ ਅਧਰਮ ਦਾ ਸਿਰ ਕੁਚਲ ਦਿੱਤਾ ਹੈ। ਇਸ ਵਿਚ ਸੰਸਾ ਨਹੀਂ ਕਿ ਉਹ (ਗੁਰੂ ਅਰਜਨ) ਕਾਫ਼ਰ ਹਿੰਦੂਆਂ ਦਾ ਜਗਤ-ਗੁਰੂ ਸੀ ਤੇ ਧਾਰਮਿਕ ਰੁਚੀਆਂ ਰੱਖਣ ਵਾਲਿਆਂ ਦਾ ਸ਼ਹਿਨਸ਼ਾਹ ਸੀ।[29]

ਲੇਕਿਨ ਗੁਰੂ ਜੀ ਨਾ ਤਾਂ ਭ੍ਰਸ਼ਟੇ ਹੋਏ ਕਾਫ਼ਰ ਸਨ ਤੇ ਨਾ ਹੀ ਅਧਰਮੀ ਸਨ ਉਹ ਤਾਂ ਇਕ ਬ੍ਰਹਮਗਿਆਨੀ ਸਨ ਜਿਨ੍ਹਾਂ ਨੂੰ ਮੁਜੱਦਿਦ ਨੇ ਇਸਲਾਮੀ ਕੱਟੜਤਾ ਕਾਰਨ ਮਰਵਾਉਣ ਲਈ ਜਹਾਂਗੀਰ ਤੋਂ ਗੱਦੀ ਤੇ ਬੈਠਣ ਤੋਂ ਪਹਿਲਾਂ ਹੀ ਵਚਨ ਲੈ ਲਿਆ ਸੀ ਤੇ ਸ਼ਹਿਜ਼ਾਦਾ ਖੁਸਰੋ ਨੂੰ ਗੁਰੂ ਦੁਆਰਾ ਪਨਾਹ ਦੇਣ ਦਾ ਬਹਾਨਾ ਬਣਾਇਆ ਗਿਆ ਜੋ ਮੁਜੱਦਿਦ ਦੁਆਰਾ ਜਹਾਂਗੀਰ ਨੂੰ ਕਹੇ ਸ਼ਬਦਾਂ ਤੋਂ ਪਤਾ ਲੱਗਦਾ ਹੈ :

ਮੁਜੱਦਿਦ: ਬਾਦਸ਼ਾਹ, ਕੁਝ ਸੋਚੋ ! ਅਜਿਹੇ ਇਨਸਾਨ ਨੂੰ ਬਾਗੀ ਦੀ ਮਦਦ ਦੇ ਨਾਂ ਤੇ ਏਨਾ ਕੁ ਜੁਰਮਾਨਾ ਕਰ ਦਿਉ ਕਿ ਉਹ ਅਦਾ ਨਾ

ਕਰ ਸਕੇ। ਉਸ ਦੇ ਦੁਸ਼ਮਣਾਂ ਨੂੰ ਲੱਭੋ ਤੇ ਉਨ੍ਹਾਂ ਦਾ ਬਹਾਨਾ ਵਰਤੋ। ਜੇ ਲੋਕ ਉਸ ਦੇ ਜ਼ਿਆਦਾ ਦੀਵਾਨੇ ਹਨ ਤਾਂ ਯਾਸਾ ਅਨੁਸਾਰ ਮਰਵਾ ਦਿਉ।[30]

ਪਾਤਰ ਉਸਾਰੀ ਦੇ ਪੱਖ ਤੋਂ ਇਸ ਨਾਟਕ ਵਿਚ ਪਾਤਰਾਂ ਦੀ ਗਿਣਤੀ ਵੀਹ ਹੈ।ਇਸ ਤੋਂ ਇਲਾਵਾ ਰਾਗੀ ਕੋਰਸ ਪਹਿਲਾ, ਦੂਜਾ ਤੇ ਤੀਜਾ ਆਦਮੀ ਆਦਿ ਮਹਿਮਾਨ ਪਾਤਰ ਹਨ। ਇਸ ਨਾਟਕ ਵਿਚਲੇ ਸਾਰੇ ਪਾਤਰ ਉਸ ਸਮੇਂ ਦੇ ਹਿੰਦੁਸਤਾਨ ਦੀ ਤਸਵੀਰ ਪੇਸ਼ ਕਰਦੇ ਹੋਏ ਸਿਆਸਤ, ਸਭਿਆਚਾਰ ਤੇ ਧਰਮ ਦੀ ਪ੍ਰਤੀਨਿਧਤਾ ਕਰਦੇ ਹਨ। ਇਸ ਨਾਟਕ ਵਿਚ ਵੀ ਧਾਰਮਿਕ ਨਾਟਕਾਂ ਦੇ ਨਿਯਮਾਂ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਨੂੰ ਮੰਚ ਤੇ ਨਹੀਂ ਲਿਆਂਦਾ ਗਿਆ ਸਗੋਂ ਬਾਕੀ ਪਾਤਰਾਂ ਰਾਹੀਂ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਬੜੇ ਸੁਚੱਜੇ ਢੰਗ ਨਾਲ ਉਘਾੜਿਆ ਗਿਆ ਹੈ। ਕਮਲਾ ਅਤੇ ਸਿਆਣਾ ਤ੍ਰੈਕਾਲੀ ਪਾਤਰ ਹਨ। ਉਹ ਅੱਜ ਦੀ ਗੱਲ ਵੀ ਕਰਦੇ ਹਨ ਅਤੇ ਇਤਿਹਾਸ ਦੇ ਸਮੇਂ ਦੀ ਵੀ। ਉਹ ਸਿਆਣੀਆਂ ਗੱਲਾ ਵੀ ਕਰਦੇ ਹਨ ਅਤੇ ਕਮਲ ਵੀ ਕੁੱਟਦੇ ਹਨ। ਉਹ ਕੰਮ ਦੀਆਂ ਗੱਲਾਂ ਵੀ ਕਰਦੇ ਹਨ ਅਤੇ ਫ਼ਜ਼ੂਲ ਵੀ, ਜਿਸ ਕਾਰਨ ਉਹ ਹਸਾਉਂਦੇ ਵੀ ਹਨ ਅਤੇ ਸੋਚੀਂ ਵੀ ਪਾਉਂਦੇ ਹਨ, ਜਿਵੇਂ :

ਕਮਲਾ: ਪਰ ਕੀ ਲੋਕਾਂ ਨੂੰ ਨਹੀਂ ਪਤਾ ਕਿ ਉਹ ਤਾਂ ਨਿਰਾ ਤਾਸ਼ ਦਾ ਬਾਦਸ਼ਾਹ ਏ ਉਹਨੂੰ ਤਾਂ ਉਹਦੀ ਬੇਗ਼ਮ ਖਿਡਾਉਂਦੀ ਰਹੀ[31]

ਸਿਆਣਾ : ਪਰ ਗੁਰੂ ਜੀ ਤਾਂ ਸ਼ਹੀਦ ਹੋ ਗਏ ਨਾ !

ਕਮਲਾ: ਹਾਂ, ਜਹਾਂਗੀਰ ਨੇ ਉਨ੍ਹਾਂ ਨੂੰ ਦੋ ਲੱਖ ਰੁਪਏ ਦਾ ਜੁਰਮਾਨਾ ਕੀਤਾ। ਗੁਰੂ ਜੀ ਨੇ ਕਿਹਾ ਕਿ ਮੈਂ ਜੁਰਮਾਨਾ ਨਹੀਂ ਦੇਵਾਂਗਾ ਕਿਉਂਕਿ ਮੈਂ ਕੋਈ ਗੁਨਾਹ ਨਹੀਂ ਕੀਤਾ।[32]

ਪ੍ਰਿਥੀਆ ਅਤੇ ਕਰਮੋ ਇਸ ਨਾਟਕ ਦੇ ਅਜਿਹੇ ਪਾਤਰ ਹਨ ਜਿਨ੍ਹਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਨੂੰ ਗੁਰਗੱਦੀ ਮਿਲਣ ਤੇ ਸਾੜਾ ਹੈ ਤੇ ਉਹ ਇਸ ਦੇ ਪ੍ਰਤੀਕਰਮ ਵਜੋਂ ਕਈ ਕੋਝੀਆਂ ਚਾਲਾਂ ਚਲਦੇ ਹਨ ਜਿਸ ਨਾਲ ਗੁਰੂ ਨੂੰ ਦੁੱਖ ਪਹੁੰਚੇ। ਉਹ ਗੁਰੂ ਘਰ ਦੇ ਮਸੰਦਾਂ ਨੂੰ ਵੀ ਆਪਣੇ ਨਾਲ ਗੰਢ ਲੈਂਦੇ ਹਨ ਤੇ ਇਸ ਦੇ ਇਲਾਵਾ ਬਾਲ ਗੁਰੂ ਹਰਗੋਬਿੰਦ ਨੂੰ ਮਰਵਾਉਣ ਦੀ ਕੋਸ਼ਿਸ਼ ਵੀ ਕਰਦੇ ਹਨ। ਪ੍ਰਿਥੀਏ ਨੇ ਪਹਿਲਾਂ ਅਕਬਰ ਤੇ ਫਿਰ ਜਹਾਂਗੀਰ ਨੂੰ ਗੁਰੂ ਦੇ ਵਿਰੁੱਧ ਭੜਕਾਇਆ ਜੋ ਇਸ ਤਰ੍ਹਾਂ ਹੈ:

ਪ੍ਰਿਥੀ ਚੰਦ: ਅਰਜਨ ਦੇਵ ਨੇ ਜਿਹੜਾ ਗ੍ਰੰਥ ਬੰਨ੍ਹਿਆ ਏ ਹਜ਼ੂਰ ਉਸ ਵਿਚ ਕੁਫ਼ਰ ਦੇ ਕੁਸੈਲੇ ਅਲਫ਼ਾਜ਼ ਨੇ ਮੈਨੂੰ ਇਸ ਗੱਲ ਦਾ ਇਲਮ ਏ। ਮੇਰਾ ਫ਼ਰਜ ਏ ਕਿ ਮੈਂ ਹਕੂਮਤ ਨੂੰ ਏਸ ਗੱਲ ਬਾਰੇ ਇਤਲਾਹ ਕਰਾਂ; ਤਾਂ ਜੂ ਕੱਲ ਨੂੰ ਸਿਪਹਸਲਾਰ ਇਹ ਇਲਜ਼ਾਮ ਸਾਡੇ ਸਿਰ ਨਾ ਧਰ ਦੇਵੇ।[33]

ਇਸ ਨਾਟਕ ਦਾ ਇਕ ਇਤਿਹਾਸਕ ਪਾਤਰ ਅਕਬਰ ਬਾਦਸ਼ਾਹ ਹੈ ਜਿਸ ਕੋਲ ਚੰਦੂ ਤੇ ਪ੍ਰਿਥੀਏ ਨੇ ਗੁਰੂ ਦੀ ਸ਼ਿਕਾਇਤ ਕੀਤੀ ਸੀ ਕਿ ਉਸ ਨੇ ਇਕ ਗ੍ਰੰਥ ਰਚਿਆ ਹੈ ਜਿਸ ਵਿਚ ਹਿੰਦੂਆਂ ਤੇ ਮੁਸਲਮਾਨਾਂ ਬਾਰੇ ਬੁਰਾ ਭਲਾ ਕਿਹਾ ਗਿਆ ਹੈ। ਕਾਤਬ ਦੁਆਰਾ ਸ਼ਬਦ ਪੜ੍ਹ ਕੇ ਸੁਣਾਏ ਜਾਂਦੇ ਹਨ ਤਾਂ ਅਕਬਰ ਬਾਦਸ਼ਾਹ ਵਿਸਮਾਦ ਵਿਚ ਆ ਕੇ ਗੁਰੂ ਦੇ ਦਰਸ਼ਨਾਂ ਲਈ ਤਿਆਰ ਹੋ ਜਾਂਦਾ ਹੈ ਤੇ ਕਹਿੰਦਾ ਹੈ :

ਅਕਬਰ: ਓ ਹੈਨ ਈ ਕਦਰ ਯੋਗ। ਉਨ੍ਹਾਂ ਨੂੰ ਸ਼ਾਹੀ ਤੋਹਫ਼ੇ ਤੇ ਖਿੱਲਅਤਾਂ ਦੇਵੋ। ਉਨ੍ਹਾਂ ਦੇ ਮੁਰਸ਼ਦ ਵਾਸਤੇ ਵੀ ਮੌਕੂਲ ਸ਼ੈਆਂ ਦਾ ਇੰਤਜ਼ਾਮ ਕਰੋ। ਏਹੋ ਜੇਹੇ ਰੂਹਾਨੀ ਅਲਫ਼ਾਜ਼ ਆਖਣ ਵਾਲੇ ਨੂੰ ਪੈਗ਼ਾਮ ਭੇਜੋ

ਕਿ ਇਹ ਮੁਰੀਦ ਵੀ ਤੁਹਾਡੇ ਦੀਦਾਰ ਲਈ ਜਲਦੀ ਆ ਰਿਹਾ ਏ। ਸ਼ਹਿਜ਼ਾਦਾ ਖੁਸਰੋ ਬੜਾ ਖੁਸ਼ ਹੋਵੇਗਾ। ਉੱਥੇ ਜਾ ਕੇ।[34]

ਇਸ ਨਾਟਕ ਵਿਚ ਚੰਦੂ ਸ਼ਾਹ ਵੀ ਇਕ ਇਤਿਹਾਸਕ ਪਾਤਰ ਹੈ ਜੋ ਅਕਬਰ ਬਾਦਸ਼ਾਹ ਦੇ ਰਾਜ ਦਾ ਦੀਵਾਨ ਹੈ ਜਿਸ ਵਿਚ ਹੰਕਾਰ ਹੋਣ ਕਾਰਨ ਉਸ ਦੀ ਪੁੱਤਰੀ ਦਾ ਰਿਸ਼ਤਾ ਗੁਰੂ ਹਰਗੋਬਿੰਦ ਨਾਲ ਹੋਣ ਲਈ ਦਿੱਲੀ ਦੀ ਸੰਗਤ ਨੇ ਸਵੀਕਾਰ ਨਹੀਂ ਕੀਤਾ ਤੇ ਉਸ ਦੀ ਪਤਨੀ ਉਸ ਨੂੰ ਹੰਕਾਰ ਤਿਆਗ ਕੇ ਜਦੋਂ ਬੇਟੀ ਦਾ ਰਿਸ਼ਤਾ ਆਪ ਲੈ ਕੇ ਜਾਣ ਬਾਰੇ ਕਹਿੰਦੀ ਹੈ ਤਾਂ ਉਹ ਅੱਗੋਂ ਕਹਿੰਦਾ ਹੈ:

ਚੰਦੂ: ਮੈਨੂੰ ਡਰਨ ਦੀ ਕੀ ਲੋੜ ਏ? ਪਰਮਾਤਮਾ ਦਾ ਦਿੱਤਾ ਸਭ ਕੁਝ ਮੇਰੇ ਕੋਲ ਏ। ਮੈਂ ਜਲਾਲੁਦੀਨ ਅਕਬਰ ਦੀ ਸਰਕਾਰ ਵਿਚ ਇਕ ਉੱਚਾ ਅਹੁਦੇਦਾਰ ਸਾਂ। ਨੂਰਉਦ-ਦੀਨ ਜਹਾਂਗੀਰ ਦੀ ਸਰਕਾਰ ਵਿਚ ਵੀ ਮੇਰਾ ਪੂਰਾ ਸਨਮਾਨ ਏ। ਮੈਂ ਇਕ ਵੱਡਾ ਬੰਦਾ ਹਾਂ। ਭਾਗਵਾਨੇ।[35]

ਇਸ ਨਾਟਕ ਦਾ ਇਕ ਇਤਿਹਾਸਕ ਪਾਤਰ ਸੂਫ਼ੀ ਦਰਵੇਸ਼ ਸਾਈਂ ਮੀਆਂ ਮੀਰ ਹੈ ਜੋ ਅੱਲ੍ਹਾ ਦੀ ਬੰਦਗੀ ਵਿਚ ਲੀਨ ਰਹਿਣ ਵਾਲਾ ਹੈ ਜਿਸ ਤੋਂ ਸ੍ਰੀ ਗੁਰੂ ਅਰਜਨ ਦੇਵ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਵੀ ਰਖਵਾਈ ਸੀ। ਜਦ ਗੁਰੂ ਜੀ ਨੂੰ ਤਸੀਹੇ ਦਿੱਤੇ ਜਾ ਰਹੇ ਸਨ ਤਾਂ ਉਨ੍ਹਾਂ ਗੁਰੂ ਜੀ ਅੱਗੇ ਗੁਹਾਰ ਲਗਾਈ ਕਿ ਸਾਨੂੰ ਬਚਾਉਣ ਦਾ ਇਕ ਮੌਕਾ ਜ਼ਰੂਰ ਦਿਉ। ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਕਹੇ ਗਏ ਸ਼ਬਦ ਇਸ ਤਰ੍ਹਾਂ ਹਨ:

ਮੀਆਂ ਮੀਰ: ਉਹ ਖੁਦ ਵੀ ਕੋਈ ਕ੍ਰਿਸ਼ਮਾ ਕਰ ਸਕਦੇ ਨੇ ਪਰ ਸਭ ਤੋਂ ਵੱਡਾ ਕ੍ਰਿਸ਼ਮਾ ਇਹ ਐ ਕਿ ਉਹ ਐਸੇ ਮੌਕੇ ਉਤੇ ਵੀ ਰੱਬ ਦੀ ਰਜ਼ਾ ਵਿਚ ਲੀਨ ਨੇ। ਪ੍ਰਿਥੀਏ ਤੋਂ ਪਾਤਸ਼ਾਹ ਤਕ ਦੇ

ਜ਼ੁਲਮ ਉਹ ਅੱਲ੍ਹਾ ਦੀ ਰਜ਼ਾ ਮਨ ਕੇ ਬਰਦਾਸ਼ਤ ਕਰ ਰਹੇ ਨੇ। ਅਸੀਂ ਅਮਨ, ਭਾਈਚਾਰੇ, ਅਸੂਲ ਪ੍ਰਸਤੀ ਅਤੇ ਕੁਰਬਾਨੀ ਦੇ ਐਸੇ ਲਾਜਵਾਬ ਮੁਜੱਸਮੇ ਦੇ ਅੱਗੇ ਸੱਜਦਾ ਕਰਦੇ ਹਾਂ।[36]

ਮੁਜੱਦਿਦ ਇਸ ਨਾਟਕ ਦਾ ਇਕ ਹੋਰ ਸ਼ਕਤੀਸ਼ਾਲੀ ਇਤਿਹਾਸਕ ਪਾਤਰ ਹੈ ਜੋ ਸੂਫ਼ੀਆਂ ਦੇ ਨਕਸ਼ਬੰਦੀ ਸਿਲਸਿਲੇ ਦੇ ਨਾਮ ਤੇ ਇਕ ਧੱਬਾ ਹੈ ਜਿਸ ਨੇ ਗੁਰੂ ਜੀ ਨੂੰ ਸ਼ਹੀਦ ਕਰਵਾਇਆ। ਉਸ ਨੇ ਜਹਾਂਗੀਰ ਤੋਂ ਗੱਦੀ ਤੇ ਬੈਠਣ ਤੋਂ ਪਹਿਲਾਂ ਹੀ ਗੁਰੂ ਨੂੰ ਸ਼ਹੀਦ ਕਰਵਾਉਣ ਦਾ ਵਚਨ ਲੈ ਲਿਆ ਸੀ। ਨਾਟਕ ਵਿਚ ਉਹ ਇਕ ਥਾਂ ਤੇ ਕਹਿੰਦਾ ਹੈ :

ਮੁਜੱਦਿਦ: ਬਾਦਸ਼ਾਹ ਕੁਝ ਸੋਚੋ! ਅਜਿਹੇ ਇਨਸਾਨ ਨੂੰ ਬਾਗੀ ਦੀ ਮਦਦ ਦੇ ਨਾਂ ਤੇ ਏਨਾ ਕੁ ਜੁਰਮਾਨਾ ਕਰ ਦਿਉ ਕਿ ਉਹ ਅਦਾ ਨਾ ਕਰ ਸਕੇ। ਉਸ ਦੇ ਦੁਸ਼ਮਣਾਂ ਨੂੰ ਲੱਭੋ ਤੇ ਉਨ੍ਹਾਂ ਦਾ ਬਹਾਨਾ ਵਰਤੋ। ਜੇ ਲੋਕ ਉਸ ਦੇ ਜ਼ਿਆਦਾ ਦੀਵਾਨੇ ਹਨ ਤਾਂ ਯਾਸਾ ਅਨੁਸਾਰ ਮਰਵਾ ਦਿਉ....।[37]

ਨਾਟਕ ਵਿਚ ਇਨ੍ਹਾਂ ਪਾਤਰਾਂ ਤੋਂ ਇਲਾਵਾ ਕਰਮੋ, ਸੂਰਤਾ, ਮਥੁਰਾ, ਦਾਈ, ਕਾਤਬ ਵਿਅਕਤੀ, ਮੀਰ ਮੁਰਤਜ਼ਾ, ਜੈਲਾ, ਭੰਤਾ ਤੇ ਕੁਝ ਹੋਰ ਸਿੱਖ ਹਨ ਜੋ ਸੰਬੰਧਿਤ ਵਾਤਾਵਰਨ ਨੂੰ ਉਸਾਰਨ ਵਿਚ ਸਹਾਈ ਹੁੰਦੇ ਹਨ। ਨਾਟਕਕਾਰ ਨੇ ਪਾਤਰ ਉਸਾਰੀ ਲਈ ਭਿੰਨ ਭਿੰਨ ਸਾਧਨਾਂ ਦੀ ਵਰਤੋਂ ਕਰਦੇ ਹੋਏ ਪਾਤਰਾਂ ਦੇ ਆਪਸੀ ਵਾਰਤਾਲਾਪ ਦੁਆਰਾ ਕਿਸੇ ਦੂਜੇ ਪਾਤਰ ਦਾ ਚਿਤਰਨ ਤੇ ਮਨੋਬਚਨੀ ਤੋਂ ਵੀ ਕੰਮ ਲਿਆ ਹੈ।

ਇਸ ਨਾਟਕ ਵਿਚਲੀ ਵਾਰਤਾਲਾਪ ਸ੍ਰੀ ਗੁਰੂ ਅਰਜਨ ਦੇਵ ਦੀ ਸ਼ਖ਼ਸੀਅਤ ਨੂੰ ਉਘਾੜਦੀ ਹੈ। ਭਾਵੇਂ ਸਤਾਰਵੀਂ ਸਦੀ ਵਿਚ ਸਾਰੇ ਦੇਸ਼ ਦੀ ਭਾਸ਼ਾ ਫ਼ਾਰਸੀ ਸੀ, ਮੁਸਲਮਾਨਾਂ ਦੀ ਧਾਰਮਿਕ ਭਾਸ਼ਾ ਅਰਬੀ, ਹਿੰਦੂ ਆਪਣੇ

ਧਰਮ ਕਰਮ ਵਿਚ ਸੰਸਕ੍ਰਿਤ ਦਾ ਪ੍ਰਯੋਗ ਕਰਦੇ ਸਨ ਤੇ ਸਰਕਾਰੀ ਕੰਮ-ਕਾਜ ਫ਼ਾਰਸੀ ਵਿਚ ਹੁੰਦੇ ਸਨ ਪਰ ਸਿਵਾਏ ਕਾਤਬ ਦੇ ਸਾਰੇ ਪਾਤਰਾਂ ਤੋਂ ਪੰਜਾਬੀ ਵਿਚ ਵਾਰਤਾਲਾਪ ਬੁਲਾਈ ਹੈ। ਕਾਤਲ ਦੀ ਵਾਰਤਾਲਾਪ :

ਕਾਤਬ : ਖ਼ਾਕ ਨੂਰ ਕਰਦੰ ਆਲਮ ਦੁਨਿਆਇ,

ਆਸਮਾਨ ਜ਼ਿਮੀ ਦਰਖਤ, ਆਬ ਪੈਦਾਇਸ ਖੁਦਾਇ।[38]

ਨਾਟਕ 'ਤੱਤੀ ਤਵੀ ਦਾ ਸੱਚ' ਮੰਚ ਤੇ ਕਈ ਵਾਰ ਬੜੀ ਸਫ਼ਲਤਾ ਪੂਰਵਕ ਖੇਡਿਆ ਜਾ ਚੁੱਕਿਆ ਹੈ। ਇਸ ਦੀ ਸਫ਼ਲਤਾ ਦਾ ਕਾਰਨ ਇਸ ਵਿਚ ਉਹ ਸਾਰੇ ਗੁਣ ਮੌਜੂਦ ਹਨ ਜੋ ਇਕ ਨਾਟਕ ਲਈ ਰੰਗਮੰਚ ਉਤੇ ਕਾਮਯਾਬ ਕਰਨ ਲਈ ਜ਼ਰੂਰੀ ਹੁੰਦੇ ਹਨ। ਇਹ ਨਾਟਕ ਸਭ ਤੋਂ ਪਹਿਲਾਂ 1 ਜੁਲਾਈ 2006 ਈ: ਨੂੰ ਗੁਰਦੁਵਾਰਾ ਬੰਗਲਾ ਸਾਹਿਬ ਦੇ ਬਾਹਰ ਕਾਰ ਪਾਰਕਿੰਗ ਵਿਚ ਰਾਤ ਨੂੰ 10-30 ਵਜੇ 7-8 ਹਜ਼ਾਰ ਦਰਸ਼ਕਾਂ ਦੇ ਸਾਹਮਣੇ ਬੜੇ ਅਦਬ ਤੇ ਸਫ਼ਲਤਾ ਨਾਲ ਖੇਡਿਆ ਗਿਆ।

ਨਾਟਕ 'ਤੱਤੀ ਤਵੀ ਦਾ ਸੱਚ' ਦੀ ਸਟੇਜ ਸੈਟਿੰਗ ਲਈ ਬਹੁਤ ਮਿਹਨਤ ਜਾਂ ਕਠਿਨਾਈ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਬਲਕਿ ਸਾਧਾਰਨ ਸਮਗਰੀ ਹੀ ਵਰਤੀ ਗਈ ਹੈ। ਇਸ ਨਾਟਕ ਦਾ ਪਲਾਟ ਬੜਾ ਰੌਚਿਕ ਤੇ ਉਤਸੁਕਤਾ ਭਰਿਆ ਹੈ। ਇਸ ਵਿਚ ਕਾਰਜ ਦੀ ਏਕਤਾ ਮੁੱਢ ਤੋਂ ਲੈ ਕੇ ਅੰਤ ਤਕ ਕਾਇਮ ਰਹਿੰਦੀ ਹੈ। ਇਸ ਦੀ ਵਾਰਤਾਲਾਪ ਬੜੀ ਚੁਸਤ, ਹਾਜ਼ਰ-ਜਵਾਬੀ ਵਾਲੀ ਤੇ ਕਹਾਣੀ ਨੂੰ ਅੱਗੇ ਤੋਰਨ ਵਾਲੀ ਹੈ। ਨਾਟਕ ਵਿਚ ਹਾਸਰਸ ਤੇ ਵਿਅੰਗ ਦਾ ਅੰਸ਼ ਵੀ ਹੈ। ਇਸ ਨਾਟਕ ਵਿਚ ਗੁਰਬਾਣੀ ਦੀਆਂ ਤੁਕਾਂ ਸ਼ਾਂਤਰਸ ਪੈਦਾ ਕਰਦੀਆਂ ਹਨ ਤੇ ਗੁਰੂ ਸਾਹਿਬ ਦੀ ਸ਼ਹਾਦਤ ਨਾਟਕ ਵਿਚ ਕਰੁਣਾ ਰਸ ਪੈਦਾ ਕਰਦੀ ਹੈ। ਮੁਗਲ ਰਾਜ ਦਾ ਸਮਾਂ ਹੋਣ

ਕਾਰਨ ਨਾਟਕ ਵਿਚ ਉਰਦੂ, ਅਰਬੀ ਤੇ ਫ਼ਾਰਸੀ ਦੇ ਸ਼ਬਦ ਸਮਝ ਆਉਣ ਯੋਗ ਨਾਟਕ ਵਿਚ ਲਏ ਗਏ ਹਨ ਜੋ ਇਸਲਾਮੀ ਪਾਤਰਾਂ ਦੇ ਮੂੰਹੋਂ ਸੁਭਾਵਿਕ ਹੀ ਨਿਕਲਦੇ ਦਿਖਾਏ ਗਏ ਹਨ, ਜਿਵੇਂ ਗੁਸਤਾਖ਼ੀ, ਦਾਨਿਸ਼ਵਰ, ਰਿਆਇਆ, ਕੁਫ਼ਰ, ਅਲਫ਼ਾਜ਼, ਇਜਾਜ਼ਤ, ਮਨਸੂਬਾ, ਖਿਆਨਤ, ਫ਼ਰਿਸ਼ਤੇ, ਮੁੱਦਤਾਂ, ਇਲਜ਼ਾਮ ਆਦਿ। ਇਸ ਤੋਂ ਇਲਾਵਾ ਅਖਾਣ ਤੇ ਮੁਹਾਵਰਿਆਂ ਦੀ ਵੀ ਢੁਕਵੀਂ ਵਰਤੋਂ ਕੀਤੀ ਗਈ ਹੈ, ਜਿਵੇਂ ਢੋਲ ਵਜਾਉਣਾ, ਤਲੀਆਂ ਚੱਟਣੀਆਂ, ਕਪਾਟ ਖੁਲ੍ਹਣੇ, ਮਨਸੂਬੇ ਬਣਾਉਣੇ, ਸੱਪ ਸੁੰਘ ਜਾਣਾ, ਤਰਲੋ ਮੱਛੀ ਹੋਣਾ, ਆਂਡੇ ਕਿਤੇ ਤੇ ਕੁੜ ਕੁੜ ਕਿਤੇ, ਸੌ ਗਜ਼ ਰੱਸਾ 'ਤੇ ਸਿਰੇ ਤੇ ਗੰਢ ਆਦਿ।

ਸ਼ੈਲੀ ਦੀ ਦ੍ਰਿਸ਼ਟੀ ਤੋਂ ਨਾਟਕ 'ਤੱਤੀ ਤਵੀ ਦਾ ਸੱਚ' ਯਥਾਰਥਵਾਦੀ ਨਾਟ-ਸ਼ੈਲੀ ਨਾਲ ਸੰਬੰਧਿਤ ਹੈ ਜਿਸ ਵਿਚ ਹੋਰ ਵੀ ਪ੍ਰਯੋਗ ਦੇਖਣ ਨੂੰ ਮਿਲਦੇ ਹਨ। ਇਸ ਨਾਟਕ ਵਿਚ ਇਤਿਹਾਸਕ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ ਜਿਸ ਵਿਚ ਸ੍ਰੀ ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ ਬਾਅਦ ਸਿੱਖ ਕੌਮ ਵਿਚ ਆਈ ਚੇਤਨਾ ਤੇ ਧਾਰਮਿਕ ਇਤਿਹਾਸ ਵਿਚ ਨਵਾਂ ਯੁੱਗ ਸ਼ੁਰੂ ਹੁੰਦਾ ਦਿਖਾਇਆ ਗਿਆ ਹੈ। ਨਾਟਕਕਾਰ ਨੇ ਇਸ ਨਾਟਕ ਦਾ ਵਿਸ਼ਾ ਢੁਕਵਾਂ ਚੁਣਿਆ ਹੈ। ਇਹ ਨਾਟਕ ਬਿਲਕੁੱਲ ਸੱਚਾਈ ਦੇ ਨੇੜੇ ਹੈ ਤੇ ਇਸ ਵਿਸ਼ੇ ਨੂੰ ਇਤਿਹਾਸਕ ਬਣਾਉਣ ਲਈ ਨਾਟਕਕਾਰ ਨੇ ਕਪੂਰ ਸਿੰਘ ਆਈ.ਸੀ.ਐਸ. ਦੀ ਪੁਸਤਕ 'ਸਾਚੀ ਸਾਖੀ', ਡਾਕਟਰ ਗੰਡਾ ਸਿੰਘ ਦੀਆਂ ਰਚਨਾਵਾਂ 'ਮੁਜੱਦਿਦ ਅਲਫ਼ਬਾਨੀ' ਦੀਆਂ ਆਪਣੀਆਂ ਲਿਖਤਾਂ 'ਮਕਤੂਬਾਤਿ ਅਮਾਸਿ ਰੱਬਾਨੀ', ਜਹਾਂਗੀਰ ਦੀ 'ਤੁਜ਼ਕੇ ਜਹਾਂਗੀਰੀ', ਮੁਜੱਦਿਦ ਤੇ ਉਸ ਦੇ ਗੁਰੂ ਬਾਕੀਬਿੱਲਾ ਦੀਆਂ ਮੁਸਲਮਾਨੀ ਕੱਟੜਤਾ ਭਰੀਆਂ ਚਿੱਠੀਆਂ, ਸਾਈਂ

ਮੀਆਂ ਮੀਰ ਨਾਲ ਸੰਬੰਧਿਤ ਇਤਿਹਾਸਕ ਤੇ ਦੰਤ-ਕਥਾਵਾਂ ਆਦਿ ਦਾ ਅਧਿਐਨ ਕੀਤਾ ਹੈ।

ਇਸ ਦਾ ਵਿਸ਼ਾ ਭਾਰਤੀ ਇਤਿਹਾਸ ਦੀ ਮਹੱਤਵਪੂਰਨ ਘਟਨਾ ਹੈ ਜਿਸ ਨੂੰ ਨਾਟਕਕਾਰ ਨੇ ਬੜੇ ਮੌਲਿਕ ਤਰੀਕੇ ਨਾਲ ਪੇਸ਼ ਕੀਤਾ ਹੈ। ਇਨ੍ਹਾਂ ਸਾਰੇ ਗੁਣਾਂ ਕਰਕੇ ਨਾਟਕ ਰੰਗਮੰਚ ਉਤੇ ਬੜੀ ਸਫ਼ਲਤਾ ਪ੍ਰਾਪਤ ਕਰਨ ਦੀ ਸਮਰੱਥਾ ਰੱਖਦਾ ਹੈ।

**ੲ) ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਹਰਚਰਨ ਸਿੰਘ ਰਚਿਤ ਨਾਟਕ 'ਚਮਕੌਰ ਦੀ ਗੜ੍ਹੀ'**

ਡਾ. ਹਰਚਰਨ ਸਿੰਘ ਇੱਕ ਅਜਿਹਾ ਨਾਮ ਹੈ ਜਿਸ ਨੂੰ ਪੰਜਾਬੀ ਦੇ ਮੁਢਲੇ ਨਾਟਕਕਾਰਾਂ ਵਿਚ ਗਿਣਿਆ ਜਾਂਦਾ ਹੈ। ਉਨ੍ਹਾਂ ਨੇ ਪੰਜਾਬੀ ਇਤਿਹਾਸਕ ਨਾਟਕ ਲਿਖ ਕੇ ਪੰਜਾਬੀ ਸਾਹਿਤ ਤੇ ਪੰਜਾਬੀ ਬੋਲੀ ਦੀ ਉਹ ਸੇਵਾ ਕੀਤੀ ਜਿਸ ਨੂੰ ਸਦੀਆਂ ਤਕ ਯਾਦ ਰੱਖਿਆ ਜਾਵੇਗਾ। ਉਸ ਕੋਲ ਅਨੁਭਵ ਦੇ ਨਾਲ ਨਾਲ ਲਗਨ ਤੇ ਜੋਸ਼ ਵੀ ਸੀ। ਉਨ੍ਹਾਂ ਨਾਟਕਾਂ ਨੂੰ ਕੇਵਲ ਸ਼ੁਗਲ ਵਾਂਗ ਹੀ ਨਹੀਂ ਲਿਆ ਸਗੋਂ ਜ਼ਿੰਦਗੀ ਦਾ ਮੁੱਖ ਉਦੇਸ਼ ਵੀ ਬਣਾਇਆ ਹੈ। ਡਾਃ ਹਰਚਰਨ ਸਿੰਘ ਨੇ ਜਿੱਥੇ ਸਮਾਜਿਕ ਸਮੱਸਿਆਵਾਂ ਨੂੰ ਅਗਰਭੂਮੀ ਵਿਚ ਲਿਆ ਕੇ ਪੰਜਾਬੀ ਜਨ ਜੀਵਨ ਨੂੰ ਚੇਤਨ ਕਰਨ ਵਾਲੇ ਨਾਟਕ ਲਿਖੇ ਉੱਥੇ ਇਨ੍ਹਾਂ ਨੇ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕ ਵੀ ਲਿਖੇ ਹਨ।

ਇਸੇ ਲਈ ਡਾ. ਹਰਚਰਨ ਸਿੰਘ ਦਾ ਧਾਰਮਿਕ ਨਾਟਕਾਂ ਵਿਚ ਵਿਸ਼ੇਸ਼ ਸਥਾਨ ਹੈ। ਅੱਜ ਤਕ ਜਿਤਨੇ ਵੀ ਧਾਰਮਿਕ ਨਾਟਕ ਲਿਖੇ ਗਏ ਹਨ ਉਹ ਗੁਰੂ ਸਾਹਿਬਾਂ ਦੇ ਸ਼ਹੀਦੀ/ਜਨਮ ਸ਼ਤਾਬਦੀਆਂ ਸਮੇਂ ਸ਼ਰਧਾਂਜਲੀ ਭੇਂਟ ਕਰਨ

ਲਈ ਲਿਖੇ ਤੇ ਖੇਡੇ ਗਏ ਹਨ। ਇਸ ਖੋਜ-ਪ੍ਰਬੰਧ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਡਾ. ਹਰਚਰਨ ਸਿੰਘ ਦਾ ਨਾਟਕ 'ਚਮਕੌਰ ਦੀ ਗੜ੍ਹੀ' ਲਿਆ ਗਿਆ ਹੈ ਜਿਸ ਵਿਚ ਇਸ ਨਾਟਕ ਦੇ ਵਿਸ਼ੇਸ਼ ਪ੍ਰਸੰਗ ਵਿਚ ਚਰਚਾ ਕੀਤੀ ਜਾਵੇਗੀ। ਡਾ. ਹਰਚਰਨ ਸਿੰਘ ਦੁਆਰਾ ਇਹ ਨਾਟਕ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਤੀਜੀ ਜਨਮ ਸ਼ਤਾਬਦੀ ਨੂੰ ਸਮਰਪਿਤ ਸੰਨ 1966 ਈ: ਵਿਚ ਲਿਖਿਆ ਗਿਆ। ਇਸ ਨਾਟਕ ਦੇ ਤਿੰਨ ਅੰਕ ਹਨ, ਪਹਿਲਾ ਚਮਕੌਰ ਦੀ ਗੜ੍ਹੀ, ਦੂਜਾ ਜ਼ਫ਼ਰਨਾਮਾ (ਪਾਪ ਤਿਨਿ ਭੀਤਰਿ ਕੰਪਹਿ), ਤੀਜਾ ਸਰਹੰਦ ਦੀ ਕੰਧ (ਇਤਿਹਾਸ ਜਵਾਬ ਮੰਗਦਾ ਹੈ) ਹੈ। ਇਸ ਦੇ ਪਹਿਲੇ ਅੰਕ ਵਿਚ ਨਾਟਕਕਾਰ ਨੇ ਥੇਹ ਵਿਗਿਆਨੀਆਂ ਨੂੰ ਬਰੋਟੇ (ਬੋਹੜ) ਦੁਆਰਾ ਜਾਣਕਾਰੀ ਦੇਣ ਹਿਤ ਸਿੱਖ ਯੋਧਿਆਂ ਦੀ ਬਹਾਦਰੀ ਦੇ ਕਾਰਨਾਮੇ ਤੇ ਇਤਿਹਾਸਕਤਾ ਬਾਰੇ ਚਾਨਣਾ ਪਾਇਆ ਹੈ। ਮਰਦ ਧਰਤੀ ਤੋਂ ਇੱਕ ਠੀਕਰ ਚੁੱਕ ਕੇ ਬੜੀ ਦਿਲਚਸਪੀ ਨਾਲ ਇਸਤਰੀ ਨੂੰ ਦਿਖਾਉਂਦਾ ਹੈ ਤਾਂ ਬਰੋਟੇ ਵਿਚੋਂ ਇਕ ਅਜੀਬ ਉੱਚੀ ਤੇ ਭਾਰੀ ਹੱਸਣ ਦੀ ਆਵਾਜ਼ ਸੁਣਾਈ ਦਿੰਦੀ ਹੈ। ਦੋਵੇਂ ਡਰ ਨਾਲ ਕੰਬ ਜਾਂਦੇ ਹਨ। ਇਸ ਤਰ੍ਹਾਂ ਬਰੋਟੇ ਤੇ ਵਿਗਿਆਨੀਆਂ ਦੀ ਗੱਲਬਾਤ ਹੁੰਦੀ ਹੈ।ਇਸ ਤਰ੍ਹਾਂ ਲੋਕਾਂ ਦਾ ਸ੍ਰੀ ਗੁਰੂ ਗੋਬਿੰਦ ਸਿੰਘ, ਸਾਹਿਬਜ਼ਾਦਿਆਂ ਤੇ ਕੁੱਝ ਸਿੰਘਾਂ ਦੇ ਬਾਰੇ ਕੱਚੀ ਗੜ੍ਹੀ ਵਿਚ ਟਿੱਡੀ ਦੱਲ ਦੁਆਰਾ ਘੇਰਾ ਪਾਇਆ ਦਰਸਾਉਂਦਾ ਹੈ। ਇਸ ਸੰਬੰਧੀ ਨਾਟਕਕਾਰ ਦੁਆਰਾ ਆਪਣੇ ਕਹੇ ਸ਼ਬਦ :

> ਮਹਾਨ ਗੁਰੂ, ਚਾਰੇ ਸਾਹਿਬਜ਼ਾਦੇ ਅਤੇ ਸਿੱਖ
> ਸੂਰਮਿਆਂ ਦੀਆਂ ਲਾਸਾਨੀ ਕੁਰਬਾਨੀਆਂ ਅਤੇ
> ਬੀਰ-ਰਸ ਭਰਪੂਰ ਅਦੁੱਤੀ ਸਾਕਿਆਂ ਨੂੰ ਵਰਤਮਾਨ
> ਸਥਿਤੀ ਅਨੁਕੂਲ ਰਖ ਕੇ ਭਵਿੱਖ ਵਿਚ ਕੌਮੀ

> ਚਰਿੱਤਰ ਉਸਾਰਨ ਦੇ ਆਸ਼ੇ ਨਾਲ ਮੈਂ ਇਹ
> ਨਾਟਕ ਪੇਸ਼ ਕਰ ਰਿਹਾ ਹਾਂ।[39]

ਇਸ ਨਾਟਕ ਵਿਚ ਨਾਟਕਕਾਰ ਨੇ ਦੋ ਮਹੱਤਵਪੂਰਨ ਨਾਟ-ਜੁਗਤਾਂ ਦੀ ਵਰਤੋਂ ਕੀਤੀ ਹੈ। ਪਹਿਲੀ ਜੁਗਤ ਪਿਛਲਝਾਤ ਅਤੇ ਬਰੋਟੇ ਰਾਹੀਂ ਥੇਹ ਵਿਗਿਆਨੀਆਂ ਨੂੰ ਇਤਿਹਾਸਕ ਜਾਣਕਾਰੀ ਦੇਣੀ ਅਤੇ ਦੂਸਰੀ ਇਤਿਹਾਸਕ ਘਟਨਾਵਾਂ ਦੀ ਪੇਸ਼ਕਾਰੀ ਰਾਹੀਂ ਇਤਿਹਾਸਕ ਵਿਅਕਤੀਆਂ ਦੇ ਮਾਨਸਿਕ ਪ੍ਰਭਾਵਾਂ ਨੂੰ ਪੇਸ਼ ਕਰਨਾ ਹੈ। ਬਰੋਟੇ ਅਤੇ ਥੇਹ ਵਿਗਿਆਨੀਆਂ ਦੀ ਜੁਗਤ ਪਾਠਕਾਂ/ਦਰਸ਼ਕਾਂ ਨੂੰ ਇਸ ਗੱਲ ਪ੍ਰਤੀ ਸੁਚੇਤ ਕਰਦੀ ਹੈ ਕਿ ਉਹ ਵਰਤਮਾਨ ਵਿਚ ਬੈਠੇ ਇਤਿਹਾਸ ਬਾਰੇ ਦ੍ਰਿਸ਼ ਦੇਖ ਰਹੇ ਹਨ। ਨਾਟਕਕਾਰ ਇਸ ਸੰਬੰਧ ਵਿਚ ਦੱਸਦਾ ਹੈ:

> ਚਮਕੌਰ ਦੀ ਕੱਚੀ ਗੜ੍ਹੀ ਵਿਚ ਗੁਰੂ ਗੋਬਿੰਦ
> ਸਿੰਘ ਦਾ ਗਿਣਤੀ ਦੇ ਸਿੰਘਾਂ ਸਮੇਤ ਮੁਗ਼ਲਾਂ
> ਦੀਆਂ ਅਣਗਿਣਤ ਫ਼ੌਜਾਂ ਤੇ ਮੁਲਖਈਏ ਨਾਲ
> ਟਾਕਰਾ ਸੰਸਾਰ ਦੇ ਇਤਿਹਾਸ ਦਾ ਇੱਕ ਅਦੁੱਤੀ
> ਕਾਰਨਾਮਾ ਹੈ।[40]

ਇਸ ਨਾਟਕ ਵਿਚ ਨਾਟਕਕਾਰ ਨੇ ਬਰੋਟੇ ਨੂੰ ਕਲਾ-ਜੁਗਤ ਵਜੋਂ ਵਰਤ ਕੇ ਇਹ ਪ੍ਰਭਾਵ ਦੇਣ ਦਾ ਯਤਨ ਕੀਤਾ ਹੈ ਕਿ ਉਹ ਬਿਲਕੁਲ ਸੱਚੀਆਂ ਘਟਨਾਵਾਂ ਪੇਸ਼ ਕਰੇਗਾ। ਉਹ ਇਸ ਵਿਚ ਇਹ ਸਿੱਖਿਆ ਦੇਣੀ ਚਾਹੁੰਦਾ ਹੈ ਕਿ ਗੁਰੂਆਂ ਅਤੇ ਮਹਾਨ ਸ਼ਹੀਦ ਸਿੱਖਾਂ ਦੀਆਂ ਇਤਿਹਾਸਕ ਯਾਦਗਾਰਾਂ, ਜਿੱਥੇ ਸੂਰਮਿਆਂ ਤੇ ਯੋਧਿਆਂ ਦਾ ਖੂਨ ਡੁੱਲ੍ਹਿਆ ਹੈ ਭਾਵ ਉਸ ਮਿੱਟੀ ਦੇ

ਇੱਕ ਇੱਕ ਕਿਨਕੇ ਨੂੰ ਨਮਸਕਾਰ ਕਰੀਏ ਤੇ ਸਾਨੂੰ ਆਪਣੇ ਪੂਰਵਜਾਂ ਨੂੰ ਯਾਦ ਰੱਖਣਾ ਚਾਹੀਦਾ ਹੈ। ਜਿਵੇਂ ਬਰੋਟਾ ਕਹਿੰਦਾ ਹੈ :

ਬਰੋਟਾ : ਪਹਿਲਾਂ ਇਸ ਧਰਤੀ ਨੂੰ ਨਮਸਕਾਰ ਕਰੋ। ਇਸ ਦੀ ਮਿੱਟੀ ਦੇ ਇੱਕ ਇੱਕ ਕਿਣਕੇ ਵਿਚ ਜੋਧਿਆਂ ਦਾ ਖ਼ੂਨ ਹੈ ਇੱਥੇ ਸ਼ਹੀਦ ਸਿੰਘਾਂ ਦੀਆਂ ਰੂਹਾਂ ਦਾ ਨਿਵਾਸ ਹੈ।[41]

ਇਸ ਨਾਟਕ ਦਾ ਵਿਸ਼ਾ ਇਕ ਵਿਸ਼ੇਸ਼ ਕਾਲ ਖੰਡ ਦੀਆਂ ਘਟਨਾਵਾਂ ਦੀ ਪੁਨਰ-ਸਿਰਜਨਾ ਕਰਨਾ ਹੈ। ਇਸ ਨਾਟਕ ਦੇ ਵਿਸ਼ੇ ਦਾ ਉਦੇਸ਼ ਪਦਾਰਥਕ ਦੌੜ ਵਿਚ ਗਲਤਾਨ ਮੁਨੱਖਾਂ ਨੂੰ ਪੁਰਾਣੀਆਂ ਪਰੰਪਰਾਵਾਂ ਅਤੇ ਅਮੀਰ ਸਭਿਆਚਾਰਕ ਵਿਰਸੇ ਤੋਂ ਜਾਣੂ ਕਰਵਾਉਣਾ ਹੈ ਤਾਂ ਜੋ ਉਹ ਪ੍ਰੇਰਣਾ ਲੈ ਕੇ ਆਪਣੇ ਦੇਸ਼ ਕੌਮ ਤੇ ਧਰਮ ਪ੍ਰਤੀ ਪਿਆਰ ਅਤੇ ਵਫ਼ਾਦਾਰੀ ਨਿਭਾ ਸਕਣ। ਇਸ ਤੋਂ ਸਿਵਾ ਇਸ ਨਾਟਕ ਵਿਚ ਮਨੁੱਖ ਆਪਣੀਆਂ ਕਦਰਾਂ-ਕੀਮਤਾਂ ਨੂੰ ਭੁਲਦਾ ਜਾ ਰਿਹਾ, ਭਾਵ ਇਸ ਅੰਨ੍ਹੀ ਦੌੜ ਦੇ ਚੱਕਰ ਵਿਚ ਖ਼ੁਦਗਰਜ਼ ਹੋਏ ਮਨੁੱਖਾਂ ਨੂੰ ਆਪਣੀਆਂ ਨੈਤਿਕ ਕਦਰਾਂ-ਕੀਮਤਾਂ ਭੁੱਲ ਚੁੱਕੀਆਂ ਹਨ ਅਤੇ ਉਸ ਕੋਲ ਆਪਣੇ ਸਭਿਆਚਾਰਕ ਵਿਰਸੇ ਦੇਸ਼ ਕੌਮ ਦੀ ਮਹੱਤਤਾ ਤੇ ਪੂਰਵਜਾਂ ਦੇ ਇਤਿਹਾਸ ਨੂੰ ਸੰਭਾਲਣ ਦੀ ਵਿਹਲ ਤਕ ਨਹੀਂ ਹੈ। ਨਾਟਕਕਾਰ ਨੇ ਇਸ ਵਿਚਾਰ ਦੀ ਪੇਸ਼ਕਾਰੀ ਥੇਹ ਵਿਗਿਆਨੀਆਂ ਨੂੰ ਬਰੋਟੇ ਦੁਆਰਾ ਵਿਅੰਗ ਰਾਹੀਂ ਕਰਵਾਈ ਹੈ ਜੋ ਅਜੋਕੇ ਮਨੁੱਖ ਦੀ ਫ਼ਿਤਰਤ ਦਾ ਗਿਆਨ ਕਰਵਾਉਂਦੀ ਹੈ, ਜਿਵੇਂ :

ਬਰੋਟਾ : ਲੰਮੀ ਕਥਾ ਸੁਣ ਕੇ ਤੁਸੀਂ ਅੱਕ ਜਾਉਗੇ। ਅੱਜ ਦੇ ਮਨੁੱਖ ਕੋਲ ਬਜ਼ੁਰਗਾਂ ਦੀ ਬੀਰ-ਗਾਥਾ ਸੁਣਨ ਦੀ ਫ਼ੁਰਸਤ ਕਿਥੇ?[42]

ਇਨ੍ਹਾਂ ਇਤਿਹਾਸਕ ਘਟਨਾਵਾਂ ਦਾ ਉਸ ਸਮੇਂ ਦੇ ਹਾਕਮਾਂ ਦੇ ਮਨਾਂ ਉੱਪਰ ਕੀ ਅਸਰ ਹੋਇਆ ਤੇ ਕਿਵੇਂ ਹਕੂਮਤ ਦਾ ਟਾਕਰਾ ਕਰਦਿਆਂ ਸਿੱਖਾਂ ਨੇ ਭਾਰਤੀ ਲੋਕ-ਸ਼ਕਤੀ ਦਾ ਰੂਪ ਧਾਰਨ ਕਰ ਲਿਆ, ਨਾਟਕਕਾਰ ਸਿੱਖਾਂ ਦੇ ਇਸ ਲੋਕ ਸ਼ਕਤੀ ਵਜੋਂ ਉਭਾਰ ਨੂੰ ਪਿੱਠ-ਭੂਮੀ ਵਿਚ ਰੱਖਦਾ ਹੈ। ਇਸੇ ਆਧਾਰਭੂਮੀ ਵਿਚ ਮੁਗ਼ਲ ਹਾਕਮਾਂ ਵੱਲੋਂ ਕੀਤੇ ਜ਼ੁਲਮਾਂ ਅਤੇ ਉਨ੍ਹਾਂ ਦੇ ਮਨੋਸੰਤਾਪ ਨੂੰ ਪੇਸ਼ ਕੀਤਾ ਗਿਆ ਹੈ। ਇਸ ਨਾਟਕ ਵਿਚ 'ਚਮਕੌਰ ਦੀ ਗੜ੍ਹੀ' ਦੇ ਇਤਿਹਾਸਕ ਮਹੱਤਵ ਨੂੰ ਥੇਹ ਵਿਗਿਆਨੀਆਂ ਵੱਲੋਂ ਸੁਣਨ ਦੀ ਜੁਗਤ ਰਾਹੀਂ ਦਰਸ਼ਕਾਂ ਨੂੰ ਚਮਕੌਰ ਵਿਖੇ ਵਾਪਰੀਆਂ ਘਟਨਾਵਾਂ ਨਾਲ ਜਾਣੂ ਕਰਵਾਉਣ ਦੀ ਸਫ਼ਲਤਾ ਹੈ। ਇਸ ਅੰਕ ਵਿਚ ਮੁਗ਼ਲ ਸੂਬੇਦਾਰਾਂ, ਵਜ਼ੀਰ ਖਾਂ ਅਤੇ ਉਸ ਦੇ ਸਾਥੀਆਂ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾਇਆ ਹੋਇਆ ਹੈ। ਮੁਗ਼ਲ ਫ਼ੌਜ ਦੀਆਂ ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਜਾਂਦੇ ਹਨ ਤੇ ਵਜ਼ੀਰ ਖਾਂ ਆਪਣੀ ਇਸ ਅਸਫ਼ਲਤਾ ਉਤੇ ਪਛਤਾਉਂਦਾ ਹੈ ਅਤੇ ਇਸ ਦੇ ਸਿਵਾ ਆਪਣੇ ਸਿਪਾਹੀਆਂ ਤੇ ਫ਼ੌਜਦਾਰਾਂ ਦੀ ਬੇਈਮਾਨੀ ਤੇ ਸ਼ੱਕ ਵੀ ਕਰਦਾ ਹੈ, ਜਿਵੇਂ ਵਜ਼ੀਰ ਖਾਂ ਕਹਿੰਦਾ ਹੈ :

ਵਜ਼ੀਰ ਖਾਂ : ਕੁਝ ਸਮਝ ਨਹੀਂ ਆਉਂਦੀ, ਐਨੇ ਕਰੜੇ ਘੇਰੇ ਵਿਚੋਂ ਗੁਰੂ ਕਿਸ ਤਰ੍ਹਾਂ ਬਚ ਕੇ ਨਿਕਲ ਗਿਆ। ਇਹ ਮੇਰੇ ਬਦਜ਼ਾਤ ਨਮਕ-ਹਰਾਮ ਸਿਪਾਹੀਆਂ ਦੀ ਕਮਜ਼ੋਰੀ ਹੈ ਜਾਂ ਮੇਰੇ ਨਾਇਬ ਫ਼ੌਜਦਾਰਾਂ ਦੀ ਬੇਈਮਾਨੀ ਹੈ। ਮੈਂ ਇਨ੍ਹਾਂ ਬੁਜ਼ਦਿਲਾਂ ਦੇ ਟੁਕੜੇ

ਟੁਕੜੇ ਕਰ ਦਿਆਂਗਾ। ਸਖ਼ਤ ਤੋਂ ਸਖ਼ਤ ਸਜ਼ਾ ਦੇਵਾਂਗਾ।[43]

ਇਸ ਤਰ੍ਹਾਂ ਇਸ ਨਾਟਕ ਵਿਚ ਨਾਟਕਕਾਰ ਨੇ ਸਿੱਖਾਂ ਦੀ ਸਰੀਰਕ ਤੇ ਰੂਹਾਨੀ ਸ਼ਕਤੀ ਵੀ ਵਿਖਾਈ ਹੈ ਜਿਸ ਦਾ ਪਤਾ ਵਿਰੋਧੀਆਂ ਦੀ ਮਾਨਸਿਕ ਦਸ਼ਾ ਰਾਹੀਂ ਪ੍ਰਗਟ ਹੁੰਦਾ ਹੈ। ਜਦੋਂ ਵਜ਼ੀਰ ਖਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸੀਸ ਸਮਝ ਕੇ ਔਰੰਗਜ਼ੇਬ ਵੱਲ ਭੇਜਣ ਦਾ ਹੁਕਮ ਕੀਤਾ ਤਾਂ ਉਹ ਭਾਈ ਸੰਗਤ ਸਿੰਘ ਦਾ ਨਿਕਲਦਾ ਹੈ ਤਾਂ ਇਸ ਤੇ ਉਹ ਗੁੱਸੇ ਵਿਚ ਭਰਿਆ ਪੀਤਾ ਮਨ ਹੀ ਮਨ ਵਿਚ ਸਿੱਖਾਂ ਦੀ ਬਹਾਦਰੀ ਤੇ ਨਿਡਰਤਾ ਤੇ ਹੈਰਾਨ ਹੋਇਆ ਕਹਿੰਦਾ ਹੈ :

ਵਜ਼ੀਰ ਖਾਂ : ਉਫ਼ ! ਯਾ ਅੱਲ੍ਹਾ ! ਇਹ ਸਭ ਕੁੱਝ ਕਿਸ ਤਰ੍ਹਾਂ ਹੋਇਆ ! ਮੁੱਠੀ ਭਰ ਸਿੰਘਾਂ ਵਿਚ ਐਨਾ ਹੌਸਲਾ ਔਰ ਮਰਦਾਨਗੀ ਕਿਥੋਂ ਆ ਗਈ। ਇਹ ਲੋਕ ਕਿਸ ਮਾਦੇ ਦੇ ਬਣੇ ਹੋਏ ਨੇ ! ਇਨ੍ਹਾਂ ਕਾਫ਼ਰਾਂ ਨੇ ਕਿਆ ਆਬੇ-ਹਯਾਤ ਪੀਤਾ ਹੋਇਆ ਹੈ ! ਨਾ ਇਨ੍ਹਾਂ ਦਾ ਘਰ ਨਾ ਘਾਟ। ਨਾ ਇਨ੍ਹਾਂ ਨੂੰ ਮੌਤ ਦਾ ਡਰ ਨਾ ਭੁੱਖ ਦਾ ਦੁੱਖ। ਨਾ ਨੀਂਦਰ ਨਾ ਆਰਾਮ।[44]

ਇਉਂ ਨਾਟਕ 'ਚਮਕੌਰ ਦੀ ਗੜ੍ਹੀ' ਦੇ ਪਹਿਲੇ ਅੰਕ ਵਿਚ ਬਰੋਟੇ (ਬੋਹੜ) ਦੇ ਮਾਨਵੀਕਰਨ ਰਾਹੀਂ ਥੇਹ ਵਿਗਿਆਨੀਆਂ ਨੂੰ ਸਿੱਖ ਇਤਿਹਾਸ ਦੀ ਸੱਚੀ ਜਾਣਕਾਰੀ ਦੇਣੀ, ਸਿੱਖਾਂ ਦੇ ਸਤਿਕਾਰਯੋਗ ਤੇ ਪੂਜਣਯੋਗ ਪਵਿੱਤਰ ਸਥਾਨਾਂ ਬਾਰੇ ਦੱਸਣਾ ਕਿ ਇੱਥੇ ਸੂਰਬੀਰਾਂ ਦੀਆਂ ਰੂਹਾਂ ਦਾ ਨਿਵਾਸ ਹੈ। ਤੁਹਾਡੇ ਭਾਣੇ ਇਹ ਜਗ੍ਹਾ ਇੱਕ ਸਾਧਾਰਨ ਪੁਰਾਣਾ ਖੰਡਰ ਹੈ। ਤੁਹਾਨੂੰ ਇਸ

ਦੇ ਇਤਿਹਾਸ ਦਾ ਪਤਾ ਨਹੀਂ। ਪਹਿਲਾਂ ਇਸ ਧਰਤੀ ਨੂੰ ਨਮਸਕਾਰ ਕਰਨ ਬਾਰੇ ਕਹਿਣਾ ਤੇ ਬਾਅਦ ਵਿਚ ਚਮਕੌਰ ਦੀ ਗੜ੍ਹੀ ਦੇ ਇਤਿਹਾਸ ਬਾਰੇ ਜਾਣਕਾਰੀ ਦੇਣ ਤੋਂ ਸਿਵਾ ਇਹ ਕਹਿਣਾ ਕਿ ਅੱਜ ਦੇ ਪਦਾਰਥਵਾਦੀ ਮਨੁੱਖ ਕੋਲ ਬਜ਼ੁਰਗਾਂ ਦੀ ਬੀਰ-ਗਾਥਾ ਸੁਣਨ ਦੀ ਫ਼ੁਰਸਤ ਨਹੀਂ ਹੈ, ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਬਾਰੇ ਦੱਸਣਾ ਕਿ ਉਸ ਇਲਾਹੀ ਯੋਧੇ, ਦੇਸ਼ ਤੇ ਧਰਮ ਦੇ ਰੱਖਿਅਕ ਗੁਰੂ ਦੀ ਛੋਹ ਨਾਲ ਇਸ ਧਰਤੀ ਦੇ ਭਾਗ ਜਾਗੇ ਤੇ ਇਹ ਗੜ੍ਹੀ ਸੱਚੇ ਸੂਰਮਿਆਂ ਦੀ ਢਾਲ ਮੁਗ਼ਲ ਫ਼ੌਜਾਂ ਲਈ ਵਬਾਲ ਬਣੀ ਵਿਸ਼ੇਸ਼ ਅਰਥ ਰੱਖਦਾ ਹੈ। ਇਸ ਤੋਂ ਸਿਵਾ ਇਸ ਅੰਕ ਵਿਚ ਦੋ ਸਾਹਿਬਜ਼ਾਦਿਆਂ, ਤਿੰਨ ਪਿਆਰਿਆਂ ਤੇ 37 ਸਿੰਘ ਸੂਰਮਿਆਂ ਦੀ ਸ਼ਹੀਦੀ ਬਾਰੇ ਦੱਸਣਾ ਤੇ ਪੰਜ ਸਿੰਘ ਸਾਹਿਬਾਨ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੁਗ਼ਲਾਂ ਦੇ ਸਖ਼ਤ ਘੇਰੇ ਵਿਚੋਂ ਉਨ੍ਹਾਂ ਨੂੰ ਡਰਾਉਂਦੇ ਧਮਕਾਉਂਦੇ ਪਾਰ ਕਰ ਜਾਣਾ ਸ਼ਾਮਿਲ ਹੈ ਇੰਜ ਹੀ ਵਜ਼ੀਰ ਖ਼ਾਂ ਦਾ ਉਨ੍ਹਾਂ ਦੀ ਲਲਕਾਰ ਤੋਂ ਡਰ ਕੇ ਆਪਣੇ ਸੌਣ ਵਾਲੇ ਕਮਰੇ ਵਿਚ ਚਲੇ ਜਾਣਾ ਵੀ ਪ੍ਰਗਟਾਇਆ ਗਿਆ ਹੈ। ਇਹ ਘਟਨਾਵਾਂ ਸਿੱਖਾਂ ਦੀ ਬਹਾਦਰੀ ਦੇ ਨਾਲ ਨਾਲ ਨਾਟਕਕਾਰ ਦੇ ਉਦੇਸ਼ ਨੂੰ ਵੀ ਪ੍ਰਗਟਾਉਂਦੀਆਂ ਹਨ ਉਸ ਸਮੇਂ ਸਿੱਖਾਂ ਦੀਆਂ ਧਰਮ ਤੇ ਦੇਸ਼ ਪ੍ਰਤੀ ਕੁਰਬਾਨੀਆਂ ਨੂੰ ਦਰਸਾ ਕੇ ਅੱਜ ਦੇ ਮਨੁੱਖ ਨੂੰ ਧਰਮ ਤੇ ਦੇਸ਼ ਪ੍ਰਤੀ ਸੁਹਿਰਦ ਹੋ ਕੇ ਕੰਮ ਕਰਨਾ ਚਾਹੀਦਾ ਹੈ ਅਤੇ ਆਪਣੇ ਵਿਰਸੇ ਨੂੰ ਯਾਦ ਰਖਣਾ ਚਾਹੀਦਾ ਹੈ। ਇਸ ਬਾਰੇ ਨਾਟਕਕਾਰ ਦਾ ਉਦੇਸ਼ ਸਪਸ਼ਟ ਹੁੰਦਾ ਹੈ ਕਿ ਇਸ ਨਾਟਕ ਦਾ ਮੁੱਖ ਉਦੇਸ਼ ਦਰਸ਼ਕਾਂ ਦੇ ਤਨਾਂ ਤੇ ਮਨਾਂ ਨੂੰ ਹਿਲਾ ਦੇਣਾ, ਉਨ੍ਹਾਂ ਦੀਆਂ ਸੁੱਤੀਆਂ ਕਲਾ ਜਗਾਉਣਾ ਅਤੇ ਉਨ੍ਹਾਂ ਦੀਆਂ ਆਤਮਾਵਾਂ ਨੂੰ ਬਲਵਾਨ ਬਣਾਉਣਾ ਹੈ।

ਨਾਟਕ ਦੇ ਦੂਜੇ ਅੰਕ 'ਜ਼ਫ਼ਰਨਾਮਾ' ਵਿਚ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਔਰੰਗਜ਼ੇਬ ਨੂੰ ਲਿਖੀ ਗਈ ਇਕ ਚਿੱਠੀ ਹੈ ਜਿਸ ਨੂੰ 'ਜ਼ਫ਼ਰਨਾਮਾ' ਕਿਹਾ ਗਿਆ ਹੈ। ਉਸ ਵਿਚ ਔਰੰਗਜ਼ੇਬ ਨੂੰ ਲਾਹਨਤਾਂ ਪਾਈਆਂ ਗਈਆਂ ਹਨ। ਇਸ ਅੰਕ ਦੀ ਆਪਣੀ ਵੱਖਰੀ ਹੋਂਦ ਹੈ। ਜੇਕਰ ਨਾਟਕ 'ਚਮਕੌਰ ਦੀ ਗੜ੍ਹੀ' ਵਿਚੋਂ ਇਹ ਅਲੱਗ 'ਜ਼ਫ਼ਰਨਾਮਾ' ਦੇ ਤੌਰ ਤੇ ਇਕਾਂਗੀ ਨਾਟਕ ਖੇਡਿਆ ਜਾਵੇ ਤਾਂ ਬਿਖਰਿਆ ਹੋਇਆ ਤੇ ਅਲੱਗ ਨਹੀਂ ਲਗੇਗਾ। ਇਹ ਤਿੰਨਾਂ ਹੀ ਅੰਕਾਂ ਦਾ ਸਮਾਂ ਔਰੰਗਜ਼ੇਬ ਵੇਲੇ ਦਾ ਹੈ ਇਸ ਲਈ ਇਨ੍ਹਾਂ ਤਿੰਨਾਂ ਵਿਚ ਸਮੇਂ ਦੀ ਸਾਂਝ ਵੀ ਹੈ।

ਇਸ ਨਾਟਕ ਵਿਚ ਔਰੰਗਜ਼ੇਬ ਨੂੰ ਬੇਵੱਸ, ਕਮਜ਼ੋਰ ਤੇ ਬੁੱਢਾ ਹੋਇਆ ਦਿਖਾਇਆ ਗਿਆ ਹੈ। ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਹੋ ਚੁੱਕੀ ਹੈ। ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ ਛੋਟੇ ਸਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾ ਕੇ ਸ਼ਹੀਦ ਕਰ ਦਿੱਤਾ ਹੈ। ਉੱਧਰ ਮਹਾਰਾਸ਼ਟਰ ਤੇ ਸਾਰੇ ਭਾਰਤ ਵਿਚ ਔਰੰਗਜ਼ੇਬ ਦੇ ਉਲਟ ਬਗ਼ਾਵਤਾਂ ਛਿੜ ਪਈਆਂ ਹਨ। ਔਰੰਗਜ਼ੇਬ ਦੀ ਨੂੰਹ, ਸ਼ਾਇਰ ਬੇਟੀ, ਜ਼ੇਬ-ਉਨ-ਨਿਸਾ ਤੇ ਬੇਟਾ ਅਕਬਰ ਫੌਤ ਹੋ ਚੁੱਕੇ ਹਨ। ਔਰੰਗਜ਼ੇਬ ਦੇ ਪੁੱਤਰਾਂ ਵਿਚ ਤਖ਼ਤ ਦੀ ਪ੍ਰਾਪਤੀ ਲਈਂ ਘਰੇਗੀ ਜੰਗ ਛਿੜ ਚੁੱਕੀ ਹੈ। ਨਾਟਕ ਵਿਚ ਔਰੰਗਜ਼ੇਬ ਦੀ ਪ੍ਰੇਸ਼ਾਨੀ ਦੇ ਕਈ ਇਤਿਹਾਸਕ ਕਾਰਨ ਹਨ ਪਰ ਵੱਡਾ ਕਾਰਨ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਮਾਲਵੇ ਦੇ ਪਿੰਡ ਦੀਨਾ ਕਾਂਗੜ ਤੋਂ ਲਿਖਿਆ 'ਜ਼ਫ਼ਰਨਾਮਾ' ਹੈ ਜਿਸ ਵਿਚ ਔਰੰਗਜ਼ੇਬ ਨੂੰ ਧਰਮ ਤੇ ਦੀਨ ਈਮਾਨ ਤੋਂ ਕੋਰਾ, ਕੁਰਾਨ ਸ਼ਰੀਫ ਦੀਆਂ ਝੂਠੀਆਂ ਕਸਮਾਂ ਖਾ ਕੇ ਮੁਕਰ ਜਾਣ ਵਾਲਾ ਤੇ ਰੱਬ ਦੀ ਪਛਾਣ ਤੋਂ ਕੋਰਾ ਦੱਸਿਆ ਗਿਆ ਹੈ। ਇਹ ਜ਼ਫ਼ਰਨਾਮਾ ਔਰੰਗਜ਼ੇਬ ਦੀ ਅੰਤਰ-ਆਤਮਾ ਨੂੰ ਕੰਬਾਉਂਦਾ ਹੈ ਤੇ ਗੁਰੂ

ਗੋਬਿੰਦ ਸਿੰਘ ਨਾਲ ਹੋਈ ਬੇਇਨਸਾਫੀ ਲਈ ਆਪਣੇ ਆਪ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ। ਔਰੰਗਜ਼ੇਬ ਆਪਣੀ ਬੇਟੀ ਜ਼ੀਨਤ ਨੂੰ ਕਹਿੰਦਾ ਹੈ :

ਔਰੰਗਜ਼ੇਬ : ਹਰ ਗੱਲ ਮੇਰੀ ਮਰਜ਼ੀ ਦੇ ਖ਼ਿਲਾਫ ਹੋ ਰਹੀ
ਹੈ! ਕੁਦਰਤ ਵੀ ਕਹਿਰਵਾਨ ਹੋ ਗਈ ਹੈ!
ਇਸ ਤਰ੍ਹਾਂ ਲੱਗਦਾ ਹੈ ਕਿ ਖ਼ੁਦਾ ਨੇ ਮੈਨੂੰ
ਭੁਲਾ ਦਿੱਤਾ ਹੈ![45]

ਸੁਪਨੇ ਵਿਚ ਔਰੰਗਜ਼ੇਬ ਦੇ ਕੰਨਾਂ ਵਿਚ ਨਾਚ ਗਾਣਿਆਂ ਤੇ ਰੰਗ ਤਮਾਸ਼ਿਆਂ ਦੀ ਆਵਾਜ਼ ਪੈਂਦੀ ਹੈ। ਉਸਨੂੰ ਆਪਣਾ ਆਪ ਇੱਕ ਬੇਸੁਰਾ ਸਾਜ਼ ਤੇ ਘੜੀ ਪਲ ਲਈ ਦੀਵੇ ਦੀ ਡੋਲਦੀ ਲਾਟ ਵਰਗਾ ਲੱਗਦਾ ਹੈ।

ਆਵਾਜ਼: ਔਰੰਗਜ਼ੇਬ ਜ਼ਿੰਦਗੀ ਖ਼ੁੱਦ ਇੱਕ ਰੰਗ ਤਮਾਸ਼ਾ ਹੈ, ਜਿਸ ਤੋਂ ਤੂੰ ਮਹਿਰੂਮ ਰਿਹਾ ਹੈਂ। ਇਸੇ ਵਾਸਤੇ ਤੇਰੀ ਜ਼ਿੰਦਗੀ ਰੰਗਹੀਨ ਤੇ ਤੂੰ ਸਖ਼ਤਮਜਾਜ਼ ਹੈਂ।[46]

ਜ਼ਫ਼ਰਨਾਮਾ ਗੁਰੂ ਗੋਬਿੰਦ ਸਿੰਘ ਦੀ ਰੂਹਾਨੀ ਜਿੱਤ ਦਾ ਅਤੇ ਔਰੰਗਜ਼ੇਬ ਦੀ ਹਾਰ ਦਾ ਇੱਕ ਚਿੰਨ੍ਹ ਹੈ। ਔਰੰਗਜ਼ੇਬ ਨੂੰ ਇਹ ਜ਼ਫ਼ਰਨਾਮਾ ਪੜ੍ਹ ਕੇ ਪਤਾ ਲੱਗਦਾ ਹੈ ਕਿ ਸਿੱਖਾਂ ਦੇ ਗੁਰੂ ਨਾਲ ਧੋਖਾ ਹੋਇਆ ਹੈ। ਵਜ਼ੀਰ ਖਾਂ ਨੇ ਉਸ ਦੇ ਨਾਂ ਤੇ ਕੁਰਾਨ ਸ਼ਰੀਫ ਦੀਆਂ ਝੂਠੀਆਂ ਕਸਮਾਂ ਖਾਧੀਆਂ ਹਨ ਤੇ ਧੋਖੇ ਨਾਲ ਆਨੰਦਪੁਰ ਸਾਹਿਬ ਦੇ ਕਿਲ੍ਹੇ ਤੋਂ ਕਢਵਾ ਕੇ ਪਿੱਛੋਂ ਹਮਲਾ ਕੀਤਾ ਹੈ। ਔਰੰਗਜ਼ੇਬ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਜ਼ਿੰਮੇਵਾਰ ਵੀ ਆਪਣੇ ਆਪ ਨੂੰ ਮੰਨਦਾ ਹੈ। ਉਹ ਗੁਰੂ ਨਾਲ ਹੋਈ ਬੇਇਨਸਾਫ਼ੀ ਲਈ ਆਪਣੇ ਆਪ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੋਇਆ ਆਪਣੀ ਬੇਟੀ ਜ਼ੀਨਤ ਨੂੰ ਕਹਿੰਦਾ ਹੈ :

ਔਰੰਗਜ਼ੇਬ : ਉਸ ਪੀਰ ਨਾਲ ਮੇਰੇ ਹੱਥੋਂ ਸਖ਼ਤ ਧੋਖਾ ਹੋਇਆ
ਹੈ। ਬਾਬਰ ਨੇ ਬਾਬਾ ਨਾਨਕ ਅੱਗੇ ਸਿਰ
ਝੁਕਾਇਆ ਸੀ, ਪਰ ਮੈਂ ਉਸ ਗੁਰੂ ਘਰ ਨਾਲ
ਮੱਥਾ ਲਾਇਆ ਹੈ।[47]

ਪੰਜਾਬ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਇਆ ਸਿੰਘ ਦੇ ਹੱਥ ਜ਼ਫ਼ਰਨਾਮਾ ਭੇਜਿਆ ਉਸ ਨੂੰ ਆਪਣੇ ਹੱਥੀਂ ਔਰੰਗਜ਼ੇਬ ਤਕ ਪਹੁੰਚਾਉਣ ਲਈ ਕਈ ਮਹੀਨੇ ਗੁਰੂ ਦੇ ਸਿੱਖ ਨੂੰ ਇੰਤਜ਼ਾਰ ਕਰਨਾ ਪਿਆ। ਆਖਰ ਉਸ ਨੂੰ ਇਹ ਖ਼ਤ ਮਿਲਿਆ ਜਿਸ ਨੂੰ ਪੜ੍ਹ ਕੇ ਉਸ ਦੇ ਜ਼ਿਹਨ ਤੇ ਇਸ ਦਾ ਐਸਾ ਅਸਰ ਹੋਇਆ ਕਿ ਉਹ ਰਾਤ ਭਰ ਸੌਂ ਨਾ ਸਕਿਆ। ਜੇ ਉਸ ਦੀ ਅੱਖ ਲੱਗੀ ਤਾਂ ਸੁਪਨੇ ਵਿਚ ਆਪਣੇ ਪੁੱਤਰਾਂ ਵਿਚ ਤਖ਼ਤ-ਓ-ਤਾਜ ਲਈ ਛਿੜੀ ਜੰਗ ਦੇਖਦਾ ਹੈ ਤੇ ਗੁਰੂ ਦੇ ਝੰਡੇ ਹੇਠ ਇਕੱਠੇ ਹੋਏ ਮਰਹੱਟਿਆਂ ਨੂੰ ਮਹਾਰਾਸ਼ਟਰ ਵੱਲੋਂ ਉੱਠੇ ਦੇਖਦਾ ਹੈ। ਉਹ ਇਸ ਜੰਗ ਵਿਚ ਆਪਣੇ ਪੁੱਤਰ ਕਾਮਬਖ਼ਸ਼ ਨੂੰ ਮਰਿਆ ਹੋਇਆ ਦੇਖਦਾ ਹੈ, ਜਿਸ ਕਾਰਨ ਡਰ ਨਾਲ ਉਸ ਦੀਆਂ ਚੀਕਾਂ ਨਿਕਲਦੀਆਂ ਹਨ ਤੇ ਜਿਸ ਦੇ ਪ੍ਰਤੀਕਰਮ ਵਜੋਂ ਬੇਟੀ ਜ਼ੀਨਤ, ਸ਼ਾਹੀ ਹਕੀਮ, ਅਸਦ ਖ਼ਾਨ ਤੇ ਬੇਗ਼ਮ ਊਦੈਪੁਰੀ ਔਰੰਗਜ਼ੇਬ ਦੀ ਮਾਨਸਿਕ ਬੀਮਾਰੀ ਲਈ ਵਿਚਾਰ ਕਰਦੇ ਹਨ। ਔਰੰਗਜ਼ੇਬ ਇਸ ਜ਼ਫ਼ਰਨਾਮੇ ਵਾਲੀ ਘਟਨਾ ਆਪਣੇ ਦੋਸਤ ਅਸਦ ਖ਼ਾਨ ਨਾਲ ਸਾਂਝੀ ਕਰਦਾ ਹੋਇਆ ਕਹਿੰਦਾ ਹੈ :

ਔਰੰਗਜ਼ੇਬ : ਉਸ ਵਿਚ ਸਿੱਖਾਂ ਦੇ ਪੀਰ ਨੇ ਐਸੀ ਬੇਬਾਕੀ ਨਾਲ
ਮੈਨੂੰ ਲਾਹਨਤਾਂ ਪਾਈਆਂ ਹਨ ਕਿ ਮੇਰੀ ਜ਼ਮੀਰ
ਥਰਥਰਾ ਗਈ ਹੈ, ਮੇਰਾ ਵਜੂਦ ਪਿੰਜਿਆ ਗਿਆ ਹੈ।
ਪਤਾ ਨਹੀਂ ਉਸ ਦਾ ਜ਼ਿਹਨ ਉਤੇ ਕਿਆ ਅਸਰ

ਹੋਇਆ, ਸਾਰੀ ਰਾਤ ਇਕ ਪਲ ਨੀਂਦ ਨਹੀਂ ਆਈ।
ਸਵੇਰ-ਸਾਰ ਜ਼ਰਾ ਅੱਖ ਲੱਗੀ ਤਾਂ ਐਸਾ ਖ਼ੌਫ਼ਨਾਕ
ਖ਼ਾਬ ਆਇਆ ਜੋ ਬਿਆਨੋਂ ਬਾਹਰ ਹੈ।[48]

ਅਸਦ ਖ਼ਾਨ ਤੇ ਔਰੰਗਜ਼ੇਬ ਦੀ ਲੰਬੀ ਗੱਲਬਾਤ ਹੁੰਦੀ ਹੈ ਜਿਸ ਵਿਚ ਔਰੰਗਜ਼ੇਬ, ਵਜ਼ੀਰ ਖਾਂ ਨੂੰ ਉਸ ਦੇ ਨਾਮ ਤੇ ਗੁਰੂ ਨਾਲ ਧੋਖੇ ਦੇ ਸੰਬੰਧ ਵਿਚ ਸਜ਼ਾ ਦੇਣਾ ਚਾਹੁੰਦਾ ਹੈ ਪਰ ਸਾਰੇ ਪਹਿਲੂਆਂ ਨੂੰ ਵਿਚਾਰਦਾ ਹੋਇਆ ਔਰੰਗਜ਼ੇਬ ਅਸਦ ਖ਼ਾਨ ਦੀ ਗੱਲ ਮੰਨਦਾ ਹੋਇਆ ਗੁਰੂ ਨਾਲ ਸੁਲਾਹ-ਸਫ਼ਾਈ ਲਈ ਕਹਿੰਦਾ ਹੈ :

ਔਰੰਗਜ਼ੇਬ : ਮੇਰਾ ਵੀ ਇਹੋ ਖ਼ਿਆਲ ਹੈ।ਖ਼ਾਸ ਕਾਸਦ ਨੂੰ ਭੇਜ ਕੇ
ਗੁਰੂ ਨੂੰ ਸੁਲਾਹ-ਸਫ਼ਾਈ ਲਈ ਇੱਥੇ ਬੁਲਾਂਦਾ ਹਾਂ।
ਉਨ੍ਹਾਂ ਦੀ ਹਿਫ਼ਾਜ਼ਤ ਦਾ ਖ਼ਾਤਰ-ਖ਼ਵਾਹ ਇੰਤਜ਼ਾਮ
ਕਰਦਾ ਹਾਂ। ਜਾਓ ਮੀਰ ਮੁਨਸ਼ੀ ਔਰ ਦਯਾ ਸਿੰਘ ਨੂੰ
ਦਰਬਾਰੇ ਖ਼ਾਸ ਵਿਚ ਹਾਜ਼ਿਰ ਕਰੋ। ਮੈਂ ਤਿਆਰ ਹੋ ਕੇ
ਜਲਦੀ ਆਉਂਦਾ ਹਾਂ।[49]

ਅਸਦ ਖ਼ਾਨ ਦੇ ਜਾਣ ਤੋਂ ਬਾਅਦ ਔਰੰਗਜ਼ੇਬ ਨੂੰ ਫਿਰ ਵੀ ਚੈਨ ਨਹੀਂ ਆਉਂਦਾ ਤਾਂ ਉਹ ਕਮਰੇ ਅੰਦਰ ਘੁੰਮਦਾ ਹੋਇਆ ਤਸਬੀ ਫੇਰਨ ਲੱਗ ਜਾਂਦਾ ਹੈ। ਫਿਰ ਵੀ ਮਨ ਨੂੰ ਟਿਕਾਓ ਨਹੀਂ ਮਿਲਦਾ ਤਾਂ ਉਹ ਜ਼ਫ਼ਰਨਾਮੇ ਨੂੰ ਉੱਚੀ ਉੱਚੀ ਪੜ੍ਹਨ ਲੱਗ ਜਾਂਦਾ ਹੈ ਜਿਸ ਤੇ ਆਪਣੀ ਬੇਟੀ ਜ਼ੀਨਤ ਦੇ ਆਉਣ ਤੇ ਜ਼ਫ਼ਰਨਾਮੇ ਨੂੰ ਲੁਕਾਉਣ ਦੀ ਕੋਸ਼ਿਸ਼ ਕਰਦਾ ਹੈ ਤੇ ਉਸ ਦੀ ਬੇਟੀ ਜ਼ੀਨਤ ਆਪਣੇ ਬਾਪ ਨੂੰ ਕਹਿੰਦੀ ਹੈ :

ਜ਼ੀਨਤ : ਅੱਬਾ ਜਾਨ, ਮੈਂ ਕਈ ਸਾਲਾਂ ਤੋਂ ਆਪ ਦੀ ਦਿਲੋਂ ਖ਼ਿਦਮਤ ਕਰ ਰਹੀ ਹਾਂ, ਪਰ ਅਫ਼ਸੋਸ ਮੈਂ ਆਪ ਦਾ ਯਕੀਨ ਹਾਸਲ ਨਹੀਂ ਕਰ ਸਕੀ।[50]

ਔਰੰਗਜ਼ੇਬ ਤੇ ਉਸ ਦੀ ਬੇਟੀ ਜ਼ੀਨਤ ਦੀ ਗੱਲ ਬਾਤ ਤੋਂ ਪਤਾ ਲਗਦਾ ਹੈ ਕਿ ਉਸ ਦੀ ਬੇਟੀ ਔਰੰਗਜ਼ੇਬ ਦੁਆਰਾ ਕੀਤੇ ਜ਼ੁਲਮਾਂ ਬਾਰੇ ਕਹਿੰਦੀ ਹੈ ਕਿ ਤੂੰ ਵਜ਼ੀਰ ਖਾਂ ਨੂੰ ਸਖਤ ਤੋਂ ਸਖਤ ਸਜ਼ਾ ਦੇ ਕੇ ਸਿੱਖਾਂ ਦੇ ਗੁਰੂ ਦਾ ਤੇ ਸਿੱਖਾਂ ਦਾ ਦਿਲ ਠੰਡਾ ਕਰ ਸਕਦਾ ਹੈਂ ਪਰ ਔਰੰਗਜ਼ੇਬ ਉਸ ਨੂੰ ਸਜ਼ਾ ਦੇਣ ਦੇ ਹੱਕ ਵਿਚ ਹੁੰਦੇ ਹੋਏ ਵੀ ਸਜ਼ਾ ਨਹੀਂ ਦੇ ਸਕਦਾ। ਇਸ ਤੇ ਉਸ ਦੀ ਬੇਟੀ ਜ਼ੀਨਤ ਕਹਿੰਦੀ ਹੈ ਕਿ ਅੱਬਾ ਤੁਹਾਡੀ ਰੂਹ ਨੂੰ ਕਿਆਮਤ ਤਕ ਚੈਨ ਨਹੀਂ ਆਵੇਗਾ। ਔਰੰਗਜ਼ੇਬ ਆਪਣਾ ਗੁਨਾਹ ਕਬੂਲ ਕਰਦਾ ਹੋਇਆ ਆਖਰ ਤੇ ਆਖਦਾ ਹੈ :

ਔਰੰਗਜ਼ੇਬ : ਬੇਟੀ, ਮੈਂ ਸਭ ਕੁਝ ਸਮਝਦਾ ਹਾਂ। ਲੋਕੀਂ ਮੈਨੂੰ ਇਨਸਾਨ ਵੀ ਖ਼ਿਆਲ ਨਹੀਂ ਕਰਨਗੇ। ਮੈਂ ਅਨਗਿਣਤ ਲੜਾਈਆਂ ਜਿੱਤ ਕੇ ਜ਼ਿੰਦਗੀ ਦੀ ਬਾਜ਼ੀ ਹਾਰ ਕੇ ਜਾ ਰਿਹਾ ਹਾਂ। ਮੈਂ ਖ਼ਾਲੀ ਹੱਥ ਇਸ ਦੁਨੀਆਂ ਤੇ ਆਇਆ ਸਾਂ, ਗੁਨਾਹਾਂ ਦੇ ਭਾਰ ਨਾਲ ਲੱਦਿਆ ਜਾਵਾਂਗਾ। ਬੇਟੀ ਜ਼ੀਨਤ, ਤੂੰ ਮੇਰੀ ਆਖ਼ਰੀ ਉਮਰ ਦਾ ਸਹਾਰਾ ਹੈਂ, ਠਹਿਰ ਬੁਝ ਰਹੇ ਦੀਵੇ ਨੂੰ ਫੂਕ ਨਾ ਮਾਰ। ਮੇਰੀਆਂ ਯਾਦਾਂ ਕੌੜੀਆਂ ਜ਼ਹਿਰ ਹਨ, ਮੇਰਾ ਮੁਸਤਕਬਿਲ ਨਾ-ਉਮੀਦ ਹੈ। ਮੈਂ ਆਪਣੇ ਬੇਟਿਆਂ ਨੂੰ ਤੰਬੀਹ ਕਰਨ ਲਈ ਵਸੀਅਤ ਲਿਖਣੀ ਚਾਹੁੰਦਾ ਹਾਂ, ਬੇਟੀ ਜ਼ੀਨਤ ਮੇਰੀ ਮਦਦ ਕਰ।[51]

ਇਸ ਤਰ੍ਹਾਂ ਇਹ ਨਾਟਕ ਨੇਕੀ ਦੀ ਜਿੱਤ ਤੇ ਬਦੀ ਦੀ ਹਾਰ ਦਾ ਪ੍ਰਤੀਕ ਹੈ। ਨਾਟਕਕਾਰ ਨੇ ਇਸ ਨਾਟਕ ਵਿਚ ਸਿੱਖ ਇਤਿਹਾਸ ਨੂੰ ਪਿਛੋਕੜ ਵਿਚ ਰੱਖਿਆ ਹੈ ਜਿਸ ਕਾਰਨ ਇਸ ਨਾਟਕ ਦਾ ਵਿਸ਼ਾ ਧਾਰਮਿਕ ਹੈ। ਇਸ ਤੋਂ ਸਿਵਾ ਜਬਰ ਤੇ ਜ਼ੁਲਮ ਪ੍ਰਤੀ ਘਿਰਣਾ ਅਤੇ ਗੁਰੂ ਪ੍ਰਤੀ ਸ਼ਰਧਾ ਭਾਵ ਪੈਦਾ ਕੀਤਾ ਗਿਆ ਹੈ। ਇਸ ਨਾਟਕ ਵਿਚ ਨਾਟਕਕਾਰ ਨੇ ਔਰੰਗਜ਼ੇਬ ਨੂੰ ਇੱਕ ਨਿੰਦਣਯੋਗ ਪਾਤਰ ਦੇ ਰੂਪ ਵਿਚ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਲੋਕਾਂ ਦੁਆਰਾ ਪੂਜਣਯੋਗ ਪਾਤਰ ਵਜੋਂ ਪੇਸ਼ ਕੀਤਾ ਹੈ। ਇਸ ਨਾਟਕ ਵਿਚ ਇਤਿਹਾਸਕਤਾ ਦੇ ਨਾਲ ਨਾਲ ਨਾਟਕਕਾਰ ਨੇ ਕੁਝ ਕਲਪਨਿਕ ਪਾਤਰ ਵੀ ਲਏ ਹਨ। ਨਾਟਕਕਾਰ ਨੇ ਇਸ ਨਾਟਕ ਵਿਚ ਜ਼ਫ਼ਰਨਾਮੇ ਨੂੰ ਰੂਹਾਨੀ ਜਿੱਤ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਹੈ ਅਤੇ ਅਕਾਲ ਪੁਰਖ ਉਤੇ ਅਟੱਲ ਵਿਸ਼ਵਾਸ ਰੱਖਣ ਤੇ ਦੇਸ਼ ਅਤੇ ਧਰਮ ਦੀ ਰੱਖਿਆ ਕਰਨ ਲਈ ਸਮਾਜ ਨੂੰ ਆਪਣੇ ਨਾਟਕ ਰਾਹੀਂ ਸੁਨੇਹਾ ਦਿੱਤਾ ਹੈ। ਨਾਟਕਕਾਰ ਦੇ ਆਪਣੇ ਸ਼ਬਦਾਂ ਵਿਚ :

> ਜ਼ਫ਼ਰਨਾਮਾ ਰੂਹਾਨੀ ਜਿੱਤ ਦਾ ਅਮਰ ਨਿਸ਼ਾਨ ਹੈ। ਇਹ ਚੜ੍ਹਦੀ ਕਲਾ ਅਤੇ ਅਕਾਲ ਪੁਰਖ ਉਤੇ ਅਟਲ ਵਿਸ਼ਵਾਸ ਦੀ ਜਿਉਂਦੀ ਮਿਸਾਲ ਹੈ। ਉਸ ਸਮੇਂ ਕਿਸੇ ਦੀ ਮਜਾਲ ਨਹੀਂ ਸੀ ਕਿ ਮੁਗ਼ਲ ਸਾਮਰਾਜ ਦੇ ਸਭ ਤੋਂ ਸ਼ਕਤੀ-ਸ਼ਾਲੀ ਔਰੰਗਜ਼ੇਬ ਨੂੰ ਵੰਗਾਰ ਸਕੇ। ਪਰ ਸਤਿਗੁਰੂ ਨੇ ਅਦੁੱਤੀ ਨਿਰਭੈਤਾ ਨਾਲ ਉਸ ਨੂੰ ਕਿਹਾ- ਬੇਸ਼ਕ ਤੂੰ ਮੁਲਕ ਦਾ ਬਾਦਸ਼ਾਹ ਹੈਂ, ਪਰ ਧਰਮ ਤੇ ਇਮਾਨਦਾਰੀ ਤੋਂ ਤੂੰ ਉੱਕਾ ਸੱਖਣਾ ਹੈਂ।[52]

'ਸਰਹੰਦ ਦੀ ਕੰਧ' ਇਸ ਨਾਟਕ ਦਾ ਤੀਸਰਾ ਤੇ ਆਖਰੀ ਅੰਕ ਹੈ। ਇਹ ਛੋਟੇ ਸਾਹਿਬਜ਼ਾਦਿਆਂ ਬਾਬਾ ਫਤਿਹ ਸਿੰਘ ਤੇ ਬਾਬਾ ਜੋਰਾਵਰ ਸਿੰਘ ਦੀ ਲਾਸਾਨੀ ਸ਼ਹੀਦੀ ਤੋਂ ਬਾਅਦ ਜੋ ਪ੍ਰਤੀਕਰਮ ਹੁੰਦਾ ਹੈ, ਉਸ ਤੇ ਅਧਾਰਤ ਹੈ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਕੌਮ ਨੂੰ ਹੋਰ ਦ੍ਰਿੜ, ਨਿਡਰ ਤੇ ਕੁਰਬਾਨੀ ਕਰਨਾ ਸਿੱਖ ਕੌਮ ਨੂੰ ਸਿਖਾ ਗਈ ਤੇ ਪੱਕਿਆਂ ਕਰ ਗਈ। ਇਹ ਕਾਰਨ ਹੈ ਕਿ ਜੁਗਾਂ-ਜੁਗਾਤਰਾਂ ਤਕ ਇਨ੍ਹਾਂ ਦੀ ਕੁਰਬਾਨੀ ਕੌਮ ਨੂੰ ਯਾਦ ਰਹੇਗੀ। ਇਸ ਕੁਰਬਾਨੀ ਵਿਚ ਸਿੱਖ ਇਤਿਹਾਸ ਦੀ ਢਾਈ ਸੋ ਸਾਲਾਂ ਦੀ ਦ੍ਰਿੜਤਾ ਦਿਖਾਈ ਦਿੰਦੀ ਹੈ। ਸਾਹਿਬਜ਼ਾਦਿਆਂ ਦੀ ਕੁਰਬਾਨੀ ਇਸ ਦਾ ਸਿਖਰ ਸੀ। ਦੇਸ਼ ਕੌਮ ਲਈ ਕੁਰਬਾਨੀ ਅਜਾਈਂ ਨਹੀਂ ਜਾਂਦੀ ਭਾਵ 'ਜਿੱਥੇ ਡੁੱਲਦਾ ਖੂਨ ਸ਼ਹੀਦਾਂ ਦਾ, ਤਕਦੀਰ ਬਦਲਦੀ ਕੌਮਾਂ ਦੀ' ਵਾਲੀ ਕਹਾਵਤ ਸੱਚ ਸਾਬਿਤ ਹੋਈ ਹੈ। ਡਾ: ਹਰਚਰਨ ਸਿੰਘ ਨੇ ਇਸ ਅੰਕ ਵਿਚ ਵੀ ਧਾਰਮਿਕ ਮਾਹੌਲ ਸਿਰਜਿਆ ਹੈ। ਇਹ ਅੰਕ ਸਿੱਖ ਧਰਮ ਤੇ ਸਿੱਖ ਇਤਿਹਾਸ ਦੇ ਚਿਤਰਣ ਨਾਲ ਭਰਪੂਰ ਹੈ, ਇਸ ਬਾਰੇ ਨਾਟਕਕਾਰ ਨੇ ਲਿਖਿਆ ਹੈ:

> ਇਸ ਨਾਟਕ ਰਾਹੀਂ ਮੈਂ ਦਰਸ਼ਕਾਂ ਨੂੰ ਸਾਹਿਬਜ਼ਾਦਿਆਂ ਦੀ ਬੇਮਿਸਾਲ ਕੁਰਬਾਨੀ ਦੇ ਕੁੱਝ ਪਲਾਂ-ਛਿਨਾਂ ਦਾ ਅਨੁਭਵ ਕਰਾਉਣਾ ਚਾਹੁੰਦਾ ਸਾਂ। ਮਹਾਨ ਗੁਰੂ, ਚਾਰੇ ਸਾਹਿਬਜ਼ਾਦੇ ਅਤੇ ਸਿੰਘ ਸੂਰਮਿਆਂ ਦੀਆਂ ਲਾਸਾਨੀ ਕੁਰਬਾਨੀਆਂ ਅਤੇ ਬੀਰ ਰਸ ਭਰਪੂਰ ਅਦੁੱਤੀ ਸਾਕਿਆਂ ਨੂੰ ਵਰਤਮਾਨ ਸਥਿਤੀ ਅਨੁਕੂਲ ਰੱਖ ਕੇ ਭਵਿਖ ਵਿਚ ਕੌਮੀ ਚਰਿੱਤਰ ਉਸਾਰੀ ਦੇ ਆਸ਼ੇ ਨਾਲ ਮੈਂ ਇਹ ਨਾਟਕ ਪੇਸ਼ ਕਰ ਰਿਹਾ ਹਾਂ।[53]

ਨਾਟਕ 'ਚਮਕੌਰ ਦੀ ਗੜ੍ਹੀ' ਦੇ ਤੀਸਰੇ ਅੰਕ 'ਸਰਹੰਦ ਦੀ ਕੰਧ' ਵਿਚ ਨਵਾਬ ਵਜ਼ੀਰ ਖਾਂ ਦੁਆਰਾ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਕਤਲ ਕੀਤਾ ਗਿਆ। ਇਸ ਤੋਂ ਬਾਅਦ ਉਸਦਾ ਜੋ ਹਾਲ ਹੁੰਦਾ ਹੈ ਇਸ ਬਾਰੇ ਜ਼ਮੀਰ ਦੀਆਂ ਦੋ ਅਵਾਜਾਂ ਇੱਕ ਅਛਾਈ ਤੇ ਦੂਜੀ ਬੁਰਾਈ ਦੁਆਰਾ ਉਸ ਦੀ ਮਾਨਸਿਕ ਹਾਲਤ ਨੂੰ ਪੇਸ਼ ਕੀਤਾ ਗਿਆ ਹੈ। ਇਸ ਨਾਟਕ ਤੋਂ ਇਹ ਪ੍ਰਤੱਖ ਹੁੰਦਾ ਹੈ ਕਿ ਚੰਗੇ ਕੰਮ ਦਾ ਨਤੀਜਾ ਚੰਗਾ ਤੇ ਮਾੜੇ ਕੰਮ ਦਾ ਮਾੜਾ ਨਿਕਲਦਾ ਹੈ। ਜੋ ਵੀ ਕੋਈ ਕਰਮ ਕਰਦਾ ਹੈ, ਉਸ ਦਾ ਫਲ ਉਸ ਨੂੰ ਭੋਗਣਾ ਪੈਂਦਾ ਹੈ। ਜਿਸ ਤਰ੍ਹਾਂ ਬੁਰਾ ਕੰਮ ਵਜ਼ੀਰ ਖਾਂ ਨੇ ਕੀਤਾ ਤੇ ਉਹ ਆਪਣੇ ਮਨ ਦੀ ਸ਼ਾਂਤੀ ਗੁਆ ਬੈਠਦਾ ਹੈ। ਇਸ ਨਾਟਕ ਦੇ ਸ਼ੁਰੂ ਹੋਣ ਤੋਂ ਪਹਿਲਾਂ ਇਕ ਪ੍ਰਚਾਰਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਤੀਸਰੀ ਸ਼ਹੀਦੀ ਸ਼ਤਾਬਦੀ, ਜੋ ਮਨਾਈ ਜਾ ਰਹੀ ਹੈ, ਬਾਰੇ ਤਕਰੀਰ ਕਰ ਰਿਹਾ ਹੈ ਤਾਂ ਦਰਸ਼ਕਾਂ ਦੀ ਭੀੜ ਵਿਚੋਂ ਇੱਕ ਸਿੱਖ ਲੜਕੀ ਦੀ ਕੜਕਵੀਂ ਆਵਾਜ਼ ਆਉਂਦੀ ਹੈ ਜੋ ਕਹਿ ਰਹੀ ਹੈ :

ਲੜਕੀ: ਤੁਸੀਂ ਇਤਿਹਾਸ ਦੇ ਇਕ ਮਹਾਨ ਸਾਕੇ ਨੂੰ ਅਸਲੋਂ
ਸਾਧਾਰਨ ਢੰਗ ਨਾਲ ਦੱਸ ਰਹੇ ਹੋ। ਅਤੇ ਚਿਰਾਂ ਤੋਂ
ਤੁਸੀਂ ਲੋਕ ਇਸੇ ਤਰ੍ਹਾਂ ਬੇਢੰਗੇ ਤਰੀਕੇ ਨਾਲ ਬਿਆਨਦੇ
ਆ ਰਹੇ ਹੋ।[54]

ਉਹ ਲੜਕੀ ਇਸ ਮਹਾਨ ਸ਼ਹੀਦੀ ਮੌਕੇ ਇਹ ਦੱਸ ਗਈ ਕਿ ਸਰਹੰਦ ਦੇ ਇਸ ਸਾਕੇ ਨੇ ਭਾਰਤ ਵਿਚ ਇਕ ਨਵਾਂ ਯੁੱਗ ਪਲਟਾਇਆ ਤੇ ਦੇਸ਼ ਦੀ ਮੁਰਦਾ ਹੋ ਚੁੱਕੀ ਰੂਹ ਵਿਚ ਇਕ ਨਵੀਂ ਜਾਨ ਪਾਈ ਸੀ। ਇਸ ਮਹਾਨ ਸ਼ਹੀਦੀ ਤੋਂ ਬਾਅਦ ਸਦੀਆਂ ਤੋਂ ਲਤਾੜੇ ਹੋਏ ਕਿਰਤੀ ਕਿਸਾਨਾਂ

ਅੰਦਰ ਜਾਗਰਤੀ ਆਈ ਤੇ ਉਹ ਜ਼ਮੀਨਾਂ ਦੇ ਮਾਲਕ ਬਣੇ। ਇਹ ਨਾਟਕ ਸਾਨੂੰ ਇਹ ਵੀ ਦੱਸਦਾ ਹੈ ਕਿ ਜੇ ਅਸੀਂ ਮਹਾਨ ਸ਼ਹੀਦਾਂ ਦੇ ਸਿਦਕ, ਉਨ੍ਹਾਂ ਦੀ ਕੁਰਬਾਨੀ ਅਤੇ ਦ੍ਰਿੜਤਾ ਨੂੰ ਆਪਣੀਆਂ ਰੂਹਾਂ ਵਿਚ ਨਹੀਂ ਸਮੋਂਦੇ ਤਾਂ ਸਾਡੀ ਇਹ ਰਸਮੀ ਸ਼ਰਧਾਂਜਲੀ ਕੋਈ ਅਰਥ ਨਹੀਂ ਰੱਖਦੀ। ਇਹ ਨਾਟਕ ਸਾਨੂੰ ਪੁਰਾਣੇ ਇਤਿਹਾਸ ਵਿਚ ਨਵਾਂ ਕੁੱਝ ਲੱਭਣ ਦੀ ਪ੍ਰੇਰਣਾ ਦਿੰਦਾ ਹੈ ਤੇ ਇਹ ਦੱਸਦਾ ਹੈ ਕਿ ਇਤਿਹਾਸ ਕੌਮਾਂ ਦੀ ਜਿੰਦ ਜਾਨ ਤਾਂ ਹੀ ਬਣਦਾ ਹੈ ਜੇ ਉਸ ਵਿਚ ਵਰਤਮਾਨ ਤੇ ਭਵਿੱਖ ਲਈ ਕੋਈ ਪ੍ਰੇਰਨਾ ਸ਼ਕਤੀ ਹੋਵੇ। ਇਸ ਪਰਥਾਇ ਨਾਟਕ ਦੇ ਸ਼ੁਰੂ ਹੋਣ ਤੋਂ ਪਹਿਲਾਂ ਪਰਦੇ ਦੇ ਪਿੱਛੋਂ ਆਵਾਜ਼ ਆਉਂਦੀ ਹੈ ਜਿਸ ਵਿਚ ਇਸ ਦਾ ਅਰਥ ਛੁਪਿਆ ਹੋਇਆ ਹੈ :

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ।[55]

ਵਜ਼ੀਰ ਖਾਂ ਦੁਆਰਾ ਸਾਹਿਬਜ਼ਾਦਿਆਂ ਨੂੰ ਕਤਲ ਕਰਨ ਤੋਂ ਬਾਅਦ ਉਸ ਦੀ ਜ਼ਮੀਰ ਦੀ ਇਕ ਆਵਾਜ਼ ਉਸ ਨੂੰ ਲਾਹਨਤਾਂ ਪਾਉਂਦੀ ਹੈ ਤੇ ਦੂਸਰੀ ਉਸ ਨੂੰ ਸਹੀ ਠਹਿਰਾਉਂਦੀ ਹੈ। ਵਜ਼ੀਰ ਖਾਂ ਨੂੰ ਪਹਿਲੀ ਆਵਾਜ਼ ਕਹਿੰਦੀ ਹੈ ਕਿ ਸਿੰਘਾਂ ਦੀ ਤਲਵਾਰ ਛੇਤੀ ਹੀ ਉਸ ਦਾ ਹੰਕਾਰ ਤੋੜ ਦੇਵੇਗੀ। ਪਾਪਾਂ ਦਾ ਚੱਕਰ ਪੂਰਾ ਗੇੜਾ ਕੱਟ ਚੁੱਕਿਆ ਹੈ ਜਿਸ ਕਾਰਨ ਉਸ ਦਾ ਭਰਮ ਛੇਤੀ ਆਪਣੇ ਆਪ ਹੀ ਦੂਰ ਹੋ ਜਾਵੇਗਾ। ਡਰ ਨਾਲ ਵਜ਼ੀਰ ਖਾਂ ਨੂੰ ਇੰਜ ਲਗਦਾ ਹੈ ਜਿਵੇਂ ਉਸ ਦਾ ਪਲੰਘ ਹਿੱਲ ਰਿਹਾ ਹੈ ਅਤੇ ਉਹ ਕੰਬਦਾ ਹੋਇਆ ਆਪਣੇ ਪਹਿਰੇਦਾਰਾਂ ਨੂੰ ਆਵਾਜ਼ ਮਾਰਦਾ ਹੈ :

ਵਜ਼ੀਰ ਖਾਂ: ਹੈਂ ! ਤਲਵਾਰ ਹਵਾ ਵਿਚ ਲਟਕ ਰਹੀ ਹੈ!
ਅੰਦਰ ਕੌਣ ਆ ਸਕਦਾ ਹੈ ! ਬਾਹਰ ਕਰੜਾ

ਪਹਿਰਾ ਹੈ। ਚੋਬਦਾਰ ! ਕੋਈ ਹੈ? ਕੋਈ ਨਹੀਂ
ਬੋਲ ਰਿਹਾ? ਅਜੀਬ ਮਾਮਲਾ ਹੈ ![56]

ਅਸਲ ਵਿਚ ਵਜ਼ੀਰ ਖਾਂ ਦੇ ਪਾਪ ਉਸ ਨੂੰ ਕੰਬਾ ਰਹੇ ਹਨ ਉਸ ਦੀ ਜ਼ਮੀਰ ਦੀ ਨੇਕੀ ਦੀ ਆਵਾਜ਼ ਤੇ ਬਦੀ ਦੀ ਆਵਾਜ਼ ਨੇ ਉਸ ਨੂੰ ਪ੍ਰੇਸ਼ਾਨ ਕਰ ਦਿੱਤਾ ਹੈ ਜਿਸ ਕਾਰਨ ਉਹ ਮਨ ਦੀ ਸ਼ਾਂਤੀ ਗੁਆ ਬੈਠਦਾ ਹੈ। ਪਹਿਲੀ ਆਵਾਜ਼ ਦੇ ਕਥਨ ਰਾਹੀਂ ਨਾਟਕਕਾਰ ਨੇ ਸਰਹੰਦ ਦੀ ਕੰਧ ਦੇ ਵਿਸ਼ੇ ਬਾਰੇ ਇਸ ਤਰ੍ਹਾਂ ਚਾਨਣਾ ਪਾਇਆ ਹੈ:

ਪਹਿਲੀ ਆਵਾਜ਼: ਵਜ਼ੀਰ ਖ਼ਾਂ, ਜ਼ੋਰਾਵਰ ਫ਼ਤਹ ਸਿੰਘ ਅਮਰ ਹਨ।
ਉਨ੍ਹਾਂ ਦੀ ਰੂਹ ਮੁਰਦੇ ਦਿਲਾਂ ਵਿਚ ਘਰ ਕਰ
ਚੁੱਕੀ ਹੈ। ਉਨ੍ਹਾਂ ਦੀ ਕੁਰਬਾਨੀ ਨੇ ਪੰਜਾਬ ਨੂੰ
ਝੂਣ ਜਗਾਇਆ ਹੈ।[57]

ਇਸ ਤਰ੍ਹਾਂ ਇਸ ਨਾਟਕ ਵਿਚ ਇਕ ਪਾਸੇ ਜ਼ੋਰ ਤੇ ਜ਼ੁਲਮ ਦੀ ਅੱਤ ਸੀ, ਦੂਜੇ ਪਾਸੇ ਨਵੀਂ ਉੱਭਰ ਰਹੀ ਕੌਮ ਦੀ ਕੁਰਬਾਨੀ, ਨਿਡਰਤਾ, ਦ੍ਰਿੜਤਾ ਤੇ ਰੂਹਾਨੀ ਸ਼ਕਤੀ ਦਾ ਸਿਖ਼ਰ ਸੀ। ਇਉਂ ਧਰਮ ਜਾਂ ਅਸੂਲ ਖ਼ਾਤਰ ਸਾਹਿਬਜ਼ਾਦਿਆਂ ਦੀ ਦਿੱਤੀ ਕੁਰਬਾਨੀ ਇਸ ਨਾਟਕ ਵਿਚ ਧਾਰਮਿਕ ਵਾਤਾਵਰਨ ਪੈਦਾ ਕਰਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਅੰਮ੍ਰਿਤ ਛਕਾ ਕੇ ਮੁਰਦਾ ਰੂਹਾਂ ਵਿਚ ਨਵੀਂ ਜਾਨ ਪਾਈ ਤੇ ਰੰਕਾਂ ਨੂੰ ਰਾਜਿਆਂ ਨਾਲ ਤੇ ਚਿੜੀਆਂ ਨੂੰ ਬਾਜ਼ਾਂ ਨਾਲ ਲੜਾ ਕੇ ਦਿਖਾ ਦਿੱਤਾ। ਗੁਰੂ ਸਾਹਿਬ ਨੇ ਸਿੱਖਾਂ ਨੂੰ ਕਿਹਾ ਕਿ ਜ਼ੁਲਮ ਕਰਨਾ ਤੇ ਸਹਿਣਾ ਪਾਪ ਹੈ। ਜਦ ਜ਼ੁਲਮ ਹੱਦਾਂ ਬੰਨੇ ਟੱਪ ਜਾਵੇ ਤਾਂ ਤਲਵਾਰ ਚੁੱਕਣੀ ਜਾਇਜ਼ ਹੈ। ਇਸ ਨਾਟਕਕਾਰ ਨੇ ਪਹਿਲੀ ਆਵਾਜ਼ ਦੇ ਜ਼ਰੀਏ ਨਾਟਕ ਵਿਚ ਇਸ ਤਰ੍ਹਾਂ ਦੱਸਿਆ ਹੈ:

ਪਹਿਲੀ ਆਵਾਜ਼ : ਵਜ਼ੀਰ ਖਾਂ! ਗ਼ੌਰ ਨਾਲ ਸੁਣ, ਸਿੱਖੀ ਸਮੇਂ ਦਾ ਸੱਚ ਹੈ, ਅੰਧਕਾਰ ਵਿਚ ਸੱਚਾਈ ਦੀ ਮਿਸਾਲ। ਮੁਗ਼ਲ ਰਾਜ ਜ਼ੋਰ-ਜ਼ੁਲਮ ਆਸਰੇ ਖੜਾ ਹੈ। ਇਹ ਸ਼ੱਚ ਤੇ ਝੂਠ ਦੀ ਲੜਾਈ ਹੈ। ਪੰਜਾਬੀ ਸਦੀਆਂ ਤੋਂ ਜ਼ਾਬਰਾਂ ਦਾ ਜ਼ੁਲਮ ਸਹਿੰਦੇ ਆ ਰਹੇ ਸਨ। ਅੰਤ ਗੁਰੂ ਨੇ ਮਜ਼ਲੂਮਾਂ ਨੂੰ ਲਲਕਾਰ ਕੇ ਜਗਾ ਦਿੱਤਾ ਹੈ: 'ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ੱਸ਼ਤ ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ।'[58]

ਗੰਗੂ ਬ੍ਰਾਹਮਣ, ਜੋ ਗੁਰੂ ਘਰ ਦਾ ਕਦੇ ਰਸੋਈਆ ਹੋਇਆ ਕਰਦਾ ਸੀ ਤੇ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਜਾਨੀ ਖ਼ਾਨ ਰੰਗੜ ਮੁਰਿੰਡੇ ਕੋਲ ਸ਼ਿਕਾਇਤ ਕਰ ਕੇ ਗ੍ਰਿਫ਼ਤਾਰ ਕਰਵਾ ਦਿੱਤਾ। ਸਿੰਘਾਂ ਨੇ ਗੰਗੂ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ ਤੇ ਮੋਹਰਾਂ ਖੋਹ ਲਈਆਂ ਜੋ ਆਮ ਲੋਕਾਂ ਦੇ ਹੱਥ ਆ ਗਈਆਂ। ਵਜ਼ੀਰ ਖਾਂ ਨੇ ਉਨ੍ਹਾਂ ਬੱਚਿਆਂ ਨੂੰ ਕਈ ਲਾਲਚ ਦਿੱਤੇ ਤੇ ਡਰਾਇਆ, ਧਮਕਾਇਆ, ਇਸਲਾਮ ਧਾਰਨ ਕਰਨ ਬਾਰੇ ਜ਼ੋਰ ਪਾਇਆ ਪਰ ਸ਼ੇਰ ਦੇ ਬੱਚੇ ਅਡੋਲ ਰਹੇ, ਜਿਸ ਨੂੰ ਪਹਿਲੀ ਆਵਾਜ਼ ਰਾਹੀਂ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ :

ਪਹਿਲੀ ਆਵਾਜ਼: ਨਵਾਬ ਸਾਹਿਬ, ਇਹ ਸ਼ੇਰ ਬੱਚੇ ਗੁਰੂ ਅਤੇ ਰੱਬ ਤੋਂ ਬਿਨਾਂ ਕਿਸੇ ਅੱਗੇ ਸਿਰ ਨਹੀਂ ਝੁਕਾਂਦੇ।[59]

ਨਾਟਕ 'ਚਮਕੌਰ ਦੀ ਗੜ੍ਹੀ' ਵਿਚ ਹਰਚਰਨ ਸਿੰਘ ਨੇ ਸਿੱਖਾਂ ਅਤੇ ਮੁਗ਼ਲਾਂ ਦੀ ਲੜਾਈ, ਸ੍ਰੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਦੇ

ਨੀਹਾਂ ਵਿਚ ਚਿਣੇ ਜਾਣ ਤੋਂ ਲੈ ਕੇ ਬੰਦਾ ਬਹਾਦਰ ਦੀ ਪੰਜਾਬ ਵਿਚ ਆਮਦ ਤਕ ਦੀਆਂ ਘਟਨਾਵਾਂ ਨੂੰ ਬਿਆਨ ਕੀਤਾ ਹੈ। ਆਰੰਭ ਵਿਚ ਨਾਟਕਕਾਰ ਨੇ ਇਸ ਰਚਨਾ ਨੂੰ ਚਿਤਵਿਆ ਤਾਂ ਪੂਰੇ ਨਾਟਕ ਦੇ ਤੌਰ 'ਤੇ ਹੀ ਸੀ ਪਰ ਇਸ ਦੀ ਬਣਤਰ ਪੂਰੇ ਨਾਟਕ ਵਾਲੀ ਨਾ ਹੋਣ ਕਰਕੇ ਇਸ ਨੂੰ ਝਾਕੀ ਦਾ ਰੂਪ ਦੇ ਕੇ ਬਾਕੀ ਦੋ ਹੋਰ ਝਾਕੀਆਂ 'ਚਮਕੌਰ ਦੀ ਗੜ੍ਹੀ' ਤੇ 'ਜ਼ਫ਼ਰਨਾਮਾ' ਨਾਲ 'ਸਰਹੰਦ ਦੀ ਕੰਧ' ਨੂੰ ਮਿਲਾ ਕੇ ਤਿੰਨ ਝਾਕੀਆਂ ਵਾਲਾ 'ਚਮਕੌਰ ਦੀ ਗੜ੍ਹੀ' ਨਾਟਕ ਬਣਾ ਦਿੱਤਾ। ਇਸ ਬਾਰੇ ਨਾਟਕਕਾਰ ਖ਼ੁਦ ਕਹਿੰਦਾ ਹੈ :

> 'ਚਮਕੌਰ ਦੀ ਗੜ੍ਹੀ' ਦੀ ਦੂਜੀ ਐਡੀਸ਼ਨ ਪ੍ਰਕਾਸ਼ਤ ਹੋਣ ਸਮੇਂ ਮੈਨੂੰ ਮੁੱਢਲੀ ਭੁੱਲ ਸੋਧਣ ਦਾ ਅਵਸਰ ਮਿਲਿਆ ਹੈ। ਹਥਲੇ ਸੰਸਕਰਣ ਨੂੰ ਮੈਂ ਸੰਪੂਰਨ ਨਾਟਕ ਦਾ ਰੂਪ ਦੇ ਦਿੱਤਾ ਹੈ।[60]

ਨਾਟਕਕਾਰ ਨੇ ਨਾਟਕ ਚਮਕੌਰ ਦੀ ਗੜ੍ਹੀ ਦੀ ਸ਼ੁਰੂਆਤ ਥੇਹ ਵਿਗਿਆਨੀਆਂ ਦੁਆਰਾ ਪੁਰਾਤਨ ਇਤਿਹਾਸਕ ਸਥਾਨਾਂ ਦੀ ਖੋਜ ਸੰਬੰਧੀ 'ਚਮਕੌਰ ਦੀ ਗੜ੍ਹੀ' ਵਿਚ ਪਹੁੰਚਣ ਤੇ ਉਥੋਂ ਬਰੋਟੇ ਦੁਆਰਾ ਉਨ੍ਹਾਂ ਥੇਹ ਵਿਗਿਆਨੀਆਂ ਨੂੰ ਇਤਿਹਾਸ ਦੀ ਜਾਣਕਾਰੀ ਦੇਣ ਤੋਂ ਸ਼ੁਰੂ ਕੀਤਾ ਹੈ। ਇਹ ਬਰੋਟੇ ਅਤੇ ਥੇਹ ਵਿਗਿਆਨੀਆਂ ਦੀ ਜੁਗਤ ਪਾਠਕਾਂ/ਦਰਸ਼ਕਾਂ ਨੂੰ ਇਸ ਤਰ੍ਹਾਂ ਮਹਿਸੂਸ ਕਰਾਉਂਦੀ ਹੈ ਕਿ ਜਿਵੇਂ ਉਹ ਵਰਤਮਾਨ ਵਿਚ ਬੈਠੇ ਨਾਟਕ ਦੇਖ ਰਹੇ ਹਨ। ਇਸ ਨਾਟਕ ਵਿਚ ਸਿੰਘਾਂ ਦੁਆਰਾ ਕੀਤੇ ਕਾਰਨਾਮੇ, ਗੁਰੂ ਸਾਹਿਬਾਂ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਪਿੱਠਭੂਮੀ ਵਿਚ ਹੀ ਰੱਖਿਆ ਗਿਆ ਹੈ। ਅਗਰਭੂਮੀ ਵਿਚ ਮੁਗ਼ਲ ਹਾਕਮਾਂ ਦੁਆਰਾ ਕੀਤੇ ਜ਼ੁਲਮ ਤੇ ਉਨ੍ਹਾਂ ਦੀ ਮਾਨਸਿਕ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ। ਇਤਿਹਾਸਕ ਨਾਟਕ ਵਿਚ ਨਾਟਕਕਾਰ ਨੇ ਇਤਿਹਾਸ ਪੇਸ਼ ਨਹੀਂ ਕਰਨਾ ਹੁੰਦਾ ਸਗੋਂ ਉਸਦਾ ਰੂਪਾਂਤਰਣ

ਕਰਕੇ ਪੇਸ਼ ਕਰਨਾ ਹੁੰਦਾ ਹੈ ਤਾਂ ਜੋ ਦਰਸ਼ਕ/ਪਾਠਕ ਇਸ ਤੋਂ ਕੋਈ ਸਿੱਖਿਆ ਲੈ ਸਕਣ। ਇਸ ਨਾਟਕ ਵਿਚ ਵੀ ਇਤਿਹਾਸਕ ਘਟਨਾਵਾਂ ਨੂੰ ਮੂਲ ਰੂਪ ਵਿਚ ਪੇਸ਼ ਨਹੀਂ ਕੀਤਾ ਗਿਆ ਸਗੋਂ ਇਨ੍ਹਾਂ ਘਟਨਾਵਾਂ ਦਾ ਉਸ ਸਮੇਂ ਦੇ ਹਾਕਮਾਂ ਦੇ ਦਿਲ ਤੇ ਦਿਮਾਗ ਤੇ ਕੀ ਅਸਰ ਹੋਇਆ, ਨੂੰ ਬਿਆਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਨਾਟਕਕਾਰ ਨੇ ਇਹ ਦੱਸਿਆ ਹੈ ਕਿ ਕਿਵੇਂ ਸਿੰਘ ਸੂਰਮੇ ਮੁਗ਼ਲਾਂ ਦਾ ਟਾਕਰਾ ਕਰਦੇ ਹੋਏ ਲੋਕ ਸ਼ਕਤੀ ਦਾ ਰੂਪ ਧਾਰਨ ਕਰ ਲੈਂਦੇ ਹਨ।

ਇਸ ਨਾਟਕ ਵਿਚ ਥੇਹ ਵਿਗਿਆਨੀ ਮਰਦ ਤੇ ਇਸਤਰੀ 'ਚਮਕੌਰ ਦੀ ਗੜ੍ਹੀ' ਵਿਚ ਦਾਖਲ ਹੁੰਦੇ ਹਨ। ਮਰਦ ਇਕ ਧਰਤੀ ਤੋਂ ਠੀਕਰ ਚੁੱਕ ਕੇ ਇਸਤਰੀ ਨੂੰ ਦਿਖਾਉਂਦਾ ਹੈ ਤੇ ਇਕ ਦਮ ਉੱਚੀ ਤੇ ਭਾਰੀ ਬੋਹੜ ਵਿਚੋਂ ਹੱਸਣ ਦੀ ਆਵਾਜ਼ ਆਉਂਦੀ ਹੈ। ਦੋਵੇਂ ਡਰ ਜਾਂਦੇ ਹਨ। ਕੁੱਝ ਗੱਲਬਾਤ ਤੋਂ ਬਾਅਦ ਬਰੋਟਾ ਥੇਹ ਵਿਗਿਆਨੀਆਂ ਨੂੰ ਉਸ ਸਥਾਨ ਦੇ ਬੀਤੇ ਇਤਿਹਾਸ ਦੀ ਜਾਣਕਾਰੀ ਦਿੰਦਾ ਹੈ। ਉਹ ਚਮਕੌਰ ਦੀ ਗੜ੍ਹੀ ਦੇ ਇਤਿਹਾਸਕ ਮਹੱਤਵ ਬਾਰੇ ਦੱਸਦਾ ਹੈ। ਬਰੋਟੇ ਦੁਆਰਾ ਦੱਸਣ ਤੇ ਥੇਹ ਵਿਗਿਆਨੀਆਂ ਦੀ ਜੁਗਤ ਰਾਹੀਂ ਨਾਟਕਕਾਰ ਦਰਸ਼ਕਾਂ ਨੂੰ ਚਮਕੌਰ ਸਾਹਿਬ ਵਿਖੇ ਵਾਪਰੀਆਂ ਘਟਨਾਵਾਂ ਬਾਰੇ ਜਾਣਕਾਰੀ ਦਿੰਦਾ ਹੈ। ਥੇਹ ਵਿਗਿਆਨੀ ਅਤੇ ਬਰੋਟਾ ਦਰਸ਼ਕਾਂ ਵਿਚ ਇਕ ਕੜੀ ਬਣ ਜਾਂਦੇ ਹਨ। ਇਸ ਨਾਟਕ ਵਿਚ ਮੁਗ਼ਲ ਸੂਬੇਦਾਰ ਵਜ਼ੀਰ ਖਾਂ ਅਤੇ ਉਸ ਦੇ ਸਾਥੀਆਂ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾਇਆ ਹੋਇਆ ਹੈ। ਮੁਗ਼ਲਾਂ ਦੀਆਂ ਬਹੁਤ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਚਮਕੌਰ ਦੀ ਗੜ੍ਹੀ ਵਿਚੋਂ ਬਚ ਕੇ ਨਿਕਲ ਜਾਂਦੇ ਹਨ

ਤੇ ਵਜ਼ੀਰ ਖ਼ਾਨ ਇਸ ਅਸਫ਼ਲਤਾ ਤੇ ਤਿਲਮਿਲਾਉਂਦਾ ਹੋਇਆ ਇਸ ਤਰ੍ਹਾਂ ਕਹਿੰਦਾ ਹੈ:

ਵਜ਼ੀਰ ਖਾਂ: ਕੁੱਝ ਸਮਝ ਨਹੀਂ ਆਉਂਦੀ, ਐਨੇ ਕਰੜੇ ਘੇਰੇ ਵਿਚੋਂ ਗੁਰੂ ਕਿਸ ਤਰ੍ਹਾਂ ਬਚ ਕੇ ਨਿਕਲ ਗਿਆ। ਇਹ ਮੇਰੇ ਬਦਜ਼ਾਤ ਨਮਕ-ਹਰਾਮ ਸਿਪਾਹੀਆਂ ਦੀ ਕਮਜ਼ੋਰੀ ਹੈ ਜਾਂ ਨਾਇਬ ਫ਼ੌਜਦਾਰਾਂ ਦੀ ਬੇਈਮਾਨੀ ਹੈ। ਮੈਂ ਇਨ੍ਹਾਂ ਬੁਜ਼ਦਿਲਾਂ ਦੇ ਟੁਕੜੇ ਟੁਕੜੇ ਕਰ ਦਿਆਂਗਾ। ਸਖ਼ਤ ਤੋਂ ਸਖ਼ਤ ਸਜ਼ਾ ਦੇਵਾਂਗਾ।[61]

ਨਾਟਕ ਦੀ ਦੂਸਰੀ ਝਾਕੀ ਜ਼ਫ਼ਰਨਾਮਾ ਹੈ। ਇਸ ਵਿਚ ਔਰੰਗਜ਼ੇਬ ਬੁੱਢਾ ਤੇ ਲਾਚਾਰ ਦਿਖਾਇਆ ਗਿਆ ਹੈ। ਪੰਜਾਬ ਤੋਂ ਗੁਰੂ ਗੋਬਿੰਦ ਸਿੰਘ ਦੇ ਝੰਡੇ ਥੱਲੇ ਬਗ਼ਾਵਤ ਖੜੀ ਹੋ ਚੁੱਕੀ ਹੈ। ਔਰੰਗਜ਼ੇਬ ਦੇ ਪੁੱਤਰਾਂ ਵਿਚ ਤਖ਼ਤ ਦੀ ਪ੍ਰਾਪਤੀ ਲਈ ਘਰੋਗੀ ਜੰਗ ਸ਼ੁਰੂ ਹੋ ਚੁੱਕੀ ਹੈ ਅਤੇ ਤੀਸਰਾ ਗੁਰੂ ਗੋਬਿੰਦ ਸਿੰਘ ਦਾ ਮਾਲਵੇ ਦੇ ਪਿੰਡ ਦੀਨਾ ਕਾਂਗੜ ਤੋਂ ਭਾਈ ਦਯਾ ਸਿੰਘ ਹੱਥ ਭੇਜਿਆ ਜ਼ਫ਼ਰਨਾਮਾ ਹੈ ਜਿਸ ਵਿਚ ਔਰੰਗਜ਼ੇਬ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪਾਈਆਂ ਲਾਹਨਤਾਂ ਦਾ ਜ਼ਿਕਰ ਹੈ। ਨਾਟਕ ਵਿਚ ਬੇਸ਼ਕ ਔਰੰਗਜ਼ੇਬ ਦੀ ਪ੍ਰੇਸ਼ਾਨੀ ਦੇ ਹੋਰ ਵੀ ਕਾਰਨ ਦੱਸੇ ਗਏ ਹਨ ਪਰ ਵੱਡਾ ਤੇ ਮੂਲ-ਕਾਰਨ ਜ਼ਫ਼ਰਨਾਮਾ ਹੈ। ਅਗਰਭੂਮੀ ਵਿਚ ਔਰੰਗਜ਼ੇਬ ਦੀ ਮਾਨਸਿਕ ਸਥਿਤੀ ਨੂੰ ਦਿਖਾਇਆ ਗਿਆ ਹੈ। ਪਿੱਠਭੂਮੀ ਵਿਚੋਂ ਉੱਭਰਨ ਵਾਲੀ ਆਵਾਜ਼ ਹੈ ਜੋ ਔਰੰਗਜ਼ੇਬ ਦੀ ਮਾਨਸਿਕ ਸਥਿਤੀ ਬਿਆਨ ਕਰਦੀ ਹੈ। ਇਸ ਜ਼ਫ਼ਰਨਾਮੇ ਦੀ ਭਾਸ਼ਾ ਭਾਵੇਂ ਫ਼ਾਰਸੀ ਹੈ ਪਰ ਦਰਸ਼ਕਾਂ ਲਈ ਅਨੁਵਾਦ ਦੇ ਰੂਪ ਵਿਚ ਸਾਧਾਰਨ ਪੰਜਾਬੀ ਭਾਸ਼ਾ ਵਿਚ ਪਿੱਠਭੂਮੀ ਤੋਂ ਆਵਾਜ਼ ਰਾਹੀਂ ਪੇਸ਼ ਕਰਨ ਦੀ ਸਫ਼ਲ ਨਾਟਕੀ-ਜੁਗਤ ਅਪਣਾਈ ਗਈ ਹੈ। ਔਰੰਗਜ਼ੇਬ ਦੇ ਜ਼ਿਹਨ ਤੇ

ਜ਼ਫ਼ਰਨਾਮੇ ਦਾ ਜੋ ਅਸਰ ਹੋਇਆ ਉਹ ਆਪਣੀ ਬੇਟੀ ਜ਼ੀਨਤ ਨੂੰ ਇਸ ਤਰਾਂ ਦੱਸਦਾ ਹੈ:

ਔਰੰਗਜ਼ੇਬ : ਵਜ਼ੀਰ ਖ਼ਾਂ ਨੇ ਮੇਰੇ ਨਾਮ ਤੇ ਝੂਠੀਆਂ ਕਸਮਾਂ ਖਾ ਕੇ ਗੁਰੂ ਨੂੰ ਆਨੰਦਪੁਰ ਤੋਂ ਕਢਵਾਇਆ, ਪਿੱਛੋਂ ਧੋਖੇ ਨਾਲ ਹਮਲਾ ਕਰ ਦਿੱਤਾ।[62]

ਨਾਟਕ ਦੀ ਝਾਕੀ 'ਸਰਹੰਦ ਦੀ ਕੰਧ' ਵਿਚ ਵਜ਼ੀਰ ਖਾਂ ਦੀ ਮਨੋਸਥਿਤੀ ਨੂੰ ਦਿਖਾਇਆ ਗਿਆ ਹੈ। ਵਜ਼ੀਰ ਖਾਂ ਆਪਣੀ ਜ਼ਮੀਰ ਦੀ ਨੇਕੀ ਤੇ ਬਦੀ ਦੀ ਆਵਾਜ਼ ਸੁਣ ਸੁਣ ਕੇ ਸੰਤਾਪ ਭੋਗ ਰਿਹਾ ਹੈ। ਉਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਦੇ ਕਤਲ ਕਰਵਾਉਣ ਦੀ ਪ੍ਰੇਸ਼ਾਨੀ ਨਹੀਂ, ਉਸ ਨੂੰ ਬੰਦਾ ਬਹਾਦਰ ਦੁਆਰਾ ਸਰਹੰਦ ਵੱਲ ਨੂੰ ਚੜ੍ਹਾਈ ਤੇ ਇਸ ਤੋਂ ਪਹਿਲਾਂ ਸਿੱਖਾਂ ਦੀਆਂ ਸਮਾਣਾ ਆਦਿ ਦੀਆਂ ਜਿੱਤਾਂ ਕਾਰਨ ਪ੍ਰੇਸ਼ਾਨੀ ਹੈ। ਵਜ਼ੀਰ ਖਾਂ ਦੀ ਬੇਗ਼ਮ ਆ ਕੇ ਉਸ ਨੂੰ ਬੰਦਾ ਬਹਾਦਰ ਦੁਆਰਾ ਸਰਹੰਦ ਵੱਲ ਨੂੰ ਵਧਣ ਬਾਰੇ ਦੱਸਦੀ ਹੈ। ਬੰਦਾ ਬਹਾਦਰ ਦੀ ਅਗਵਾਈ ਹੇਠ ਸਿੱਖ ਇਕ ਲੋਕ ਸ਼ਕਤੀ ਵਜੋਂ ਇਕੱਠੇ ਹੋਏ ਹਨ ਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਸਰਹੰਦ ਫਤਹਿ ਕਰਨ ਦੇ ਨਾਹਰਿਆਂ ਹੇਠ ਸਰਹੰਦ ਵੱਲ ਨੂੰ ਵਧ ਰਹੇ ਹਨ। ਪਹਿਲੀ ਆਵਾਜ਼ ਉਸ ਨੂੰ ਇਸ ਤਰ੍ਹਾਂ ਪ੍ਰੇਸ਼ਾਨ ਕਰਦੀ ਹੈ :

ਪਹਿਲੀ ਆਵਾਜ਼: ਇਹ ਅੱਗ ਇਨਕਲਾਬ ਦਾ ਨਿਸ਼ਾਨ ਹੈ। ਇਹ ਸਰਹੰਦ ਨੂੰ ਭਸਮ ਕਰ ਦੇਵੇਗੀ। ਤੂੰ ਹੁਣ ਇਸ ਦੀ ਲਪੇਟ ਵਿਚੋਂ ਨਿਕਲ ਨਹੀਂ ਸਕਦਾ।[63]

ਨਾਟਕ ਦੇ ਆਰੰਭ ਵਿਚ ਨਾਟਕਕਾਰ ਸਿੱਖ ਧਰਮ ਵਿਚ ਆਈ ਰਾਜਨੀਤਿਕ ਚੇਤਨਾ, ਸਿੱਖ ਧਰਮ ਦੀ ਹੋਂਦ ਤੇ ਪੰਜਾਬ ਵਿਚ ਵਾਪਰੇ ਰਾਜਨੀਤਿਕ ਪਰਿਵਰਤਨ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ ਜੋ ਬਰੋਟੇ ਦੁਆਰਾ ਥੇਹ ਵਿਗਿਆਨੀਆਂ ਨੂੰ ਇਤਿਹਾਸ ਦੀ ਜਾਣਕਾਰੀ ਦੇਣ ਸਮੇਂ ਸ਼ਬਦ ਕਹੇ ਗਏ :

ਬਰੋਟਾ : ਮਹਾਨ ਗੁਰੂ ਗੋਬਿੰਦ ਸਿੰਘ ਦੇ ਖੜਗਧਾਰੀ ਸਿੰਘਾਂ ਨੇ ਭਾਰਤ ਦੇ ਇਤਿਹਾਸ ਦਾ ਰੁੱਖ ਹੀ ਬਦਲ ਦਿੱਤਾ ਹੈ।[64]

ਇਸ ਤਰ੍ਹਾਂ ਇਸ ਨਾਟਕ ਵਿਚ ਸਿੱਖਾਂ ਦੇ ਸੰਘਰਸ਼ ਦੇ ਵਿਕਾਸ ਨੂੰ ਸਿੱਖ ਇਤਿਹਾਸ ਦੇ ਨਾਟਕੀ ਸੰਦਰਭ ਵਿਚ ਪੇਸ਼ ਕੀਤਾ ਗਿਆ ਹੈ ਜੋ ਕਿ ਨਾਟਕ ਵਿਚ ਤਨਾਉ ਦੀ ਨਿਰੰਤਰਤਾ ਅਤੇ ਤੀਖਣ ਕਾਰਜ ਦੀ ਹੋਂਦ ਪੈਦਾ ਕਰਦੀ ਹੈ।

ਡਾ. ਹਰਚਰਨ ਸਿੰਘ ਦੇ ਨਾਟਕ 'ਚਮਕੌਰ ਦੀ ਗੜ੍ਹੀ' ਦੀਆਂ ਤਿੰਨੇ ਝਾਕੀਆਂ ਵਿਚ ਪਾਤਰ ਉਸਾਰੀ ਚੰਗੀ ਤਰ੍ਹਾਂ ਰੂਪਮਾਨ ਹੁੰਦੀ ਹੈ। ਇਸ ਵਿਚ ਜਿਹੜੇ ਵੀ ਪਾਤਰ ਅਗਰਭੂਮੀ ਵਿਚ ਪੇਸ਼ ਕੀਤੇ ਗਏ ਹਨ ਉਨ੍ਹਾਂ ਨੂੰ ਮਾਨਸਿਕ ਤੌਰ ਤੇ ਟੁੱਟਦੇ ਦਿਖਾਇਆ ਗਿਆ ਹੈ। ਇਹ ਪਾਤਰ ਢਹਿ ਰਹੀ ਸ਼ਕਤੀ ਦੇ ਪ੍ਰਤੀਕ ਵਜੋਂ ਪੇਸ਼ ਕਰਕੇ ਨਾਟਕਕਾਰ ਨੇ ਮੁਗ਼ਲ ਸਲਤਨਤ ਨੂੰ ਢਹਿੰਦੀ ਕਲਾ ਰਾਹੀਂ ਰੂਪਮਾਨ ਕੀਤਾ ਹੈ। ਪਿੱਠਭੂਮੀ ਵਿਚ ਜੋ ਪਾਤਰ ਹਨ ਉਨ੍ਹਾਂ ਨੂੰ ਇਕ ਲੋਕ ਸ਼ਕਤੀ ਵਜੋਂ ਪੇਸ਼ ਕੀਤਾ ਹੈ ਜੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ, ਚਾਰੇ ਸਾਹਿਬਜ਼ਾਦੇ, ਸਿੰਘਾਂ ਤੇ ਬੰਦਾ ਬਹਾਦਰ ਦੀ ਪੰਜਾਬ ਵਿਚ ਆਮਦ ਤੇ ਸਿੱਖ ਰਾਜ ਕਾਇਮ ਕਰਨ ਤਕ ਅਗਰਭੂਮੀ ਦੇ ਪਾਤਰਾਂ ਦੇ ਮੂਹੋਂ ਅਖਵਾਇਆ ਹੈ।

ਨਾਟਕ 'ਚਮਕੌਰ ਦੀ ਗੜ੍ਹੀ' ਵਿਚ ਬਾਰਾਂ ਪਾਤਰ ਹਨ ਜੋ ਗੁਰੂ ਗੋਬਿੰਦ ਸਿੰਘ, ਚਾਰੇ ਸਾਹਿਬਜ਼ਾਦੇ ਤੇ ਸਿੰਘਾਂ ਨੂੰ ਛੱਡ ਕੇ ਬਾਕੀ ਸਾਰੇ ਪਾਤਰਾਂ ਨੂੰ ਮੰਚ ਤੇ ਪੇਸ਼ ਨਹੀਂ ਕੀਤਾ ਗਿਆ ਪਰ ਵਜ਼ੀਰ ਖਾਂ ਦੇ ਕਹੇ ਹੋਏ ਸ਼ਬਦ ਗੁਰੂ ਜੀ ਦੇ ਆਦਰਸ਼ ਅਤੇ ਸ਼ਖ਼ਸੀਅਤ ਨੂੰ ਇਸ ਤਰ੍ਹਾਂ ਰੂਪਮਾਨ ਕਰਦੇ ਹਨ:

ਵਜ਼ੀਰ ਖਾਂ : ਤੌਬਾ ! ਤੌਬਾ!! ਐਨੇ ਬੇਖ਼ੌਫ ਨੇ ਇਹ ਲੋਕ। ਗੁਰੂ ਪਾਸ ਕਿਆ ਜਾਦੂ ਹੈ...।[65]

ਜਿਸ ਵਕਤ ਸ੍ਰੀ ਗੁਰੂ ਗੋਬਿੰਦ ਸਿੰਘ, ਪੰਜ ਪਿਆਰੇ, ਦੋ ਸਾਹਿਬਜ਼ਾਦੇ ਤੇ ਚਾਲੀ ਸਿੰਘ ਚਮਕੌਰ ਦੀ ਕੱਚੀ ਗੜ੍ਹੀ ਵਿਚ ਸਨ ਤਾਂ ਮੁਗ਼ਲਾਂ ਦੀ ਬੇਸ਼ੁਮਾਰ ਫ਼ੌਜਾਂ ਨੇ ਘੇਰਾ ਪਾਇਆ ਹੋਇਆ ਸੀ। ਗੁਰੂ ਸਾਹਿਬ ਰਾਤ ਦੇ ਹਨੇਰੇ ਵਿਚ ਮੁਗ਼ਲ ਫ਼ੌਜਾਂ ਨੂੰ ਚਕਮਾ ਦੇ ਕੇ ਨਿਕਲ ਜਾਂਦੇ ਹਨ ਤੇ ਉਸ ਕੱਚੀ ਗੜ੍ਹੀ ਵਿਚ ਕੁਝ ਕੁ ਸਿੰਘ ਹੀ ਬਾਕੀ ਰਹਿ ਜਾਂਦੇ ਹਨ। ਉਹ ਇਸ ਕਰਕੇ ਰਹਿੰਦੇ ਹਨ ਤਾਂ ਜੋ ਮੁਗ਼ਲਾਂ ਦੀਆਂ ਫ਼ੌਜਾਂ ਨਾਲ ਟੱਕਰ ਲੈ ਸਕਣ। ਉਹ ਇਹ ਨਾ ਸਮਝਣ ਕਿ ਸਿੰਘ ਡਰ ਕੇ ਨੱਸ ਗਏ। ਗੁਰੂ ਜੀ ਤਾਂ ਪੰਜ ਪਿਆਰਿਆਂ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਭਾਈ ਸੰਗਤ ਸਿੰਘ ਨੂੰ ਆਪਣੀ ਕਲਗੀ ਤੇ ਬਸਤਰ ਪਹਿਨਾ ਕੇ ਮਾਛੀਵਾੜੇ ਦੇ ਜੰਗਲਾਂ ਵੱਲ ਚਲੇ ਗਏ। ਪਰ ਜੋ ਸਿੰਘਾਂ ਨੇ ਬਹਾਦਰੀ ਦਿਖਾਈ ਉਸ ਦਾ ਇਤਿਹਾਸ ਗਵਾਹ ਹੈ ਸਵਾ ਸਵਾ ਲੱਖ ਨਾਲ ਇਕ ਇਕ ਸਿੰਘ ਨੇ ਲੜਦਿਆਂ ਸ਼ਹੀਦੀ ਪ੍ਰਾਪਤ ਕੀਤੀ ਤੇ ਮੁਗ਼ਲ ਸਲਤਨਤ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ। ਜਦੋਂ ਭਾਈ ਸੰਗਤ ਸਿੰਘ ਸ਼ਹੀਦ ਹੋ ਜਾਂਦਾ ਹੈ ਤਾਂ ਵਜ਼ੀਰ ਖਾਂ ਦੀ ਖੁਸ਼ੀ ਦੀ ਹੱਦ ਨਹੀਂ ਰਹਿੰਦੀ ਤੇ ਜਦ ਉਸ ਨੂੰ ਪਤਾ ਲੱਗਦਾ ਹੈ ਕਿ ਇਹ ਤਾਂ ਗੁਰੂ ਦੇ ਕਿਸੇ ਸਿੰਘ ਦਾ ਸਿਰ ਹੈ ਜਿਸ ਨੂੰ ਉਹ ਗੁਰੂ ਗੋਬਿੰਦ ਸਿੰਘ ਸਮਝੀ ਬੈਠਾ ਸੀ

ਉਸ ਦੀ ਗੁੱਸੇ ਤੇ ਮਾਯੂਸੀ ਦੀ ਹੱਦ ਨਹੀਂ ਰਹਿੰਦੀ ਤੇ ਉਹ ਗੁੱਸੇ ਵਿਚ ਕਹਿੰਦਾ ਹੈ :

ਵਜ਼ੀਰ ਖਾਂ : ਇਹ ਸਭ ਕੁਝ ਕਿਸ ਤਰ੍ਹਾਂ ਹੋਇਆ ? ਕਿਉਂ ਹੋਇਆ? ਕਿਸਮਤ ਨੇ ਮੇਰੇ ਨਾਲ ਕਿਆ ਮਜ਼ਾਕ ਕੀਤਾ ! ਮੇਰਾ ਦਿਮਾਗ ਗੁੱਸੇ ਨਾਲ ਬੇਕਾਬੂ ਹੋ ਰਿਹਾ ਹੈ। ਮੈਂ ਜਹਾਨ ਪਨਾਹ ਨੂੰ ਕਿਹੜਾ ਮੂੰਹ ਦਿਖਾਵਾਂਗਾ ! ਕਿਆ ਖ਼ਬਰ ਪੁਚਾਵਾਂਗਾ ! ਝੂਠੀਆਂ ਕਸਮਾਂ ਖਾ ਕੇ ਮੈਂ ਗੁਰੂ ਨੂੰ ਆਨੰਦਪੁਰ ਤੋਂ ਕਢਵਾਇਆ। ਅੱਠ ਮਹੀਨੇ ਆਨੰਦਪੁਰ ਨੂੰ ਘੇਰਾ ਪਾਈ ਰੱਖਿਆ। ਗੁਰੂ ਨੂੰ ਜ਼ਿੰਦਾ ਪਕੜਨ ਦੀ ਮੇਰੀ ਫੜ੍ਹ ਫੋਕੀ ਨਿਕਲੀ।[66]

ਇਸ ਤੇ ਵਜ਼ੀਰ ਖਾਂ ਆਪਣੇ ਸਿਪਾਹੀਆਂ ਤੇ ਨਾਇਬ ਫ਼ੌਜਦਾਰਾਂ ਤੇ ਸ਼ੱਕ ਵੀ ਕਰਦਾ ਹੈ। ਪਰ ਦਲੇਰ ਖਾਂ ਵਜ਼ੀਰ ਖਾਂ ਨੂੰ ਬੜੀ ਅਣਖ ਨਾਲ਼ ਕਹਿੰਦਾ ਹੈ:

ਦਲੇਰ ਖਾਂ : ਆਲੀ ਜਾਹ ! ਮੇਰੀ ਤਫ਼ਤੀਸ਼ ਮੁਤਾਬਕ ਗੁਰੂ ਆਪ ਦੇ ਖੇਮੇ ਪਾਸ ਹੀ ਗੁਜ਼ਰੇ ਹਨ।[67]

ਇਸ ਤੇ ਵਜ਼ੀਰ ਖਾਂ ਦੀ ਬੁਜ਼ਦਿਲੀ ਦਾ ਪਤਾ ਲੱਗਦਾ ਹੈ ਜਦੋਂ ਗੁਰੂ ਸਾਹਿਬ ਰਾਤ ਦੇ ਹਨੇਰੇ ਵਿਚ ਜੈਕਾਰੇ ਛੱਡਦੇ ਘੇਰੇ ਵਿਚੋਂ ਨਿਕਲੇ ਸਨ ਤਾਂ ਵਜ਼ੀਰ ਖਾਂ ਡਰਦਾ ਹੋਇਆ ਆਪਣੇ ਖ਼ੇਮੇ ਵਿਚ ਜਾ ਲੁਕਿਆ ਸੀ। ਦਲੇਰ ਖਾਂ ਇਕ ਦਲੇਰ ਦਿਲ ਵਿਅਕਤੀ ਹੈ ਜੋ ਗੁਰੂ ਸਾਹਿਬ ਦੇ ਹੱਕ ਦੀ ਗੱਲ ਕਰਦਾ ਹੈ। ਉਹ ਜਦ ਛੋਟੇ ਸਾਹਿਬਜ਼ਾਦੇ ਪਕੜੇ ਜਾਂਦੇ ਹਨ ਤਾਂ ਖ਼ੁਦਾ ਅੱਗੇ ਉਨ੍ਹਾਂ ਦੇ ਰਹਿਮ ਦੀ ਦੁਆ ਵੀ ਕਰਦਾ ਹੈ। ਉਹ ਅਜ਼ਮਤ ਵਾਲੇ ਉੱਚ ਦੇ

ਪੀਰ ਦਾ ਮੁਰੀਦ ਹੈ ਜੋ ਗੁਰੂ ਜੀ ਦਾ ਆਦਰ ਕਰਦਾ ਹੈ ਇਸ ਤੇ ਵਜ਼ੀਰ ਖਾਂ ਉਸ ਤੇ ਸ਼ੱਕ ਕਰਦਾ ਹੈ ਤੇ ਉਸ ਨੂੰ ਗ੍ਰਿਫ਼ਤਾਰ ਵੀ ਕਰਵਾ ਦਿੰਦਾ ਹੈ। ਦੂਜੇ ਪਾਸੇ ਉਸ ਦਾ ਭਰਾ ਰਾਇ ਰੂਪ ਚੰਦ ਗੁਰੂ ਦਾ ਪ੍ਰਸ਼ੰਸਕ ਹੈ, ਜਿਸ ਕਰਕੇ ਉਹ ਵਜ਼ੀਰ ਖਾਂ ਦੁਆਰਾ ਦਿੱਤੇ ਤਸੀਹੇ ਵੀ ਸਹਿੰਦਾ ਹੈ। ਇਸ ਤੋਂ ਇਲਾਵਾ ਸਿਪਾਹੀ ਤੇ ਲੜਕੀ ਬੜੀ ਬਹਾਦਰੀ ਦਿਖਾਉਂਦੇ ਹਨ। ਉਹ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਤੇ ਚਾਦਰੇ ਪਾਉਂਦੇ ਹਨ ਤੇ ਸਾਹਿਬਜ਼ਾਦਿਆਂ ਸਮੇਤ ਸਿੰਘਾਂ ਦੇ ਦਾਹ ਸੰਸਕਾਰ ਵੀ ਕਰਦੇ ਹਨ ਜਿਸ ਕਰਕੇ ਉਨ੍ਹਾਂ ਨੂੰ ਵਜ਼ੀਰ ਖਾਂ ਦੁਆਰਾ ਗ੍ਰਿਫ਼ਤਾਰ ਕਰਕੇ ਤਸੀਹੇ ਵੀ ਦਿੱਤੇ ਗਏ ਪਰ ਹਰ ਸਿੱਖ ਦੇ ਮੂੰਹੋਂ 'ਧੰਨ ਗੁਰੂ ਤੂੰ ਹੀ' ਨਿਕਲਦਾ ਹੈ ਤੇ ਇਸ ਦੇ ਪ੍ਰਤੀਕਰਮ ਵਜ਼ੀਰ ਖਾਂ ਕਹਿੰਦਾ ਹੈ:

ਵਜ਼ੀਰ ਖਾਂ: ਤੌਬਾ! ਤੌਬਾ!! ਐਨੇ ਬੇਖ਼ੌਫ਼ ਨੇ ਇਹ ਲੋਕ! ਗੁਰੂ ਪਾਸ ਕਿਆ ਜਾਦੂ ਹੈ, ਮੁਰਦੇ ਲੋਕਾਂ ਵਿਚ ਰੂਹ ਫੂਕ ਦਿੱਤੀ ਹੈ। ਇਹ ਲੋਕ ਮੁਗ਼ਲਾਂ ਦੇ ਘੋੜਿਆਂ ਦੀ ਧੂੜ ਦੇਖ ਕੇ ਪਹਾੜਾਂ ਵਿਚ ਜਾ ਲੁਕਦੇ ਸਨ।[68]

ਇਸ ਤੇ ਵਜ਼ੀਰ ਖਾਂ ਦਾ ਗੁਰੂ ਦੇ ਸਿੰਘਾਂ ਦੇ ਜੈਕਾਰੇ ਸੁਣ ਕੇ ਬੁਜ਼ਦਿਲਾਂ ਵਾਂਗ ਖੇਮੇ ਵਿਚ ਵੜ ਜਾਣਾ ਤੇ ਕਿਸੇ ਦੀ ਹਿੰਮਤ ਨਾ ਪੈਣੀ ਕਿ ਗੁਰੂ ਸਾਹਿਬ ਨਾਲ ਟੱਕਰ ਲੈ ਸਕਣ ਦਾ ਦ੍ਰਿਸ਼ ਉਜਾਗਰ ਹੁੰਦਾ ਹੈ। ਦੂਜੇ ਪਾਸੇ ਗੁਰੂ ਦੇ ਪੈਰੋਕਾਰਾਂ ਦਾ ਸਾਰੇ ਪੰਜਾਬ ਵਿਚ ਹੀ ਹੋਣਾ ਅਰਥਵਾਨ ਹੈ। ਇਸੇ ਪ੍ਰਕਾਰ ਵਜ਼ੀਰ ਖਾਂ ਦੇ ਸਿਪਾਹੀ ਦੁਆਰਾ ਉਸ ਨੂੰ ਕਹੇ ਸ਼ਬਦਾਂ ਤੋਂ

ਇਸ ਤਰ੍ਹਾਂ ਜ਼ਾਹਿਰ ਹੁੰਦਾ ਹੈ ਜੋ ਸ਼ਹੀਦ ਸਿੰਘਾਂ ਤੇ ਚਾਦਰੇ ਪਾਉਣ ਦਾ ਕੰਮ ਕਰਦਾ ਹੈ :

ਸਿਪਾਹੀ : ਮੌਤ ਤੋਂ ਬਾਅਦ ਹਰ ਬਹਾਦਰ ਦੀ ਕਦਰ ਕੀਤੀ ਜਾਂਦੀ ਹੈ; ਮੈਦਾਨੇ ਜੰਗ ਦਾ ਪੁਰਾਣਾ ਦਸਤੂਰ ਹੈ। ਮੈਂ ਉਨ੍ਹਾਂ ਸਿੰਘਾਂ ਅਤੇ ਸਾਹਿਬਜ਼ਾਦਿਆਂ ਨੂੰ ਬਹਾਦਰੀ ਨਾਲ ਲੜਦਿਆਂ ਦੇਖਿਆ ਸੀ। ਆਹ, ਕਿਸ ਆਨ-ਸ਼ਾਨ ਨਾਲ ਦੋਵੇਂ ਸਾਹਿਬਜ਼ਾਦੇ ਵਾਰੋ ਵਾਰੀ ਗੜ੍ਹੀ ਚੋਂ ਨਿਕਲੇ, ਜਿਵੇਂ ਲਾੜਾ ਘੋੜੀ ਚੜ੍ਹ ਕੇ ਜਾਂਦਾ ਹੁੰਦਾ ਹੈ। ਨਵਾਬ ਸਾਹਿਬ, ਮੇਰਾ ਯਕੀਨ ਸੀ, ਤੁਸੀਂ ਇਸ ਅਮਲ ਨੂੰ ਪਸੰਦ ਕਰੋਗੇ।[69]

ਸ੍ਰੀ ਗੁਰੂ ਗੋਬਿੰਦ ਸਿੰਘ ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਕੇ ਮਾਛੀਵਾੜੇ ਦੇ ਜੰਗਲ ਵਿਚ ਜਾ ਕੇ ਕੰਡਿਆਂ ਦੀ ਸੇਜ ਤੇ ਰਾਤ ਕੱਟਦੇ ਹਨ। ਪਿੱਛੋਂ ਮੁਗ਼ਲ ਫ਼ੌਜਾਂ ਪਿੱਛਾ ਕਰਦੀਆਂ ਹੋਈਆਂ ਆਣ ਚੜ੍ਹਦੀਆਂ ਹਨ। ਉਸ ਵਕਤ ਪੀਰ ਬੁੱਧੂ ਸ਼ਾਹ ਦੇ ਮੁਰੀਦਾਂ ਗਨੀ ਖਾਂ ਤੇ ਨਬੀ ਖਾਂ ਨੇ ਐਨ ਵਕਤ ਸਿਰ ਮੌਕਾ ਸੰਭਾਲਿਆ ਤੇ ਗੁਰੂ ਨੂੰ ਪਲੰਗ ਤੇ ਬਿਠਾ ਕੇ ਮੁਗ਼ਲਾਂ ਦੇ ਘੇਰੇ ਵਿਚੋਂ ਕੱਢਿਆ। ਇਹ ਇਸ ਲਈ ਸੰਭਵ ਹੋਇਆ ਕਿਉਂਕਿ ਗੁਰੂ ਜੀ ਕਿਸੇ ਧਰਮ ਜਾਂ ਕਿਸੇ ਵਿਅਕਤੀ ਦੇ ਵੈਰੀ ਨਹੀਂ ਸਨ ਉਹ ਤਾਂ ਜ਼ੁਲਮ ਦਾ ਨਾਸ਼ ਕਰਨਾ ਚਾਹੁੰਦੇ ਸਨ, ਉਹ ਨਿਰਭਉ ਤੇ ਨਿਰਵੈਰ ਸਨ।

ਨਾਟਕ ਦੇ ਦੂਜੇ ਅੰਕ ਜ਼ਫ਼ਰਨਾਮਾ ਵਿਚ ਪਾਤਰਾਂ ਦੀ ਅਸਲ ਗਿਣਤੀ ਪੰਜ ਹੈ-ਔਰੰਗਜ਼ੇਬ, ਜ਼ੀਨਤ-ਉਲ-ਨਿਸਾ, ਬੇਗ਼ਮ ਊਦੈਪੁਰੀ, ਸ਼ਾਹੀ ਹਕੀਮ ਅਤੇ ਅਸਦ ਖ਼ਾਨ। ਇਨ੍ਹਾਂ ਤੋਂ ਇਲਾਵਾ ਜ਼ਫ਼ਰਨਾਮੇ ਦੇ ਪ੍ਰਭਾਵ ਨੂੰ ਬਰਕਰਾਰ

ਰੱਖਣ ਲਈ ਅਤੇ ਔਰੰਗਜ਼ੇਬ ਦੀ ਮਾਨਸਿਕ ਅਵਸਥਾ ਪ੍ਰਗਟਾਉਣ ਲਈ ਕੁਝ ਆਵਾਜ਼ਾਂ ਤੋਂ ਵੀ ਕੰਮ ਲਿਆ ਗਿਆ ਹੈ। ਇਸ ਵਿਚ ਪਾਤਰ ਚਿਤਰਣ ਬੜਾ ਸਫ਼ਲ ਤੇ ਪ੍ਰਭਾਵ ਪਾਊ ਰਿਹਾ ਹੈ। ਇਸ ਦੀ ਪਾਤਰ ਉਸਾਰੀ ਬਾਰੇ ਨਾਟਕਕਾਰ ਦੇ ਕਹੇ ਸ਼ਬਦ ਇਸ ਤਰ੍ਹਾਂ ਹਨ ਕਿ ਇਸ ਨਾਟਕ ਦੇ ਪਾਤਰਾਂ ਦੀ ਚੋਣ ਦੀ ਕੋਈ ਔਕੜ ਨਹੀਂ ਸੀ। ਇਸ ਵਾਸਤੇ ਨਾਟਕ ਦੀਆਂ ਲੁਕੀਆਂ ਸ਼ਕਤੀਆਂ ਪ੍ਰਗਟ ਕਰਨ ਦੀ ਖੁੱਲ੍ਹ ਸੀ।

ਔਰੰਗਜ਼ੇਬ ਇਕ ਸਖ਼ਤ ਸੁਭਾਅ ਦਾ ਤੇ ਅੱਤ ਦਰਜੇ ਦਾ ਅਤਿਆਚਾਰੀ ਸੀ ਜੋ ਹਰ ਗੱਲ ਦਾ ਜਵਾਬ ਤਲਵਾਰ ਨਾਲ ਦਿੰਦਾ ਸੀ। ਉਸ ਨੇ ਆਪਣੇ ਭਰਾ ਦਾ ਕਤਲ ਕਰਕੇ ਆਪਣੇ ਪਿਤਾ ਸ਼ਾਹ ਜਹਾਨ ਨੂੰ ਤੋਹਫ਼ੇ ਦੇ ਤੌਰ ਤੇ ਉਸਦਾ ਸਿਰ ਭੇਜਿਆ ਜਿੱਥੇ ਉਸ ਨੂੰ ਕੈਦ ਕਰਕੇ ਰੱਖਿਆ ਹੋਇਆ ਸੀ। ਉਸ ਦੀ ਭੈਣ ਸ਼ਾਹ ਜਹਾਨ ਆਰਾ ਉਸ ਨੂੰ ਸਫ਼ੈਦ ਸੱਪ ਕਹਿੰਦੀ ਹੈ। ਉਹ ਆਪਣੀ ਛੋਟੀ ਬੇਗ਼ਮ ਊਦੈਪੁਰੀ ਨੂੰ ਤੇ ਆਪਣੇ ਬੇਟੇ ਕਾਮ ਬਖ਼ਸ਼ ਨੂੰ ਬਹੁਤ ਪਿਆਰ ਕਰਦਾ ਸੀ ਜਿਨ੍ਹਾਂ ਨੇ ਉਸ ਦੇ ਬੁੱਢੇ ਵਾਰੇ ਬਹੁਤ ਸੇਵਾ ਕੀਤੀ ਸੀ ਤੇ ਔਰੰਗਜ਼ੇਬ ਦੀ ਬੇਟੀ ਜ਼ੀਨਤ ਅਮਾਨ ਨੇ ਉਸ ਦੀ ਬਹੁਤ ਸੇਵਾ ਕੀਤੀ ਜੋ ਨਰਮ ਦਿਲ ਦੀ ਮਾਲਕ ਸੀ ਤੇ ਗੁਰੂ ਪ੍ਰਤੀ ਵੀ ਸ਼ਰਧਾ ਭਾਵਨਾ ਰੱਖਦੀ ਸੀ। ਉਹ ਛੋਟੇ ਸਾਹਿਬਜ਼ਾਦਿਆਂ ਦੇ ਨੀਹਾਂ ਵਿਚ ਚਿਣੇ ਜਾਣ ਤੇ ਬਹੁਤ ਦੁਖੀ ਹੁੰਦੀ ਹੈ ਤੇ ਆਪਣੇ ਬਾਪ ਨੂੰ ਕਹਿੰਦੀ ਹੈ :

ਜ਼ੀਨਤ : ਅੱਬਾ ! ਇਹ ਤਾਂ ਜ਼ੁਲਮ ਦੀ ਇੰਤਹਾ ਹੈ। ਖ਼ੁਦਾ ਤੁਹਾਨੂੰ ਕਦੇ ਮੁਆਫ਼ ਨਹੀਂ ਕਰੇਗਾ।[70]

ਔਰੰਗਜ਼ੇਬ ਨੇ ਸ੍ਰੀ ਗੁਰੂ ਤੇਗ ਬਹਾਦਰ ਨੂੰ ਚਾਂਦਨੀ ਚੌਕ ਵਿਚ ਕਤਲ ਕਰਵਾਇਆ, ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾਇਆ, ਲੱਖਾਂ

ਬੇਗੁਨਾਹਾਂ ਨੂੰ ਕਤਲ ਕੀਤਾ ਇਹ ਸਭ ਕੁਝ ਔਰੰਗਜ਼ੇਬ ਸਵੀਕਾਰ ਕਰਦਾ ਹੋਇਆ ਆਪਣੀ ਬੇਟੀ ਜ਼ੀਨਤ ਨੂੰ ਕਹਿੰਦਾ ਹੈ :

ਔਰੰਗਜ਼ੇਬ : ਬੇਟੀ, ਮੈਂ ਸਭ ਕੁਝ ਸਮਝਦਾ ਹਾਂ। ਲੋਕੀਂ ਮੈਨੂੰ ਇਨਸਾਨ ਵੀ ਖ਼ਿਆਲ ਨਹੀਂ ਕਰਨਗੇ। ਮੈਂ ਅਣਗਿਣਤ ਲੜਾਈਆਂ ਜਿੱਤ ਕੇ ਵੀ ਜ਼ਿੰਦਗੀ ਦੀ ਬਾਜ਼ੀ ਹਾਰ ਕੇ ਜਾ ਰਿਹਾ ਹਾਂ। ਮੈਂ ਖਾਲੀ ਹੱਥ ਇਸ ਦੁਨੀਆਂ ਤੇ ਆਇਆ ਸਾਂ, ਗੁਨਾਹਾਂ ਦੇ ਭਾਰ ਨਾਲ ਲੱਦਿਆ ਜਾਵਾਂਗਾ। ਬੇਟੀ ਜ਼ੀਨਤ, ਤੂੰ ਮੇਰੀ ਆਖ਼ਰੀ ਉਮਰ ਦਾ ਸਹਾਰਾ ਹੈਂ......ਮੇਰੀ ਮਦਦ ਕਰ।[71]

ਸ੍ਰੀ ਗੁਰੂ ਗੋਬਿੰਦ ਸਿੰਘ ਮਾਛੀਵਾੜੇ ਦੇ ਜੰਗਲ ਤੋਂ ਹੁੰਦੇ ਹੋਏ ਮਾਲਵੇ ਦੇ ਪਿੰਡ ਦੀਨਾ ਕਾਂਗੜ ਵਿਖੇ ਪਹੁੰਚਦੇ ਹਨ, ਜਿਥੋਂ ਭਾਈ ਦਇਆ ਸਿੰਘ ਹੱਥ ਜ਼ਫ਼ਰਨਾਮਾ ਔਰੰਗਜ਼ੇਬ ਵੱਲ ਭੇਜਦੇ ਹਨ। ਇਸ ਜ਼ਫ਼ਰਨਾਮੇ ਵਿਚ ਔਰੰਗਜ਼ੇਬ ਨੂੰ ਗੁਰੂ ਜੀ ਵੱਲੋਂ ਇਸ ਤਰ੍ਹਾਂ ਲਾਹਨਤਾਂ ਪਾਈਆਂ ਗਈਆਂ ਕਿ ਉਸ ਦੀ ਜ਼ਮੀਰ ਉਸ ਨੂੰ ਗੁਨਾਹਗਾਰ ਸਿੱਧ ਕਰਦੀ ਹੈ। ਨਾਟਕਕਾਰ ਨੇ ਗੁਰੂ ਜੀ ਤੇ ਭਾਈ ਦਇਆ ਸਿੰਘ ਨੂੰ ਭਾਵੇਂ ਮੰਚ ਤੇ ਪੇਸ਼ ਨਹੀਂ ਕੀਤਾ ਪਰ ਅਸਦ ਖ਼ਾਨ ਅਤੇ ਔਰੰਗਜ਼ੇਬ ਦੀ ਗੱਲਬਾਤ ਰਾਹੀਂ ਉਨ੍ਹਾਂ ਦੀ ਸ਼ਖ਼ਸੀਅਤ ਉਘੜਦੀ ਹੈ।

ਅਸਦ ਖ਼ਾਨ: ਇਹ ਤਾਂ ਸਭ ਮੰਨਦੇ ਹਨ ਕਿ ਉਹ ਅਜ਼ਮਤ ਵਾਲਾ ਪੀਰ ਹੈ। ਹਜ਼ੂਰ ਨੂੰ ਯਾਦ ਹੋਵੇਗਾ ਕਿ ਫ਼ੌਜਦਾਰ ਸੈਦ ਖ਼ਾਂ ਤੇ ਰਮਜ਼ਾਨ ਖਾਂ ਉਸ ਪੀਰ ਨਾਲ ਜਾ ਰਲੇ ਸਨ...।[72]

ਇਸ ਨਾਟਕ ਵਿਚ ਗੁਰੂ ਜੀ ਦੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਜ਼ਫ਼ਰਨਾਮੇ ਵਿਚੋਂ ਛੇ ਸ਼ੇਅਰ ਇਸ ਨਾਟਕ ਵਿਚ ਵਰਤੇ ਗਏ ਹਨ ਜੋ ਮੂਲ ਰੂਪ ਵਿਚ ਫ਼ਾਰਸੀ ਵਿਚ ਲਿਖੇ ਗਏ ਸਨ ਪਰ ਨਾਟਕ ਵਿਚ ਦਰਸ਼ਕਾਂ ਦੀ ਸਮਝ ਵਿਚ ਲਿਆਉਣ ਲਈ ਪਿੱਠਭੂਮੀ ਤੋਂ ਪੰਜਾਬੀ ਅਨੁਵਾਦ ਦੇ ਤੌਰ ਤੇ ਬੋਲੇ ਗਏ ਹਨ। ਇਸ ਨਾਟਕ ਵਿਚ ਨਾਟਕਕਾਰ ਨੇ ਆਵਾਜ਼ ਦੀ ਸਹਾਇਤਾ ਨਾਲ ਔਰੰਗਜ਼ੇਬ ਦੇ ਚਰਿੱਤਰ ਨੂੰ ਵਧੇਰੇ ਚੰਗੀ ਤਰ੍ਹਾਂ ਰੂਪਮਾਨ ਕੀਤਾ ਹੈ। ਇਸ ਨਾਟਕ ਵਿਚ ਔਰੰਗਜ਼ੇਬ ਤੋਂ ਸਿਵਾ ਹੋਰ ਪਾਤਰ ਜਿਵੇਂ ਜ਼ੀਨਤ, ਬੇਗ਼ਮ ਊਦੈਪੁਰੀ, ਅਸਦ ਖ਼ਾਨ ਤੇ ਹਕੀਮ ਹਨ ਜੋ ਇਸ ਨਾਟਕ ਦੇ ਪਲਾਟ ਨੂੰ ਅੱਗੇ ਤੋਰਦੇ ਹਨ ਤੇ ਔਰੰਗਜ਼ੇਬ ਦੇ ਰਾਜ ਵਿਚ ਜੋ ਵਾਪਰ ਰਿਹਾ ਹੈ, ਉਸ ਨੂੰ ਰੂਪਮਾਨ ਕਰਦੇ ਹਨ, ਜਿਵੇਂ :

ਅਸਦ ਖ਼ਾਨ : ਬੇਸ਼ਕ ਮੁਲਕ ਭਰ ਤੋਂ ਹਰ ਪਲ ਬੁਰੀਆਂ
ਖ਼ਬਰਾਂ ਆਉਂਦੀਆਂ ਹਨ। ਪਰ ਪਿਛਲੇ ਚੌਹ
ਸਾਲਾਂ ਵਿਚ ਦੱਖਣ ਵਿਚ ਲੱਖਾਂ ਆਦਮੀ
ਕਹਿਰ ਤੇ ਹੈਜ਼ੇ ਦਾ ਸ਼ਿਕਾਰ ਹੋਏ ਹਨ,
ਜਹਾਨ ਪਨਾਹ ਆਪਣੇ ਆਪ ਨੂੰ ਉਨ੍ਹਾਂ ਦੀ
ਮੌਤ ਦਾ ਜ਼ਿੰਮੇਵਾਰ ਸਮਝਦੇ ਹਨ।[73]

'ਸਰਹੰਦ ਦੀ ਕੰਧ' ਇਸ ਨਾਟਕ ਦਾ ਤੀਜਾ ਅੰਕ ਹੈ ਜਿਸ ਵਿਚ ਦੋ ਹੀ ਪ੍ਰਮੁੱਖ ਪਾਤਰ ਹਨ, ਇਕ ਸੂਬਾ ਸਰਹੰਦ ਵਜ਼ੀਰ ਖਾਂ ਤੇ ਦੂਜਾ ਉਸ ਦੀ ਬੇਗ਼ਮ ਹਨ ਪਰ ਦੋ ਆਵਾਜ਼ਾਂ ਵਜ਼ੀਰ ਖਾਂ ਦੀ ਜ਼ਮੀਰ ਦੀਆਂ ਇਕ ਨੇਕੀ ਤੇ ਦੂਜੀ ਬਦੀ ਦੀ ਹੈ ਜੋ ਉਸ ਦੇ ਚਰਿੱਤਰ ਨੂੰ ਚੰਗੀ ਤਰ੍ਹਾਂ ਰੂਪ ਮਾਨ ਕਰਦੀਆਂ ਹਨ, ਜਿਵੇਂ :

ਪਹਿਲੀ ਆਵਾਜ਼ : ਵਜ਼ੀਰ ਖਾਂ, ਯਜ਼ੀਦ ਨਾ ਬਣ, ਹੁਸੈਨ ਦੀ ਸ਼ਹਾਦਤ ਨੂੰ ਯਾਦ ਰੱਖ। ਸਰਹੰਦ ਨੂੰ ਕਰਬਲਾ ਨਾ ਬਣਾ। ਤੇਰੀਆਂ ਕਰਨੀਆਂ ਲੋਕਾਂ ਨੂੰ ਭਰਨੀਆਂ ਪੈਣਗੀਆਂ। ਤੇਰੀ ਕਰਤੂਤ ਤੋੜ ਹਸ਼ਰ ਤਕ ਫਿਟਕਾਰੀ ਜਾਵੇਗੀ। ਅਜੇ ਵੀ ਵਕਤ ਹੈ। ਇਹ ਖ਼ਤਰਨਾਕ ਹੁਕਮ ਛੇਤੀ ਵਾਪਸ ਲੈ ਲੈ। ਤੇਰਾ ਕਲੰਕ ਰਹਿੰਦੀ ਦੁਨੀਆਂ ਤਕ ਨਹੀਂ ਧੋਤਾ ਜਾਵੇਗਾ।[74]

ਦੂਜੀ ਆਵਾਜ਼ : ਵਜ਼ੀਰ ਖਾਂ, ਤੂੰ ਗਾਜ਼ੀ ਹੈਂ, ਕਾਫ਼ਰਾਂ ਦੀ ਬਗ਼ਾਵਤ ਦੱਬਾ ਦਿੱਤੀ ਹੈ।[75]

ਇਸ ਨਾਟਕ ਦੇ ਘੱਟ ਪਾਤਰਾਂ ਬਾਰੇ ਨਾਟਕਕਾਰ ਨੇ ਖ਼ੁਦ ਕਿਹਾ ਹੈ:

> ਆਰੰਭ ਵਿਚ ਇਸ ਦਾ ਕੇਵਲ ਇਕੋ ਪਾਤਰ ਨਵਾਬ ਵਜ਼ੀਰ ਖਾਂ ਸੀ। ਬਾਕੀ ਸਭ ਆਵਾਜ਼ਾਂ ਉਸ ਦੇ ਅਚੇਤ ਮਨ ਦੀਆਂ ਯਾਦਾਂ, ਅੰਤਰ-ਕਾਂਬਾ, ਜ਼ਮੀਰ ਦੀਆਂ ਚੋਭਾਂ ਜਾਂ ਫੇਰ ਡਰ ਭਉ ਦੀਆਂ ਭਿਆਨਕ ਸ਼ਕਲਾਂ ਸਨ। ਰੀਹਰਸਲ ਦੇ ਦਿਨਾਂ ਵਿਚ ਦੂਜਾ ਪਾਤਰ ਬੇਗ਼ਮ ਸਿਰਜਿਆ ਗਿਆ ਸੀ, ਦਰਸ਼ਕਾਂ ਦੀ ਕਲਪਨਾ ਨੂੰ ਅਸਲੀਅਤ ਦੀ ਛੋਹ ਨਾਲ ਝੰਜੋੜਨ ਲਈ।[76]

ਵਜ਼ੀਰ ਖਾਂ ਦੁਆਰਾ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾ ਦਿੱਤਾ ਗਿਆ ਹੈ। ਹੁਣ ਉਸ ਦੀ ਜ਼ਮੀਰ ਦੀ ਆਵਾਜ਼ ਜੋ ਨੇਕੀ ਦੀ ਹੈ,

ਉਸ ਨੂੰ ਲਾਹਨਤਾਂ ਪਾਉਂਦੀ ਹੈ ਤੇ ਬਦੀ ਦੀ ਉਸ ਨੂੰ ਸਹੀ ਠਹਿਰਾਉਂਦੀ ਹੈ। ਇਨ੍ਹਾਂ ਦੋਹਾਂ ਆਵਾਜ਼ਾਂ ਤੋਂ ਵਜ਼ੀਰ ਖਾਂ ਪ੍ਰੇਸ਼ਾਨ ਹੈ ਤੇ ਆਪਣੇ ਆਪ ਨੂੰ ਗੁਨਾਹਗਾਰ ਸਮਝਦਾ ਹੋਇਆ ਕਹਿੰਦਾ ਹੈ:

ਵਜ਼ੀਰ ਖਾਂ : ਮੈਨੂੰ ਨਾ ਮਾਰੋ, ਮੈਂ ਬੇਕਸੂਰ ਹਾਂ। ਮੁੱਲਾਂ,
ਕਾਜ਼ੀਆਂ ਨੇ ਮੈਨੂੰ ਗੁਮਰਾਹ ਕੀਤਾ ਸੀ।[77]

ਨਾਟਕਕਾਰ ਨੇ ਵਜ਼ੀਰ ਖਾਂ ਨੂੰ ਇੱਕ ਬੁਜ਼ਦਿਲ, ਅਤਿਆਚਾਰੀ, ਮੱਕਾਰ ਤੇ ਕੁਰਾਨ ਸ਼ਰੀਫ ਦੀਆਂ ਝੂਠੀਆਂ ਕਸਮਾਂ ਖਾ ਕੇ ਮੁੱਕਰ ਜਾਣ ਵਾਲੇ ਵਿਅਕਤੀਆਂ ਵਜੋਂ ਚਿਤਰਿਆ ਹੈ। ਜਦੋਂ ਗੁਰੂ ਜੀ ਮੁਗ਼ਲਾਂ ਦੇ ਸਖ਼ਤ ਘੇਰੇ ਵਿਚੋਂ ਨਿਕਲ ਜਾਂਦੇ ਹਨ ਤਾਂ ਉਹ ਡਰ ਨਾਲ ਘਬਰਾ ਜਾਂਦਾ ਹੈ। ਜਿੱਥੇ ਵਜ਼ੀਰ ਖਾਂ ਦਾ ਚਰਿੱਤਰ ਬੁਰਾ ਹੈ, ਉੱਥੇ ਉਸ ਦੀ ਬੇਗ਼ਮ ਉਸ ਦੇ ਉਲਟ ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਪ੍ਰਤੀ ਸ਼ਰਧਾ, ਰਹਿਮ ਤੇ ਹਮਦਰਦੀ ਰੱਖਣ ਵਾਲੀ ਹੈ। ਇਸ ਤੋਂ ਸਿਵਾ ਮਾਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਂ, ਜੋ ਕਿ ਬੜੇ ਨਰਮ ਦਿਲ ਵਾਲਾ ਹੈ, ਗਰੂ ਸਾਹਿਬ ਦੇ ਛੋਟੇ ਬੱਚਿਆਂ ਤੇ ਰਹਿਮ ਕਰਨ ਦੀ ਸਿਫਾਰਿਸ਼ ਕਰਦਾ ਹੈ। ਇਕ ਕਰਮਚਾਰੀ (ਹਰਕਾਰਾ) ਵੀ ਹੈ ਜੋ ਸਟੇਜ ਤੇ ਆ ਕੇ ਵਜ਼ੀਰ ਖਾਂ ਨੂੰ ਬੰਦਾ ਬਹਾਦਰ ਦੀਆਂ ਫ਼ੌਜਾਂ ਨੂੰ ਸਰਹੰਦ ਵੱਲ ਵਧਣ ਦੀ ਸੂਚਨਾ ਦਿੰਦਾ ਹੈ। ਇਕ ਲੜਕੀ ਨੂੰ ਨਾਟਕਕਾਰ ਨੇ ਇਸ ਨਾਟਕ ਵਿਚ ਪੇਸ਼ ਕੀਤਾ ਹੈ ਜੋ ਪ੍ਰਚਾਰਕ ਨੂੰ ਇਤਿਹਾਸ ਦੀ ਪੂਰੀ ਜਾਣਕਾਰੀ ਨਾ ਹੋਣ ਤੇ ਖ਼ੁਦ ਇਤਿਹਾਸ ਦੀ ਜਾਣਕਾਰੀ ਦਿੰਦੀ ਹੋਈ ਨਾਟਕ ਨੂੰ ਸ਼ੁਰੂ ਕਰਾਉਂਦੀ ਹੈ ਤੇ ਕਹਿੰਦੀ ਹੈ :

ਲੜਕੀ : ਉਹ ਕਿਹੜੀ ਕਰਾਮਾਤ ਤੇ ਕਿਹੜਾ ਕ੍ਰਿਸ਼ਮਾ
ਸੀ ਜਿਸ ਨੇ ਸਦੀਆਂ ਤੋਂ ਲਤਾੜੇ ਹੋਏ

> ਕਿਰਤੀ ਕਿਸਾਨਾਂ ਨੂੰ ਦਿਨਾਂ ਅੰਦਰ ਪੰਜਾਬ
> ਦੀ ਕਿਸਮਤ ਦੇ ਮਾਲਕ ਬਣਾ ਦਿੱਤਾ ਸੀ?
> ਵਜ਼ੀਰ ਖਾਂ ਭੁੱਲ ਗਿਆ ਸੀ ਕਿ ਹਰ ਕਰਮ
> ਦਾ ਪ੍ਰਤੀਕਰਮ ਹੁੰਦਾ ਹੈ। ਹਾਕਮਾਂ ਦੀ ਹਰ
> ਕਰਨੀ ਦਾ ਇਤਿਹਾਸ ਜਵਾਬ ਮੰਗਦਾ ਹੈ।[78]

ਡਾ. ਹਰਚਰਨ ਸਿੰਘ ਨੇ ਇਸ ਨਾਟਕ ਵਿਚ ਸਾਰੇ ਹੀ ਪਾਤਰਾਂ ਨੂੰ ਬੜੇ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਨਾਟਕਕਾਰ ਦੀ ਸਫ਼ਲਤਾ ਇਸ ਵਿਚ ਹੈ ਕਿ ਉਹ ਆਪਣੇ ਪਾਤਰਾਂ ਨੂੰ ਯਥਾਰਥਕ ਰੂਪ ਵਿਚ ਉਸਾਰਦਾ ਹੈ। ਨਾਟਕ ਪਾਤਰ ਉਸਾਰੀ ਵਿਚ ਕੋਈ ਵੀ ਊਣਤਾਈ ਨਹੀਂ ਦਿਸਦੀ ਇਸ ਲਈ ਉਨ੍ਹਾਂ ਵਿਚ ਸਜੀਵਤਾ ਦੇ ਅੰਸ਼ ਆ ਜਾਂਦੇ ਹਨ ਜੋ ਕਿ ਉਸ ਦੀ ਪਾਤਰ ਉਸਾਰੀ ਨੂੰ ਸਫ਼ਲ ਬਣਾਉਂਦੇ ਹਨ। ਨਾਟਕਕਾਰ ਦੁਆਰਾ ਜਿਤਨਾ ਅਗਰਭੂਮੀ ਦੇ ਪਾਤਰਾਂ ਨੂੰ ਸਫ਼ਲਤਾ ਪੂਰਵਕ ਪੇਸ਼ ਕੀਤਾ ਗਿਆ ਹੈ ਉਸੇ ਤਰ੍ਹਾਂ ਪਿੱਠਭੂਮੀ ਰਾਹੀਂ ਪਾਤਰਾਂ ਨੂੰ ਵੀ ਬੜੀ ਸਜੀਵਤਾ ਨਾਲ ਪੇਸ਼ ਕੀਤਾ ਗਿਆ ਹੈ, ਜਿਵੇਂ ਇਸ ਨਾਟਕ ਵਿਚ ਪਹਿਲੀ ਆਵਾਜ਼ ਰਾਹੀਂ ਪੇਸ਼ ਗਿਆ ਕੀਤਾ ਹੈ :

ਪਹਿਲੀ ਆਵਾਜ਼ : ਇਹ ਦੀਵਾਰ ਹਮੇਸ਼ਾ ਲੋਕਾਂ ਨੂੰ
ਕੁਰਬਾਨੀ, ਦ੍ਰਿੜਤਾ ਤੇ ਸੱਚਾਈ ਦਾ
ਸਬਕ ਸਿਖਾਏਗੀ। ਇਹ ਦੀਵਾਰ ਫ਼ਤਹ
ਦਾ ਅੱਟਲ ਨਿਸ਼ਾਨ ਹੈ। ਇਹ ਦੀਵਾਰ
ਲੋਕਾਂ ਵਿਚ ਬੀਰਤਾ ਤੇ ਉਤਸ਼ਾਹ
ਜਗਾਂਦੀ ਰਹੇਗੀ।[79]

ਨਾਟਕ 'ਚਮਕੌਰ ਦੀ ਗੜ੍ਹੀ' ਦੀ ਵਾਰਤਾਲਾਪ ਤੇ ਬੋਲੀ ਨੂੰ ਨਾਟਕਕਾਰ ਨੇ ਬੇਲੋੜਾ ਨਹੀਂ ਲਟਕਾਇਆ ਜਿਸ ਕਾਰਨ ਇਸ ਵਿਚ ਘਟਨਾਵਾਂ ਦਾ ਬਾਹਰੀ ਕ੍ਰਮ ਘੱਟ ਹੀ ਵੇਖਣ ਨੂੰ ਮਿਲਦਾ ਹੈ। ਪਹਿਲੇ ਅੰਕ 'ਚਮਕੌਰ ਦੀ ਗੜ੍ਹੀ' ਵਿਚ ਨਾਟਕਕਾਰ ਨੇ ਬਰੋਟੇ ਦੀ ਵਾਰਤਾਲਾਪ ਰਾਹੀਂ ਆਦਰਸ਼ਕ ਪੇਸ਼ਕਾਰੀ ਕਰਵਾਈ ਹੈ ਜਿਸ ਵਿਚ ਪਰੰਪਰਾ ਦੇ ਚਿੰਨ੍ਹ ਦੇਖਣ ਨੂੰ ਮਿਲਦੇ ਹਨ ਤੇ ਅਜੋਕੇ ਮਨੁੱਖ ਦੇ ਬਦਲ ਰਹੇ ਸੁਭਾਅ ਦਾ ਸਪਸ਼ਟ ਚਿਤਰਣ ਇਸ ਤਰ੍ਹਾਂ ਪੇਸ਼ ਕੀਤਾ ਹੈ :

ਬਰੋਟਾ : ਬੇਟਾ, ਤੂੰ ਝੂਠੇ ਇਤਿਹਾਸ ਪੜ੍ਹੇ ਹੋਏ ਨੇ। ਕਿਤਾਬਾਂ ਤੋਂ ਪਰੇ ਬਹੁਤ ਕੁਝ ਪਿਆ ਹੈ। ਤੁਹਾਡੇ ਵਿਚੋਂ ਹਿਮੰਤ, ਦਲੇਰੀ ਤੇ ਕੁਰਬਾਨੀ ਖ਼ਤਮ ਹੋ ਗਈ ਹੈ। ਖ਼ੁਦਗਰਜ਼ੀ ਨੇ ਦਿਲਾਂ ਦਿਮਾਗਾਂ ਨੂੰ ਘੇਰ ਲਿਆ ਹੈ। ਤਾਹੀਉਂ ਤੁਹਾਡਾ ਦੇਸ਼ ਕੌਮ ਦਿਨੋ-ਦਿਨ ਜ਼ਵਾਲ ਵਲ ਜਾ ਰਿਹਾ ਹੈ।[80]

ਇਸ ਨਾਟਕ ਵਿਚ ਵਜ਼ੀਰ ਖਾਂ ਦੀ ਮਾਨਸਿਕ ਅਵਸਥਾ ਦੀ ਦਸ਼ਾ ਸਪਸ਼ਟ ਰੂਪਮਾਨ ਹੁੰਦੀ ਹੈ। ਉਸ ਦੇ ਮਨ ਵਿਚ ਰਾਜਸੀ ਹਕੂਮਤ ਦਾ ਗ਼ਰੂਰ ਹੈ ਤੇ ਨਾਲੇ ਮਨ ਵਿਚ ਮੁਗ਼ਲ ਹਕੂਮਤ ਦੇ ਪਤਨ ਵੱਲ ਜਾਣ ਦਾ ਡਰ ਵੀ ਹੈ। ਇਸ ਉਤਰਾਅ-ਚੜ੍ਹਾਅ ਦੇ ਜ਼ਰੀਏ ਨਾਟਕਕਾਰ ਨੇ ਵਜ਼ੀਰ ਖਾਂ ਨੂੰ ਵਾਰਤਾਲਾਪ ਰਾਹੀਂ ਯਥਾਰਥਕ ਰੂਪ ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ :

ਵਜ਼ੀਰ ਖਾਂ : ਉਫ਼ ! ਯਾ ਅੱਲ੍ਹਾ ! ਇਹ ਸਭ ਕੁਝ ਕਿਸ ਤਰ੍ਹਾਂ ਹੋਇਆ ! ਮੁੱਠੀ ਭਰ ਸਿੰਘਾਂ ਵਿਚ ਐਨਾ ਹੌਸਲਾ ਔਰ ਮਰਦਾਨਗੀ ਕਿਥੋਂ ਆ ਗਈ। ਇਹ ਲੋਕ

> ਕਿਸ ਮਾਦੇ ਦੇ ਬਣੇ ਹੋਏ ਨੇ! ਇਨ੍ਹਾਂ ਕਾਫ਼ਰਾਂ ਨੇ ਕਿਆ ਆਬੇ-ਹਯਾਤ ਪੀਤਾ ਹੋਇਆ ਹੈ ! ਨਾ ਇਨ੍ਹਾਂ ਦਾ ਘਰ ਨਾ ਘਾਟ। ਨਾ ਇਨ੍ਹਾਂ ਨੂੰ ਮੌਤ ਦਾ ਡਰ ਨਾ ਭੁੱਖ ਦਾ ਦੁਖ। ਨਾ ਨੀਂਦਰ ਨਾ ਆਰਾਮ।[81]

ਇਸ ਤੋਂ ਇਲਾਵਾ ਇਸ ਨਾਟਕ ਵਿਚ ਦਲੇਰ ਖਾਂ, ਰਾਇ ਰੂਪ ਚੰਦ, ਦਲੇਰ ਸਿੱਖ ਤੇ ਲੜਕੀ ਦੀ ਵਜ਼ੀਰ ਖਾਂ ਨਾਲ ਵਾਰਤਾਲਾਪ ਕਾਫ਼ੀ ਖਿੱਚ ਭਰਪੂਰ ਹੈ। ਇਸ ਵਿਚ ਸਿੱਖ ਲੜਕੀ ਦਾ ਬੇਖੌਫ਼ ਸੁਭਾਅ ਅਤੇ ਨਿਡਰਤਾ ਵਾਰਤਾਲਾਪ ਰਾਹੀਂ ਇਸ ਤਰ੍ਹਾਂ ਰੂਪਮਾਨ ਹੁੰਦੀ ਹੈ :

ਲੜਕੀ: ਧੋਖੇਬਾਜ਼, ਤੂੰ ਝੂਠੀਆਂ ਕਸਮਾਂ ਖਾ ਕੇ ਗੁਰੂ ਜੀ ਨੂੰ ਕਿਲ੍ਹਾ ਛੱਡਣ ਲਈ ਪਹਿਲਾਂ ਤਰਲੇ ਕੀਤੇ, ਪਿਛੋਂ ਨੀਚਾਂ ਵਾਂਗ ਹੱਲਾ ਬੋਲ ਦਿੱਤਾ।[82]

ਇਸ ਨਾਟਕ ਵਿਚ ਨਾਟਕਕਾਰ ਨੇ ਸਥਿਤੀ ਦੀ ਪੇਸ਼ਕਾਰੀ ਨੂੰ ਯਥਾਰਥਕ ਰੰਗਣ ਵਿਚ ਰੰਗਿਆ ਹੈ ਪਰ ਕਿਤੇ ਕਿਤੇ ਆਵੇਸ਼ ਵਿਚ ਆ ਕੇ ਨਾਟਕਕਾਰ ਨੇ ਕਾਵਿਮਈ ਵਾਰਤਾਲਾਪ ਵੀ ਵਰਤੀ ਹੈ, ਜਿਵੇਂ ਸ਼ੇਰ ਖਾਂ ਕਹਿੰਦਾ ਹੈ :

ਸ਼ੇਰ ਖਾਂ : ਨੇਕੀ ਹੀ ਹੈ ਜੋ ਛੁਪ ਨਹੀਂ ਸਕਤੀ।
ਸਰਹੰਦ ਲੂਟ ਸਕਤਾ ਹੈ,
ਯਹ ਲੂਟ ਨਹੀਂ ਸਕਤੀ।[83]

ਨਾਟਕ ਦਾ ਸਮਾਂ ਪਿਛਲੇ ਮੁਗ਼ਲਈ ਕਾਲ ਵਾਲਾ ਹੈ ਇਸ ਲਈ ਵਾਤਾਵਰਨ ਮੁਗ਼ਲ ਕਾਲ ਵਾਲਾ ਹੋਣ ਕਰਕੇ ਸੁਭਾਵਿਕ ਹੀ ਅਰਬੀ ਤੇ

ਫ਼ਾਰਸੀ ਦੀ ਸ਼ਬਦਾਵਲੀ ਦੀ ਖੁਲ੍ਹੀ ਵਰਤੋਂ ਕੀਤੀ ਗਈ ਹੈ, ਜਿਵੇਂ ਖ਼ਬੀਸ, ਜ਼ੁਰਮ, ਤਾਲੀਮ, ਤਫ਼ਤੀਸ਼, ਤਾਮੀਲ, ਮੈਦਾਨੇ-ਜੰਗ, ਆਬੇ-ਹਯਾਤ, ਸਰਾਸਰ, ਪੈਰੋਕਾਰ, ਅਜ਼ਮਤ, ਇਕਬਾਲ ਤੇ ਤੁਅੱਸਬ ਆਦਿ।

ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਜ਼ਫ਼ਰਨਾਮਾ ਭੇਜਣ ਤੇ ਔਰੰਗਜ਼ੇਬ ਦੀ ਵਾਰਤਾਲਾਪ ਨੂੰ ਇਸ ਤਰ੍ਹਾਂ ਚਿਤਰਿਆ ਗਿਆ ਹੈ ਕਿ ਉਸ ਦੇ ਮਾਨਸਿਕ ਉਤਰਾਅ-ਚੜ੍ਹਾਅ ਦੀ ਸਥਿਤੀ ਦਾ ਯਥਾਰਥਕ ਰੂਪ ਸਾਹਮਣੇ ਆਉਂਦਾ ਹੈ। ਔਰੰਗਜ਼ੇਬ ਦੀ ਜ਼ਮੀਰ ਦੀ ਆਵਾਜ਼ ਮਨ ਨੂੰ ਟੁੰਬਣ ਵਾਲੀ ਵਾਰਤਾਲਾਪ ਰਾਹੀਂ ਰੂਪਮਾਨ ਹੁੰਦੀ ਹੈ ਜਦੋਂ ਔਰੰਗਜ਼ੇਬ ਬੁੱਢਾ ਹੋ ਚੁੱਕਿਆ ਹੈ ਤੇ ਉਸ ਦੀ ਕੋਈ ਗੱਲ ਨਹੀਂ ਸੁਣਦਾ ਤੇ ਉਸ ਦੇ ਜਿਉਂਦੇ ਜੀਅ ਉਸ ਨੂੰ ਰਾਗ ਦੀਆਂ ਉੱਚੀਆਂ ਧੁਨਾਂ ਸੁਣਾਈ ਦਿੰਦੀਆਂ ਹਨ ਤੇ ਉਹ ਜਦ ਤਿਲਮਲਾ ਜਾਂਦਾ ਹੈ ਤਾਂ ਆਵਾਜ਼ ਆਉਂਦੀ ਹੈ:

ਆਵਾਜ਼ : ਔਰੰਗਜ਼ੇਬ, ਜ਼ਿੰਦਗੀ ਖ਼ੁਦ ਇਕ ਰੰਗ-ਤਮਾਸ਼ਾ ਹੈ,
ਜਿਸ ਤੋਂ ਤੂੰ ਮਹਿਰੂਮ ਰਿਹਾ ਹੈਂ। ਇਸੇ ਵਾਸਤੇ ਤੇਰੀ
ਜ਼ਿੰਦਗੀ ਰੰਗ-ਹੀਨ ਤੇ ਤੂੰ ਸਖ਼ਤ-ਮਜਾਜ਼ ਹੈਂ।[੪੫]

ਜਦ ਤਖ਼ਤ-ਓ-ਤਾਜ ਦੀ ਪ੍ਰਾਪਤੀ ਲਈ ਔਗਰੰਜ਼ੇਬ ਦੇ ਪੁੱਤਰਾਂ ਵਿਚ ਖ਼ਾਨਾਜੰਗੀ ਸ਼ੁਰੂ ਹੁੰਦੀ ਹੈ ਤੇ ਉਸ ਨੂੰ ਆਵਾਜ਼ ਆਉਂਦੀ ਹੈ। ਸ਼ਾਹਜ਼ਾਦਾ ਮੁਅੱਜ਼ਮ ਦੀ ਫ਼ਤਹਿ ਹੋਈ ਹੈ ਤਾਂ ਤੇਰਾ ਚਹੇਤਾ ਬੇਟਾ ਕਾਮਬਖ਼ਸ਼ ਤੇਰੇ ਸਾਹਮਣੇ ਕਤਲ ਕੀਤਾ ਜਾਵੇਗਾ ਤਾਂ ਔਰੰਗਜ਼ੇਬ ਦੀ ਉਸ ਵੇਲੇ ਜੋ ਹਾਲਤ ਹੁੰਦੀ ਹੈ ਉਸ ਨੂੰ ਰਹਿਮ ਦੀ ਭੀਖ ਮੰਗਣ ਵਾਲਾ ਕਰਕੇ ਨਾਟਕਕਾਰ ਨੇ ਇਸ ਤਰ੍ਹਾਂ ਵਾਰਤਾਲਾਪ ਰਾਹੀਂ ਪੇਸ਼ ਕੀਤਾ ਹੈ:

ਔਰੰਗਜ਼ੇਬ: ਬੇਟਾ ਮੁਅੱਜ਼ਮ, ਬੇਗ਼ਮ ਊਦੇਪੁਰੀ ਨੂੰ ਨਾ ਮਾਰ। ਇਸ ਨੇ ਮੇਰੀ ਬਹੁਤ ਖ਼ਿਦਮਤ ਕੀਤੀ ਹੈ। ਖ਼ੁਦਾ ਵਾਸਤੇ ਇਸ ਦੀ ਜਾਨ ਬਖ਼ਸ਼, ਮੇਰਾ ਤਾਜੋ-ਤਖ਼ਤ ਖ਼ੁਸ਼ੀ ਨਾਲ ਸਾਂਭ ਲੈ।[85]

ਜਦ ਔਰੰਗਜ਼ੇਬ ਜ਼ਫ਼ਰਨਾਮਾ ਉੱਚੀ ਉੱਚੀ ਕਮਰੇ ਵਿਚ ਪੜ੍ਹ ਰਿਹਾ ਹੁੰਦਾ ਹੈ ਤਾਂ ਉਸ ਦੀ ਬੇਟੀ ਜ਼ੀਨਤ ਆਉਂਦੀ ਹੈ ਜਿਸ ਤੋਂ ਉਹ ਜ਼ਫ਼ਰਨਾਮਾ ਛੁਪਾ ਲੈਂਦਾ ਹੈ। ਇਸ ਤੇ ਉਸ ਦੀ ਬੇਟੀ ਕਹਿੰਦੀ ਹੈ ਕਿ ਅੱਬਾ ਜਾਨ, ਮੈਂ ਆਪ ਦੀ ਕਈ ਸਾਲਾਂ ਤੋਂ ਖ਼ਿਦਮਤ ਕਰ ਰਹੀ ਹਾਂ ਪਰ ਤੁਹਾਡਾ ਯਕੀਨ ਹਾਸਲ ਨਹੀਂ ਕਰ ਸਕੀ। ਜਦ ਔਰੰਗਜ਼ੇਬ ਉਸ ਨੂੰ ਦੱਸਦਾ ਹੈ ਤਾਂ ਜ਼ੀਨਤ ਦੇ ਵਾਰਤਾਲਾਪ ਆਦਰਸ਼ਵਾਦੀ ਸੁਰ ਵਿਚ ਰੂਪਮਾਨ ਹੁੰਦੇ ਹਨ ਜਦੋਂ ਉਹ ਆਪਣੇ ਬਾਪ ਨੂੰ ਫ਼ਿਟਕਾਰਾਂ ਪਾਉਂਦੀ ਹੋਈ ਕਹਿੰਦੀ ਹੈ :

ਜ਼ੀਨਤ: ਅੱਬਾ, ਤੂੰ ਮੋਮਨ ਮੁਸਲਮਾਨ ਹੁੰਦਾ ਹੋਇਆ ਵੀ ਰੱਬ ਨੂੰ ਨਹੀਂ ਪਛਾਣ ਸਕਿਆ। ਤੂੰ ਰੱਬ ਤੋਂ ਡਰਦਾ ਜ਼ਰੂਰ ਹੈਂ, ਮਗਰ ਉਸ ਨੂੰ ਪਿਆਰ ਨਹੀਂ ਕਰਦਾ, ਇਸ ਕਰਕੇ ਉਸ ਦੀ ਖ਼ਲਕ ਨੂੰ ਤੂੰ ਸਾਰੀ ਉਮਰ ਦੁਖੀ ਕੀਤਾ ਹੈ। ਖ਼ੁਦਾ ਰਹਿਮ ਕਰੇ।[86]

ਇਸ ਤਰ੍ਹਾਂ ਨਾਟਕਕਾਰ ਨੇ ਇਸ ਵਿਚ ਸ਼ਾਹੀ ਹਕੀਮ, ਬੇਗ਼ਮ ਊਦੈਪੁਰੀ ਤੇ ਅਸਦ ਖ਼ਾਨ ਦੀ ਵਾਰਤਾਲਾਪ ਰਾਹੀਂ ਆਪਣੇ ਉਦੇਸ਼ ਨੂੰ ਸਾਹਮਣੇ ਰੱਖਦਿਆਂ ਔਰੰਗਜ਼ੇਬ ਦੀ ਮਾਨਸਿਕ ਸਥਿਤੀ ਨੂੰ ਇਸ ਤਰ੍ਹਾਂ ਰੂਪਮਾਨ ਕੀਤਾ ਹੈ :

ਔਰੰਗਜ਼ੇਬ: ਬੇਟੀ, ਅੱਜ ਮੇਰੀ ਰੂਹ ਰੋ ਰਹੀ ਹੈ। ਮੇਰਾ ਰੋਮ ਰੋਮ ਕੰਬ ਰਿਹਾ ਹੈ। ਸਾਰੀ ਰਾਤ ਮੈਂ ਸੂਲੀ ਤੇ ਟੰਗਿਆ

ਰਿਹਾ ਹਾਂ । ਸੱਤ ਔਰ ਨੌਂ ਸਾਲਾਂ ਦੇ ਬੱਚਿਆਂ ਉਤੇ ਜ਼ੁਲਮ ਕਰਨ ਦੀ ਇਸਲਾਮ ਹਰਗਿਜ਼ ਇਜਾਜ਼ਤ ਨਹੀਂ ਦੇਂਦਾ। ਮਗਰ ਮੈਂ ਮਜਬੂਰ ਹਾਂ।[87]

ਇਸ ਨਾਟਕ ਵਿਚਲੀ ਵਾਰਤਾਲਾਪ ਤੇ ਬੋਲੀ ਪਾਤਰਾਂ ਤੇ ਘਟਨਾਵਾਂ ਦੇ ਅਨੁਕੂਲ ਹੈ, ਕੋਈ ਵੀ ਵਾਧੂ ਵਾਰਤਾਲਾਪ ਜਾਂ ਪਾਤਰ ਨਹੀਂ ਪਾਏ ਗਏ। ਵਾਰਤਾਲਾਪ ਪਾਤਰਾਂ ਦੇ ਅਨੁਕੂਲ ਹੋਣ ਕਾਰਨ ਇਹ ਦਰਸ਼ਕਾਂ ਤੇ ਪ੍ਰਭਾਵ ਪਾਊ ਸਿੱਧ ਹੋਇਆ ਹੈ। ਕੋਈ ਵੀ ਬੇਲੋੜੀ ਤੇ ਵਾਧੂ ਵਾਰਤਾਲਾਪ ਇਸ ਨਾਟਕ ਵਿਚ ਨਹੀਂ ਹੈ। ਨਾਟਕ ਦੇ ਪਾਤਰ ਜਿਹੋ ਜਿਹੇ ਹਨ ਉਹੋ ਜਿਹੀ ਉਨ੍ਹਾਂ ਤੋਂ ਬੋਲੀ ਬੁਲਾਈ ਹੈ। ਇਸ ਨਾਟਕ ਵਿਚ ਨਾਟਕਕਾਰ ਨੇ ਸਮੇਂ ਤੇ ਸਥਾਨ ਦਾ ਵਿਸ਼ੇਸ਼ ਧਿਆਨ ਰੱਖਿਆ ਹੈ। ਪਾਤਰ ਮੁਸਲਮਾਨ ਹੋਣ ਕਰਕੇ ਇਸ ਨਾਟਕ ਦੀ ਬੋਲੀ ਅਰਬੀ-ਫ਼ਾਰਸੀ ਸ਼ਬਦਾਵਲੀ ਨਾਲ ਭਰਪੂਰ ਹੈ ਤੇ ਇਸਲਾਮੀ ਰੰਗ ਵਿਚ ਰੰਗੀ ਹੋਈ ਹੈ, ਜਿਵੇਂ ਖ਼ਿਦਮਤ, ਇਬਾਦਤ, ਤਖ਼ਤੋ-ਤਾਜ, ਕੁਸ਼ਤੋ, ਸਾਬਤ-ਕਦਮ, ਖ਼ੁਦਾ ਪ੍ਰਸਤ, ਬਾਇਜ਼ਤ, ਸ਼ਰਾਬਨੋਸ਼ੀ, ਸ਼ੇਅਰੋ-ਸ਼ਾਇਰੀ, ਖਾਨਾਜੰਗੀ, ਤੰਬੀਹ, ਮੁਸਤਕਬਿਲ, ਨਾ ਉਮੀਦ, ਹਮਖ਼ਿਆਲ, ਖ਼ੁਸ਼-ਫ਼ਹਿਮੀ, ਤਸ਼ਰੀਫ, ਜ਼ਰਾਨਿਵਾਜ਼ੀ, ਅਕੀਦੇ, ਬਦ-ਦੁਆ, ਸ਼ਿਕਸਤ, ਮੁਕੱਦਸ, ਇਜਾਜ਼ਤ, ਕਿਆਮਤ ਆਦਿ।

ਇਸ ਨਾਟਕ ਦੀ ਵਾਰਤਾਲਾਪ ਜ਼ੋਰਦਾਰ ਤੇ ਪ੍ਰਭਾਵ ਪਾਊ ਹੈ ਕਿਤੇ-ਕਿਤੇ ਢੁਕਵੇਂ ਮੁਹਾਵਰੇ ਵੀ ਵਰਤੇ ਗਏ ਹਨ। ਇਸ ਤਰ੍ਹਾਂ ਇਹ ਨਾਟਕ ਹਰ ਪੱਖੋਂ ਰੰਗਮੰਚ ਤੇ ਖੇਡਣ ਯੋਗ ਤੇ ਅਸਰਦਾਇਕ ਸਿੱਧ ਹੋਇਆ ਹੈ। ਨਾਟਕ 'ਸਰਹੰਦ ਦੀ ਕੰਧ' ਦੀ ਵਾਰਤਾਲਾਪ ਘਟਨਾਵਾਂ ਦੇ ਅਨੁਕੂਲ ਤੇ ਪ੍ਰਭਾਵਪਾਊ ਹੈ। ਇਸ ਵਿਚ ਅਗਰਭੂਮੀ ਵਿਚਲੀ ਆਵਾਜ਼ ਮਨੁੱਖੀ ਆਵਾਜ਼ ਹੈ ਤੇ

ਪਿੱਠਭੂਮੀ ਰਾਹੀਂ ਗੈਬੀ ਆਵਾਜ਼ਾਂ ਸੁਣਾਈਆਂ ਗਈਆਂ ਹਨ ਜੋ ਵਜ਼ੀਰ ਖਾਂ ਦੀ ਜ਼ਮੀਰ ਦੀਆਂ ਆਵਾਜ਼ਾਂ ਹਨ। ਇਕ ਆਵਾਜ਼ ਨੇਕੀ ਤੇ ਦੂਜੀ ਬਦੀ ਦੀ ਆਵਾਜ਼। ਨੇਕੀ ਦੀ ਆਵਾਜ਼ ਉਸ ਨੂੰ ਬੁਰੇ ਕੰਮਾਂ ਤੋਂ ਵਰਜਦੀ ਹੈ ਤੇ ਬਦੀ ਦੀ ਆਵਾਜ਼ ਉਸ ਨੂੰ ਬੁਰੇ ਕੰਮਾਂ ਲਈ ਪ੍ਰੇਰਿਤ ਕਰਦੀ ਹੈ। ਇਨ੍ਹਾਂ ਆਵਾਜ਼ਾਂ ਰਾਹੀਂ ਵਜ਼ੀਰ ਖਾਂ ਦਾ ਮਾਨਸਿਕ ਦਵੰਦ ਸਾਡੇ ਸਾਹਮਣੇ ਰੂਪਮਾਨ ਹੁੰਦਾ ਹੈ। ਨਾਟਕ ਦੇ ਵਿਸ਼ੇ ਤੇ ਪਲਾਟ ਨੂੰ ਨਾਟਕਕਾਰ ਨੇ ਪਹਿਲੀ ਤੇ ਦੂਜੀ ਆਵਾਜ਼ ਦੇ ਵਾਰਤਾਲਾਪਾਂ ਦੇ ਦਵੰਦ ਵਿਚੋਂ ਰੂਪਮਾਨ ਕੀਤਾ ਹੈ। ਇਸ ਨਾਟਕ ਦੀ ਪਹਿਲੀ ਆਵਾਜ਼ ਦੀ ਵਾਰਤਾਲਾਪ ਆਦਰਸ਼ਕ ਭਾਂਤ ਦੀ ਹੈ ਜੋ ਸਾਡੇ ਸਾਹਮਣੇ ਨਾਟਕਕਾਰ ਨੇ ਇਸ ਤਰ੍ਹਾਂ ਰੂਪਮਾਨ ਕੀਤਾ ਹੈ :

ਪਹਿਲੀ ਆਵਾਜ਼: ਵਜ਼ੀਰ ਖਾਂ, ਇਹ ਦੀਵਾਰ ਜੁਗਾਂ-ਜੁਗਾਤਰਾਂ ਤਕ ਖੜੀ ਰਹੇਗੀ। ਇਹ ਯਾਦਗਾਰ ਉਦੋਂ ਵੀ ਕਾਇਮ ਰਹੇਗੀ, ਜਦੋਂ ਤੂੰ ਤੇ ਤੇਰੇ ਸ਼ਹਿਨਸ਼ਾਹ ਦਾ ਨਾਮੋ-ਨਿਸ਼ਾਨ ਵੀ ਨਹੀਂ ਰਹੇਗਾ।[੪੪]

ਇਸ ਵਾਰਤਾਲਾਪ ਤੋਂ ਇਹ ਮਹਿਸੂਸ ਹੁੰਦਾ ਹੈ ਜਿਵੇਂ ਇਕ ਫਿਲਮ ਵਿਚ ਚੰਗੇ ਕੰਮ ਕਰਨ ਵਾਲਾ ਹੀਰੋ ਹੁੰਦਾ ਹੈ ਤੇ ਮਾੜੇ ਕੰਮ ਕਰਨ ਵਾਲਾ ਵਿਲੇਨ ਜਾਂ ਬਦਮਾਸ਼। ਇਸ ਨਾਟਕ ਵਿਚ ਵੀ ਪਹਿਲੀ ਆਵਾਜ਼ ਇਕ ਹੀਰੋ ਜਾਂ ਨਾਇਕ ਦੇ ਤੌਰ ਤੇ ਕੰਮ ਕਰ ਰਹੀ ਹੈ ਤੇ ਦੂਜੀ ਬਦਮਾਸ਼ ਦਾ ਰੋਲ ਅਦਾ ਕਰ ਰਹੀ ਹੈ। ਜਿਵੇਂ ਦੂਜੀ ਆਵਾਜ਼ ਹੈ :

ਦੂਜੀ ਆਵਾਜ਼: ਜਨਾਬ, ਸਭ ਵਾਹ ਲਾ ਚੁੱਕੇ ਹਾਂ ਇਨ੍ਹਾਂ ਨੂੰ ਦਾਦੀ ਨੇ ਸਗੋਂ ਹੋਰ ਪੱਕਿਆਂ ਕਰ ਦਿੱਤਾ ਹੈ। ਵਾਪਸ ਨਹੀਂ ਸਨ ਭੇਜਣੇ ਚਾਹੀਦੇ। ਖ਼ਬਰੇ ਦਾਦੀ ਰਾਤ ਭਰ ਕਿਆ ਕਿਆ ਸਿਖਾਂਦੀ ਰਹੀ ਹੈ। ਇਹ ਆਪਣੇ

ਇਰਾਦੇ ਤੋਂ ਬਦਲਦੇ ਦਿਖਾਈ ਨਹੀਂ ਦਿੰਦੇ, ਤੁਸੀਂ ਹੁਕਮ ਸੁਣਾਉ।[੮੯]

ਇਸ ਤੋਂ ਇਲਾਵਾ ਵਜ਼ੀਰ ਖਾਂ ਦੇ ਅੰਤਰੀਵ ਭਾਵਾਂ ਦੇ ਡਰ ਦਾ ਪਤਾ ਉਸ ਦੀ ਵਾਰਤਾਲਾਪ ਰਾਹੀਂ ਲੱਗਦਾ ਹੈ, ਜਿਵੇਂ :

ਵਜ਼ੀਰ ਖਾਂ: (ਡਰ ਨਾਲ ਕੱਠਾ ਹੁੰਦਾ ਹੋਇਆ) ਹੈਂ! ਤਲਵਾਰ ਹਵੱਾ ਵਿਚ ਲਟਕ ਰਹੀ ਹੈ। ਅੰਦਰ ਕੌਣ ਆ ਸਕਦਾ ਹੈ। ਬਾਹਰ ਕਰੜਾ ਪਹਿਰਾ ਹੈ। (ਹੱਥਾਂ ਨਾਲ ਤੌੜੀ ਵੱਜਾ ਕੇ) ਚੋਬਦਾਰ ! ਕੋਈ ਹੈ? ਕੋਈ ਨਹੀਂ ਬੋਲ ਰਿਹਾ? ਅਜੀਬ ਮਾਮਲਾ ਹੈ।[੯੦]

ਇਸ ਨਾਟਕ ਵਿਚ ਨਾਟਕਕਾਰ ਨੇ ਬੇਗ਼ਮ ਦੀ ਵਾਰਤਾਲਾਪ ਨੂੰ ਇੱਕ ਆਦਰਸ਼ਵਾਦੀ ਸੁਰ ਦੇ ਰੂਪ ਵਿਚ ਰੂਪਮਾਨ ਕੀਤਾ ਹੈ ਜਿਸ ਦੇ ਮਨ ਵਿਚ ਗੁਰੂ ਤੇ ਸਾਹਿਬਜ਼ਾਦਿਆਂ ਪ੍ਰਤੀ ਸ਼ਰਧਾ ਭਾਵਨਾ ਹੈ। ਉਹ ਵਜ਼ੀਰ ਖਾਂ ਨੂੰ ਸਾਹਿਬਜ਼ਦਿਆਂ ਦੇ ਕਤਲ ਹੋਣ ਤੋਂ ਇਸ ਤਰ੍ਹਾਂ ਰੋਕਦੀ ਹੈ :

ਬੇਗ਼ਮ : (ਚੀਕ ਮਾਰ ਕੇ) ਠੰਡੇ ਬੁਰਜ ਵਿਚ ! ਐਹੋ-ਜਹੀ ਕੱਕਰੀ ਰਾਤ ਵਿਚ ! ਤੁਸੀਂ ਐਨੇ ਜ਼ਾਲਮ ਹੋ ਗਏ ਹੋ? ਤੁਹਾਡੇ ਵਿਚੋਂ ਇਨਸਾਨੀਅਤ ਖ਼ਤਮ ਹੋ ਗਈ ਏ? ਮੈਨੂੰ ਆਪ ਤੋਂ ਡਰ ਲਗਣ ਲਗ ਪਿਆ ਹੈ।[੯੧]

ਇਸ ਨਾਟਕ ਦੀ ਵਾਰਤਾਲਾਪ ਪਾਤਰਾਂ ਦੇ ਅਨੁਕੂਲ ਹੈ ਜੋ ਸੰਖੇਪ ਤੇ ਸੰਜਮਤਾ ਭਰਪੂਰ ਹੈ। ਪਾਤਰਾਂ ਦੀ ਅਣਹੋਂਦ ਨੂੰ ਵੀ ਨਾਟਕਕਾਰ ਨੇ ਪਹਿਲੀ ਤੇ ਦੂਜੀ ਆਵਾਜ਼ ਦੇ ਦੁਆਰਾ ਵਾਰਤਾਲਾਪ ਰਾਹੀਂ ਪੂਰਾ ਕੀਤਾ ਹੈ। ਨਾਟਕ ਦੀ ਵਾਰਤਾਲਾਪ ਵਿਚ ਨਾਟਕ ਦਾ ਪਲਾਟ ਉਸਾਰਨ ਤੇ ਘਟਨਾਵਾਂ ਦਾ ਪ੍ਰਭਾਵ ਪਾਉਣ ਦੀ ਸ਼ਕਤੀ ਮੌਜੂਦ ਹੈ। ਇਸ ਨਾਟਕ ਵਿਚ ਨਾਟਕਕਾਰ ਨੇ

ਪਾਤਰਾਂ ਦੀ ਵਾਰਤਾਲਾਪ ਰਾਹੀਂ ਸਥਿਤੀ ਦੀ ਪੇਸ਼ਕਾਰੀ ਨੂੰ ਯਥਾਰਥਕ ਰੰਗਣ ਵਿਚ ਰੰਗਿਆ ਹੈ।

ਇਉਂ ਸਪਸ਼ਟ ਹੁੰਦਾ ਹੈ ਕਿ ਨਾਟਕ 'ਚਮਕੌਰ ਦੀ ਗੜ੍ਹੀ' ਇਕ ਸਫ਼ਲ ਨਾਟਕ ਹੈ। ਇਹ ਤਿੰਨ ਇਕਾਂਗੀਆਂ ਦੇ ਰੂਪ ਵਿਚ 'ਚਮਕੌਰ ਦੀ ਗੜ੍ਹੀ' (ਪਾਪ ਤਿਨ ਭੀਤਰ ਕੰਪਹਿ) 'ਜ਼ਫ਼ਰਨਾਮਾ' ਤੇ 'ਸਰਹੰਦ ਦੀ ਕੰਧ' ਕਈ ਵਾਰ ਸਟੇਜਾਂ ਤੇ ਕਈ ਕਈ ਵਾਰੀ ਖੇਡਿਆ ਜਾ ਚੁੱਕਿਆ ਹੈ। ਇਹ ਤਿੰਨੇ ਅੰਕ ਹੀ ਬੜੀ ਸਫ਼ਲਤਾ ਨਾਲ ਸਟੇਜ ਤੇ ਖੇਡੇ ਜਾ ਚੁੱਕੇ ਹਨ। ਇਨ੍ਹਾਂ ਤਿੰਨਾਂ ਅੰਕਾਂ ਨੂੰ ਇਕ ਨਾਟਕ ਦੇ ਰੂਪ ਵਿਚ ਇਕੱਠਿਆਂ ਵੀ ਬੜੀ ਸਫ਼ਲਤਾ ਨਾਲ ਖੇਡਿਆ ਗਿਆ ਹੈ। ਇਸ ਨਾਟਕ ਦੀ ਸਫ਼ਲਤਾ ਦੇ ਸੰਬੰਧ ਵਿਚ ਨਾਟਕਕਾਰ ਦੇ ਆਪਣੇ ਵਿਚਾਰ ਇਸ ਤਰ੍ਹਾਂ ਹਨ :

'ਚਮਕੌਰ ਦੀ ਗੜ੍ਹੀ' ਨਾਟਕ ਦਾ ਰੰਗਮੰਚ ਦਾ ਇਤਿਹਾਸ ਬਹੁਤ ਲੰਮਾ ਤੇ ਦਿਲਚਸਪ ਹੈ। ਪੰਜਾਬੀ ਦਾ ਇਹ ਪਹਿਲਾ ਨਾਟਕ ਹੈ ਜੋ ਪੰਜਾਬ ਦੇ ਇਕ ਨਾਟ ਟੋਲੇ 'ਪੰਜਾਬ ਕਲਾ ਮੰਚ' ਵੱਲੋਂ ਪੰਜਾਬ ਤੋਂ ਬਹਾਰ ਭਾਰਤ ਦੇ ਮੁਖ-ਸ਼ਹਿਰਾਂ, ਕੈਨੇਡਾ ਤੇ ਅਮਰੀਕਾ ਦੇ ਮਹਾਂਨਗਰਾਂ ਵਿਚ ਪੇਸ਼ ਕੀਤਾ ਗਿਆ ਹੈ। ਪੰਜਾਬੀ ਰੰਗਮੰਚ ਦੀ ਪਰੰਪਰਾ ਨੂੰ ਸਥਾਪਤ ਕਰਨ ਵਿਚ ਇਸ ਨੇ ਕੀ ਰੋਲ ਅਦਾ ਕੀਤਾ ਹੈ, ਇਸ ਦਾ ਨਿਰਣਾ ਨਾਟ-ਆਲੋਚਕਾਂ ਨੇ ਅਜੇ ਕਰਨਾ ਹੈ।[92]

ਇਉਂ 'ਚਮਕੌਰ ਦੀ ਗੜ੍ਹੀ' ਨਾਟਕ ਹਰ ਪੱਖੋਂ ਇਕ ਸਫ਼ਲ ਨਾਟਕ ਹੈ। ਇਹ ਸਿੱਖ ਇਤਿਹਾਸ ਨਾਲ ਸੰਬੰਧਿਤ ਅਜਿਹਾ ਨਾਟ ਹੈ ਜੋ ਧਾਰਮਿਕ ਨਾਟਕ ਵਾਲੀਆਂ ਸਾਰੀਆਂ ਹੀ ਸ਼ਰਤਾਂ ਅਤੇ ਕਸੌਟੀ ਤੇ ਪੂਰਾ ਉਤਰਦਾ ਹੈ। ਇਸ ਨਾਟਕ ਨੂੰ ਜਿਸ ਕਲਾ ਪ੍ਰਬੀਨਤਾ ਨਾਲ ਰੰਗਮੰਚ ਉਤੇ ਪੇਸ਼ ਕਰਨ ਦਾ

ਯਤਨ ਕੀਤਾ ਗਿਆ ਹੈ ਉਸ ਵਿਚ ਪੂਰੀ ਸਫ਼ਲਤਾ ਪ੍ਰਾਪਤ ਹੋਈ ਹੈ। ਨਾਟਕ ਦੇ ਮੁੱਖ ਪਾਤਰਾਂ ਸ੍ਰੀ ਗੁਰੂ ਗੋਬਿੰਦ ਸਿੰਘ, ਚਾਰੇ ਸਾਹਿਬਜ਼ਾਦੇ, ਗੁਰੂ ਘਰ ਦੇ ਸਿੰਘਾਂ ਦੀ ਅਣਹੋਂਦ ਵਿਚ ਵੀ ਮੰਚ ਉਤੇ ਉਨ੍ਹਾਂ ਦੀ ਹੋਂਦ ਦਾ ਪੂਰਾ ਪੂਰਾ ਅਹਿਸਾਸ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ ਇਸ ਨਾਟਕ ਵਿਚ ਪਿੱਠਭੂਮੀ ਰਾਹੀਂ ਜੋ ਆਵਾਜ਼ਾਂ ਨਾਟਕਕਾਰ ਨੇ ਵਰਤੀਆਂ ਹਨ, ਇਹ ਆਪਣੇ ਆਪ ਵਿਚ ਕਾਬਲੇ ਤਾਰੀਫ਼ ਹਨ ਜਿਨ੍ਹਾਂ ਨੂੰ ਬੜੀ ਸਫ਼ਲਤਾ ਨਾਲ ਨਿਭਾਇਆ ਗਿਆ ਹੈ।

ਇਸਦੀ ਰੰਗਮੰਚੀ ਸਫਲਤਾ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਇਹ ਨਾਟਕ ਹਰਚਰਨ ਸਿੰਘ ਨਾਟਕਕਾਰ ਦੁਆਰਾ ਲਿਖਿਆ ਗਿਆ ਹੈ ਕਿਹੜੇ ਰੰਗਮੰਚੀ ਚੇਤਨਾ ਨਾਲ ਲੈਸ ਹਨ। ਇਉਂ ਇਹ ਨਾਟਕ ਯਥਾਰਥਵਾਦੀ ਨਾਟ-ਸ਼ੈਲੀ ਤੇ ਐਪਿਕ ਥੀਏਟਰ ਨਾਟ-ਸ਼ੈਲੀ ਦੇ ਆਧਾਰ ਤੇ ਇਹ ਨਾਟਕ ਯਥਾਰਥਵਾਦੀ ਨਾਟ-ਸ਼ੈਲੀ ਅਤੇ ਐਪਿਕ ਥੀਏਟਰ ਨਾਟ-ਸ਼ੈਲੀ ਦੇ ਸਮਨਵੇ ਦਾ ਨਾਟਕ ਹੈ। ਇਸ ਨਾਟਕ ਦਾ ਵਿਸ਼ਾ ਵਿਸ਼ੇਸ਼ ਕਾਲ ਖੰਡ ਦੀਆਂ ਘਟਨਾਵਾਂ ਦੀ ਪੁਨਰ ਸਿਰਜਣਾ ਕਰਦਾ ਹੈ ਜਿਸ ਵਿਚ ਸਿੱਖਾਂ ਨੇ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਮੁਗ਼ਲਾਂ ਨਾਲ ਸੰਘਰਸ਼ ਕੀਤਾ ਸੀ। ਇਸ ਨਾਟਕ ਵਿਚ ਨਾਟਕਕਾਰ ਨੇ ਦੋ ਮਹੱਤਵਪੂਰਨ ਨਾਟ-ਜੁਗਤਾਂ ਦੀ ਵਰਤੋਂ ਕੀਤੀ ਹੈ। ਪਹਿਲੀ ਪਿੱਛਲਝਾਤ ਅਤੇ ਬਰੋਟੇ ਰਾਹੀਂ ਬੇਹ ਵਿਗਿਆਨੀਆਂ ਨੂੰ ਇਤਿਹਾਸਕ ਜਾਣਕਾਰੀ ਦੇਣੀ ਅਤੇ ਦੂਸਰੀ ਇਤਿਹਾਸਕ ਘਟਨਾਵਾਂ ਦੀ ਪੇਸ਼ਕਾਰੀ ਰਾਹੀਂ ਵਿਗਿਆਨੀਆਂ ਦੀ ਜੁਗਤ ਪਾਠਕਾਂ/ਦਰਸ਼ਕਾਂ ਨੂੰ ਇਸ ਗੱਲ ਪ੍ਰਤੀ ਸੁਚੇਤ ਕਰਦੀ ਹੈ ਕਿ ਉਹ ਵਰਤਮਾਨ ਵਿਚ ਬੈਠੇ ਹਨ ਅਤੇ ਇਤਿਹਾਸ ਬਾਰੇ ਨਾਟਕ ਦੇਖ ਰਹੇ ਹਨ। ਨਾਟਕਕਾਰ ਨੇ ਬਰੋਟੇ ਨੂੰ ਕਲਾ-ਜੁਗਤ ਵਜੋਂ ਵਰਤ

ਕੇ ਇਹ ਪ੍ਰਭਾਵ ਪਾਉਣ ਦਾ ਯਤਨ ਕੀਤਾ ਹੈ ਕਿ ਉਹ ਸੱਚੀਆਂ ਘਟਨਾਵਾਂ ਪੇਸ਼ ਕਰੇਗਾ। ਇਸ ਨਾਟਕ ਵਿਚ ਨਾਟਕਕਾਰ ਨੇ ਸਿੱਖਾਂ ਦੇ ਇਕ ਲੋਕ ਸ਼ਕਤੀ ਵਜੋਂ ਉਭਾਰ ਨੂੰ ਪਿੱਠਭੂਮੀ ਵਿਚ ਰੱਖਿਆ ਹੈ ਅਤੇ ਅਗਰਭੂਮੀ ਵਿਚ ਮੁਗ਼ਲ ਹਾਕਮਾਂ ਦੇ ਕੀਤੇ ਜ਼ੁਲਮਾਂ ਅਤੇ ਉਨ੍ਹਾਂ ਦੇ ਮਨੋਸੰਤਾਪ ਨੂੰ ਪੇਸ਼ ਕੀਤਾ ਹੈ। ਇਸ ਤਰ੍ਹਾਂ ਨਾਟਕਕਾਰ ਨੇ ਇਸ ਨਾਟਕ ਵਿਚ ਜੋ ਨਾਟ-ਸੰਗਠਨ ਉਸਾਰਿਆ ਹੈ ਉਸ ਨੂੰ ਬਿਆਨ ਕਰਨਾ ਅਨੁਵਾਰੀ ਹੋਵੇਗਾ।

ਕਥਾਨਕ ਦੇ ਖੱਪ ਤੋਂ ਨਾਟਕਕਾਰ ਨੇ ਇਸ ਨਾਟਕ ਦਾ ਵਿਸ਼ਾ ਇਤਿਹਾਸਕ ਲਿਆ ਹੈ ਜੋ ਇਤਿਹਾਸਕ ਘਟਨਾਵਾਂ ਦੀ ਵਿਉਂਤਬੰਦੀ ਕਰਦਾ ਹੈ। ਇਸ ਵਿਚ ਘਟਨਾਵਾਂ ਆਰੰਭ ਤੋਂ ਲੈ ਕੇ ਅੰਤ ਤਕ ਤਰਤੀਬ ਅਨੁਸਾਰ ਵਾਪਰਦੀਆਂ ਹਨ। ਇਸ ਨਾਟਕ ਦਾ ਵਿਸ਼ਾ ਸ੍ਰੀ ਗੁਰੂ ਗੋਬਿੰਦ ਸਿੰਘ ਤੇ ਚਾਰੇ ਸਾਹਿਬਜ਼ਾਦਿਆਂ ਦੇ ਜੀਵਨ ਨਾਲ ਸੰਬੰਧਿਤ ਹੈ। ਇਸ ਨਾਟਕ ਵਿਚ ਨਾਟਕਕਾਰ ਨੇ ਬਿੰਬਾਂ ਤੇ ਪ੍ਰਤੀਕਾਂ ਦੀ ਵਰਤੋਂ ਕਰਦੇ ਹੋਏ ਬੜੀ ਸੂਝ ਨਾਲ ਨਾਟਕ ਦੇ ਮੁੱਖ ਸੰਦੇਸ਼ ਨੂੰ ਦਰਸ਼ਕਾਂ ਤਕ ਪਹੁੰਚਾਉਣ ਦਾ ਯਤਨ ਕੀਤਾ ਹੈ। ਇਹ ਨਾਟਕ ਤਿੰਨ ਇਕਾਂਗੀਆਂ ਦਾ ਸੰਗ੍ਰਹਿ ਹੈ ਜੋ ਪਹਿਲਾ 'ਚਮਕੌਰ ਦੀ ਗੜ੍ਹੀ', ਦੂਜਾ 'ਸਰਹੰਦ ਦੀ ਕੰਧ' ਅਤੇ ਤੀਜਾ 'ਜ਼ਫ਼ਰਨਾਮਾ'। ਇਸ ਤਰ੍ਹਾਂ ਇਹ ਤਿੰਨ ਇਕਾਂਗੀ ਆਪਸ ਵਿਚ ਸਮਿਲਤ ਹਨ ਕਿ ਇਕ ਨਾਟਕ ਦੇ ਤਿੰਨ ਅੰਕ ਪ੍ਰਤੀਤ ਹੁੰਦੇ ਹਨ। ਇਸ ਨਾਟਕ ਵਿਚ ਜ਼ੋਰਦਾਰ ਨਾਟਕੀ ਟੱਕਰ ਥਾਂ ਥਾਂ ਤੇ ਦੇਖੀ ਜਾ ਸਕਦੀ ਹੈ, ਜਿਵੇਂ:

ਵਜ਼ੀਰ ਖਾਂ: ਦੂਜੇ ਮੁਲਜ਼ਮ ਨੂੰ ਫ਼ੌਰਨ ਪੇਸ਼ ਕਰੋ।

ਚੋਬਦਾਰ: ਰੂਪ ਚੰਦ ਹਾਜ਼ਿਰ ਹੈ, ਸਰਕਾਰ !

ਵਜ਼ੀਰ ਖਾਂ: ਕਿਉਂ ਬਦਜ਼ਾਤ, ਤੈਨੂੰ ਮੌਤ ਦਾ ਡਰ ਨਹੀਂ ਸੀ?

ਰੂਪ ਚੰਦ: ਚਮਕੌਰ ਦੀ ਲੜਾਈ ਦਾ ਸਾਕਾ ਵੇਖ ਕੇ ਪਸ਼ੂ-ਪੰਛੀਆਂ ਵਿਚ ਵੀ ਜਿਗਰਾ ਪੈਦਾ ਹੋ ਗਿਆ ਹੈ।[93]

ਇਸ ਤਰ੍ਹਾਂ ਸਮੁੱਚੇ ਰੂਪ ਵਿਚ ਕਹਿ ਸਕਦੇ ਹਾਂ ਕਿ ਇਸ ਨਾਟਕ ਵਿਚਲੀਆਂ ਘਟਨਾਵਾਂ ਇਤਿਹਾਸਕ ਹਨ ਜੋ ਨਾਟਕ ਨੂੰ ਨਾਟਕੀ ਰੂਪ ਦੇਣ ਦੀ ਸ਼ਕਤੀ ਰੱਖਦੀਆਂ ਹਨ। ਇਹ ਨਾਟਕ ਆਰੰਭ ਤੋਂ ਲੈ ਕੇ ਮੱਧ ਅਤੇ ਅੰਤ ਤਕ ਤਰਤੀਬ ਅਨੁਸਾਰ ਵਧਦਾ ਵਿਗਸਦਾ ਅਤੇ ਪ੍ਰਵਾਨ ਚੜ੍ਹਦਾ ਹੈ।

ਇਸ ਤਰ੍ਹਾਂ ਇਸ ਨਾਟਕ ਦੇ ਕਥਾਨਕ ਵਿਚ ਪੂਰਣਤਾ, ਸੁਭਾਵਿਕਤਾ, ਸਹਿਜਤਾ, ਸਪਸ਼ਟਤਾ, ਸਾਧਾਰਨੀਕਰਨ, ਰੌਚਿਕਤਾ ਆਦਿ ਦੇ ਗੁਣ ਸ਼ਾਮਿਲ ਹਨ ਜਿਸ ਨਾਲ ਇਸ ਨਾਟਕ ਵਿਚਲੀ ਹਰ ਘਟਨਾ, ਪਾਤਰ ਤੇ ਯਥਾਰਥ ਜੀਵਨ ਦੇ ਵਧੇਰੇ ਨੇੜੇ ਜਾਪਦੇ ਹਨ। ਇਸ ਤੋਂ ਸਿਵਾ ਇਸ ਨਾਟਕ ਵਿਚ ਦੋ ਵਿਰੋਧੀ ਧਿਰਾਂ ਦੀ ਟੱਕਰ ਪੇਸ਼ ਕੀਤੀ ਗਈ ਹੈ ਜੋ ਚੰਗਿਆਈ ਦੀ ਬੁਰਾਈ ਉਤੇ ਜਿੱਤ ਦਿਖਾਈ ਗਈ ਹੈ। ਇਸ ਤਰ੍ਹਾਂ ਨਾਟਕਕਾਰ ਦੁਆਰਾ ਇਸ ਨਾਟਕ ਵਿਚਲੀਆਂ ਘਟਨਾਵਾਂ ਨੂੰ ਸੰਗਠਿਤ ਤੇ ਸੁਨਿਸ਼ਚਿਤਤਾ ਦੇ ਕੇ ਇਕ ਬੱਝਵਾਂ ਪ੍ਰਭਾਵ ਸਿਰਜਣ ਦਾ ਯਤਨ ਕੀਤਾ ਗਿਆ ਹੈ।

ਨਾਟਕਕਾਰ ਹਰਚਰਨ ਸਿੰਘ ਨੇ ਨਾਟਕ 'ਚਮਕੌਰ ਦੀ ਗੜ੍ਹੀ' ਵਿਚਲੇ ਪਾਤਰਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਉਹ ਗਤੀ ਕਰਦੇ ਹੋਏ ਮਾਨਸਿਕ ਪੱਧਰ ਤੇ ਟੁੱਟ-ਭੱਜ ਵੀ ਰਹੇ ਹਨ ਤੇ ਢਹਿ ਰਹੀ ਸ਼ਕਤੀ ਦੇ ਪ੍ਰਤੀਕ ਵਜੋਂ ਵੀ ਉੱਭਰ ਰਹੇ ਹਨ। ਇਸ ਨਾਟਕ ਵਿਚ ਇਕਸਾਰ ਪਾਤਰ ਅਤੇ ਗੋਲ ਜਾਂ ਗਤੀਸ਼ੀਲ ਦੋਵੇਂ ਤਰ੍ਹਾਂ ਦੇ ਪਾਤਰ ਸ਼ਾਮਿਲ ਹਨ। ਇਸ ਨਾਟਕ ਵਿਚ ਬਾਰਾਂ ਦੇ ਕਰੀਬ ਪਾਤਰ ਹਨ ਜਿਸ ਵਿਚ ਗੁਰੂ ਗੋਬਿੰਦ ਸਿੰਘ ਤੇ ਸਾਹਿਬਜ਼ਾਦਿਆਂ ਨੂੰ ਛੱਡ ਕੇ ਬਾਕੀ ਸਾਰੇ ਪਾਤਰਾਂ ਨੂੰ ਮੰਚ ਤੇ ਪੇਸ਼ ਕੀਤਾ ਗਿਆ ਹੈ। ਇਸ ਨਾਟਕ ਵਿਚ ਗੁਰੂ ਸਾਹਿਬ ਤੇ ਚਾਰੇ ਸਾਹਿਬਜ਼ਾਦੇ ਗਤੀਸ਼ੀਲ ਹਨ ਅਤੇ

ਖ਼ਲਨਾਇਕਾਂ ਦੁਆਰਾ ਨਾਇਕ ਪਾਤਰਾਂ ਦੇ ਚਰਿੱਤਰ ਨੂੰ ਉਘਾੜਿਆ ਗਿਆ ਹੈ।

ਇਸ ਨਾਟਕ ਦੇ ਆਲੋਚਨਾਤਮਕ ਅਧਿਐਨ ਉਪਰੰਤ ਸਪਸ਼ਟ ਹੁੰਦਾ ਹੈ ਕਿ ਇਸ ਦੀ ਸਫ਼ਲਤਾ ਇਸ ਦੇ ਵਿਜ਼ੇ, ਪਾਤਰਾਂ, ਰੰਗਮੰਚ ਦੀ ਸੈਟਿੰਗ, ਸਮੱਗਰੀ ਅਤੇ ਸਮੇਂ ਤੇ ਸਥਾਨ ਦੀ ਕਲਾਤਮਕ ਕਲਾਕਾਰੀ ਦੇ ਜ਼ਰੀਏ ਹੋਈ ਹੈ। ਇਸ ਵਿਚ ਬਹੁਤ ਘੱਟ ਪਾਤਰ ਲਏ ਗਏ ਹਨ, ਸਮੇਂ ਤੇ ਸਥਾਨ ਦਾ ਪੂਰਾ ਖਿਆਲ ਰੱਖਿਆ ਗਿਆ ਹੈ, ਮੰਚ ਸੱਜਾ ਬਹੁਤ ਸਾਧਾਰਨ ਹੈ, ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਦਾ ਵਿਸ਼ਾ ਸਿੱਖ ਇਤਿਹਾਸ ਵਿਚੋਂ ਲਿਆ ਗਿਆ ਹੈ ਜਿਸ ਨੂੰ ਦਰਸ਼ਕ ਧਾਰਮਿਕ ਨਜ਼ਰੀਏ ਤੋਂ ਦੇਖਦੇ ਹੋਏ ਪ੍ਰੇਰਨਾ ਵਜੋਂ ਗ੍ਰਹਿਣ ਕਰਦੇ ਹਨ। ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਉਪਰੋਕਤ ਤਿੰਨ ਪ੍ਰਮੁੱਖ ਨਾਟਕਾਂ ਦੇ ਆਲੋਚਨਾਤਮਕ ਅਧਿਐਨ ਰਾਹੀਂ ਸਪਸ਼ਟ ਹੁੰਦਾ ਹੈ ਕਿ ਗੁਰੂ ਸਾਹਿਬਾਨ ਦੇ ਜੀਵਨ ਤੇ ਵਿਚਾਰਧਾਰਾ ਨੂੰ ਇਸੇ ਨਾਟਕਕਾਰ ਨੇ ਬੜੀ ਬਾਰੀਕੀ ਨਾਲ ਚਿਤਰਿਆ ਹੈ। ਇਸ ਉਪਰੰਤ ਸਿੱਖ ਨਾਇਕਾਂ ਬਾਰੇ ਲਿਖੇ ਪ੍ਰਮੁੱਖ ਨਾਟਕਾਂ ਦਾ ਆਲੋਚਨਾਤਮਕ ਅਧਿਐਨ ਕੀਤਾ ਜਾਵੇਗਾ।

## ਹਵਾਲੇ ਤੇ ਟਿੱਪਣੀਆਂ

1. ਡਾ. ਸੁਰਜੀਤ ਸਿੰਘ ਸੇਠੀ, *ਗੁਰ ਬਿਨ ਘੋਰ ਅੰਧਾਰ,* ਨਿਊ ਬੁੱਕ ਕੰਪਨੀ, ਜਲੰਧਰ, 1970, ਪੰਨਾ 29
2. ਉਹੀ, ਪੰਨਾ 14
3. ਉਹੀ, ਪੰਨਾ 17
4. ਉਹੀ, ਪੰਨਾ 20
5. ਉਹੀ, ਪੰਨਾ 21
6. ਉਹੀ, ਪੰਨਾ 22
7. ਉਹੀ, ਪੰਨਾ 23
8. ਉਹੀ, ਪੰਨਾ 25
9. ਉਹੀ, ਪੰਨਾ 25
10. ਉਹੀ, ਪੰਨਾ 28
11. ਉਹੀ, ਪੰਨਾ 29
12. ਉਹੀ, ਪੰਨਾ 33
13. ਉਹੀ, ਪੰਨਾ 35
14. ਉਹੀ, ਪੰਨਾ 38
15. ਉਹੀ, ਪੰਨਾ 43
16. ਉਹੀ, ਪੰਨਾ 45
17. ਉਹੀ, ਪੰਨਾ 46
18. ਉਹੀ, ਪੰਨਾ 48

19. ਉਹੀ, ਪੰਨਾ 51

20. ਉਹੀ, ਪੰਨਾ 64

21. ਉਹੀ, ਪੰਨਾ 66

22. ਉਹੀ, ਪੰਨਾ 71

23. ਉਹੀ, ਪੰਨਾ 72

24. ਉਹੀ, ਪੰਨਾ 25

25. ਉਹੀ, ਪੰਨਾ 60

26. ਆਤਮਜੀਤ, *ਤੱਤੀ ਤਵੀ ਦਾ ਸੱਚ*, ਪੰਜਾਬੀ ਸਭਿਆਚਾਰਕ ਕੇਂਦਰ, ਨਵੀਂ ਦਿੱਲੀ, 2006, ਪੰਨਾ 14

27. ਉਹੀ, ਪੰਨਾ 11

28. ਉਹੀ, ਪੰਨਾ 19

29. ਉਹੀ, ਪੰਨਾ 10

30. ਉਹੀ, ਪੰਨਾ 76

31. ਉਹੀ, ਪੰਨਾ 20

32. ਉਹੀ, ਪੰਨਾ 78

33. ਉਹੀ, ਪੰਨਾ 39

34. ਉਹੀ, ਪੰਨਾ 39

35. ਉਹੀ, ਪੰਨਾ 66

36. ਉਹੀ, ਪੰਨਾ 82

37. ਉਹੀ, ਪੰਨਾ 76

38. ਉਹੀ, ਪੰਨਾ 44

39. ਡਾ. ਹਰਚਰਨ ਸਿੰਘ, 'ਦੋ ਸ਼ਬਦ', *ਚਮਕੌਰ ਦੀ ਗੜ੍ਹੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1969, ਪੰਨਾ 6

40. ਉਹੀ, ਪੰਨਾ 9

41. ਉਹੀ, ਪੰਨਾ 20

42. ਉਹੀ, ਪੰਨਾ 22

43. ਉਹੀ, ਪੰਨਾ 26

44. ਉਹੀ, ਪੰਨਾ–26

45. ਉਹੀ, ਪੰਨਾ 47

46. ਉਹੀ, ਪੰਨਾ 48

47. ਉਹੀ, ਪੰਨਾ 63

48. ਉਹੀ, ਪੰਨਾ 59

49. ਉਹੀ, ਪੰਨਾ 60–61

50. ਉਹੀ, ਪੰਨਾ 62

51. ਉਹੀ, ਪੰਨਾ 65

52. ਉਹੀ, ਪੰਨਾ 10

53. ਉਹੀ, ਪੰਨਾ 9

54. ਉਹੀ, ਪੰਨਾ 68

55. ਉਹੀ, ਪੰਨਾ 70

56. ਉਹੀ, ਪੰਨਾ 72

57. ਉਹੀ, ਪੰਨਾ 74

58. ਉਹੀ, ਪੰਨਾ 77

59. ਉਹੀ, ਪੰਨਾ 80

60. ਉਹੀ, ਪੰਨਾ 6

61. ਉਹੀ, ਪੰਨਾ 26

62. ਉਹੀ, ਪੰਨਾ 63

63. ਉਹੀ, ਪੰਨਾ 90

64. ਉਹੀ, ਪੰਨਾ 100

65. ਉਹੀ, ਪੰਨਾ 36

66. ਉਹੀ, ਪੰਨਾ 26

67. ਉਹੀ, ਪੰਨਾ 27

68. ਉਹੀ, ਪੰਨਾ 36

69. ਉਹੀ, ਪੰਨਾ 33-34

70. ਉਹੀ, ਪੰਨਾ 64

71. ਉਹੀ, ਪੰਨਾ 65

72. ਉਹੀ, ਪੰਨਾ 59

73. ਉਹੀ, ਪੰਨਾ 56

74. ਉਹੀ, ਪੰਨਾ 87

75. ਉਹੀ, ਪੰਨਾ 89

76. ਅਮਰੀਕ ਸਿੰਘ ਬਨਵੈਤ (ਸੰਪਾ), *ਹਰਚਰਨ ਸਿੰਘ ਦੀ ਨਾਟਕ ਕਲਾ* ਹਰਚਰਨ ਸਿੰਘ ਦੀ ਜ਼ਬਾਨੀ, ਪੈਪਸੂ ਬੁੱਕ ਡਿਪੂ, ਪਟਿਆਲਾ, 1974, ਪੰਨਾ 215

77. ਹਰਚਰਨ ਸਿੰਘ, *ਚਮਕੌਰ ਦੀ ਗੜ੍ਹੀ,* ਪੰਨਾ 91

78. ਉਹੀ, ਪੰਨਾ 69

79. ਉਹੀ, ਪੰਨਾ 94

80. ਉਹੀ, ਪੰਨਾ 21

81. ਉਹੀ, ਪੰਨਾ 26

82. ਉਹੀ, ਪੰਨਾ 35

83. ਉਹੀ, ਪੰਨਾ 40

84. ਉਹੀ, ਪੰਨਾ 48

85. ਉਹੀ, ਪੰਨਾ 52

86. ਉਹੀ, ਪੰਨਾ 65

87. ਉਹੀ, ਪੰਨਾ 64

88. ਉਹੀ, ਪੰਨਾ 94

89. ਉਹੀ, ਪੰਨਾ 83

90. ਉਹੀ, ਪੰਨਾ 72

91. ਉਹੀ, ਪੰਨਾ 81

92. ਉਹੀ, ਪੰਨਾ 6

93. ਉਹੀ, ਪੰਨਾ 30

ਅਧਿਆਇ ਚੌਥਾ

# ਸਿੱਖ ਨਾਇਕਾਂ ਨਾਲ ਸੰਬੰਧਿਤ ਪ੍ਰਮੁੱਖ ਨਾਟਕਾਂ ਦਾ ਆਲੋਚਨਾਤਮਕ ਅਧਿਐਨ

# ਸਿੱਖ ਨਾਇਕਾਂ ਨਾਲ ਸੰਬੰਧਿਤ ਪ੍ਰਮੁੱਖ ਨਾਟਕਾਂ ਦਾ ਆਲੋਚਨਾਤਮਕ ਅਧਿਐਨ

'ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਦਾ ਆਲੋਚਨਾਤਮਕ ਅਧਿਐਨ' ਕਰਨ ਉਪਰੰਤ ਗੁਰੂ ਸਾਹਿਬਾਨ ਨਾਲ ਸੰਬੰਧਿਤ ਤਿੰਨ ਪ੍ਰਮੁੱਖ ਨਾਟਕਾਂ (ਗੁਰ ਬਿਨੁ ਘੋਰ ਅੰਧਾਰ, ਤੱਤੀ ਤਵੀ ਦਾ ਸੱਚ ਤੇ ਚਮਕੌਰ ਦੀ ਗੜ੍ਹੀ) ਦਾ ਆਲੋਚਨਾਤਮਕ ਅਧਿਐਨ ਕਰਦਿਆਂ ਸਪਸ਼ਟ ਹੋਇਆ ਹੈ ਕਿ ਗੁਰੂ ਸਾਹਿਬਾਨ ਨਾਲ ਸੰਬੰਧਿਤ ਦਰਜਨਾਂ ਨਾਟਕਾਂ ਵਿਚੋਂ ਇਹ ਤਿੰਨ ਨਾਟਕ ਪ੍ਰਤੀਨਿਧ ਨਾਟਕਾਂ ਵਜੋਂ ਸਾਹਮਣੇ ਆਏ ਹਨ ਜਿਹੜੇ ਗੁਰੂ ਸਾਹਿਬਾਨ ਦੇ ਜੀਵਨ ਤੇ ਵਿਚਾਰਧਾਰਾ ਦੀ ਦੀਰਘ ਵਿਆਖਿਆ ਕਰਦੇ ਹਨ। ਇਸੇ ਪ੍ਰਕਾਰ ਪ੍ਰਸਤੁਤ ਅਧਿਆਇ 'ਸਿੱਖ ਨਾਇਕਾਂ ਨਾਲ ਸੰਬੰਧਿਤ ਪ੍ਰਮੁੱਖ ਨਾਟਕਾਂ ਦਾ ਆਲੋਚਨਾਤਮਕ ਅਧਿਐਨ' ਵਿਚ ਦੋ ਪ੍ਰਮੁੱਖ ਸਿੱਖ ਨਾਇਕਾਂ ਬੰਦਾ ਬਹਾਦਰ ਤੇ ਮਹਰਾਜਾ ਰਣਜੀਤ ਸਿੰਘ ਜਿੰਨ੍ਹਾਂ ਸੰਬੰਧੀ ਰਚੇ ਗਏ ਦਰਜਨਾਂ ਨਾਟਕਾਂ ਵਿਚੋਂ ਦੋ ਪ੍ਰਮੁੱਖ ਨਾਟਕ (ਬੰਦਾ ਬਹਾਦਰ ਤੇ ਲੋਕ ਮਨਾਂ ਦਾ ਰਾਜਾ) ਦਾ ਆਲੋਚਨਾਤਮਕ ਅਧਿਐਨ ਕੀਤਾ ਜਾ ਰਿਹਾ ਹੈ। ਇਹ ਦੋਵੇਂ ਨਾਟਕ ਪ੍ਰਮੁੱਖ ਸਿੱਖ ਨਾਇਕ ਕ੍ਰਮਵਾਰ 'ਬੰਦਾ ਬਹਾਦਰ' ਤੇ 'ਮਹਾਰਾਜਾ ਰਣਜੀਤ ਸਿੰਘ' ਦੀ ਸ਼ਖ਼ਸੀਅਤ ਦੀ ਸਮੱਗਰ ਪੇਸ਼ਕਾਰੀ ਕਰਨ ਵੱਲ ਰੁਚਿਤ ਹਨ। ਜਿਥੇ ਸੰਤ ਸਿੰਘ ਸੇਖੋਂ ਬੰਦਾ ਬਹਾਦਰ ਦੀ ਹੋਂਦ ਬਾਰੇ ਬੁਨਿਆਦੀ ਸਵਾਲ ਖੜ੍ਹੇ ਕਰਦਾ ਹੈ ਉਥੇ ਸਤੀਸ਼ ਕੁਮਾਰ ਵਰਮਾ ਮਹਰਾਜਾ ਰਣਜੀਤ ਸਿੰਘ ਦੇ ਲੋਕ ਮਨਾਂ ਵਿਚ ਵੱਸੇ ਬਿੰਬ ਦੀ ਸਮੱਗਰ ਪੇਸ਼ਕਾਰੀ ਕਰਦਾ ਹੈ। ਇਸ ਪ੍ਰਸੰਗ ਵਿਚ

ਦੋਵੇਂ ਸਿੱਖ ਨਾਇਕਾਂ ਬਾਰੇ ਰਚੇ ਇਹ ਇਨ੍ਹਾਂ ਦੋਵੇਂ ਨਾਟਕਾਂ ਦਾ ਕ੍ਰਮਵਾਰ ਆਲੋਚਨਾਤਮਕ ਅਧਿਐਨ ਨਿਹਿਤ ਹੈ।

**(ੳ) ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਸੰਤ ਸਿੰਘ ਸੇਖੋਂ ਰਚਿਤ ਨਾਟਕ 'ਬੰਦਾ ਬਹਾਦਰ'**

ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਵਿਚ ਇਕ ਸਰਬਾਂਗੀ ਸਾਹਿਤਕਾਰ ਵਜੋਂ ਜਾਣਿਆਂ ਜਾਣ ਵਾਲਾ ਨਾਮ ਹੈ। ਲੇਕਿਨ ਉਸ ਦਾ ਪ੍ਰਮੁੱਖ ਸਥਾਨ ਇਕ ਨਾਟਕਕਾਰ ਵਜੋਂ ਹੈ ਕਿਉਂਕਿ ਉਸ ਨੂੰ ਸਾਹਿਤ ਅਕਾਦੇਮੀ ਦਾ ਇਨਾਮ ਉਸਦੇ ਨਾਟਕ 'ਮਿੱਤਰ ਪਿਆਰਾ' ਨੂੰ ਮਿਲਿਆ। ਸੰਤ ਸਿੰਘ ਸੇਖੋਂ ਦੇ ਨਾਟਕਾਂ ਦੇ ਪਿਛੋਕੜ ਵਿਚ ਇਤਿਹਾਸ, ਮਿਥਿਹਾਸ, ਮੱਧ ਸ੍ਰੇਣੀ ਦਾ ਜੀਵਨ, ਮਨੋਵਿਗਿਆਨਕ ਗੁੰਝਲਾਂ, ਸਮਾਜੀ, ਆਰਥਿਕ ਤੇ ਰਾਜਸੀ ਮਸਲੇ ਪਏ ਹਨ। ਇਸ ਤੋਂ ਇਲਾਵਾ ਉਸ ਦੇ ਨਾਟਕਾਂ ਵਿਚ ਯੂਨਾਨੀ ਦੁਖਾਂਤ, ਸ਼ੈਕਸਪੀਰੀਅਨ ਨਾਟ-ਸ਼ੈਲੀ, ਯਥਾਰਥਵਾਦੀ ਨਾਟ-ਸ਼ੈਲੀ ਤੋਂ ਇਲਾਵਾ ਬਰੈਖ਼ਤ ਦੀ ਐਪਿਕ ਥੀਏਟਰ ਸ਼ੈਲੀ ਦਾ ਪ੍ਰਭਾਵ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ।

ਸੰਤ ਸਿੰਘ ਸੇਖੋਂ ਜਿੱਥੇ ਸਮਾਜਵਾਦੀ ਯਥਾਰਥਵਾਦੀ ਤੇ ਬੌਧਿਕ ਨਾਟਕ ਲਿਖਣ ਵਾਲਾ ਨਾਟਕਕਾਰ ਹੈ ਉੱਥੇ ਉਨ੍ਹਾਂ ਨੂੰ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕ ਲਿਖਣ ਵਿਚ ਵੀ ਮੁਹਾਰਤ ਹਾਸਲ ਹੈ। ਉਸ ਨੇ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕ 'ਮੋਇਆਂ ਸਾਰ ਨਾ ਕਾਈ' ਤੇ ਬੇੜਾ ਬੰਧ ਨਾ ਸਕਿਓ, ਲਿਖਣ ਤੋਂ ਇਲਾਵਾ 'ਬੰਦਾ ਬਹਾਦਰ' ਨਾਟਕ ਦੀ ਰਚਨਾ ਸਿੱਖ ਧਰਮ ਦੀ ਮਰਿਆਦਾ ਨੂੰ ਕਾਇਮ ਰਖਦੇ ਹੋਏ ਬੜੀ ਸਫ਼ਲਤਾ ਪੂਰਵਕ ਕੀਤੀ ਹੈ। ਇਸ ਲਈ ਇਸ ਖੋਜ-ਪ੍ਰਬੰਧ ਵਿਚ ਸੰਤ ਸਿੰਘ ਸੇਖੋਂ ਦਾ ਨਾਟਕ 'ਬੰਦਾ

ਬਹਾਦਰ' ਲਿਆ ਗਿਆ ਹੈ ਜੋ ਬੰਦਾ ਬਹਾਦਰ ਦੀ ਜ਼ਿੰਦਗੀ ਤੇ ਅਧਾਰਿਤ ਹੈ।

ਨਾਟਕ 'ਬੰਦਾ ਬਹਾਦਰ' ਦਾ ਵਿਸ਼ਾ ਇਕ ਵਿਸ਼ੇਸ਼ ਕਾਲ-ਖੰਡ ਦੀਆਂ ਘਟਨਾਵਾਂ ਦੀ ਪੁਨਰ-ਸਿਰਜਣਾ ਕਰਦਾ ਹੈ। ਬੰਦਾ ਬਹਾਦਰ ਦੇ ਮਕਸਦ ਅਧੀਨ ਉਸ ਦੁਆਰਾ ਜਬਰ ਜ਼ੁਲਮ ਨੂੰ ਮਿਟਾਉਣਾ, ਸਰਹੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਤੋਂ ਛੋਟੇ ਸਾਹਿਬਜ਼ਾਦਿਆਂ ਦਾ ਬਦਲਾ ਲੈਣਾ, ਸਿੰਘਾਂ ਦੀ ਬਹਾਦਰੀ ਨੂੰ ਦਿਖਾਉਣਾ, ਆਪਣੇ ਸਭਿਆਚਾਰ ਦੀ ਗੌਰਵਤਾ ਨੂੰ ਦਿਖਾਉਣਾ ਤੇ ਅਖ਼ੀਰ ਤੇ ਵਾਹਿਗੁਰੂ ਦੇ ਭਾਣੇ ਨੂੰ ਮੰਨਦੇ ਹੋਏ ਹੱਸ ਹੱਸ ਸ਼ਹੀਦੀ ਜਾਮ ਪੀਣਾ ਸ਼ਾਮਿਲ ਹੈ।

ਇਸ ਨਾਟਕ ਵਿਚ ਸਿੱਖ ਧਰਮ ਦੀ ਚੜ੍ਹਦੀ ਕਲਾ ਅਤੇ ਸਿੱਖਾਂ ਦੀ ਸਰੀਰਕ ਤੇ ਰੂਹਾਨੀ ਬਹਾਦਰੀ ਨੂੰ ਦਰਸਾਇਆ ਗਿਆ ਹੈ। ਇਸ ਤੋਂ ਇਲਾਵਾ ਬੰਦਾ ਬਹਾਦਰ ਦੇ ਸੰਪਰਕ ਵਿਚ ਆਏ ਵੱਖ ਵੱਖ ਸਿੱਖ ਪਾਤਰਾਂ ਦਾ ਨਿਡਰਤਾ ਭਰੇ ਵਤੀਰੇ ਤੇ ਬਹਾਦਰੀ ਨੂੰ ਨਾਟਕੀ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਨਾਟਕ ਦੇ ਪਹਿਲੇ ਅੰਕ ਵਿਚ ਸਾਰੇ ਹੀ ਇਤਿਹਾਸਕ ਪਾਤਰ ਹਨ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਬੰਦਾ ਬਹਾਦਰ ਨਾਲ ਨਾਂਦੇੜ (ਸ੍ਰੀ ਹਜ਼ੂਰ ਸਾਹਿਬ) ਤੋਂ ਭੇਜੇ ਸਨ।ਬੰਦਾ ਬਹਾਦਰ ਸਿੱਖ ਇਤਿਹਾਸ ਨਾਲ ਸੰਬੰਧਿਤ ਇਕ ਅਜਿਹਾ ਪਾਤਰ ਹੈ ਜਿਸ ਨੇ ਕਈ ਸਦੀਆਂ ਤੋਂ ਚਲੀ ਆ ਰਹੀ ਮੁਗ਼ਲ ਸਲਤਨਤ ਦੀਆਂ ਜੜ੍ਹਾਂ ਉਖਾੜ ਕੇ ਸਿੱਖ ਰਾਜ ਦੀ ਨੀਂਹ ਰੱਖੀ ਤੇ ਜਾਗੀਰਦਾਰੀ ਨਿਜ਼ਾਮ ਨੂੰ ਖ਼ਤਮ ਕਰਕੇ ਲੋਕਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ। ਬੰਦਾ ਬਹਾਦਰ ਨੇ ਹਿੰਦੂਆਂ ਤੇ ਮੁਗ਼ਲਾਂ ਦੁਆਰਾ ਹੋ ਰਹੇ ਅਤਿਆਚਾਰ ਅਤੇ ਧੱਕੇਸ਼ਾਹੀ ਤੋਂ ਲੋਕਾਂ ਨੂੰ ਨਿਜਾਤ ਦਿਵਾਈ ਤੇ ਸ੍ਰੀ ਗੁਰੂ

ਗੋਬਿੰਦ ਸਿੰਘ ਦੇ ਸਹਿਬਜ਼ਾਦਿਆਂ ਜ਼ੋਰਾਵਰ ਤੇ ਫ਼ਤਹਿ ਸਿੰਘ ਦੀ ਸ਼ਹੀਦੀ ਦਾ ਬਦਲਾ ਸਰਹੰਦ ਦੇ ਵਜ਼ੀਰ ਖਾਂ ਨੂੰ ਮਾਰ ਕੇ ਤੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਲਿਆ ਜਿਸ ਨੂੰ ਰਹਿੰਦੀ ਦੁਨੀਆਂ ਤਕ ਯਾਦ ਕੀਤਾ ਜਾਵੇਗਾ।

ਸੰਤ ਸਿੰਘ ਸੇਖੋਂ ਦਾ ਨਾਟਕ 'ਬੰਦਾ ਬਹਾਦਰ' 14 ਅੰਕਾਂ ਵਿਚ ਵੰਡਿਆ ਹੋਇਆ ਹੈ। ਜਿਸ ਨੂੰ ਉਸ ਨੇ ਬੰਦਾ ਬਹਾਦਰ ਦੀ ਪੰਜਾਬ ਵਿਚ ਆਮਦ, ਸਰਹੰਦ ਦੀ ਇੱਟ ਨਾਲ ਇੱਟ ਖੜਕਾਉਣੀ, ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਗ੍ਰਿਫ਼ਤਾਰ ਹੋਣਾ ਤੇ ਆਖ਼ਰ ਨੂੰ 700 ਸਿੰਘਾਂ ਸਮੇਤ ਸ਼ਹੀਦੀ ਜਾਮ ਪੀਣ ਤਕ ਦੀਆਂ ਘਟਨਾਵਾਂ ਨੂੰ ਬੜੇ ਨਾਟਕੀ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਨਾਟਕਕਾਰ ਨੇ ਇਸ ਨਾਟਕ ਵਿਚ ਇਤਿਹਾਸਕ ਘਟਨਾਵਾਂ ਦੀ ਪੇਸ਼ਕਾਰੀ ਰਾਹੀਂ ਇਤਿਹਾਸਕ ਵਿਅਕਤੀਆਂ ਦੇ ਮਾਨਸਿਕ ਪ੍ਰਭਾਵਾਂ ਨੂੰ ਪੇਸ਼ ਕੀਤਾ ਹੈ। ਇਤਿਹਾਸਕ ਨਾਟਕ ਵਿਚ ਕਿਉਂਕਿ ਨਾਟਕਕਾਰ ਨੇ ਇਤਿਹਾਸ ਨਹੀਂ ਬਲਕਿ ਨਾਟਕ ਦੀ ਸਿਰਜਨਾ ਕਰਨੀ ਹੁੰਦੀ ਹੈ, ਇਸ ਲਈ ਉਹ ਇਤਿਹਾਸਕ ਘਟਨਾਵਾਂ ਨੂੰ ਇੰਨ-ਬਿੰਨ ਰੂਪ ਵਿਚ ਪੇਸ਼ ਨਹੀਂ ਕਰਦਾ ਸਗੋਂ ਇਨ੍ਹਾਂ ਦਾ ਨਾਟਕੀ ਰੂਪਾਂਤਰਣ ਕਰਦਾ ਹੈ। ਇਸ ਨਾਟਕ ਵਿਚ ਵੀ ਨਾਟਕਕਾਰ ਦੁਆਰਾ ਇਤਿਹਾਸਕ ਘਟਨਾਵਾਂ ਦੇ ਨਾਲ ਨਾਲ ਮਨੋਵਿਗਿਆਨਕ ਨਾਟਕੀ ਰੁਪਾਂਤਰਣ ਵੀ ਕੀਤਾ ਗਿਆ ਹੈ।

ਨਾਟਕਕਾਰ ਸੰਤ ਸਿੰਘ ਸੇਖੋਂ ਨੇ ਨਾਟਕ'ਬੰਦਾ ਬਹਾਦਰ' ਵਿਚ ਇਤਿਹਾਸਕਤਾ ਦੇ ਉਹ ਤੱਥ ਭਰ ਦਿੱਤੇ ਹਨ ਜੋ ਅਠ੍ਹਾਰਵੀਂ ਸਦੀ ਦੀ ਹੂ-ਬਹੂ ਤਸਵੀਰ ਪੇਸ਼ ਕਰਦੇ ਹਨ। ਇਸ ਤੋਂ ਇਲਾਵਾ ਇਹ ਪ੍ਰਸ਼ਨ ਜਗਾਉਣ

ਤੇ ਵੀ ਮਜਬੂਰ ਕਰ ਦਿੱਤਾ ਹੈ ਕਿ ਬੰਦਾ ਬਹਾਦਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਸੰਪਰਕ ਹੋਣ ਤੋਂ ਬਾਅਦ ਇਤਨੀ ਸ਼ਕਤੀ ਕਿਵੇਂ ਆ ਗਈ ਜਿਸ ਨੇ ਪੰਜਾਬ ਵਿਚ ਉਪਰਲੀ ਥੱਲੇ ਤੇ ਥੱਲੇ ਵਾਲੀ ਉੱਪਰ ਕਰ ਦਿੱਤੀ। ਇਹ ਵੀ ਧਾਰਨਾ ਹੈ ਕਿ ਬੰਦਾ ਬਹਾਦਰ ਦੇ ਰੂਪ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਆਪ ਹੀ ਸਨ। ਕੁੱਝ ਹਿੰਦੂ ਤੇ ਸਿੱਖ ਵੀ ਬੰਦਾ ਬਹਾਦਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਮਝਦੇ ਸਨ ਜੋ ਸੰਤ ਸਿੰਘ ਸੇਖੋਂ ਦੇ ਜ਼ਬਾਨੀ ਇਸ ਤਰ੍ਹਾਂ ਹੈ:

ਅਸਾਂ ਦੋ ਪਰਿਕਲਪਨਾਵਾਂ ਵਿਚੋਂ ਇਕ ਨੂੰ ਚੁਣਨਾ ਹੈ ਇਕ ਪਰਿਕਲਪਨਾ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਵਰ ਨਾਲ ਮਾਧੋਦਾਸ ਵੈਰਾਗੀ, ਜਿਸ ਨੂੰ ਯੁੱਧ ਦੀ ਕਲਾ ਦਾ ਕੋਈ ਅਭਿਆਸ ਨਹੀਂ ਸੀ ਇਕ ਦਮ ਇਕ ਵੱਡਾ ਯੁੱਧ ਨੇਤਾ ਬਣ ਗਿਆ। ਦੂਜੀ ਪਰਿਕਲਪਨਾ ਇਹ ਹੈ ਕਿ ਇਤਿਹਾਸ ਵਿਚ ਏਡੇ ਵੱਡੇ ਪਰਾਕ੍ਰਮ ਕਰਨ ਵਾਲਾ ਗੁਰੂ ਗੋਬਿੰਦ ਸਿੰਘ ਆਪ ਸੀ।[1]

ਉਸ ਵੇਲੇ ਦੇ ਲੋਕ ਮੁਗ਼ਲਾਂ ਦੀਆਂ ਵਧੀਕੀਆਂ ਤੋਂ ਤੰਗ ਆ ਚੁੱਕੇ ਸਨ ਤੇ ਉਨ੍ਹਾਂ ਨਾਲ ਟੱਕਰ ਲੈਣ ਲਈ ਕਿਸੇ ਯੋਗ ਯੋਧੇ ਦੀ ਅਗਵਾਈ ਚਾਹੁੰਦੇ ਸਨ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਦੀ ਨੀਹ ਰੱਖ ਕੇ ਪੂਰੀ ਕਰ ਦਿੱਤੀ ਸੀ। ਸਦੀਆਂ ਤੋਂ ਦਲਿਤ ਲੋਕ ਲਿਤਾੜੇ ਹੋਏ ਸਨ,ਜਿਨ੍ਹਾਂ ਵਿਚ ਹੁਣ ਨਵੀਂ ਰੂਹ ਭਰੀ ਜਾ ਚੁੱਕੀ ਸੀ। ਖ਼ਾਲਸਾ ਪੰਥ ਦੀ ਸਥਾਪਨਾ ਵੇਲੇ ਭਾਵੇਂ ਪੰਜ ਪਿਆਰੇ ਹੀ ਨਿਤਰੇ ਸਨ ਪਰੰਤੂ ਗੁਰੂ ਸਾਹਿਬ ਨੇ ਜਦੋਂ ਉਨ੍ਹਾਂ ਨੂੰ ਸ਼ਸਤਰ-ਬਸਤਰ ਪਹਿਨਾ ਕੇ ਸੰਗਤ ਦੇ ਸਾਹਮਣੇ ਲਿਆਂਦਾ ਤਾਂ ਹਜ਼ਾਰਾਂ ਹੀ ਪ੍ਰਾਣੀ ਉਸ ਵੇਲੇ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣ ਗਏ ਤੇ ਅਤਿਆਚਾਰ ਦੇ ਵਿਰੁੱਧ ਖੜ੍ਹੇ ਹੋ ਗਏ।

ਸ੍ਰੀ ਗੁਰੂ ਗੋਬਿੰਦ ਸਿੰਘ ਨੇ ਬੰਦਾ ਬਹਾਦਰ ਨੂੰ ਅੰਮ੍ਰਿਤਪਾਨ ਕਰਵਾ ਕੇ ਮਾਧੋਦਾਸ ਤੋਂ ਬੰਦਾ ਬਹਾਦਰ ਬਣਾ ਦਿੱਤਾ ਤੇ ਮੁਗ਼ਲਾਂ ਦੇ ਅਤਿਆਚਾਰ ਰੋਕਣ ਲਈ ਪੰਜਾਬ ਵੱਲ ਭੇਜਿਆ। ਉਸਨੇ 1 ਨਵੰਬਰ, 1709 ਈ: ਨੂੰ ਸਿਹਰਖੇੜਾ ਵਿਖੇ ਆਣ ਡੇਰਾ ਲਾਇਆ ਤੇ ਇਥੋਂ ਹੀ ਪੰਜਾਬ ਦੇ ਸਿੰਘਾਂ ਵੱਲ ਹਰਕਾਰੇ ਭੇਜੇ। ਇਉਂ ਸਿੰਘ ਵਹੀਰਾਂ ਘੱਤ ਕੇ ਬੰਦਾ ਬਹਾਦਰ ਦੀ ਫ਼ੌਜ ਵਿਚ ਆਣ ਸ਼ਾਮਲ ਹੋਏ। ਇਸ ਨਾਟਕ ਤੋਂ ਇਹ ਸਿੱਧ ਹੁੰਦਾ ਹੈ ਕਿ ਜਿਹੜਾ ਵੀ ਪ੍ਰਾਣੀ ਬੰਦਾ ਬਹਾਦਰ ਦੀ ਫ਼ੌਜ ਵਿਚ ਸ਼ਾਮਲ ਹੁੰਦਾ ਸੀ, ਉਹ ਸ਼ਹੀਦ ਹੋਣ ਤੇ ਆਪਣਾ ਜਨਮ ਸਫ਼ਲ ਹੋਇਆ ਸਮਝਦਾ। ਫ਼ਤਹਿ ਸਿੰਘ ਦੇ ਕਹੇ ਸ਼ਬਦਾਂ ਤੋਂ ਸਪਸ਼ਟ ਹੁੰਦਾ ਹੈ:

ਫਤਿਹ ਸਿੰਘ: ਹਾਂ, ਸਿੰਘ ਜੀ, ਪੰਜ ਕੁ ਸੌ ਸਿੰਘ ਆਏ ਹਨ, ਜਨਮ ਸਫਲਾ ਕਰਨ ਲਈ। ਹੋਰ ਬਹੁਤ ਔਣਗੇ, ਰਾਹ ਵਿਚ ਮਿਲਣਗੇ।[2]

ਨਾਟਕਕਾਰ ਨੇ ਇਸ ਨਾਟਕ ਵਿਚ ਉਸ ਇਤਿਹਾਸਕਤਾ ਨੂੰ ਵੀ ਬਿਆਨ ਕੀਤਾ ਹੈ ਜਿਸ ਅਧੀਨ ਸ੍ਰੀ ਗੁਰੂ ਤੇਗ ਬਹਾਦਰ ਦਾ ਸੀਸ ਕਲਮ ਕਰਨ ਵਾਲੇ ਜੱਲਾਦ ਜਲਾਲਦੀਨ ਤੋਂ ਇਲਾਵਾ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰਨ ਵਾਲੇ ਜਲਾਦ ਵੀ ਸਮਾਣਾ ਵਿਖੇ ਹੀ ਰਹਿ ਰਹੇ ਸਨ ਜਿਨ੍ਹਾਂ ਕੋਲ ਪਾਪ ਦੀ ਕਮਾਈ ਦਾ ਚੋਖਾ ਧਨ ਹੋਣ ਬਾਰੇ ਵੀ ਦੱਸਿਆ ਹੈ ਤੇ ਦੂਸਰਾ ਸੇਵਾ ਮੁਕਤ ਮੁਗ਼ਲ ਕਰਮਚਾਰੀਆਂ ਦੇ ਉੱਥੇ ਆ ਕੇ ਟਿਕਾਣਾ ਕਰਨ ਬਾਰੇ ਦੱਸਿਆ ਹੈ, ਜਿਸ ਬਾਰੇ ਆਲੀ ਸਿੰਘ ਤੇ ਮਾਲੀ ਸਿੰਘ ਇਸ ਤਰ੍ਹਾਂ ਬਿਆਨ ਕਰਦੇ ਹਨ:

ਆਲੀ ਸਿੰਘ: ਨਾਲੇ ਸੱਚੇ ਪਾਤਿਸ਼ਾਹ ਏਥੇ ਸ਼ਾਸ਼ਲ ਬੇਗ ਤੇ ਵਾਸ਼ਲ ਬੇਗ ਵੀ ਰਹਿੰਦੇ ਹਨ, ਜਿਨ੍ਹਾਂ ਨੇ ਸਾਹਿਬਜ਼ਾਦਿਆਂ ਨੂੰ ਕਤਲ ਕੀਤਾ ਸੀ।

ਮਾਲੀ ਸਿੰਘ: ਗੁਰੂ ਤੇਗ ਬਹਾਦਰ ਦਾ ਸੀਸ ਉਤਾਰਨ ਵਾਲਾ ਜੱਲਾਦ ਜਲਾਲਦੀਨ ਵੀ ਏਥੇ ਹੀ ਰਹਿੰਦਾ ਹੈ।[3]

ਇਸ ਨਾਟਕ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਬੰਦਾ ਬਹਾਦਰ ਦੁਆਰਾ ਬਾਕੀ ਜਿੱਤਾਂ ਜਿੱਤਣ ਤੋਂ ਬਾਅਦ ਸਰਹੰਦ ਦੀ ਇੱਟ ਨਾਲ ਇੱਟ ਖੜਕਾਈ ਗਈ। ਧਨਾਢਾਂ ਤੇ ਚੌਧਰੀਆਂ ਦੁਆਰਾ ਬੰਦਾ ਸਿੰਘ ਬਹਾਦਰ ਦੀ ਖ਼ਿਦਮਤ ਵਿਚ ਧਨ-ਦੌਲਤ ਮੁੱਕਣ ਤੇ ਗੁਰਜਾਂ ਪੇਸ਼ ਕੀਤੀਆਂ ਗਈਆਂ ਤਾਂ ਜੋ ਉਨ੍ਹਾਂ ਦੇ ਜਾਨ ਮਾਲ ਦੀ ਰਾਖੀ ਖ਼ਾਲਸੇ ਦੁਆਰਾ ਹੁੰਦੀ ਰਹੇ। ਇਸ ਤੇ ਖ਼ਾਲਸੇ ਦੁਆਰਾ ਇਹ ਹੁਕਮ ਕੀਤਾ ਗਿਆ ਕਿ ਖ਼ਾਲਸਾ ਪਿੰਡਾਂ ਤੇ ਸ਼ਹਿਰਾਂ ਵਿਚ ਗੁਰਦੁਆਰੇ ਸਥਾਪਿਤ ਕਰੇ ਤਾਂ ਜੋ ਵੱਧ ਤੋਂ ਵੱਧ ਪ੍ਰਾਣੀ ਅੰਮ੍ਰਿਤਪਾਨ ਕਰ ਸਕਣ ਤੇ ਖ਼ਾਲਸੇ ਦੀ ਫ਼ੌਜ ਵਿਚ ਵਾਧਾ ਹੋ ਸਕੇ ਜਿਸ ਤੇ ਖ਼ਾਲਸੇ ਦਾ ਰਾਜ ਸਥਿਰ ਰਹਿ ਸਕੇ। ਬਾਜ ਸਿੰਘ ਦੇ ਕਹੇ ਹੋਏ ਸ਼ਬਦਾਂ ਤੋਂ ਇਸ ਬਾਰੇ ਪਤਾ ਲੱਗਦਾ ਹੈ:

ਬਾਜ ਸਿੰਘ....। ਤੁਹਾਡੇ ਵਿਚੋਂ ਜਿਨ੍ਹਾਂ ਨੇ ਅੰਮ੍ਰਿਤਪਾਨ ਕਰਨਾ ਹੋਵੇ ਉਹ ਅੰਮ੍ਰਿਤ ਵੇਲੇ ਹੀ ਪਹੁੰਚ ਜਾਣ। ਪਰ ਹੁਣ ਤੁਸੀਂ ਸਾਡੇ ਪਾਸੋਂ ਹੀ ਅੰਮ੍ਰਿਤਪਾਨ ਕਰਨ ਦਾ ਹਠ ਨਾ ਕਰੋ। ਪਿੰਡਾਂ ਵਿਚ ਗੁਰਦੁਆਰੇ ਬਣਾਓ, ਸੰਤਾਂ ਦੇ ਡੇਰਿਆਂ ਤੇ ਧਰਮਸ਼ਾਲਾਵਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਵਾ ਕੇ ਅੰਮ੍ਰਿਤਪਾਨ ਕਰੋ ਤੇ ਕਰਾਵੋ। ਖ਼ਾਲਸੇ ਦਾ ਰਾਜ ਤਦੇ ਸਥਿਰ ਹੋ ਸਕਦਾ ਹੈ।[4]

ਇਸ ਨਾਟਕ ਵਿਚ ਨਾਟਕਕਾਰ ਦੁਆਰਾ ਬਹਾਦਰ ਸ਼ਾਹ ਨੂੰ ਵੀ ਆਪਣੇ ਪੁਰਖਿਆਂ ਵਾਂਗ (ਔਰੰਗਜ਼ੇਬ ਨੂੰ ਛੱਡ ਕੇ) ਰੰਗਰਲੀਆਂ ਮਨਾਉਣ ਵਾਲਾ ਪੇਸ਼ ਕੀਤਾ ਗਿਆ ਹੈ ਜੋ ਇਕ ਅਮੀਰ ਦੇ ਕਹੇ ਹੋਏ ਸ਼ਬਦਾਂ ਤੋਂ ਜ਼ਾਹਿਰ ਹੁੰਦਾ ਹੈ:

ਇਕ ਅਮੀਰ: (ਦਰਵਾਜੇ ਪਾਸੋਂ ਆ ਕੇ) ਹਜ਼ੂਰ, ਇਹ ਅਜਮੇਰ ਦੇ ਪ੍ਰਸਿੱਧ ਗਵੱਈਏ ਹਨ ਜੋ ਆਪ ਦੀ ਤਫ਼ਰੀਹ ਲਈ ਮੰਗਾਏ ਗਏ ਹਨ।[5]

ਨਾਟਕਕਾਰ ਨੇ ਨਾਟਕ ਦੇ ਪੰਜਵੇਂ ਅੰਕ ਵਿਚ ਬਹਾਦਰ ਸ਼ਾਹ ਨੂੰ ਬੁੱਢਾ ਤੇ ਲਾਚਾਰ ਹੋਇਆ ਦਿਖਾਇਆ ਹੈ ਜਿਸ ਦੀ ਪਰਜਾ ਵੀ ਉਸ ਨੂੰ ਚੰਗਾ ਨਹੀਂ ਸਮਝਦੀ ਸੀ। ਇਸ ਤੋਂ ਇਲਾਵਾ ਇਹ ਵੀ ਦੱਸਿਆ ਹੈ ਕਿ ਬੰਦਾ ਬਹਾਦਰ ਦਾ ਸਾਹਮਣਾ ਕਰਨ ਲਈ ਅਮੀਰ, ਵਜ਼ੀਰ ਤੇ ਸ਼ਾਹ ਅਨਾਇਤ (ਬੁੱਲ੍ਹੇ ਸ਼ਾਹ ਦਾ ਮੁਰਸ਼ਦ) ਵਰਗੇ ਵੀ ਮੁਸਲਮਾਨਾਂ ਨੂੰ ਸਿੱਖਾਂ ਦੇ ਵਿਰੁੱਧ ਲੜਨ ਲਈ ਤਿਆਰ ਕਰ ਰਹੇ ਸਨ। ਆਮ ਲੋਕਾਂ ਵਿਚ ਇਹ ਗੱਲ ਘਰ ਕਰ ਚੁੱਕੀ ਸੀ ਕਿ ਗੁਰੂ ਕੋਲ ਕੋਈ ਗੈਬੀ ਸ਼ਕਤੀ ਹੈ ਇਸ ਲਈ ਉਸ ਦਾ ਕੋਈ ਕੁਝ ਨਹੀਂ ਵਿਗਾੜ ਸਕਦਾ ਜੋ ਮੀਰ ਅਤਾਉਲਾ ਦੁਆਰਾ ਸ਼ਾਹ ਅਨਾਇਤ ਨੂੰ ਕਹੇ ਸ਼ਬਦਾਂ ਤੋਂ ਪਤਾ ਲੱਗਦਾ ਹੈ:

ਮੀਰ ਅਤਾਉਲਾ: ਸੱਚੀ ਗੱਲ ਤਾਂ ਇਹ ਹੈ, ਉਹ ਸਮਝਦਾ ਹੈ ਇਸ ਗੁਰੂ ਕੋਲ ਗ਼ੈਬੀ ਤਾਕਤਾਂ ਹਨ, ਉਸ ਨੂੰ ਤਲਵਾਰ ਕੱਟ ਨਹੀਂ ਸਕਦੀ, ਤੀਰ ਵਿੰਨ੍ਹ ਨਹੀਂ ਸਕਦਾ।[6]

ਨਾਟਕਕਾਰ ਸੰਤ ਸਿੰਘ ਸੇਖੋਂ ਨੇ ਇਸ ਨਾਟਕ ਵਿਚ ਹਿੰਦੂਆਂ ਅਤੇ ਸਿੱਖਾਂ ਉੱਪਰ ਬਹਾਦਰ ਸ਼ਾਹ ਦੁਆਰਾ ਆਪਣੀ ਖ਼ਾਨਦਾਨੀ ਦੁਸ਼ਮਣੀ ਕੱਢਣ

ਦੀ ਗੱਲ ਵੀ ਕਹੀ ਹੈ ਜੋ ਬਹਾਦਰ ਸ਼ਾਹ ਦੁਆਰਾ ਕਹੇ ਹੋਏ ਸ਼ਬਦਾਂ ਤੋਂ ਪਤਾ ਲੱਗਦਾ ਹੈ:

ਬਹਾਦਰ ਸ਼ਾਹ: ਅੱਛਾ, ਫਿਰ ਇਹ ਫ਼ਰਮਾਨ ਵੀ ਜਾਰੀ ਕਰ ਦਿੱਤਾ ਜਾਵੇ ਕਿ ਲਾਹੌਰ ਵਿਚ ਸਭ ਹਿੰਦੂ ਦਾਹੜੀਆਂ ਮਨਾ ਲੈਣ, ਜਿਹੜੇ ਨਾ ਮਨਾਣਗੇ ਉਨ੍ਹਾਂ ਨੂੰ ਸਿੱਖ ਸਮਝ ਕੇ ਗ੍ਰਿਫ਼ਤਾਰ ਕਰ ਲਿਆ ਜਾਵੇਗਾ।[7]

ਇਸ ਤੋਂ ਅੱਗੇ ਨਾਟਕਕਾਰ ਨੇ ਇਹ ਕਹਿਣ ਦੀ ਕੋਸ਼ਿਸ਼ ਵੀ ਕੀਤੀ ਹੈ ਕਿ ਮੁਗ਼ਲ ਆਪਣੇ ਅਤੇ ਖ਼ਾਲਸੇ ਵਿਚ ਸੁਲ੍ਹਾ ਕਰਾਉਣ ਲਈ ਮਾਤਾ ਸੁੰਦਰੀ ਉੱਪਰ ਦਬਾਅ ਪਾ ਰਹੇ ਸਨ। ਇਸ ਮਾਮਲੇ ਵਿਚ ਸੁਲ੍ਹਾ ਕਰਾਉਣ ਲਈ ਭਾਈ ਨੰਦ ਲਾਲ ਮੁਗ਼ਲਾਂ ਦਾ ਪੱਖ ਪੂਰ ਰਿਹਾ ਸੀ ਤੇ ਖ਼ਾਲਸੇ ਵਿਚ ਫੁੱਟ ਪੈਂਦੀ ਦੇਖ ਕੇ ਖੁਸ਼ ਹੋ ਰਿਹਾ ਸੀ ਜੋ ਉਸ ਦੇ ਕਹੇ ਆਪਣੇ ਸ਼ਬਦਾਂ ਤੋਂ ਜ਼ਾਹਿਰ ਹੁੰਦਾ ਹੈ:

ਭਾਈ ਨੰਦ ਲਾਲ : ਫੁੱਟ ਤਾਂ ਪੈ ਹੀ ਜਾਵੇਗੀ। ਹੁਣ ਵੀ ਖ਼ਾਲਸੇ ਦਾ ਚੋਖਾ ਭਾਗ ਬੰਦੇ ਨਾਲ ਖੁਸ਼ ਨਹੀਂ। ਉਹ ਉਸ ਦੇ ਗੁਰੂ ਕਹਾਣ ਉਤੇ ਨਾਖੁਸ਼ ਹਨ। ਗੁਰੂ ਗੋਬਿੰਦ ਸਾਹਿਬ ਤੋਂ ਪਿੱਛੋਂ ਹੋਰ ਗੁਰੂ ਨਹੀਂ ਹੋ ਸਕਦਾ।[8]

ਇਸ ਨਾਟਕ ਵਿਚ ਨਾਟਕਕਾਰ ਨੇ ਇਹ ਵੀ ਦੱਸਿਆ ਹੈ ਕਿ ਭਾਈ ਮਨੀ ਸਿੰਘ ਦੀ ਬਾਜ ਸਿੰਘ ਤੇ ਫ਼ਤਿਹ ਸਿੰਘ ਵਿਚ ਇਸ ਗੱਲ ਤੇ ਬਹਿਸ ਹੁੰਦੀ ਹੈ ਕਿ ਇਹ ਬੰਦਾ ਬਹਾਦਰ, ਸ੍ਰੀ ਗੁਰੂ ਗੋਬਿੰਦ ਸਿੰਘ ਨਹੀਂ ਹੋ ਸਕਦਾ ਜਿਸ ਨੇ 'ਵਾਹਿਗੁਰੂ ਜੀ ਕੀ ਫ਼ਤਿਹ' ਦੀ ਥਾਂ 'ਫਤਹਿ ਦਰਸ਼ਨ' ਕਹਾਉਣਾ ਸ਼ੁਰੂ ਕਰ ਦਿੱਤਾ ਹੈ ਤੇ ਦੁਬਾਰਾ ਪੰਜਾਬ ਵਿਚ ਆ ਕੇ ਵਿਆਹ

ਕਰਵਾ ਲਿਆ ਹੈ, ਜੋ ਭਾਈ ਮਨੀ ਸਿੰਘ ਦੇ ਵਾਰਤਾਲਾਪ ਤੋਂ ਪਤਾ ਲੱਗਦਾ ਹੈ:

ਭਾਈ ਮਨੀ ਸਿੰਘ: ਸੱਚ ਪੁੱਛੋ ਤਾ ਸਾਨੂੰ ਸ਼ੰਕਾ ਇਨ੍ਹਾਂ ਦੇ 'ਵਾਹਿਗੁਰੂ ਜੀ ਕੀ ਫ਼ਤਿਹ' ਦੀ ਥਾਂ 'ਫਤਹਿ ਦਰਸ਼ਣ' ਦਾ ਬੋਲਾ ਪ੍ਰਚਲਿਤ ਕਰਨ ਅਤੇ ਮੁੜ ਕੇ ਇੱਥੇ ਆ ਕੇ ਵਿਆਹ ਕਰਵਾਣ ਕਰਕੇ ਹੋਇਆ ਹੈ।[੧]

ਨਾਟਕਕਾਰ ਨੇ ਜਿੱਥੇ ਬੰਦਾ ਬਹਾਦਰ ਦੀ ਬਹਾਦਰੀ ਦੀ ਗੱਲ ਆਖੀ ਹੈ ਉੱਥੇ ਇਹ ਵੀ ਕਿਹਾ ਹੈ ਕਿ ਉਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਆਪਣੀ ਸਾਰੀ ਸ਼ਕਤੀ ਦੇ ਕੇ ਮੁਗ਼ਲਾਂ ਦੁਆਰਾ ਕੀਤੇ ਜਾ ਰਹੇ ਅਤਿਆਚਾਰ ਨੂੰ ਖ਼ਤਮ ਕਰਨ ਲਈ ਪੰਜਾਬ ਵੱਲ ਭੇਜਿਆ ਸੀ। ਮੁਗ਼ਲ ਬੰਦਾ ਬਹਾਦਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਹੀ ਸਮਝਦੇ ਸਨ ਪਰ ਘਰ ਦਾ ਭੇਤੀ ਲੰਕਾ ਢਾਹੇ ਵਾਲਾ ਅਖਾਣ ਸੱਚ ਨਿਕਲਿਆ ਜੋ ਨੰਦ ਲਾਲ ਵਰਗੇ ਮੁਗ਼ਲਾਂ ਦੀ ਰਹਿਨੁਮਾਈ ਹੇਠ ਰਹਿਣ ਵਾਲੇ ਉਨ੍ਹਾਂ ਦੀ ਰਾਜਨੀਤੀ ਨਾ ਸਮਝ ਸਕੇ। ਤੇ ਮਾਤਾ ਸੁੰਦਰੀ ਤੇ ਮੁਗ਼ਲਾਂ ਵਿਚਕਾਰ ਸੰਧੀ ਕਰਵਾ ਦਿੱਤੀ, ਜਿਸ ਕਾਰਨ ਖ਼ਾਲਸਾ ਦੋਫਾੜ ਹੋ ਗਿਆ। ਇੱਥੇ ਨੰਦ ਲਾਲ ਦੇ ਆਪਣੇ ਕਹੇ ਸ਼ਬਦਾਂ ਤੋਂ ਪਤਾ ਲੱਗਦਾ ਹੈ ਕਿ ਉਹ ਮੁਗ਼ਲਾਂ ਦੀ ਬਿਹਤਰੀ ਲਈ ਇਹ ਸਭ ਕੁੱਝ ਕਰ ਰਿਹਾ ਸੀ ਨਾ ਕਿ ਖ਼ਾਲਸੇ ਲਈਂ :

ਨੰਦ ਲਾਲ: ਅਸੀਂ ਝਗੜਾ ਨਿਬੇੜਨ ਲਈ ਹੋਰ ਵੀ ਬਹੁਤ ਕੁੱਝ ਕਰਨ ਲਈ ਤਿਆਰ ਹਾਂ। ਜਿਹੜੇ ਇਲਾਕੇ ਸਿੰਘਾਂ ਨੇ ਜਿੱਤੇ ਹੋਏ ਹਨ ਅਸੀਂ ਉੱਥੇ ਉਨ੍ਹਾਂ ਦੇ ਸਰਕਰਦਿਆਂ ਨੂੰ ਜਗੀਰਾਂ ਦੇ ਦਿਆਂਗੇ। ਉਨ੍ਹਾਂ ਦੇ ਸਿਪਾਹੀਆਂ ਵਿਚੋਂ ਜਿਹੜੇ ਨੌਕਰੀ ਕਰਨਾ ਚਾਹੁਣਗੇ,

ਉਨ੍ਹਾਂ ਨੂੰ ਰਾਜਪੂਤਾਨੇ ਤੇ ਹਿਮਾਚਲ ਦੇ ਰਾਜਿਆਂ ਕੋਲ ਚਾਕਰ ਰਖਵਾ ਦਿਆਂਗੇ।[10]

ਇੱਥੇ ਨਾਟਕਕਾਰ ਨੇ ਬੰਦਾ ਬਹਾਦਰ ਤੇ ਉਸ ਦੇ ਇਕ ਸੈਨਿਕ ਵਿਨੋਦ ਸਿੰਘ ਤੇ ਉਸ ਦੇ ਪੁੱਤਰ ਕਾਹਨ ਸਿੰਘ ਵਿਚ ਮਤਭੇਦ ਹੋਣ ਦੀ ਗੱਲ ਕਹੀ ਹੈ। ਜਿਸ ਕਾਰਨ ਖ਼ਾਲਸੇ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਜੋ ਬੰਦਾ ਬਹਾਦਰ ਦੇ ਕਹੇ ਸ਼ਬਦਾਂ ਤੋਂ ਪਤਾ ਲੱਗਦਾ ਹੈ:

ਬੰਦਾ ਬਹਾਦਰ: (ਕ੍ਰੋਧ ਵਿਚ) ਕੀ ਬੇਨਤੀਆਂ ਕਰਦੇ ਸੋ ਤੁਸੀਂ? ਤੁਸੀਂ ਤਾਂ ਹੁਕਮਨਾਮਾ ਚੜ੍ਹਾ ਲਿਆਏ ਸੋ, ਦਿੱਲੀ ਵਿਚ ਮੁਗ਼ਲਾਂ ਦੀ ਕੈਦਣ ਤੋਂ। ਕੀ ਮੈਂ ਉਸ ਹੁਕਮਨਾਮੇ ਨੂੰ ਤੇ ਤੁਹਾਡੀਆਂ ਬੇਨਤੀਆਂ ਨੂੰ ਮੰਨ ਕੇ ਆਪਣੇ ਆਪ ਨੂੰ ਮੁਗ਼ਲਾਂ ਦੇ ਹਵਾਲੇ ਕਰ ਦਿੰਦਾ?[11]

ਨਾਟਕਕਾਰ ਨੇ ਜਿੱਥੇ ਖ਼ਾਲਸੇ ਦੀ ਬਹਾਦਰੀ ਦੀ ਗੱਲ ਕਹੀ ਹੈ ਉੱਥੇ ਉਨ੍ਹਾਂ ਦੇ ਸਿਦਕ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਕੌਰ ਦੇ ਪੁੱਤਰ ਹੋਣ ਦਾ ਸਬੂਤ ਵੀ ਦਿੱਤਾ ਹੈ। ਜਦੋਂ ਇਕ ਸਿੰਘ ਦੀ ਮਾਤਾ ਤੇ ਪਤਨੀ ਦੀ ਬੇਨਤੀ ਤੇ ਬਾਦਸ਼ਾਹ ਫ਼ਰਖੁਸੀਅਰ ਉਸ ਨੂੰ ਕੈਦ ਵਿਚੋਂ ਕੱਢਣ ਲੱਗਦਾ ਹੈ ਤਾਂ ਉਹ ਆਪਣੀ ਮਾਤਾ ਤੇ ਪਤਨੀ ਨੂੰ ਪਛਾਣਨ ਤੋਂ ਇਨਕਾਰ ਕਰ ਦਿੰਦਾ ਹੈ ਤੇ ਕਹਿੰਦਾ ਹੈ:

ਧਰਮ ਸਿੰਘ : ਮੈਨੂੰ ਕਾਹਦੇ ਲਈ ਮਾਫ਼ ਕੀਤਾ ਹੈ? ਮੈਂ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦਾ ਸਿੰਘ ਹਾਂ। ਇਹ ਔਰਤ ਮੇਰੀ ਮਾਤਾ ਨਹੀਂ, ਮੇਰੀ ਮਾਤਾ ਤਾਂ ਮਾਤਾ ਸਾਹਿਬ ਦੇਵਾਂ ਹੈ। ਇਹ ਦੂਜੀ ਔਰਤ ਮੇਰੀ ਵਹੁਟੀ ਨਹੀਂ। ਮੈਂ ਤਾਂ ਹਾਲੀਂ

ਵਿਆਹ ਕਰਵਾਣਾ ਹੈ, ਮੌਤ ਨਾਲ। ਛੇਤੀ ਕਰੋ ਮੇਰਾ ਮੌਤ ਨਾਲ ਵਿਆਹ ਕਰੋ।[12]

ਨਾਟਕਕਾਰ ਨੇ ਨਾਟਕ ਦੇ ਅਖ਼ੀਰ ਵਿਚ ਦੱਸਿਆ ਹੈ ਕਿ ਬੰਦਾ ਬਹਾਦਰ ਤੇ ਉਸ ਦੇ ਨਾਲ ਭੁੱਖੇ ਤ੍ਰਿਹਾਏ 700 ਸਿੰਘਾਂ ਨੂੰ ਮੁਗ਼ਲਾਂ ਦੀ ਕਈ ਹਜ਼ਾਰ ਫ਼ੌਜ ਦੁਆਰਾ ਨੰਗਲ ਦੀ ਕੱਚੀ ਗੜ੍ਹੀ ਵਿਚੋਂ ਫੜ ਲਿਆ ਗਿਆ ਹੈ ਜਿਸ ਤੇ ਉਨ੍ਹਾਂ ਨੂੰ ਇਨਾਮ ਦਿੱਤੇ ਜਾ ਰਹੇ ਹਨ ਪਰ ਨਾਟਕਕਾਰ ਇਸ ਵਿਚ ਮੁਗ਼ਲਾਂ ਦੀ ਕੋਈ ਬਹਾਦਰੀ ਵਾਲੀ ਗੱਲ ਨਹੀਂ ਸਮਝਦਾ। ਨਾਟਕਕਾਰ ਨੇ ਇਹ ਵੀ ਦੱਸਿਆ ਹੈ ਕਿ ਕਾਜ਼ੀ ਦੁਆਰਾ ਸਜ਼ਾ ਸੁਣਾਉਂਦੇ ਹੋਏ ਬੰਦਾ ਬਹਾਦਰ ਤੇ ਉਸ ਦੇ ਸਾਥੀਆਂ ਨੂੰ ਇਸਲਾਮ ਧਰਮ ਗ੍ਰਹਿਣ ਕਰਨ ਤੇ ਸਜ਼ਾ ਮਾਫ਼ ਕਰਨ ਤੇ ਉਨ੍ਹਾਂ ਨੂੰ ਉਚੇ ਅਹੁਦੇ ਦੇਣ ਦੀ ਤਜ਼ਵੀਜ ਵੀ ਰੱਖੀ ਸੀ ਜਿਸ ਨੂੰ ਉਹ ਠੁਕਰਾ ਦਿੰਦੇ ਹਨ। ਜਦੋਂ ਮੁਗ਼ਲਾਂ ਦੁਆਰਾ ਬੰਦੇ ਨੂੰ ਮੁਗ਼ਲਾਂ ਦਾ ਘਾਣ ਕਰਨ ਬਾਰੇ ਪੁੱਛਿਆ ਜਾਂਦਾ ਹੈ ਤਾਂ ਬੰਦਾ ਬਹਾਦਰ ਕਹਿੰਦਾ ਹੈ:

ਬੰਦਾ ਬਹਾਦਰ: ਮੈਂ ਦੱਸਦਾ ਹਾਂ, ਜਦੋਂ ਹਾਕਮ ਇਤਨੇ ਭ੍ਰਿਸ਼ਟ ਤੇ ਅੱਤਿਆਚਾਰੀ ਹੋ ਜਾਣ, ਨਿਆਇ ਦੇ ਮਾਰਗ ਨੂੰ ਛਡ ਜਾਣ ਤੇ ਹਰ ਕਿਸਮ ਦਾ ਤਸ਼ੱਦਦ ਕਰਨ ਲਗ ਪੈਣ ਤਾਂ ਵਾਹਿਗੁਰੂ ਅਜਿਹੇ ਗਿਰੇ ਹੋਏ ਲੋਕਾਂ ਨੂੰ ਸਜ਼ਾ ਦੇਣ ਲਈ ਮੇਰੇ ਵਰਗੇ ਬਾਧਕ ਨੂੰ ਭੇਜਦਾ ਹੈ। ਪਰ ਫਿਰ ਜਦੋਂ ਦੁਸ਼ਟਾਂ ਨੂੰ ਪੂਰੀ ਸਜ਼ਾ ਮਿਲ ਚੁਕਦੀ ਹੈ ਤਾਂ ਉਹ ਤੇਰੇ ਵਰਗਿਆਂ ਕੋਲੋਂ ਅਜਿਹੇ ਬਾਧਕ ਨੂੰ ਦੰਡ ਵੀ ਦਿਵਾਂਦਾ ਹੈ।[13]

ਨਾਟਕ ਦੇ ਅਖ਼ੀਰ ਵਿਚ ਸਿੰਘਾਂ ਨੂੰ ਮੁਗ਼ਲਾਂ ਦੁਆਰਾ ਕਤਲ ਕੀਤਾ ਜਾ ਰਿਹਾ ਹੈ। ਬੰਦਾ ਬਹਾਦਰ ਦੇ ਤਿੰਨ ਸਾਲਾ ਪੁੱਤਰ ਦਾ ਕਲੇਜਾ ਕੱਢ ਕੇ

ਉਸ ਦੇ ਮੂੰਹ ਵਿਚ ਤੁੰਨਿਆ ਜਾਂਦਾ ਹੈ ਪਰ ਇੱਥੇ ਬੰਦਾ ਬਹਾਦਰ ਤੇ ਉਸ ਦੇ ਨਾਲ ਸਿੰਘਾਂ ਨੂੰ ਵਾਹਿਗੁਰੂ ਦਾ ਭਾਣਾ ਮੰਨਦਿਆਂ ਅਡੋਲ ਦਿਖਾਇਆ ਗਿਆ ਹੈ। ਨਾਟਕਕਾਰ ਨੇ ਜਿੱਥੇ ਖ਼ਾਲਸੇ ਦੇ ਸਿਦਕ ਨੂੰ ਸਲਾਇਆ ਹੈ ਉੱਥੇ ਬਾਬਾ ਕਾਹਨ ਸਿੰਘ ਨੂੰ ਨਿੰਦਿਆ ਵੀ ਹੈ ਜੋ ਮੁਗ਼ਲਾਂ ਦੀ ਰਹਿਨੁਮਾਈ ਕਰ ਰਿਹਾ ਸੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਚੜ੍ਹਾਵੇ ਵਿਚੋਂ ਮੁਗ਼ਲਾਂ ਨੂੰ ਮਾਮਲਾ ਦਿੰਦਾ ਹੈ। ਇਸ ਤੇ ਲਾਹੌਰਾ ਸਿੰਘ ਦੇ ਮੂੰਹੋਂ ਕਾਹਨ ਸਿੰਘ ਦੇ ਮੁਗ਼ਲਾਂ ਨਾਲ ਮਿਲੇ ਹੋਣ ਬਾਰੇ ਇਸ ਤਰ੍ਹਾਂ ਪਤਾ ਲੱਗਦਾ ਹੈ:

ਲਾਹੌਰਾ ਸਿੰਘ: (ਆਪਣੀ ਧਿਰ ਮਾੜੀ ਵੇਖ ਕੇ ਆਪਣੇ ਸਾਥੀਆਂ ਨੂੰ) ਚਲੋ, ਭਾਈ, ਨਿਕਲ ਚੱਲੋ, (ਬਾਬਾ ਕਾਹਨ ਸਿੰਘ ਵੱਲ ਇਸ਼ਾਰਾ ਕਰਕੇ) ਇਨ੍ਹਾਂ ਨੇ ਸਤਿਗੁਰੂ ਨੂੰ ਮਰਵਾ ਦਿੱਤਾ, ਇਹ ਸਾਡੇ ਕਦੋਂ ਬਣਦੇ ਹਨ?[14]

ਨਾਟਕ ਬੰਦਾ ਬਹਾਦਰ ਵਿਚ ਪਾਤਰਾਂ ਦੀ ਗਿਣਤੀ 40 ਤੋਂ ਵੱਧ ਹੈ ਜਿਸ ਕਾਰਨ ਨਾਟਕ ਆਪਣੇ ਸਮੇਂ ਤੇ ਸਥਾਨ ਦੀ ਹੋਂਦ ਗਵਾ ਬੈਠਦਾ ਹੈ ਤੇ ਕਿਤੇ ਕਿਤੇ ਲੰਬੇ ਸੰਵਾਦ ਹੋਣ ਕਾਰਨ ਭਾਸ਼ਣ ਵਰਗਾ ਮਾਹੌਲ ਪੈਦਾ ਹੁੰਦਾ ਹੈ। ਧਾਰਮਿਕ ਨਾਟਕ ਹੁੰਦੇ ਹੋਏ ਵੀ ਇਸ ਵਿਚਲੇ ਸਾਰੇ ਹੀ ਪਾਤਰਾਂ ਨੂੰ ਰੰਗਮੰਚ ਤੇ ਲਿਆਂਦਾ ਗਿਆ ਹੈ।

ਨਾਟਕ ਵਿਚ ਕਿਤੇ ਕਿਤੇ ਤੁਕਾਂ ਵੀ ਵਰਤੀਆਂ ਗਈਆਂ ਹਨ, ਜਿਵੇਂ :

ਬੰਦਾ ਬਹਾਦਰ : ਇਨਹੀ ਕੀ ਕ੍ਰਿਪਾ ਸੇ ਸਜੇ ਹਮ ਹੈਂ,
ਨਹੀਂ ਮੋ ਸੇ ਗਰੀਬ ਕਰੋ ਪਰੋ।[15]

ਇਸ ਨਾਟਕ ਦਾ ਵਾਤਾਵਰਨ ਪਿਛਲੇ ਮੁਗ਼ਲਈ ਕਾਲ ਵਾਲਾ ਹੈ, ਇਸ ਲਈ ਇਸ ਦੇ ਮੁਸਲਮਾਨ ਪਾਤਰ ਅਰਬੀ, ਫ਼ਾਰਸੀ ਸ਼ਬਦਾਵਲੀ ਦੀ ਵੀ

ਵਰਤੋਂ ਕਰਦੇ ਹਨ ਜਿਵੇਂ, ਖਿਦਮਤਗਾਰ, ਵਫ਼ਾਤ, ਸ਼ਖਸ਼, ਫਰਜੰਦ, ਆਤਿਸ਼, ਨਿਗਾਹਬਾਨੀ, ਫਰੇਬ, ਤੰਬੀਹ, ਸਰਕੋਬੀ, ਤਾਮੀਲ, ਤਫ਼ਰੀਹ, ਫ਼ਰਮਾਨ ਆਦਿ।

ਇਹ ਨਾਟਕ ਰੰਗਮੰਚ ਪੱਖੋਂ ਬਹੁਤਾ ਸਫ਼ਲ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਸ ਵਿਚ ਇਕ ਤਾਂ ਪਾਤਰ ਬਹੁਤ ਹਨ ਦੂਸਰਾ ਕਿਤੇ ਕਿਤੇ ਸੰਵਾਦ ਬਹੁਤ ਲੰਬੇ ਲੰਬੇ ਹਨ ਜੋ ਨਾਟਕ ਦੀ ਚੂਲ ਢਿੱਲੀ ਕਰਦੇ ਜਾਪਦੇ ਹਨ। ਇਸ ਨਾਟਕ ਦੀ ਸਟੇਜ ਸੈਟਿੰਗ ਬਹੁਤ ਸਾਧਾਰਨ ਹੈ ਬਹੁਤੀ ਸਮੱਗਰੀ ਦੀ ਲੋੜ ਨਹੀਂ ਪੈਂਦੀ ਕਿਉਂਕਿ ਸਾਰਾ ਕੁਝ ਇਕ ਹੀ ਸਥਾਨ ਤੇ ਵਾਪਰਦਾ ਹੈ।

ਸੰਤ ਸਿੰਘ ਸੇਖੋਂ ਰਚਿਤ ਨਾਟਕ 'ਬੰਦਾ ਬਹਾਦਰ' ਦੇ ਆਲੋਚਨਾਤਮਕ ਅਧਿਐਨ ਉਪਰੰਤ ਸਪਸ਼ਟ ਹੁੰਦਾ ਹੈ ਕਿ ਸੰਤ ਸਿੰਘ ਸੇਖੋਂ ਦੇ ਬਾਕੀ ਪੂਰੇ ਨਾਟਕਾਂ ਵਾਂਗ ਇਸ ਨਾਟਕ ਵਿਚ ਫੈਲਾਅ ਜ਼ਿਆਦਾ ਹੈ, ਕਾਰਜ ਦੀ ਘਾਟ ਹੈ ਮੰਚ ਪੱਖੋਂ ਸਫ਼ਲ ਹੋਣ ਦੀਆਂ ਸੰਭਾਵਨਾਵਾਂ ਘੱਟ ਹਨ। ਲੇਕਿਨ ਬੰਦਾ ਬਹਾਦਰ ਦੀ ਸ਼ਖ਼ਸੀਅਤ ਦੀ ਉਸਾਰੀ ਪੱਖੋਂ ਇਹ ਇਕ ਮਹੱਤਵਪੂਰਨ ਇਤਿਹਾਸਕ ਨਾਟਕ ਹੈ ਜਿਹੜਾ ਸਿੱਖ ਇਤਿਹਾਸ ਦੇ ਪ੍ਰਮੁੱਖ ਨਾਇਕ ਬੰਦਾ ਬਹਾਦਰ ਦੇ ਜੀਵਨ ਤੇ ਕਾਰਜਾਂ ਨੂੰ ਸਮੱਗਰ ਰੂਪ ਵਿਚ ਪੇਸ਼ ਕਰਦਾ ਹੈ।

**(ਅ) ਮਹਾਰਾਜਾ ਰਣਜੀਤ ਸਿੰਘ ਨਾਲ ਸੰਬੰਧਿਤ ਸਤੀਸ਼ ਕੁਮਾਰ ਵਰਮਾ ਰਚਿਤ ਨਾਟਕ 'ਲੋਕ ਮਨਾਂ ਦਾ ਰਾਜਾ'**

ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਨਾਲ ਸੰਬੰਧਿਤ ਨਾਟਕ 'ਲੋਕ ਮਨਾਂ ਦਾ ਰਾਜਾ' ਲਿਖਣ ਵਾਲੇ ਸਤੀਸ਼ ਕੁਮਾਰ ਵਰਮਾ ਨੇ ਸਾਹਿਤ ਦੀ ਹਰ ਵਿਧਾ ਤੇ ਹੱਥ ਅਜ਼ਮਾਈ ਕੀਤੀ ਹੈ ਤੇ ਉਹ ਪੰਜਾਬੀ ਸਾਹਿਤ ਜਗਤ ਦੇ ਹਰਫ਼ਨ ਮੌਲਾ ਸਾਹਿਤਕਾਰ ਵਜੋਂ ਸਵੀਕਾਰ ਤੇ ਸਤਿਕਾਰੇ ਜਾਂਦੇ ਹਨ। ਲੇਕਿਨ

ਨਾਟ-ਖੇਤਰ ਵਿਚ ਉਸਦਾ ਵਿਸ਼ੇਸ਼ ਯੋਗਦਾਨ ਹੈ। ਅਸਲ ਵਿਚ ਸਤੀਸ਼ ਕੁਮਾਰ ਵਰਮਾ ਪੰਜਾਬੀ ਨਾਟਕ ਦੀ ਚੌਥੀ ਪੀੜ੍ਹੀ ਦਾ ਮੋਢੀ ਨਾਟਕਕਾਰ ਹੈ। ਨਾਟਕ ਵਿਚ ਯਥਾਰਥਵਾਦੀ ਨਾਟ-ਸ਼ੈਲੀ ਅਤੇ ਨੁੱਕੜ ਨਾਟਕ ਦੀਆਂ ਵਿਧੀਆਂ ਤੋਂ ਇਲਾਵਾ ਉਸ ਨੇ ਅਬੋਲ ਸੰਚਾਰ ਨੂੰ ਉਸਾਰਨ ਦਾ ਯਤਨ ਵੀ ਕੀਤਾ ਹੈ। ਆਪ ਜੀ ਦੀ ਸ਼ਹਿਰੀ ਤੇ ਪੇਂਡੂ ਭਾਸ਼ਾ ਤੇ ਇਕੋ ਜਿੰਨੀ ਪਕੜ ਵੀ ਉਨ੍ਹਾਂ ਦੇ ਨਾਟ-ਸੰਚਾਰ ਵਿਚ ਮੁੱਖ ਰੋਲ ਨਿਭਾਉਂਦੀ ਹੈ।

ਇਸ ਖੋਜ-ਪ੍ਰਬੰਧ ਵਿਚ ਡਾ. ਸਤੀਸ਼ ਕੁਮਾਰ ਵਰਮਾ ਦਾ ਬਹੁਵਿਧਾਈ ਨਾਟਕ 'ਲੋਕ ਮਨਾਂ ਦਾ ਰਾਜਾ' ਲਿਆ ਗਿਆ ਹੈ ਜੋ ਸਿੱਖ ਇਤਿਹਾਸ ਨਾਲ ਸੰਬੰਧਿਤ ਸਿਖ ਨਾਇਕ ਮਹਾਰਾਜਾ ਰਣਜੀਤ ਸਿੰਘ ਦੀ ਜ਼ਿੰਦਗੀ ਤੇ ਆਧਾਰਿਤ ਹੈ। ਇਹ ਪਹਿਲੀ ਵਾਰ 2004 ਈ: ਵਿਚ ਲਿਖਿਆ ਗਿਆ ਜਿਸ ਵਿਚ ਵੀਹ ਦੇ ਲਗਪਗ ਪਾਤਰ ਹਨ। ਇਹ ਰੋਸ਼ਨੀ ਤੇ ਆਵਾਜ਼ ਉਤੇ ਆਧਾਰਿਤ ਨਾਟਕ ਹੈ ਜਿਸ ਵਿਚ ਚਾਰ ਮੰਚ ਇਕ ਹੀ ਮੰਚ ਤੇ ਸਥਾਪਿਤ ਹਨ ਤੇ ਪੰਜਵੇਂ ਵਿਚ ਇਕ ਸਕਰੀਨ ਬੋਰਡ ਦੀ ਸਹਾਇਤਾ ਲਈ ਗਈ ਹੈ। ਮੰਚ ਨੰ:1 ਤੇ ਸੂਤਰਧਾਰ, ਨਟ-ਨਟੀ ਤੇ ਮਰਾਸੀ ਆਪਣਾ ਰੋਲ ਨਿਭਾਉਂਦੇ ਹਨ। ਮੰਚ ਨੰ:2 ਜੀਵੰਤ ਅਦਾਕਾਰੀ ਦ੍ਰਿਸ਼ਾਂ ਲਈ, ਮੰਚ ਨੰ:3 ਜੀਵੰਤ ਅਦਾਕਾਰੀ ਦ੍ਰਿਸ਼ਾਂ ਲਈ, ਮੰਚ ਨੰ:4 ਢਾਡੀਆਂ ਅਤੇ ਸੰਗੀਤ ਮੰਡਲੀ ਲਈ ਤੇ ਵਿਚਕਾਰ ਵੀਡੀਓ ਦ੍ਰਿਸ਼ਾਂ ਤੇ ਸਟਿਲ ਫੋਟੋ ਲਈ ਸਕਰੀਨ ਹੈ। ਇਸ ਨਾਟਕ ਦੀ ਉਸਾਰੀ ਸੰਬੰਧੀ ਨਾਟਕਕਾਰ ਖੁਦ ਲਿਖਦਾ ਹੈ:

> ਇਸ ਰਚਨਾ ਦਾ ਬਹਾਨਾ ਵੀ 2001 ਦੇ ਵਰ੍ਹੇ ਰਣਜੀਤ ਸਿੰਘ ਦੀ ਗੱਦੀ ਨਸ਼ੀਨੀ ਦੀ ਦੂਜੀ ਸ਼ਤਾਬਦੀ ਸਮੇਂ ਪਿਆਰੇ ਮਿੱਤਰ ਰਵੇਲ ਸਿੰਘ ਦੁਆਰਾ ਮਿਲਿਆ ਮਿੱਤਰ ਰਾਬਿੰਦਰ ਨਰਾਇਣ ਤੇ ਉਸ ਦੇ

ਸਾਥੀਆਂ ਦਾ ਉਹ ਸੱਦਾ ਸੀ ਜਿਸ ਰਾਹੀਂ ਉਹ ਰਣਜੀਤ ਸਿੰਘ ਬਾਰੇ ਕੋਈ 'ਰੋਸ਼ਨੀ ਤੇ ਆਵਾਜ਼' ਨਾਟਕ ਚਾਹੁੰਦੇ ਸਨ, ਜਿਸ ਨੂੰ ਉਹ ਵੱਡੇ ਪੱਧਰ ਤੇ ਪ੍ਰੋਡਿਊਸ ਕਰ ਸਕਣ।[16]

ਨਾਟਕਕਾਰ ਅਨੁਸਾਰ 'ਲੋਕ ਮਨਾਂ ਦਾ ਰਾਜਾ' ਨਾਟਕ ਲਿਖਣ ਦਾ ਉਦੇਸ਼ ਇਹ ਹੈ ਕਿ ਇੱਕ ਤਾ ਸਿੱਖ ਰਾਜ ਦੀ ਇਤਿਹਾਸਕਤਾ ਦੇ ਗੌਰਵਮਈ ਰਾਜ ਨਾਲ ਸਰੋਤਿਆਂ ਨੂੰ ਜੋੜਨਾ ਤੇ ਦੂਸਰਾ ਮਹਾਰਾਜਾ ਰਣਜੀਤ ਸਿੰਘ ਦੇ ਸੈਕੂਲਰ ਰਾਜ ਤੇ ਉਸ ਦੀ ਸ਼ਖ਼ਸੀਅਤ ਤੋਂ ਜਾਣੂ ਕਰਾਉਣਾ ਤੇ ਮਹਾਰਾਜਾ ਪ੍ਰਤੀ ਲੋਕਾਂ ਦੇ ਮਨਾਂ ਵਿਚ ਸ਼ਰਧਾ ਤੇ ਪਿਆਰ ਭਾਵਨਾ ਉਤਪੰਨ ਕਰਨਾ ਹੈ।

ਮਹਾਰਾਜਾ ਰਣਜੀਤ ਸਿੰਘ ਦੁਆਰਾ ਅਨੇਕਾਂ ਜਿੱਤਾਂ ਤੋਂ ਬਾਅਦ ਵਿਸ਼ਾਲ ਪੰਜਾਬੀ ਰਾਜ ਜਾਂ ਸਿੱਖ ਰਾਜ ਸਥਾਪਿਤ ਕਰਨਾ ਤੇ ਸਾਰੀ ਉਮਰ ਆਪ ਤਖ਼ਤ ਤੇ ਨਾ ਬੈਠਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸ ਗੁਰੂ ਸਾਹਿਬਾਨ ਨੂੰ ਹਾਜ਼ਰ-ਨਾਜ਼ਰ ਸਮਝ ਰਾਜ ਚਲਾਉਣਾ, ਆਪ ਪਰਜਾ ਦਾ ਸੇਵਾਦਾਰ ਕਹਾਉਣਾ, ਗੁਰੂ ਨਾਨਕ ਦੇ ਨਾਮ ਤੇ ਸਿੱਕਾ ਜਾਰੀ ਕਰਨਾ, ਪਰਜਾ ਨਾਲ ਨੇੜਤਾ, ਸਹਿਣਸ਼ੀਲਤਾ, ਮਾਨਵਤਾ ਪ੍ਰੇਮ, ਨਿਆਂਸ਼ੀਲਤਾ ਆਦਿ ਪੱਖਾਂ ਨਾਲ ਭਰਪੂਰ ਇਹ ਨਾਟਕ 'ਲੋਕ ਮਨਾਂ ਦਾ ਰਾਜਾ' ਮਹਾਰਾਜਾ ਰਣਜੀਤ ਸਿੰਘ ਬਾਰੇ ਲੋਕਾਂ ਦੇ ਮਨਾਂ ਦੀ ਅੰਦਰੂਨੀ ਤਰਜਮਾਨੀ ਕਰਦਾ ਹੈ। ਇਸ ਦਾ ਪ੍ਰਮਾਣ ਇਹ ਹੈ ਕਿ ਕਿਤੇ ਮਹਾਰਾਜਾ ਰਣਜੀਤ ਸਿੰਘ ਕਿਸੇ ਬਿਰਧ ਦੀ ਅਨਾਜ ਨਾਲ ਭਰੀ ਪੰਡ ਉਸ ਦੇ ਘਰ ਛੱਡ ਆਉਂਦਾ ਹੈ, ਕਿਤੇ ਆਪਣੇ ਪਾਰਸਮਈ ਬਿੰਬ ਨੂੰ ਲੋਕ ਮਨਾਂ ਵਿਚ ਪੱਕਾ ਕਰਨ ਲਈ ਕਿਸੇ ਅੰਨ੍ਹੀ ਬੁੜ੍ਹੀ ਨੂੰ ਕਾਲੇ ਪਤੀਲੇ ਦੇ ਬਰਾਬਰ ਸੋਨਾ ਤੋਲ ਕੇ ਦੇ ਦਿੰਦਾ ਹੈ, ਕਿਤੇ ਵੱਡੇ ਕਾਤਿਬ ਨੂੰ ਬਿਨਾਂ ਕਿਸੇ ਧਾਰਮਿਕ ਭੇਦ-ਭਾਵ ਦੇ ਉਸ ਦੀ ਵਿਦਵਤਾ ਤੇ ਮਿਹਨਤ ਦਾ ਸਹੀ ਇਵਜ਼ਾਨਾ ਦਿੰਦਾ ਹੈ, ਕਿਤੇ ਬੱਚਿਆਂ ਨੂੰ ਮੱਥੇ ਵਿਚ ਵੱਟਾ ਮਾਰਨ ਬਦਲੇ

ਕਿਸੇ ਪ੍ਰਕਾਰ ਦੀ ਸਜ਼ਾ ਦੇਣ ਤੋਂ ਉਲਟ ਉਨ੍ਹਾਂ ਨੂੰ ਇਹ ਕਹਿ ਕੇ ਇਨਾਮ ਦਿੰਦਾ ਹੈ ਕਿ 'ਜੇ ਇਕ ਬੇਰੀ ਅਨੇਕਾਂ ਪੱਥਰ ਝੱਲ ਕੇ ਮਿੱਠੇ ਬੇਰ ਦੇ ਸਕਦੀ ਹੈ ਤਾਂ ਮੈਂ ਇਸ ਬੱਚੇ ਨੂੰ ਸਜ਼ਾ ਕਿਉਂ ਦੇਵਾਂ, ਕਦੇ ਸ਼ੇਰਨੀ ਦੇ ਬੱਚੇ ਨੂੰ ਇਸ ਕਰਕੇ ਪਿੰਜਰੇ ਤੋਂ ਅਜ਼ਾਦ ਕਰਵਾ ਦਿੰਦਾ ਹੈ ਕਿ ਮਾਂ ਭਾਵੇਂ ਇਨਸਾਨ ਦੀ ਹੋਵੇ ਜਾਂ ਜਾਨਵਰ ਦੀ ਮਮਤਾ ਤਾਂ ਇਕੋ ਜਿਹੀ ਹੀ ਹੁੰਦੀ ਹੈ। ਨਾਟਕਕਾਰ ਨੇ ਇਨ੍ਹਾਂ ਸਾਰੀਆਂ ਗੱਲਾਂ ਰਾਹੀਂ ਮਹਾਰਾਜਾ ਰਣਜੀਤ ਸਿੰਘ ਦਾ ਲੋਕ ਮਨਾਂ ਵਿਚ ਇੱਕ ਲੋਕ-ਹਿਤੈਸ਼ੀ, ਸੱਚੇ ਹਮਦਰਦ, ਧਰਮ-ਨਿਰਪੱਖ ਤੇ ਪਰਜਾ ਪਾਲਕ ਰਾਜੇ ਦਾ ਬਿੰਬ ਸਥਾਪਤ ਕੀਤਾ ਹੈ ਤੇ ਇਸ ਤੋਂ ਇਲਾਵਾ ਉਸ ਦੇ ਜੀਵਨ ਦੇ ਹਰ ਪੱਖ ਤੇ ਝਾਤ ਪਵਾਈ ਹੈ। ਇਸ ਨਾਟਕ ਦਾ ਆਰੰਭ 'ਪਿਛੋਕੜ ਆਵਾਜ਼' ਨਾਲ ਹੁੰਦਾ ਹੈ ਜਿਸ ਵਿਚ ਮਹਾਰਾਜੇ ਦੀ ਸ਼ਖ਼ਸੀਅਤ ਬਾਰੇ ਲੋਕਾਂ ਦੇ ਮਹਾਰਾਜਾ ਪ੍ਰਤੀ ਸ਼ਰਧਾ ਪੂਰਵਕ ਮਨਾਂ ਆਦਿ ਨੂੰ ਪੇਸ਼ ਕਰਦਾ ਹੈ। ਇਹ ਨਾਟਕ ਬਹੁ-ਵਿਧਾਈ ਤਕਨੀਕ ਨੂੰ ਅਪਨਾਉਂਦਾ ਹੈ। ਇਸ ਵਿਚ ਸ਼ਾਹ ਮੁਹੰਮਦ ਦੁਆਰਾ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਵਿਚੋਂ ਕੁਝ ਸਤਰਾਂ ਢਾਡੀ ਗਾ ਰਹੇ ਹਨ ਜੋ ਮਹਾਰਾਜਾ ਦੀ ਸ਼ਖ਼ਸੀਅਤ ਨੂੰ ਉਜਾਗਰ ਕਰਦੀਆਂ ਹਨ:

ਢਾਡੀ: ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ..........
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾ
ਅੱਛਾ ਰੱਜ ਕੇ ਰਾਜ ਕਮਾਇ ਗਿਆ।[17]

ਇਸ ਨਾਟਕ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਬਹਾਦਰੀ, ਉਨ੍ਹਾਂ ਦੁਆਰਾ ਜਿੱਤੇ ਗਏ ਬਹੁਤ ਸਾਰੇ ਇਲਾਕੇ ਤੇ ਵਿਸ਼ਾਲ ਰਾਜ ਦੀ ਕਾਇਮੀ, ਸਿੱਕਾ ਚਲਾਉਣਾ ਅਤੇ ਪੂਰੇ 50 ਸਾਲ ਖ਼ੂਬਸੂਰਤੀ ਨਾਲ ਰੱਜ ਕੇ ਰਾਜ

ਕਰਨਾ ਢਾਡੀਆਂ ਦੁਆਰਾ ਗਾਏ ਬੰਦਾਂ ਤੋਂ ਪਤਾ ਲੱਗਦਾ ਹੈ। ਸੂਤਰਧਾਰ ਪੰਜਾਬ ਦੀ ਤੇ ਸ੍ਰੀ ਗੁਰੂ ਨਾਨਕ ਦੇਵ ਦੇ ਬੋਲਾਂ ਦੀ ਸਿਫ਼ਤ ਕਰਦਾ ਹੋਇਆ ਇੰਜ ਕਹਿੰਦਾ ਹੈ:

ਸੂਤਰਧਾਰ: ਪੰਜ ਦਰਿਆਵਾਂ ਦੀ ਧਰਤੀ ਪੰਜਾਬ...........
ਜਿੱਥੇ ਵਗਦੇ ਮਿੱਠੇ ਪਾਣੀ ਦੀ ਕਲਕਲ
ਅਗੰਮੀ ਸੁਆਦ ਨਾਲ ਲਬਰੇਜ਼ ਹੈ
ਪੰਜਾਬ, ਜਿੱਥੇ ਗੁਰੂ ਨਾਨਕ ਦੇ ਬੋਲ ਗੂੰਜੇ[੧੪]

ਇਸ ਤੋਂ ਇਲਾਵਾ ਨਾਟਕਕਾਰ ਨੇ ਇਸ ਨਾਟਕ ਵਿਚ ਸੰਗੀਤ ਮੰਡਲੀ ਦੁਆਰਾ ਭਗਤ ਕਬੀਰ, ਸ੍ਰੀ ਗੁਰੂ ਨਾਨਕ ਦੇਵ, ਸ੍ਰੀ ਗੁਰੂ ਗੋਬਿੰਦ ਸਿੰਘ ਤੇ ਸ਼ੇਖ ਫ਼ਰੀਦ ਦੀ ਬਾਣੀ ਵਿਚੋਂ ਸ਼ਬਦਾਂ ਦੀਆਂ ਤੁਕਾਂ ਲਈਆਂ ਹਨ ਜੋ ਲੋਕ ਤੱਥ ਤੇ ਦੁਨਿਆਵੀ ਸੱਚਾਈਆਂ ਹੋ ਨਿਬੜੀਆਂ ਹਨ ਤੇ ਇਹ ਮਾਨਵਤਾ ਨੂੰ ਪਰਮਾਤਮਾ ਦੇ ਇਕੋ ਨੂਰ ਤੋਂ ਉਪਜੇ 'ਨਾ ਕੋ ਹਿੰਦੂ ਨਾ ਕੋ ਮੁਸਲਮਾਂ', 'ਅਵਲ ਅਲ੍ਹਾ ਨੂਰ ਉਪਾਇਆ'......., 'ਭੈ ਕਾਹੂ ਕੋ ਦੇਤ ਨਾਹਿ', 'ਚੂੰ ਕਾਰ ਅਜ਼ ਹਮਾ ਹੀਲਤੇ', 'ਬਾਰ ਪਰਾਇ ਬੈਸਣਾ ਸਾਂਈ ਮੁਝਹਿ ਨਾ ਦੇਹਿ', 'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ', 'ਜਬ ਆਵ ਕੀ ਅਉਧ ਨਿਧਾਨ ਬਨੇ' ਆਦਿ ਸ਼ਬਦਾਂ ਰਾਹੀਂ ਸਭ ਦੁਨੀਆਂ ਦੇ ਸਾਂਝੇ ਧਰਮ, ਇਕੋ ਇਨਸਾਨ, ਧਰਮ ਲਈ ਮਰ ਮਿਟਣਾ, ਸ਼ੁਭ ਕੰਮਾਂ ਲਈ ਕਦੇ ਨਾ ਪਿੱਛੇ ਹਟਣਾ ਆਦਿ ਬਾਰੇ ਇਸ ਨਾਟਕ ਵਿਚ ਗੁਰੂ ਸਾਹਿਬ ਦੇ ਸ਼ਬਦ ਸੰਗੀਤ ਮੰਡਲੀ ਰਾਹੀਂ ਗਵਾ ਕੇ ਇਕ ਤਾਂ ਸੰਗੀਤਕ ਮਾਹੌਲ ਸਿਰਜਿਆ ਹੈ ਤੇ ਦੂਸਰਾ ਇਹ ਮਹਾਰਾਜਾ ਰਣਜੀਤ ਸਿੰਘ ਦੀ ਸ਼ਖ਼ਸੀਅਤ ਨਾਲ ਸੰਬੰਧਿਤ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਵਿਚੋਂ ਲਏ ਬੰਦ ਨਾਟਕ ਦੀ ਸਫ਼ਲ ਪੇਸ਼ਕਾਰੀ ਕਰਦੇ ਗਵਾਏ ਹਨ।

ਇਸ ਤੋਂ ਇਲਾਵਾ ਨਾਟਕਕਾਰ ਨੇ ਇਸ ਨਾਟਕ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਬਹਾਦਰੀ ਦਾ ਉਹ ਪੱਖ ਵੀ ਪੇਸ਼ ਕੀਤਾ ਹੈ ਜਿਸ ਕਾਰਨ ਮਹਾਰਾਜਾ ਰਣਜੀਤ ਸਿੰਘ ਇਲਾਕੇ ਜਿੱਤਦਾ ਆ ਰਿਹਾ ਸੀ। ਉਸ ਦੇ ਦ੍ਰਿੜ ਇਰਾਦੇ ਅੱਗੇ ਕੋਈ ਵੀ ਰੁਕਾਵਟ ਅੜ ਨਹੀਂ ਸੀ ਸਕਦੀ। ਜਦੋਂ ਅਟਕ ਦਰਿਆ ਤੋਂ ਪਾਰ ਫ਼ਤਹਿ ਖਾਂ ਅਫ਼ਗਾਨ ਨਾਲ ਘਮਸਾਨ ਦਾ ਯੁੱਧ ਛਿੜਿਆ ਹੋਇਆ ਸੀ ਤਾਂ ਉਸ ਵਕਤ ਦਰਿਆ ਅਟਕ ਤੋਂ ਅਫ਼ਗਾਨਾਂ ਨੇ ਪੁਲ ਤੋੜ ਦਿੱਤਾ ਤੇ ਮਹਾਰਾਜਾ ਰਣਜੀਤ ਸਿੰਘ ਨੇ ਫ਼ੌਜਾਂ ਨੂੰ ਕਿਹਾ :

ਮਹਾਰਾਜਾ : ਸੈਨਾਪਤੀ ! ਇਹ ਅਟਕ ਉਨ੍ਹਾਂ ਲਈ ਅਟਕ ਹੈ ਜਿਨ੍ਹਾਂ ਦੇ ਮਨਾਂ ਵਿਚ ਅਟਕ ਹੈ। ਇਸ ਵਕਤ ਸਾਡੇ ਲਈ ਕੋਈ ਅਟਕ ਅਟਕ ਨਹੀਂ ਬਣ ਸਕਦਾ। ਸਾਰੀ ਸੈਨਾ ਨੂੰ ਹੁਕਮ ਦਿਉ ਕਿ ਮੇਰੇ ਪਿੱਛੇ ਪਿੱਛੇ ਆਵੇ।[19]

ਨਾਟਕਕਾਰ ਨੇ 'ਲੋਕ ਮਨਾਂ ਦਾ ਰਾਜਾ' ਨਾਟਕ ਰਾਹੀਂ ਇਕ ਸਫ਼ਲ ਨਾਟਕ ਵਾਲੇ ਸਾਰੇ ਗੁਣਾਂ ਨਾਲ ਭਰਪੂਰ ਨਾਟਕ ਦੀ ਰਚਨਾ ਕੀਤੀ ਹੈ। ਇਸ ਵਿਚ ਮਰਾਸੀਆਂ, ਢਾਡੀਆਂ ਤੋਂ ਸਿਵਾ ਨਟ-ਨਟੀ ਵੀ ਪਾਤਰ ਦੇ ਤੌਰ ਤੇ ਲਏ ਹਨ ਜੋ ਕਿ ਮਹਾਰਾਜਾ ਰਣਜੀਤ ਸਿੰਘ ਦੀ ਸ਼ਖ਼ਸੀਅਤ ਨੂੰ ਬਿਆਨ ਕਰਦੇ ਨਾਟਕ ਨੂੰ ਅੱਗੇ ਤੋਰਦੇ ਹੋਏ ਹਾਸਰਸ ਪੈਦਾ ਕਰਦੇ ਹਨ ਜੋ ਇਸ ਤਰ੍ਹਾਂ ਸੰਵਾਦ ਪੇਸ਼ ਕਰਦੇ ਹਨ:

ਨਟੀ: ਹੋਰ ਨੀ ਜੰਮਿਆ ਏਸ ਵਰਗਾ ਇਹ ਆਪਣੀ ਸ਼ਾਨ ਆਪ ਈ ਏ ਇਹਦੀ ਘੁਰਕੀ ਤੋਂ ਡਰਦੇ ਦਰਿਆ ਵੀ ਨੇ ਇਹ ਧਰਤ ਅਸਮਾਨ ਆਪ ਈ ਏ

ਨਟ: ਓ ਚੰਗਾ, ਚੰਗਾ ! ਸੁਣ ਲਈਆਂ ਸਿਫ਼ਤਾਂ ਤੇਰੇ ਮਹਾਰਾਜੇ ਦੀਆਂ। ਸੂਤਰਧਾਰ ਆਪਾਂ ਨੂੰ ਮੰਚ ਇਸ ਲਈ ਦੇ ਗਿਐ ਕਿ ਆਪਾਂ ਇਨ੍ਹਾਂ ਦਰਸ਼ਕਾਂ ਨੂੰ ਕੋਈ ਗੱਲ ਸੁਣਾਈਏ ਤੇ ਕਥਾ ਅੱਗੇ ਚਲਾਈਏ, ਐਵੇਂ ਨਾਂ ਮੱਖਣ ਲਾਈ ਜਾਈਏ।[20]

ਇਸ ਤੋਂ ਇਲਾਵਾ ਨਾਟਕਕਾਰ ਨੇ ਇਸ ਨਾਟਕ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਮਮਤਾ ਭਰੇ ਦਿਲ ਨੂੰ ਵੀ ਉਜਾਗਰ ਕੀਤਾ ਹੈ। ਫ਼ਕੀਰ ਅਜ਼ੀਜ਼ੁਦੀਨ ਤੇ ਮਹਾਰਾਜਾ ਦੀ ਗੱਲਬਾਤ ਰਾਹੀਂ ਪਤਾ ਲੱਗਦਾ ਹੈ ਕਿ ਮਹਾਰਾਜਾ ਕਿੰਨੇ ਦਿਆਲੂ ਸੁਭਾਅ ਦੇ ਹਨ। ਉਹ ਪੰਛੀਆਂ, ਜਾਨਵਰਾਂ ਤੇ ਇਨਸਾਨਾਂ ਨੂੰ ਆਪਣੀ ਰਿਆਇਆ ਵਿਚ ਸੁਖ ਸ਼ਾਂਤੀ ਦੇਣ ਲਈ ਇਤਨੇ ਫ਼ਰਾਖਦਿਲ ਸਨ, ਜਦੋਂ ਉਹ ਸ਼ੇਰਨੀ ਦੇ ਬੱਚੇ ਨੂੰ ਪਿੰਜਰੇ ਵਿਚ ਬੰਦ ਪਿਆ ਹੋਇਆ ਦੇਖਦਾ ਹੈ ਤੇ ਸ਼ੇਰਨੀ ਦੀ ਹਿੱਲਜੁੱਲ ਝਾੜੀਆਂ ਵਿਚੋਂ ਉਸ ਨੂੰ ਸੁਣਾਈ ਦਿੰਦੀ ਹੈ ਤਾਂ ਉਸ ਦਾ ਦਿਲ ਵੀ ਪਿਘਲ ਜਾਂਦਾ ਹੈ ਤੇ ਮੰਤਰੀ ਨੂੰ ਮਹਾਰਾਜਾ ਰਣਜੀਤ ਸਿੰਘ ਕਹਿੰਦਾ ਹੈ :

ਮਹਾਰਾਜਾ: ਬੱਚੇ ਨੂੰ ਛੱਡ ਦਿਉ।

ਮੰਤਰੀ : ਮਹਾਰਾਜਾ, ਇੰਝ ਵੀ ਤਾਂ ਹੋ ਸਕਦਾ ਹੈ ਕਿ ਸ਼ੇਰਨੀ ਨੂੰ ਬੱਚੇ ਕੋਲ ਆਉਣ ਦਿੱਤਾ ਜਾਵੇ ਤੇ ਜਦ ਉਹ ਨੇੜੇ ਆਵੇ ਤਾਂ ਉਸ ਨੂੰ ਫੜ ਲਿਆ ਜਾਵੇ ਜਾਂ ਮਾਰ ਦਿੱਤਾ ਜਾਵੇ।[21]

ਇਸ ਗੱਲ ਤੇ ਮਹਾਰਾਜਾ ਗਰਮ ਹੋ ਜਾਂਦਾ ਹੈ ਤੇ ਸਖ਼ਤੀ ਨਾਲ ਮੰਤਰੀ ਨੂੰ ਹੁਕਮ ਮੰਨਣ ਲਈ ਇਸ ਤਰ੍ਹਾਂ ਕਹਿੰਦਾ ਹੈ:

ਮਹਾਰਾਜਾ: (ਥੋੜਾ ਸਖ਼ਤੀ ਨਾਲ) ਨਹੀਂ ਜਿਵੇਂ ਮੈਂ ਕਹਿ ਰਿਹਾ ਹਾਂ ਉਵੇਂ ਕੀਤਾ ਜਾਵੇ। (ਪਿਆਰ ਨਾਲ ਸਮਝਾਉਂਦੇ ਹੋਏ) ਸ਼ੇਰਨੀ ਵੀ

ਤਾ ਆਖ਼ਰ ਮਾਂ ਹੈ ਤੇ ਮਾਂ ਦੇ ਪਿਆਰ ਨਾਲੋਂ ਪਵਿਤਰ ਚੀਜ਼ ਇਸ ਦੁਨੀਆਂ ਦੀ ਕੋਈ ਨਹੀਂ। ਫਿਰ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਮਾਂ ਇਨਸਾਨ ਦੀ ਹੈ ਜਾਂ ਜਾਨਵਰ ਦੀ।[22]

ਮਹਾਰਾਜਾ ਦੇ ਮਨ ਵਿਚ ਆਪਣੇ ਰਾਜ ਵਿਚ ਕਿਸੇ ਵੀ ਜੀਵ ਜੰਤੂ ਤੇ ਆਦਮੀ ਪ੍ਰਤੀ ਇਹ ਭਾਵਨਾ ਸੀ ਕਿ ਰਾਜ ਉਸ ਦਾ ਹੈ ਤੇ ਉਸ ਦੇ ਰਾਜ ਵਿਚ ਹਰ ਕੋਈ ਸੁਖੀ ਵੱਸੇ, ਕਿਸੇ ਨਾਲ ਕਿਸੇ ਤਰ੍ਹਾਂ ਦੀ ਜ਼ਿਆਦਤੀ ਨਾ ਹੋਵੇ। ਨਾਟਕਕਾਰ ਨੇ ਮਹਾਰਾਜਾ ਰਣਜੀਤ ਸਿੰਘ ਨੂੰ 'ਲੋਕ ਮਨਾਂ ਦਾ ਰਾਜਾ' ਢੁਕਵਾਂ ਨਾਮ ਦਿੱਤਾ ਹੈ ਤੇ ਉਨ੍ਹਾਂ ਦੀ ਸ਼ਖ਼ਸੀਅਤ ਦੇ ਉਸ ਹਰ ਪਹਿਲੂ ਨੂੰ ਛੂਹਿਆ ਹੈ ਜੋ ਜੋ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਬਿਆਨ ਕਰਦਾ ਹੈ। ਨਾਟਕਕਾਰ ਨੇ ਮਹਾਰਾਜਾ ਦੀ ਸ਼ਖ਼ਸੀਅਤ ਦੇ ਇਸ ਪਹਿਲੂ ਨੂੰ ਵੀ ਛੂਹਿਆ ਹੈ ਕਿ ਜਦ ਮੁਸਲਮਾਨਾਂ ਦੀ ਜਮਾਤੀ ਨਮਾਜ਼ ਪੜ੍ਹਨ ਲਈ ਬਾਂਗ ਦਿੱਤੀ ਜਾਂਦੀ ਹੈ ਤਾਂ ਇਸ ਗੱਲ ਤੋਂ ਕੁਝ ਸਿੱਖ ਖਫ਼ਾ ਹੋ ਕੇ ਉਨ੍ਹਾਂ ਕੋਲ ਗਏ ਤੇ ਕਹਿਣ ਲੱਗੇ, 'ਜਦੋਂ ਅਸੀਂ ਵਾਹਿਗੁਰੂ ! ਵਾਹਿਗੁਰੂ ! ਜਪਣ ਲਗਦੇ ਹਾਂ ਤਾਂ ਮੁਸਲਮਾਨ ਬਾਂਗ ਦੇਣ ਲੱਗ ਜਾਂਦੇ ਹਨ, ਇਨ੍ਹਾਂ ਨੂੰ ਚੁੱਪ ਕਰਾਇਆ ਜਾਵੇ' ਤਾਂ ਮਹਾਰਾਜ ਇਸ ਸਮੱਸਿਆ ਦਾ ਹੱਲ ਬੜੀ ਸਿਆਣਪ ਨਾਲ ਕੱਢਦੇ ਹੋਏ ਕਹਿੰਦੇ ਹਨ:

ਮਹਾਰਾਜ: ਫ਼ਕੀਰ ਅਜ਼ੀਜ਼ੂਦੀਨ ਜੀ, ਮੁੱਲਾ ਨੂੰ ਕਹਿ ਦਿਓ ਕਿ ਅੱਜ ਤੋਂ ਬਾਂਗ ਦੇਣੀ ਬੰਦ ਕਰ ਦਿੱਤੀ ਜਾਵੇ। ਅੱਜ ਤੋਂ ਹਰ ਮੁਸਲਮਾਨ ਨੂੰ ਨਮਾਜ਼ ਲਈ ਸੱਦਾ ਦੇਣ ਦਾ ਕਾਰਜ ਇਹ ਕਰਨਗੇ।[23]

ਜਦ ਆਗੂ ਤੇ ਉਸ ਦੇ ਸਾਥੀ ਮੁਸਲਮਾਨਾਂ ਦੇ ਘਰ ਘਰ ਜਾ ਕੇ ਸੱਦਾ ਦਿੰਦੇ ਥੱਕ ਜਾਂਦੇ ਹਨ ਤਾਂ ਆਪਣੇ ਆਪ ਹੀ ਮਹਾਰਾਜੇ ਨੂੰ ਕਹਿੰਦੇ ਹਨ ਮਹਾਰਾਜ ਜੀ ਇਨ੍ਹਾਂ ਦਾ ਬਾਂਗ ਦੇਣ ਦਾ ਤਰੀਕਾ ਬਿਲਕੁਲ ਸਹੀ ਹੈ। ਇਹ ਪਹਿਲਾਂ ਵਾਂਗ ਹੀ ਸ਼ੁਰੂ ਕੀਤਾ ਜਾਵੇ।

ਇਸ ਤਰ੍ਹਾਂ ਮਹਾਰਾਜਾ ਜੀ ਦੇ ਆਪਣੇ ਪੁੱਤਰ ਧਿਆਨ ਸਿੰਘ ਦੇ ਸਿੱਧੇ ਸਾਦੇ ਹੋਣ ਬਾਰੇ ਨਾਟਕਕਾਰ ਨੇ ਦੋਹਾਂ ਵਿਚ ਵਾਰਤਾਲਾਪ ਦਿਖਾਈ ਹੈ ਜੋ ਇਸ ਤਰ੍ਹਾਂ ਹੈ:

ਮਹਾਰਾਜਾ: (ਆਪਣੀ ਦਾਹੜੀ ਵੱਲ ਇਸ਼ਾਰਾ ਕਰਕੇ) ਵੇਖ !
ਮੇਰੀ ਧੌਲੀ ਦਾੜ੍ਹੀ ਵੱਲ ਵੇਖ ਮੇਰੇ ਬੱਚੇ।

ਸ਼ਹਿਜ਼ਾਦਾ : ਹਾਂ ਮਹਾਰਾਜ, ਪਰਮਾਤਮਾ ਦੀ ਸਹੁੰ ਸਾਰੀ ਚਿੱਟੀ ਹੋ ਗਈ ਹੈ।

ਮਹਾਰਾਜ : ਬਸ ਤੂੰ ਮੇਰੇ ਕੋਲੋਂ ਹੁਣ ਚਲਾ ਜਾਹ, ਮੇਰੀਆ ਨਜ਼ਰਾਂ ਤੋਂ ਦੂਰ ਹੋ ਜਾ।[24]

ਇਸ ਤਰ੍ਹਾਂ ਨਾਟਕਕਾਰ ਨੇ ਮਹਾਰਾਜਾ ਦੁਆਰਾ ਲੋਕਾਂ ਤੇ ਰਾਜ ਨਹੀਂ ਸੇਵਾ ਕਰਨ ਦੇ ਇਕ ਪਹਿਲੂ ਨੂੰ ਢਾਡੀਆਂ ਦੁਆਰਾ ਵਾਰ ਦੇ ਰੂਪ ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ:

ਢਾਡੀ: ਜੱਗ ਜਾਣਦਾ ਜੱਗ ਦੇ ਸ਼ੇਰ ਨੂੰ ਜੀ
ਜਿਹੜਾ ਲੋਕਾਂ ਦਾ ਸੇਵਕ ਕਹਾਂਵਦਾ ਏ
ਰਾਜ ਆਪ ਕਰਦਾ, ਜਿਉਂ ਤਪ ਕਰਦਾ
ਸਿੱਕਾ ਗੁਰਾਂ ਦੇ ਨਾਂ ਦਾ ਚਲਾਂਵਦਾ ਏ।
ਸਿੱਕਾ..........................................।[25]

ਅੱਗੇ ਚੱਲ ਕੇ ਨਾਟਕਕਾਰ ਨੇ ਬੱਚਿਆਂ ਦੁਆਰਾ ਬੇਰੀ ਨੂੰ ਪੱਥਰ ਮਾਰਨ ਦਾ ਦ੍ਰਿਸ਼ ਇਸ ਤਰ੍ਹਾਂ ਨਾਟਕੀ ਢੰਗ ਨਾਲ ਪੇਸ਼ ਕੀਤਾ ਹੈ ਕਿ ਇਕ ਹਕੀਕਤ ਜਾਪਣ ਲੱਗ ਜਾਂਦੀ ਹੈ। ਬੱਚੇ ਇਕ ਦੂਜੇ ਨੂੰ ਛੇੜਦੇ ਖੇਡ ਰਹੇ ਹਨ ਤੇ ਅਚਾਨਕ ਉਨ੍ਹਾਂ ਨੂੰ ਬੇਰੀ ਨੂੰ ਵੱਟੇ ਮਾਰਨ ਤੇ ਬੇਰ ਲਾਹੁਣ ਦੀ ਖੇਡ ਸੁੱਝਦੀ ਹੈ ਤਾਂ ਉਸ ਵਕਤ ਮਹਾਰਾਜਾ ਗਲੀ ਵਿਚੋਂ ਸੈਨਾ ਸਮੇਤ ਲੰਘ ਰਹੇ ਹੁੰਦੇ ਹਨ ਤੇ ਇਕ ਬੱਚੇ ਦਾ ਪੱਥਰ ਮਹਾਰਾਜਾ ਦੇ ਮੱਥੇ ਵਿਚ ਜਾ ਵੱਜਦਾ ਹੈ। ਉਸ ਵਕਤ ਬੱਚਿਆਂ ਨੂੰ ਪਕੜ ਕੇ ਮਹਾਰਾਜਾ ਦੇ ਪੇਸ਼ ਕੀਤਾ ਜਾਂਦਾ ਹੈ। ਜਦ ਮਹਾਰਾਜਾ ਨੇ ਬੱਚਿਆਂ ਨੂੰ ਪੁੱਛਿਆ ਕਿ ਤੁਸੀਂ ਇਸ ਤਰ੍ਹਾਂ ਕਿਉਂ ਕੀਤਾ ਹੈ ਤਾਂ ਬੱਚੇ ਕਹਿੰਦੇ ਹਨ ਮਹਾਰਾਜ ਜੀ ਅਸੀਂ ਤਾ ਬੇਰ ਲਾਹ ਰਹੇ ਸੀ ਤਾਂ ਮਹਾਰਾਜਾ ਉਨ੍ਹਾਂ ਨੂੰ ਸਜ਼ਾ ਦੇਣ ਦੀ ਬਜਾਏ ਇਨਾਮ ਦਿੰਦੇ ਹਨ ਤੇ ਆਪਣੇ ਸੈਨਾਪਤੀ ਨੂੰ ਇਸ ਤਰ੍ਹਾਂ ਕਹਿੰਦੇ ਹਨ:

ਮਹਾਰਾਜਾ: ਨਹੀਂ ਸੈਨਾਪਤੀ, ਇਹ ਮਾਸੂਮ ਕਲੀਆਂ ਹਨ, ਇਨ੍ਹਾਂ ਦਾ ਇਸ ਵਿਚ ਕੋਈ ਕਸੂਰ ਨਹੀਂ। ਵੈਸੇ ਵੀ, ਜੇ ਇਕ ਬੇਰੀ ਅਨੇਕਾਂ ਪੱਥਰਾਂ ਖਾ ਕੇ ਇਨ੍ਹਾਂ ਨੂੰ ਮਿੱਠੇ ਬੇਰ ਦੇ ਸਕਦੀ ਹੈ ਤਾਂ ਅਸੀਂ ਇਕ ਪੱਥਰ ਖਾ ਕੇ ਇਨ੍ਹਾਂ ਨੂੰ ਕੁਝ ਨਹੀਂ ਦੇ ਸਕਦੇ। ਅਸੀਂ ਇਹ ਮਾਮੂਲੀ ਬੇਰੀ ਨਾਲੋਂ ਗਏ ਗੁਜ਼ਰੇ ਤਾਂ ਨਹੀਂ।[26]

ਮਹਾਰਾਜਾ ਰਣਜੀਤ ਸਿੰਘ ਦੀ ਮਹਾਨਤਾ ਦੱਸਦੇ ਹੋਏ ਨਾਟਕਕਾਰ ਨੇ ਉਸ ਦੇ ਰਾਜਨੀਤਕ ਪੱਖ ਤੇ ਵੀ ਚਾਨਣਾ ਪਾਇਆ ਹੈ ਕਿ ਕਿਵੇਂ ਉਹ ਸ੍ਰੀ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਨੂੰ ਮਹਾਨ ਸਮਝਦੇ ਸਨ ਜਿਨ੍ਹਾਂ ਨੇ ਪੰਚ ਪਰਵਾਣ, ਪੰਚ ਪ੍ਰਧਾਨ ਕਹਿ ਕੇ ਸੰਗਤ ਤੇ ਪੰਚਾਇਤ ਨੂੰ ਨਿਵਾਜ ਕੇ

ਲੋਕਤੰਤਰ ਦੀ ਨੀਂਹ ਰੱਖੀ। ਇਸੇ ਤਰ੍ਹਾਂ ਹੀ ਮਹਾਰਾਜਾ ਰਣਜੀਤ ਸਿੰਘ ਨੇ ਕੀਤਾ। ਉਨ੍ਹਾਂ ਨੇ ਆਪਣੇ ਪ੍ਰਸ਼ਾਸਨ ਵਿਚ ਬਿਨਾਂ ਕਿਸੇ ਧਰਮ ਤੇ ਵਿਤਕਰੇ ਤੋਂ ਉੱਪਰ ਉੱਠ ਕੇ ਸੈਕੂਲਰ ਸੋਚ ਅਪਣਾ ਕੇ ਹਰ ਯੋਗ ਆਦਮੀ ਨੂੰ ਅਹੁਦੇਦਾਰ ਬਣਾਇਆ ਤੇ ਆਪਣੀ ਗ਼ਲਤੀ ਦਾ ਅਹਿਸਾਸ ਕਰਨ ਤੇ ਆਪਣੀ ਪੜਚੋਲ ਕਰਨ ਲਈ ਫ਼ਕੀਰ ਨੂਰ-ਉਦਾ-ਦੀਨ ਤੇ ਸਰਦਾਰ ਅਮਰ ਸਿੰਘ ਨੂੰ ਚੁਣਿਆ ਤੇ ਕਿਹਾ:

ਮਹਾਰਾਜਾ: ਫ਼ਕੀਰ ਜੀ! ਅੱਜ ਤੋਂ ਮੈਂ ਇਹ ਫ਼ਰਮਾਨ ਜਾਰੀ ਕਰਦਾ ਹਾਂ ਕਿ ਅਗਰ ਖ਼ੁਦ ਮੇਰੇ ਕੋਲੋਂ, ਮੇਰੇ ਪ੍ਰਧਾਨ ਮੰਤਰੀ ਕੋਲੋਂ, ਸਹਿਬਜ਼ਾਦਿਆਂ ਜਾਂ ਬੜੇ ਸਰਦਾਰਾਂ ਕੋਲੋਂ ਕੋਈ ਅਜਿਹਾ ਫ਼ਰਮਾਨ ਜਾਰੀ ਹੁੰਦਾ ਹੈ ਜੋ ਲੋਕ ਹਿਤ ਵਿਚ ਨਾ ਹੋਵੇ ਤਾਂ ਉਸ ਨੂੰ ਤੁਰੰਤ ਰੋਕ ਦਿੱਤਾ ਜਾਵੇ।[27]

ਨਾਟਕਕਾਰ ਨੇ ਇਸ ਨਾਟਕ ਵਿਚ ਇਕ ਮਰਾਸੀਆਂ ਦੀ ਟੋਲੀ ਰਾਹੀਂ ਉਹ ਹਾਸਰਸ ਦ੍ਰਿਸ਼ ਭਰਿਆ ਹੈ, ਜਿਸ ਨਾਲ ਨਾਟਕ ਵਿਚ ਹਾਸਰਸ ਪੈਦਾ ਹੁੰਦਾ ਹੈ ਤੇ ਜੋ ਅੱਜ ਦੀ ਰਾਜਨੀਤੀ ਵਿਚ ਚੱਲ ਰਿਹਾ ਹੈ। ਉਨ੍ਹਾਂ ਵੱਡੀਆਂ ਪੱਗਾਂ ਤੇ ਟੋਪੀਆਂ ਵਾਲਿਆਂ ਤੇ ਵਿਅੰਗ ਵੀ ਕਸਿਆ ਹੈ। ਨਾਟਕਕਾਰ ਨੇ ਪਹਿਲੇ ਮਰਾਸੀ ਦੇ ਮੂੰਹੋਂ ਇਸ ਤਰ੍ਹਾਂ ਸੰਵਾਦ ਬੁਲਾਏ ਹਨ :

ਪਹਿਲਾ ਮਰਾਸੀ: ਹਾਂ........ਤਾਂ ਫੇਰ ਗੱਲ ਸੁਣ ਸਿਰਾਂ ਦੀ, ਸਿਰਾਂ ਵਾਲਿਆਂ ਦੀ ਸਿਰ ਹੁੰਦੇ ਉਨ੍ਹਾਂ ਦੇ, ਜੋ ਧਿਰ ਬਣਦੇ ਗਰੀਬਾਂ ਦੀ ਜਿਹੜੇ ਹੁੰਦੇ ਪਾਰਸ ਵਰਗੇ ਸੋਹਣੇ ਸੋਹਣੇ ਸਾਰਸ ਵਰਗੇ ਇਹ ਦਿਲਾਂ ਦੇ ਸੋਹਣੇ ਮਨਮੋਹਨੜੇ ਨੇ ਇਨ੍ਹਾਂ ਸਿਰਾਂ ਤੇ ਬਰਕਤਾਂ ਦੇ ਥਾਲ ਹੁੰਦੇ ਲੋੜਵੰਦ ਗਰੀਬ ਲਾਚਾਰ ਸਾਰੇ ਪਲਾਂ ਵਿਚ ਹੀ ਮਾਲਾਮਾਲ ਹੁੰਦੇ।[28]

ਇਸ ਨਾਟਕ ਵਿਚ ਨਾਟਕਕਾਰ ਨੇ ਮਹਾਰਾਜਾ ਦੇ ਨਾਮ ਨਾਲ ਪਾਰਸ ਸ਼ਬਦ ਦੀ ਧਾਰਨਾ ਨੂੰ ਵੀ ਆਪਣੇ ਨਾਟਕ ਵਿਚ ਪੇਸ਼ ਕਰਕੇ ਮਹਾਰਾਜਾ ਦੇ ਲੋਕਾਂ ਪ੍ਰਤੀ ਤੇ ਦਇਆਵਾਨ ਗੁਣਾਂ ਨੂੰ ਵੀ ਇਸ ਨਾਟਕ ਵਿਚ ਵਿਖਾਇਆ ਹੈ। ਜਦ ਇਕ ਅੰਨ੍ਹੀ ਬੁੱਢੀ ਮਹਾਰਾਜੇ ਦੇ ਨਾਲ ਕਾਲਖ ਨਾਲ ਆਪਣਾ ਕਾਲਾ ਹੋਇਆ ਪਤੀਲਾ ਘਸਾਉਂਦੀ ਹੈ ਤੇ ਉਸ ਨੂੰ ਸੋਨੇ ਦਾ ਹੋ ਜਾਣ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਮਹਾਰਾਜੇ ਨੂੰ ਕਹਿੰਦੀ ਹੈ ਮੇਰਾ ਭਾਵੇਂ ਸਿਰ ਲਾਹ ਦਿਓ ਪਰ ਇਹ ਪਤੀਲਾ ਨੌਕਰਾਂ ਨੂੰ ਨਾ ਖੋਹਣ ਦਿਉ। ਤਾਂ ਮਹਾਰਾਜ ਜੀ ਉਸ ਬੁੱਢੀ ਦਾ ਪਤੀਲਾ ਸੋਨੇ ਦੀਆਂ ਮੋਹਰਾਂ ਨਾਲ ਭਰ ਦਿੰਦੇ ਹਨ। ਉਸ ਔਰਤ ਨੂੰ ਸਹੀ ਸਲਾਮਤ ਘਰ ਛੱਡ ਕੇ ਆਉਣ ਦਾ ਸਿਪਾਹੀਆਂ ਨੂੰ ਹੁਕਮ ਦਿੰਦੇ ਹਨ। ਇੱਥੇ ਦੂਜੇ ਸੀਨ ਦੇ ਅਖ਼ੀਰ ਵਿਚ ਨਾਟਕਕਾਰ ਨੇ ਮਹਾਰਾਜਾ ਰਣਜੀਤ ਸਿੰਘ ਦੀ ਸ਼ਖ਼ਸੀਅਤ ਦੇ ਗੁਣ ਸੂਤਰਧਾਰ ਦੇ ਮੂਹੋਂ ਇਸ ਤਰ੍ਹਾਂ ਬੁਲਾਏ ਹਨ:

ਸੂਤਰਧਾਰ: (ਲੈਅ ਵਿਚ) ਉਸ ਦੀ ਕਦਰਸ਼ਨਾਸੀ ਦੀ ਸੁਣੀ ਸੁਣਾਈ ਉਦਾਹਰਣ ਸੀ.....ਲੱਖ ਸ਼ਾਹ ਦੇ ਬੋਲ ਤੇ ਹੁਣ ਜਿਉਂਦਾ ਜਾਗਦਾ ਪ੍ਰਮਾਣ ਵੀ ਲਓ ਵੇਖ.......ਇਹ ਅਸਲੋਂ ਅਸਲ ਹੈ ਸੂਰਤ ਉਸਦੀ। ਐਵੇਂ ਨਹੀਂ ਕੋਈ ਭੇਖ...........ਰਾਜ਼ੀ ਬਹੁਤ ਰਹਿੰਦੇ ਹਿੰਦੂ ਮੁਸਲਮਾਨ ਦੋਵੇਂ, ਕਰਨ ਮਹਾਰਾਜੇ ਤੋਂ ਜਾਨ ਕੁਰਬਾਨ ਦੋਵੇਂ, ਜੀਹਦੇ ਲਈ ਨੇ ਸਿੱਕੇ ਦੇ ਦੋ ਪਾਸੇ ਗੁਰੂ ਗ੍ਰੰਥ ਤੇ ਪਾਕ ਕੁਰਾਨ ਦੋਵੇਂ।[29]

ਇਸ ਨਾਟਕ ਦੇ ਤੀਜੇ ਸੀਨ ਵਿਚ ਨਾਟਕਕਾਰ ਨੇ ਫ਼ਕੀਰ ਨੂਰ-ਉਦ-ਦੀਨ ਤੇ ਮਹਾਰਾਜਾ ਵਿਚਕਾਰ ਮਾਲਾ ਫੇਰਨ ਦੀ ਗੱਲਬਾਤ ਰਾਹੀਂ ਸਾਨੂੰ ਚਾਨਣਾ ਪਾਇਆ ਹੈ ਕਿ ਜੇ ਪਰਮਾਤਮਾ ਤੋਂ ਕੁੱਝ ਮੰਗਣਾ ਹੈ ਤਾਂ

ਮਾਲਾ ਦੇ ਮਣਕੇ ਅੰਦਰ ਵੱਲ ਤੇ ਜੇ ਫ਼ਕੀਰਾਂ ਵਾਂਗ ਮਸਤੀ ਮਨਾਉਣੀ ਹੈ ਤਾਂ ਬਾਹਰ ਵੱਲ ਫੇਰੋ। ਇਸੇ ਹੀ ਸੀਨ ਵਿਚ ਇਕ ਅਜਨਬੀ ਜਿਸ ਨੇ ਆਪਣੀ ਸਾਰੀ ਉਮਰ ਲਗਾ ਕੇ 'ਕੁਰਾਨ ਸ਼ਰੀਫ' ਨੂੰ ਆਪਣੇ ਹੱਥੀਂ ਲਿਖਿਆ ਤੇ ਇਸ ਖਰੜੇ ਦਾ ਮੁੱਲ ਕਿਸੇ ਮੁਸਲਮਾਨ ਬਾਦਸ਼ਾਹ ਨਹੀਂ ਪਾਇਆ ਤੇ ਅਖ਼ੀਰ ਤੇ ਉਹ ਮਹਾਰਾਜਾ ਰਣਜੀਤ ਸਿਘ ਕੋਲ ਆਉਂਦਾ ਹੈ ਜੋ ਸਾਰੇ ਧਰਮਾਂ ਦਾ ਆਦਰ ਕਰਦਾ ਸੀ ਤਾਂ ਉਸ ਨੂੰ ਮੂੰਹ ਮੰਗੀ ਕੀਮਤ ਮਿਲ ਜਾਂਦੀ ਹੈ ਤਾਂ ਫ਼ਕੀਰ ਦੁਆਰਾ ਇਤਨੀ ਜ਼ਿਆਦਾ ਕੀਮਤ ਦੇਣ ਤੇ ਹੈਰਾਨੀ ਪ੍ਰਗਟਾਈ ਜਾਂਦੀ ਹੈ ਜਿਸ ਤੇ ਮਹਾਰਾਜਾ ਕਹਿੰਦੇ ਹਨ:

ਮਹਾਰਾਜਾ: ਫ਼ਕੀਰ ਜੀ, ਸ਼ਰਧਾ ਦੀ ਕੋਈ ਕੀਮਤ ਨਹੀਂ ਹੁੰਦੀ। ਜੇ ਇਸ ਭਲੇ ਪੁਰਸ਼ ਕੋਲ ਪੈਸੇ ਹੁੰਦੇ ਤਾਂ ਸ਼ਾਇਦ ਉਹ ਇਸ ਸਾਰੀ ਉਮਰ ਦੀ ਕਮਾਈ ਨੂੰ ਕਦੇ ਨਾ ਵੇਚਦਾ। ਉਸ ਨੂੰ ਪੇਟ ਦੀ ਖ਼ਾਤਿਰ ਅਜਿਹਾ ਕਰਨਾ ਪੈ ਰਿਹਾ ਹੈ।[30]

ਨਟ-ਨਟੀ ਆਪਣੀ ਗੱਲਬਾਤ ਰਾਹੀਂ ਨਾਟਕ ਨੂੰ ਅੱਗੇ ਤੋਰਦੇ ਹਨ। ਨਟ ਮਹਾਰਾਜੇ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹਦਾ ਹੈ ਤੇ ਨਟੀ ਕੋਲੋਂ ਇਹ ਸਿਫ਼ਤਾਂ ਝੱਲ ਨਹੀਂ ਹੁੰਦੀਆਂ ਤੇ ਨਟ ਮਹਾਰਾਜਾ ਦਾ ਉਹ ਰੂਪ ਦਿਖਾਉਂਦਾ ਹੈ ਜਿਸ ਵਿਚ ਮਹਾਰਾਜਾ ਦਾ ਇੱਕ ਪੁੱਤਰ ਸ਼ਹਿਜ਼ਾਦਾ ਖੜਕ ਸਿੰਘ ਹੱਦੋਂ ਵੱਧ ਸਿੱਧਾ ਸਾਦਾ ਹੈ ਤੇ ਦੂਜਾ ਕੰਵਰ ਸ਼ੇਰ ਸਿੰਘ ਹੱਦੋਂ ਵੱਧ ਚਲਾਕ ਹੈ ਜੋ ਮਹਾਰਾਜਾ ਦਾ ਦੁੱਲੋ ਘੋੜਾ ਸੈਰ ਕਰਨ ਦੇ ਬਹਾਨੇ ਆਪਣੇ ਅਸਤਬਲ ਵਿਚ ਲੈ ਜਾਂਦਾ ਹੈ ਤਾਂ ਮਹਾਰਾਜਾ ਗੁੱਸੇ ਵਿਚ ਉਸ ਨੂੰ ਦੇਸ਼ ਨਿਕਾਲਾ ਦੇਣ ਤੇ ਉਸ ਦਾ ਸਮਾਨ ਜ਼ਬਤ ਕਰਨ ਦਾ ਹੁਕਮ ਦਿੰਦਾ ਹੈ। ਇਸ ਗੱਲ ਤੇ ਫ਼ਕੀਰ ਨੂਰ-ਉਦ-ਦੀਨ ਆਪਣੀ ਸਿਆਣਪ ਨਾਲ ਮਹਾਰਾਜੇ ਨੂੰ ਇਸ ਤਰ੍ਹਾਂ ਗੁਸਤਾਖੀ ਮਾਫ਼ ਕਰਨ ਲਈ ਰਜ਼ਾਮੰਦ ਕਰ ਲੈਂਦਾ ਹੈ:

ਫ਼ਕੀਰ: ਇਹੀ ਤਾਂ ਮੈਂ ਕਿਹਾ ਮਹਾਰਾਜ। ਬੇਸ਼ਕ ਕੰਵਰ ਸਾਹਿਬ ਨੇ ਘੋੜਾ ਲੈ ਜਾ ਕੇ ਗ਼ਲਤੀ ਕੀਤੀ ਹੈ ਪਰ ਗ਼ਲਤੀ ਇਸ ਕਰਕੇ ਕੀਤੀ ਹੈ ਕਿ ਪਿਉ ਦਾ ਰਾਜ ਹੈ ਇਸ ਲਈ ਬਾਪ ਹੋਣ ਦੇ ਨਾਤੇ ਉਸ ਨੂੰ ਇੱਕ ਵਾਰੀ ਮੁਆਫ਼ ਕਰ ਦੇਣਾ ਚਾਹੀਦੈ....ਆਖ਼ਿਰ ਉਸ ਦੇ ਪਿਉ ਦਾ ਰਾਜ਼ ਹੈ।[31]

ਨਾਟਕਕਾਰ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਜੋ ਰਾਜ ਦਰਬਾਰ ਵਿਚ ਬੁਰਸ਼ਾਗਰਦੀ ਹੋਈ, ਉਸ ਨੂੰ ਬੜੇ ਕਲਾਤਮਕ ਤਰੀਕੇ ਨਾਲ ਪੇਸ਼ ਕੀਤਾ ਹੈ। ਸ਼ਾਹ ਮੁਹੰਮਦ ਦੇ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਵਿਚੋਂ ਢਾਡੀਆਂ ਕੋਲੋਂ ਜੰਗਨਾਮੇ ਦੇ ਬੰਦ ਗਵਾ ਕੇ ਸੰਗੀਤਕ ਮਾਹੌਲ ਪੈਦਾ ਕੀਤਾ ਗਿਆ ਹੈ ਜੋ ਇਤਿਹਾਸ ਨੂੰ ਪੇਸ਼ ਕਰਦਾ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਜੋ ਦਰਬਾਰ ਵਿਚ ਤਲਵਾਰ ਖੜਕੀ ਉਸ ਨੂੰ ਢਾਡੀਆਂ ਕੋਲੋਂ ਇਸ ਤਰ੍ਹਾਂ ਗਵਾਇਆ ਹੈ:

ਢਾਡੀ : ਜਦੋਂ ਹੋਏ ਸਰਕਾਰ ਦੇ ਸਾਸ ਪੂਰੇ
ਜਮ੍ਹਾਂ ਹੋਏ ਨੀ ਸਭ ਸਰਦਾਰ ਮੀਆਂ।
ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ
ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।
ਸ਼ਾਹ ਮੁਹੰਮਦਾ ਅਸਾਂ ਵੀ ਨਾਲ ਮਰਨਾ
ਸਾਡਾ ਇਹੋ ਸੀ ਕੌਲ ਕਰਾਰ ਮੀਆਂ।[32]

ਇਸ ਨਾਟਕ ਦੇ ਅਖ਼ੀਰ ਵਿਚ ਨਾਟਕਕਾਰ ਨੇ ਸ਼ਾਹ ਮੁਹੰਮਦ ਦੇ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਵਿਚੋਂ ਬੰਦ ਲੈ ਕੇ ਇਤਿਹਾਸਕਤਾ ਨੂੰ ਵੀ ਕਾਇਮ ਰੱਖਿਆ ਹੈ। ਜਿਵੇਂ ਚੇਤ ਸਿੰਘ ਦੀ ਮੌਤ ਤੋਂ ਬਾਅਦ ਰਾਜ ਦਰਬਾਰ

ਵਿਚ ਤਲਵਾਰ ਖੜਕੀ ਤੇ ਜਿਹੜਾ ਵੀ ਗੱਦੀ ਤੇ ਬੈਠਦਾ ਉਸ ਦਾ ਕਤਲ ਕਰ ਦਿੱਤਾ ਜਾਂਦਾ। ਮਹਾਰਾਜਾ ਰਣਜੀਤ ਸਿੰਘ ਨੇ ਪੂਰੇ 39 ਸਾਲ ਰਾਜ ਕੀਤਾ ਜੋ ਲੋਕ ਧਾਰਨਾ ਹੈ ਕਿ 12 ਸਾਲ ਉਸ ਦੀ ਮੜ੍ਹੀ ਨੇ ਰਾਜ ਕੀਤਾ। ਮਹਾਰਾਜਾ ਦੀ ਮੌਤ ਤੋਂ ਬਾਅਦ ਅਜਿਹੀ ਹੋਣੀ ਵਰਤੀ ਕਿ ਫ਼ੌਜ ਆਪ ਮੁਹਾਰੀ ਹੋ ਗਈ ਤੇ ਮਹਾਰਾਣੀ ਜਿੰਦਾਂ ਦੇ ਭਰਾ ਨੂੰ ਮਾਰ ਦਿੱਤਾ ਗਿਆ। ਇਸ ਤੇ ਉਸ ਨੇ ਆਪਣੇ ਵੀਰ ਦਾ ਬਦਲਾ ਲੈਣ ਲਈ ਸਾਰੇ ਪੰਜਾਬ ਨੂੰ ਅੰਗਰੇਜ਼ਾਂ ਦੇ ਹਵਾਲੇ ਕਰਨ ਲਈ ਗੱਠਜੋੜ ਕੀਤਾ। ਇਸ ਕਰਕੇ ਸ਼ਾਹ ਮੁਹੰਮਦ ਨੇ ਰਾਣੀ ਜਿੰਦਾਂ ਨੂੰ ਬਦਲੇਖੋਰੀ ਕਹਿ ਕੇ ਨਿਵਾਜਿਆ ਹੈ ਜੋ ਨਾਟਕਕਾਰ ਨੇ ਢਾਡੀਆਂ ਕੋਲੋਂ ਨਾਟਕ ਵਿਚ ਇਹ ਬੰਦ ਇਸ ਤਰ੍ਹਾਂ ਗਵਾ ਕੇ ਇਤਿਹਾਸ ਨੂੰ ਕਾਇਮ ਰੱਖਿਆ ਹੈ:

ਢਾਡੀ: ਜਿਨ੍ਹਾਂ ਮਾਰਿਆ ਕੋਹ ਕੇ ਵੀਰ ਮੇਰਾ
ਮੈ ਖੋਹਾਂਗੀ ਉਸ ਦੀਆਂ ਜੁੰਡੀਆਂ ਨੀ
ਧਾਕਾਂ ਜਾਣ ਵਲਾਇਤੀ ਦੇਸ਼ ਸਾਰੇ
ਪਾਵਾਂ ਬਕਰੇ ਵਾਂਗ ਚਾ ਵੰਡੀਆਂ ਨੀ
ਚੂੜੇ ਲਹਿਣਗੇ ਬਹੁਤ ਸੁਹਾਗਣਾਂ ਦੇ
ਨੱਕ ਚੌਕ ਤੇ ਵਾਲੀਆਂ ਡੰਡੀਆਂ ਨੀ
ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ
ਜਦ ਹੋਣ ਪੰਜਾਬਣਾਂ ਰੰਡੀਆਂ ਨੀ।[33]

ਇਸ ਨਾਟਕ ਦੀ ਪਾਤਰ ਉਸਾਰੀ ਸਫ਼ਲ ਕਹੀ ਜਾ ਸਕਦੀ ਹੈ ਕਿਉਂਕਿ ਨਾਟਕਕਾਰ ਨੇ ਪਾਤਰਾਂ ਦੇ ਸੁਭਾਅ ਅਨੁਕੂਲ ਬੋਲੀ ਵਰਤੀ ਹੈ। ਸ਼ਾਹ ਮੁਹੰਮਦ ਦੇ ਬੰਦ ਬੜੇ ਜ਼ੋਰਦਾਰ ਤੇ ਇਤਿਹਾਸਕ ਸੱਚਾਈ ਭਰਪੂਰ ਹਨ

ਜੋ ਢਾਡੀਆਂ ਤੋਂ ਗਵਾਏ ਹਨ। ਨਟ-ਨਟੀ ਤੇ ਮਰਾਸੀਆਂ ਦੀ ਗੱਲਬਾਤ ਨਾਟਕੀ ਵਿਅੰਗ ਤੇ ਹਾਸਰਸ ਵੀ ਇਸ ਨਾਟਕ ਨੂੰ ਸਫ਼ਲ ਬਣਾਉਣ ਵਿਚ ਸਹਾਈ ਹੋਏ ਹਨ। ਸੰਗੀਤ ਮੰਡਲੀ ਗੁਰੂਆਂ ਦੇ ਉਚਾਰੇ ਸ਼ਬਦ ਇਸ ਨਾਟਕ ਵਿਚ ਗਾਉਂਦੀ ਹੈ ਜੋ ਸ਼ਾਂਤਰਸ ਦੇ ਨਾਲ ਬੀਰਰਸ ਵੀ ਪੈਦਾ ਹੁੰਦਾ ਹੈ। ਸੂਤਰਧਾਰ ਦੀ ਵਾਰਤਾਲਾਪ ਠੇਠ ਪੰਜਾਬੀ ਹਕੀਕਤ ਬਿਆਨ ਕਰਨ ਵਾਲੀ ਤੇ ਪ੍ਰਭਾਵਪਾਊ ਹੈ। ਇਸ ਤੋਂ ਇਲਾਵਾ ਨਾਟਕ ਵਿਚ ਮਹਾਰਾਜਾ ਰਣਜੀਤ ਸਿੰਘ ਤੇ ਮਹਾਰਾਜ ਦੇ ਰਾਜ ਦਰਬਾਰ ਵਿੱਚ ਪ੍ਰਧਾਨ ਮੰਤਰੀ ਧਿਆਨ ਸਿੰਘ ਦੀ ਵਾਰਤਾਲਾਪ ਵੀ ਪ੍ਰਭਾਵਪਾਊ ਹੈ ਜੋ ਮਹਾਰਾਜਾ ਦੀ ਸ਼ਖ਼ਸੀਅਤ ਨੂੰ ਇਸ ਤਰ੍ਹਾਂ ਬਿਆਨ ਕਰਦੀ ਹੈ:

ਧਿਆਨ ਸਿੰਘ: ਮਹਾਰਾਜ ਆਪ ਲੱਕ ਦੁਆਲੇ ਇਸ ਤਰ੍ਹਾਂ ਪਟਕਾ ਨਾ ਬੰਨ੍ਹਿਆ ਕਰੋ।

ਮਹਾਰਾਜ: ਪ੍ਰਧਾਨ ਮੰਤਰੀ ਜੀ, ਕਿਉਂ ?

ਧਿਆਨ ਸਿੰਘ: ਇਹ ਸੇਵਾਦਾਰਾਂ ਦੀ ਨਿਸ਼ਾਨੀ ਹੈ, ਤੁਸੀਂ ਸੇਵਕ ਨਹੀਂ ਹਾਕਮ ਹੋ ?

ਮਹਾਰਾਜ: ਤੁਹਾਨੂੰ ਕਿਸ ਨੇ ਕਹਿ ਦਿੱਤਾ ਕਿ ਮੈਂ ਸੇਵਕ ਨਹੀਂ ਹਾਕਮ ਹਾਂ ?[34]

ਇਹ ਨਾਟਕ ਰੰਗਮੰਚ ਤੇ ਬੜੀ ਸਫ਼ਲਤਾ ਨਾਲ ਖੇਡਿਆ ਜਾ ਚੁੱਕਿਆ ਹੈ। ਨਾਟਕ ਦੀ ਰੰਗਮੰਚੀ ਵਿਉਂਤ ਇਸ ਤਰ੍ਹਾਂ ਹੈ ਕਿ ਇਕ ਹੀ ਮੰਚ ਤੇ ਵੱਖ ਵੱਖ 'ਐਕਟਿੰਗ ਏਰੀਆ' ਲਾਈਟਾਂ ਰਾਹੀਂ ਪੇਸ਼ ਕੀਤੇ ਗਏ ਹਨ। ਨਾਟਕ ਵਿਚ ਸਮੇਂ ਤੇ ਸਥਾਨ ਦੀ ਏਕਤਾ ਬਣੀ ਰਹਿੰਦੀ ਹੈ। ਇਸ ਤੋਂ ਇਲਾਵਾ ਇਸ ਨਾਟਕ ਵਿਚ ਘਟਨਾਵਾਂ ਦਾ ਤੇਜ਼ੀ ਨਾਲ ਵਾਪਰਨਾ ਦਰਸ਼ਕਾਂ

ਵਿਚ ਉਤਸੁਕਤਾ ਪੈਦਾ ਕਰਦਾ ਹੈ। ਮਹਾਰਾਜਾ ਰਣਜੀਤ ਸਿੰਘ ਲੋਕ ਹਿੱਤਾਂ ਦਾ ਰਖਵਾਲਾ ਜਿਸ ਨਾਲ ਜੁੜੀ ਹਰ ਇਕ ਘਟਨਾ, ਹਰ ਇਕ ਪਾਤਰ ਦਰਸ਼ਕਾਂ ਵਿਚ ਉਤਸੁਕਤਾ ਪੈਦਾ ਕਰਦੇ ਹਨ। ਇਸ ਨਾਟਕ ਦੀ ਵਾਰਤਾਲਾਪ ਜ਼ੋਰਦਾਰ ਸੱਚਾਈ ਨਾਲ ਭਰਪੂਰ ਹੈ। ਵਿਸ਼ਾ-ਵਸਤੂ ਲੋਕ ਮਨਾਂ ਦੀ ਗੱਲ ਕਰਦਾ ਹੈ ਜਿਸ ਕਾਰਨ ਦਰਸ਼ਕ ਸੌਖ ਨਾਲ ਸਮਝ ਕੇ ਆਨੰਦ ਮਾਣ ਸਕਦੇ ਹਨ। ਇਸ ਨਾਟਕ ਦੀ ਸਟੇਜ ਸੈਟਿੰਗ ਬਹੁਤ ਸਾਧਾਰਨ ਹੈ। ਕੋਈ ਬਹੁਤੀ ਸਮਗਰੀ ਦੀ ਲੋੜ ਨਹੀਂ ਪੈਂਦੀ। ਨਾਟਕ ਦੀਆਂ ਘਟਨਾਵਾਂ ਸੰਜਮਤਾ ਭਰਪੂਰ ਹਨ ਜਿਹੜੀਆਂ ਇਸ ਨੂੰ ਰੰਗਮੰਚ ਪੱਖੋਂ ਸਫ਼ਲ ਬਣਾਉਣ ਵਿਚ ਸਹਾਈ ਹੁੰਦੀਆਂ ਹਨ।

ਅਖੀਰ ਤੇ ਇਸ ਨਾਟਕ ਦੀ ਸੱਚਾਈ ਨਾਟਕਕਾਰ ਨੇ ਇਕ ਨਾਟਕ ਮੰਡਲੀ ਤੇ ਢਾਡੀਆਂ ਰਾਹੀਂ ਇਸ ਤਰ੍ਹਾਂ ਬਿਆਨ ਕੀਤੀ ਹੈ:

ਢਾਡੀ: ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ
ਨਾਲ ਜ਼ੋਰ ਦੇ ਧਰਤ ਹਿਲਾਏ ਗਿਆ।
ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ
ਜੰਮੂ, ਕਾਂਗੜਾ, ਕੋਟ ਨਿਵਾਇ ਗਿਆ।
ਹੋਰ ਦੇਸ਼ ਲਦਾਖ ਤੇ ਚੀਨ ਤੋੜੀ
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ
ਅੱਛਾ ਰੱਜ ਕੇ ਰਾਜ ਕਮਾਇ ਗਿਆ।[35]

ਇਸ ਨਾਟਕ ਦੇ ਅਧਿਐਨ ਤੋਂ ਬਾਅਦ ਇਹ ਸਪਸ਼ਟ ਹੁੰਦਾ ਹੈ ਕਿ ਜੇ ਸਿੱਖ ਇਤਿਹਾਸ ਮਹਾਰਾਜਾ ਰਣਜੀਤ ਨਾਲ ਸਿਖਰ ਗ੍ਰਹਿਣ ਕਰਦਾ ਹੈ ਤਾਂ

ਮਹਾਰਾਜਾ ਰਣਜੀਤ ਸਿੰਘ ਦੀ ਸ਼ਖ਼ਸੀਅਤ ਇਸ ਨਾਟਕ ਰਾਹੀਂ ਸਿਖਰ ਗ੍ਰਹਿਣ ਕਰਦੀ ਹੈ। ਨਾਟਕਕਾਰ ਮਹਾਰਾਜਾ ਰਣਜੀਤ ਸਿੰਘ ਦੇ ਲੋਕ ਮਨਾਂ ਵਿਚ ਵਸੇ ਬਿੰਬ ਨੂੰ ਪ੍ਰਗਟਾਉਣ ਵਿਚ ਸਫਲ ਰਿਹਾ ਹੈ। ਇਉਂ ਪ੍ਰਮੁੱਖ ਸਿੱਖ ਨਾਇਕਾਂ ਬਾਰੇ ਲਿਖੇ ਇਨ੍ਹਾਂ ਨਾਟਕਾਂ ਦੇ ਆਲੋਚਨਾਤਮਕ ਅਧਿਐਨ ਤੋਂ ਮਹੱਤਵਪੂਰਨ ਸਿੱਟਾ ਦ੍ਰਿਸ਼ਟੀਗੋਚਰ ਹੁੰਦਾ ਹੈ, ਉਹ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਬੰਦਾ ਬਹਾਦਰ ਨੇ ਖਾਲਸੇ ਦੀ ਸ਼ਾਨ ਦਾ ਪ੍ਰਗਟਾਵਾ ਕੀਤਾ ਅਤੇ ਉਸ ਤੋਂ ਲਗਪਗ ਇਕ ਸਦੀ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਖਾਲਸੇ ਦਾ ਰਾਜ ਸਥਾਪਿਤ ਕੀਤਾ। ਇਉਂ ਇਨ੍ਹਾਂ ਦੋਵਾਂ ਨਾਟਕਾਂ ਦਾ ਆਲੋਚਨਾਤਮਕ ਅਧਿਐਨ 'ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਦੇ ਆਲੋਚਨਾਮਕ ਅਧਿਐਨ' ਅਧੀਨ ਮਹੱਤਵ ਗ੍ਰਹਿਣ ਕਰਦਾ ਹੈ।

## ਹਵਾਲੇ ਅਤੇ ਟਿਪਣੀਆਂ


1. ਸੰਤ ਸਿੰਘ ਸੇਖੋਂ, *ਬੰਦਾ ਬਹਾਦਰ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1985, ਪੰਨਾ 7
2. ਉਹੀ, ਪੰਨਾ 9
3. ਉਹੀ, ਪੰਨਾ 13
4. ਉਹੀ, ਪੰਨਾ 26
5. ਉਹੀ, ਪੰਨਾ 29
6. ਉਹੀ, ਪੰਨਾ 32
7. ਉਹੀ, ਪੰਨਾ 39
8. ਉਹੀ, ਪੰਨਾ 44-45
9. ਉਹੀ, ਪੰਨਾ 49
10. ਉਹੀ, ਪੰਨਾ 60
11. ਉਹੀ, ਪੰਨਾ 62
12. ਉਹੀ, ਪੰਨਾ 67
13. ਉਹੀ, ਪੰਨਾ 73
14. ਉਹੀ, ਪੰਨਾ 75
15. ਉਹੀ, ਪੰਨਾ 20
16. ਡਾ. ਸਤੀਸ਼ ਕੁਮਾਰ ਵਰਮਾ, *ਲੋਕ ਮਨਾਂ ਦਾ ਰਾਜਾ*, ਸ੍ਰੀ ਪ੍ਰਕਾਸ਼ਨ, ਦਿੱਲੀ, 2004, ਪੰਨਾ 9
17. ਉਹੀ, ਪੰਨਾ 14

18. ਉਹੀ, ਪੰਨਾ 14

19. ਉਹੀ, ਪੰਨਾ 18

20. ਉਹੀ, ਪੰਨਾ 18-19

21. ਉਹੀ, ਪੰਨਾ 22

22. ਉਹੀ, ਪੰਨਾ 22

23. ਉਹੀ, ਪੰਨਾ 25

24. ਉਹੀ, ਪੰਨਾ 40

25. ਉਹੀ, ਪੰਨਾ 25-26

26. ਉਹੀ, ਪੰਨਾ 28

27. ਉਹੀ, ਪੰਨਾ 31

28. ਉਹੀ, ਪੰਨਾ 33

29. ਉਹੀ, ਪੰਨਾ 35

30. ਉਹੀ, ਪੰਨਾ 37

31. ਉਹੀ, ਪੰਨਾ 41

32. ਉਹੀ, ਪੰਨਾ 42

33. ਉਹੀ, ਪੰਨਾ 44

34. ਉਹੀ, ਪੰਨਾ 26

35. ਉਹੀ, ਪੰਨਾ 47

## ਅਧਿਆਇ ਪੰਜਵਾਂ

# ਸਥਾਪਨਾਵਾਂ ਤੇ ਸਿੱਟੇ

# ਸਥਾਪਨਾਵਾਂ ਅਤੇ ਸਿੱਟੇ

ਨਾਟਕ ਦੇ ਇਤਿਹਾਸਕ ਪ੍ਰਸੰਗ ਅਧੀਨ ਸਪਸ਼ਟ ਹੋਇਆ ਹੈ ਕਿ ਨਾਟਕ ਕਲਾ ਦਾ ਆਰੰਭ ਧਰਮ ਤੋਂ ਹੋਇਆ। ਸੰਸਾਰ ਵਿਚ ਦੋ ਹੀ ਮੁੱਢਲੀਆਂ ਨਾਟ-ਪਰੰਪਰਾਵਾਂ ਹਨ : ਭਾਰਤੀ ਜਾਂ ਸੰਸਕ੍ਰਿਤ ਅਤੇ ਯੂਨਾਨੀ। ਸੰਸਕ੍ਰਿਤ ਨਾਟਕਾਂ ਦੀ ਉਤਪਤੀ ਵਿਚ ਵੀ ਧਾਰਮਿਕ ਅਨੁਸ਼ਠਾਨਾਂ ਦੀ ਪਰੰਪਰਾ ਰਹੀ ਹੈ ਅਤੇ ਯੂਨਾਨੀ ਨਾਟਕ ਦੀ ਉਤਪਤੀ ਬਾਰੇ ਵੀ ਅਜਿਹਾ ਹੀ ਮੱਤ ਪ੍ਰਚਲਿਤ ਹੈ ਕਿ ਡਾਇਓਨੀਸੀਅਸ ਦਾ ਪੁਨਰ-ਜਨਮ ਨਾਚ ਦੀ ਰੀਤ ਨਾਲ ਸੰਬੰਧਿਤ ਸੀ ਤੇ ਹੌਲੀ ਹੌਲੀ ਇਹ ਰੀਤ ਨਾਟਕ ਦੇ ਰੂਪ ਵਿਚ ਢਲ ਗਈ ਤੇ ਇਸ ਸਮੁੱਚੇ ਕਾਰਜ ਦਾ ਧਰਮ ਨਾਲ ਸੰਬੰਧ ਕਾਇਮ ਹੋ ਗਿਆ ਇਸੇ ਲਈ ਅੰਗਰੇਜ਼ੀ ਸਾਹਿਤ ਵਿਚ ਰਚੇ ਗਏ ਨਾਟਕਾਂ ਦਾ ਆਸ਼ਾ ਵੀ ਸਦਾਚਾਰ ਤੇ ਉਪਦੇਸ਼ਾਤਮਕ ਹੀ ਰਿਹਾ ਹੈ। ਸਪਸ਼ਟ ਹੈ ਕਿ ਨਾਟਕ ਦਾ ਆਰੰਭ ਧਰਮ ਤੋਂ ਹੋਇਆ। ਇਸ ਲਈ ਨਾਟਕ ਦੀਆਂ ਭਾਰਤੀ ਤੇ ਯੂਨਾਨੀ ਪਰੰਪਰਾਵਾਂ ਕਿਸੇ ਨਾ ਕਿਸੇ ਤਰ੍ਹਾਂ ਧਰਮ ਨਾਲ ਸੰਬੰਧਿਤ ਰਹੀਆਂ ਹਨ। ਧਾਰਮਿਕ ਨਾਟਕ ਦਾ ਆਪਣਾ ਵੱਖਰਾ ਸਰੂਪ, ਸੁਭਾਅ, ਪ੍ਰਭਾਵ ਖੇਤਰ, ਅਸਤਿਤਵ ਅਤੇ ਸੀਮਾਵਾਂ ਹਨ। ਵਿਸ਼ੇ ਵਸਤੂ ਦੀ ਦ੍ਰਿਸ਼ਟੀ ਤੋਂ ਧਾਰਮਿਕ ਨਾਟਕ ਹੀ ਇਕ ਅਜਿਹਾ ਸਾਹਿਤ ਰੂਪ ਹੈ, ਜਿਸ ਨੇ ਲੋਕ ਮਨ ਨੂੰ ਨਾਟਕ ਦੇ ਵਧੇਰੇ ਨੇੜੇ ਲਿਆਂਦਾ ਹੈ। ਉਨ੍ਹਾਂ ਵਿਚ ਨਾਟਕੀ ਚੇਤਨਾ ਪੈਦਾ ਕਰਕੇ ਉਨ੍ਹਾਂ ਨੂੰ ਆਪਣੇ ਧਾਰਮਿਕ ਵਿਰਸੇ ਤੋਂ ਜਾਣੂ ਕਰਵਾਇਆ ਹੈ ਤਾਂ ਜੋ ਉਹ ਆਪਣੇ ਵਿਰਸੇ ਦੇ ਗੌਰਵ ਤੇ ਮਹਾਨਤਾ ਨੂੰ ਮਹਿਸੂਸ ਕਰ ਸਕਣ।

ਇਸੇ ਲਈ ਹਰ ਧਰਮ ਦਾ ਆਪਣਾ ਇਤਿਹਾਸ ਹੈ ਤੇ ਉਸ ਧਰਮ ਨਾਲ ਸੰਬੰਧਿਤ ਇਤਿਹਾਸਕ ਨਾਟਕ ਵੀ ਰਚੇ ਗਏ ਹਨ। ਇਸੇ ਪ੍ਰਸੰਗ ਵਿਚ 'ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਦਾ ਆਲੋਚਨਾਤਮਕ ਅਧਿਐਨ' ਅਰਥ ਗ੍ਰਹਿਣ ਕਰਦਾ ਹੈ। ਬਹੁਤ ਸਾਰੇ ਧਰਮਾਂ ਵਿਚ ਆਪਣੇ ਧਾਰਮਿਕ ਆਗੂ ਜਾਂ ਗੁਰੂ ਨੂੰ ਮੰਚ ਤੇ ਮਨੁੱਖੀ ਰੂਪ ਵਿਚ ਦਿਖਾਉਣ ਦੀ ਮਨਾਹੀ ਹੈ, ਇਨ੍ਹਾਂ ਵਿਚੋਂ ਸਿੱਖ ਧਰਮ ਵੀ ਇਕ ਅਜਿਹਾ ਧਰਮ ਹੈ ਜਿਸ ਵਿਚ ਗੁਰੂ ਨੂੰ ਮਨੁੱਖੀ ਰੂਪ ਵਿਚ ਮੰਚ ਤੇ ਪੇਸ਼ ਕਰਨ ਦੀ ਮਨਾਹੀ ਹੈ। ਗੁਰੂ ਦੀ ਹੋਂਦ ਨੂੰ ਮਹਿਸੂਸ ਕਰਾਉਣ ਲਈ ਵਿਭਿੰਨ ਵਿਧੀਆਂ ਤੇ ਜੁਗਤਾਂ ਅਧੀਨ ਰੌਸ਼ਨੀ ਜਾਂ ਵਾਰਤਾਲਾਪ ਆਦਿ ਤੋਂ ਕੰਮ ਲਿਆ ਜਾਂਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਵਿਚ ਨਾਟਕਕਾਰਾਂ ਨੇ ਵੱਖ ਵੱਖ ਤਕਨੀਕਾਂ ਦਾ ਪ੍ਰਯੋਗ ਕਰਕੇ ਪੰਜਾਬੀ ਧਾਰਮਿਕ ਨਾਟਕਾਂ ਨੂੰ ਬਾਕੀ ਨਾਟਕਾਂ ਤੋਂ ਅਲੱਗ ਕੀਤਾ ਹੈ। ਗੈਰ ਧਾਰਮਿਕ ਨਾਟਕਾਂ ਦੇ ਟਾਕਰੇ ਤੇ ਧਾਰਮਿਕ ਨਾਟਕ ਨੂੰ ਜ਼ਿਆਦਾ ਗੰਭੀਰ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਨਾਟਕਕਾਰ ਵਿਸ਼ੇ ਅਨੁਸਾਰ ਉਨ੍ਹਾਂ ਘਟਨਾਵਾਂ ਅਤੇ ਪਾਤਰਾਂ ਦੀ ਚੋਣ ਕਰਦਾ ਹੈ ਜਿਨ੍ਹਾਂ ਨੂੰ ਰੰਗਮੰਚ ਤੇ ਪੇਸ਼ ਕੀਤਾ ਜਾ ਸਕੇ। ਇਸ ਤਰ੍ਹਾਂ ਧਾਰਮਿਕ ਨਾਟਕ ਦੇ ਪ੍ਰਦਰਸ਼ਨ ਸਮੇਂ ਇਸ ਗੱਲ ਦਾ ਵੀ ਧਿਆਨ ਰੱਖਣਾ ਪੈਂਦਾ ਹੈ ਕਿ ਜਿਸ ਧਾਰਮਿਕ ਸਮੂਹ ਦੇ ਸਾਹਮਣੇ ਨਾਟਕ ਪੇਸ਼ ਕੀਤਾ ਜਾਣਾ ਹੈ ਉਸ ਦੇ ਧਾਰਮਿਕ ਵਿਸ਼ਵਾਸਾਂ, ਅਕੀਦਿਆਂ ਤੇ ਕੀਮਤਾਂ ਨੂੰ ਠੇਸ ਪਹੁੰਚਾਉਣ ਵਾਲੀ ਅਜਿਹੀ ਕੋਈ ਗੱਲ ਨਾ ਕੀਤੀ ਜਾਵੇ ਜਿਸ ਨਾਲ ਉਨ੍ਹਾਂ ਦੇ ਹਿਰਦਿਆਂ ਨੂੰ ਕੋਈ ਠੇਸ ਪਹੁੰਚੇ। ਧਾਰਮਿਕ ਨਾਟਕਾਂ ਦੀ ਵਾਰਤਾਲਾਪ ਵੀ ਉਸ ਸਮੇਂ ਦੀ ਹੋਣੀ ਚਾਹੀਦੀ ਹੈ ਜਿਸ ਸਮੇਂ ਨਾਟਕ ਦੀ ਰਚਨਾ ਹੋਈ ਹੁੰਦੀ ਹੈ। ਧਾਰਮਿਕ ਨਾਟਕ ਦਾ ਉਦੇਸ਼

ਸਿੱਖਿਆ ਦੇਣ ਵਾਲਾ ਹੋਣ ਕਾਰਨ ਉਸ ਦਾ ਵਾਤਾਵਰਨ ਵੀ ਧਾਰਮਿਕ ਰੰਗਣ ਵਾਲਾ ਹੋਣਾ ਚਾਹੀਦਾ ਹੈ। ਧਾਰਮਿਕ ਨਾਟਕ ਦੇ ਪਾਤਰ ਵੀ ਧਾਰਮਿਕ ਬਿਰਤੀ ਵਾਲੇ ਲਏ ਜਾਂਦੇ ਹਨ।

ਪੰਜਾਬੀ ਨਾਟਕ ਵਿਚ ਭਾਵੇਂ ਸਮਾਜਿਕ ਨਾਟਕਾਂ ਦਾ ਆਗਾਜ਼ ਆਈ. ਸੀ. ਨੰਦਾ ਦੇ 1913 ਈ: ਵਿਚ ਲਿਖੇ ਇਕਾਂਗੀ ਨਾਟਕ 'ਦੁਲਹਨ' (ਸੁਹਾਗ) ਤੋਂ ਹੁੰਦਾ ਹੈ ਪਰੰਤੂ ਧਾਰਮਿਕ ਨਾਟਕ ਦੀ ਪਿਰਤ ਭਾਈ ਵੀਰ ਸਿੰਘ ਨੇ 'ਰਾਜਾ ਲੱਖਦਾਤਾ ਸਿੰਘ' 1910 ਈ: ਵਿਚ ਲਿਖ ਨੇ ਪਾਈ। ਜੇ ਇਹ ਕਹਿ ਦਿੱਤਾ ਜਾਵੇ ਕਿ ਵੀਹਵੀਂ ਸਦੀ ਦੇ ਪੰਜਾਬੀ ਨਾਟਕ ਦਾ ਆਰੰਭ ਹੀ ਧਾਰਮਿਕ ਪ੍ਰਵਿਰਤੀ ਦੇ ਨਾਟਕ ਨਾਲ ਹੋਇਆ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਧਾਰਮਿਕ ਨਾਟਕਾਂ ਦਾ ਆਪਣਾ ਵੱਖਰਾ ਸੁਭਾਅ, ਸਰੂਪ, ਅਸਤਿਤਵ, ਪ੍ਰਭਾਵ ਖੇਤਰ, ਸੀਮਾਵਾਂ ਅਤੇ ਕਲਾਤਮਕਤਾ ਹੁੰਦੀ ਹੈ। ਇਨ੍ਹਾਂ ਨਾਟਕਾਂ ਦੀ ਭਾਵੇਂ ਉਚਿਤ ਪਰਿਭਾਸ਼ਾ ਦੇ ਸਕਣੀ ਕਾਫ਼ੀ ਕਠਿਨ ਹੈ ਪਰ ਜਿਸ ਨਾਟਕ ਵਿਚ ਕਿਸੇ ਧਰਮ ਦੀਆਂ ਗੱਲਾਂ, ਧਾਰਮਿਕ ਸ਼ਖ਼ਸੀਅਤਾਂ ਦੇ ਜੀਵਨ ਦੀਆਂ ਘਟਨਾਵਾਂ ਧਾਰਮਿਕ ਸਿਧਾਂਤਾਂ ਦਾ ਪ੍ਰਚਾਰ ਅਤੇ ਧਾਰਮਿਕ ਅਨੁਭਵ ਦੀ ਗੱਲ ਕੀਤੀ ਗਈ ਹੋਵੇ ਅਜਿਹੇ ਨਾਟਕਾਂ ਨੂੰ ਧਾਰਮਿਕ ਨਾਟਕਾਂ ਦੀ ਲੜੀ ਵਿਚ ਰੱਖਿਆ ਜਾ ਸਕਦਾ ਹੈ।

ਪੰਜਾਬੀ ਧਾਰਮਿਕ ਨਾਟਕ ਮੂਲ ਰੂਪ ਵਿਚ ਸਿੱਖ ਇਤਿਹਾਸ ਦੀ ਤਰਜਮਾਨੀ ਕਰਦਾ ਹੈ। ਇਹ ਨਾਟਕ ਸਾਹਿਤ ਦਾ ਇਕ ਅਜਿਹਾ ਰੂਪ ਹੈ ਜਿਸ ਨੇ ਲੋਕ ਮਨ ਨੂੰ ਆਪਣੇ ਨਾਲ ਜੋੜਿਆ ਹੈ ਤੇ ਉਨ੍ਹਾਂ ਵਿਚ ਚੇਤਨਾ ਪੈਦਾ ਕਰਕੇ ਆਪਣੇ ਵਿਰਸੇ ਤੋਂ ਜਾਣੂ ਵੀ ਕਰਵਾਇਆ ਹੈ। ਪੰਜਾਬੀ ਵਿਚ ਜਿੰਨੇ ਵੀ ਧਾਰਮਿਕ ਨਾਟਕ ਲਿਖੇ ਗਏ ਹਨ ਉਨ੍ਹਾਂ ਵਿਚੋਂ ਕੁੱਝ ਕੁ ਨੂੰ ਛੱਡ

ਕੇ ਬਾਕੀ ਸਾਰੇ ਹੀ ਸਿੱਖ ਗੁਰੂ ਸਾਹਿਬਾਨ ਦੀਆਂ ਜਨਮ/ਸ਼ਹੀਦੀ ਸ਼ਤਾਬਦੀਆਂ ਸਮੇਂ-ਸੰਬੰਧਿਤ ਗੁਰੂਆਂ ਨੂੰ ਸ਼ਰਧਾ ਤੇ ਸ਼ਰਧਾਂਜਲੀ ਭੇਂਟ ਕਰਨ ਲਈ ਲਿਖੇ ਤੇ ਖੇਡੇ ਗਏ। ਇਨ੍ਹਾਂ ਨਾਟਕਾਂ ਵਿਚ ਗੁਰੂ ਸਾਹਿਬਾਨ ਨੂੰ ਮੰਚ ਤੋਂ ਪਾਸੇ ਰੱਖ ਕੇ ਉਨ੍ਹਾਂ ਦੀ ਹੋਂਦ ਨੂੰ ਮਹਿਸੂਸ ਕਰਾਉਣ ਲਈ ਨਾਟਕਕਾਰਾਂ ਨੇ ਕਈ ਨਵੀਆਂ ਵਿਧੀਆਂ ਹੋਂਦ ਵਿਚ ਲਿਆਂਦੀਆਂ ਹਨ, ਜਿਵੇਂ ਗੁਰਬਾਣੀ ਦੀ ਵਿਆਖਿਆ ਰਾਹੀਂ, ਗੁਰੂ ਨਾਇਕ ਦੀ ਹੋਂਦ ਦਾ ਕਿਸੇ ਓਹਲੇ ਦੇ ਸੰਪਰਕ ਵਿਚ ਆਏ ਕਿਸੇ ਵਿਅਕਤੀ ਪਾਤਰਾਂ ਰਾਹੀਂ, ਗੁਰੂ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਵਿਅਕਤੀਆਂ ਰਾਹੀਂ, ਸ਼ਬਦ ਦੀਆਂ ਧੁਨੀਆਂ ਰਾਹੀਂ ਜਾਂ ਰੌਸ਼ਨੀ ਦੁਆਰਾ ਵਾਤਾਵਰਨ ਉਸਾਰਨ ਰਾਹੀਂ ਆਦਿ।

ਸਿੱਖ ਇਤਿਹਾਸ ਨਾਲ ਸੰਬੰਧਿਤ ਪੰਜਾਬੀ ਧਾਰਮਿਕ ਨਾਟਕਾਂ ਦੇ ਪ੍ਰਦਰਸ਼ਨ ਲਈ ਨਾਟਕਕਾਰਾਂ ਨੇ ਕਈ ਪੁਰਾਤਨ ਤੇ ਆਧੁਨਿਕ ਨਾਟ-ਸ਼ੈਲੀਆਂ ਦੀ ਵਰਤੋਂ ਕਰਦੇ ਹੋਏ ਹੋਰ ਕਈ ਨਵੀਆਂ ਨਾਟ-ਸ਼ੈਲੀਆਂ ਦੇ ਵੀ ਸਫ਼ਲ ਪ੍ਰਯੋਗ ਕੀਤੇ ਹਨ ਜਿਨ੍ਹਾਂ ਵਿਚੋਂ ਨਾਟਕਕਾਰ ਸੰਤ ਸਿੰਘ ਸੇਖੋਂ, ਹਰਚਰਨ ਸਿੰਘ, ਸੁਰਜੀਤ ਸਿੰਘ ਸੇਠੀ, ਆਤਮਜੀਤ, ਡਾ. ਸਤੀਸ਼ ਕੁਮਾਰ ਵਰਮਾ ਆਦਿ ਵਿਸ਼ੇਸ਼ ਹਨ।

ਉਪਰੋਕਤ ਪ੍ਰਸੰਗ ਵਿਚ ਇਹ ਕਹਿਣਾ ਬਣਦਾ ਹੈ ਕਿ ਧਰਮ ਆਪਣਾ ਇਤਿਹਾਸ ਸਿਰਜਦਾ ਹੈ। ਉਸ ਇਤਿਹਾਸ ਬਾਰੇ ਨਾਟਕ ਰਚੇ ਜਾਂਦੇ ਹਨ। ਇਸ ਪ੍ਰਕਾਰ ਸਿੱਖ ਧਰਮ ਦਾ ਆਪਣਾ ਇਤਿਹਾਸ ਹੈ ਜਿਸ ਬਾਰੇ ਪੰਜਾਬੀ ਵਿਚ ਨਾਟਕ ਲਿਖੇ ਗਏ ਹਨ। ਇਸ ਖੋਜ-ਕਾਰਜ ਵਿਚ ਸੁਰਜੀਤ ਸਿੰਘ ਸੇਠੀ ਦਾ ਨਾਟਕ 'ਗੁਰ ਬਿਨ ਘੋਰ ਅੰਧਾਰ' ਸ੍ਰੀ ਗੁਰੂ ਨਾਨਕ ਦੇਵ ਦੇ ਜੀਵਨ ਨਾਲ ਸੰਬੰਧਿਤ, ਆਤਮਜੀਤ ਦਾ ਨਾਟਕ 'ਤੱਤੀ ਤਵੀ ਦਾ ਸੱਚ' ਸ੍ਰੀ ਗੁਰੂ

ਅਰਜਨ ਦੇਵ ਨਾਲ ਸੰਬੰਧਿਤ, ਹਰਚਰਨ ਸਿੰਘ ਦਾ ਨਾਟਕ 'ਚਮਕੌਰ ਦੀ ਗੜ੍ਹੀ' ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜੀਵਨ ਨਾਲ ਸੰਬੰਧਿਤ ਨਾਟਕ ਹਨ। ਇਸ ਤਰ੍ਹਾਂ ਖੋਜ ਪ੍ਰਬੰਧ ਦੇ ਚੌਥੇ ਅਧਿਆਇ ਵਿਚ ਸੰਤ ਸਿੰਘ ਸੇਖੋਂ ਦਾ ਨਾਟਕ 'ਬੰਦਾ ਬਹਾਦਰ' ਬੰਦਾ ਸਿੰਘ ਬਹਾਦਰ ਦੇ ਜੀਵਨ ਨਾਲ ਸੰਬੰਧਿਤ ਤੇ ਸਤੀਸ਼ ਕੁਮਾਰ ਵਰਮਾ ਦਾ ਨਾਟਕ 'ਲੋਕ ਮਨਾਂ ਦਾ ਰਾਜਾ' ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਨਾਲ ਸੰਬੰਧਿਤ ਨਾਟਕ ਹਨ।

ਉਪਰੋਕਤ ਪ੍ਰਸੰਗ ਵਿਚ ਹੀ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਦਾ ਆਲੋਚਨਾਤਮਕ ਅਧਿਐਨ ਕਰਦਿਆਂ ਇਸ ਖੋਜ ਪ੍ਰਬੰਧ ਦੇ ਚਾਰ ਅਧਿਆਵਾਂ ਰਾਹੀਂ ਵਿਸ਼ੇ ਦੇ ਵਿਸਤਾਰ ਖੋਲ੍ਹੇ ਗਏ ਹਨ।

ਪਹਿਲੇ ਅਧਿਆਇ ਵਿਚ ਇਤਿਹਾਸਕ ਨਾਟਕ ਦੀ ਸੰਰਚਨਾ ਨੂੰ ਸਮਝਣ ਦਾ ਯਤਨ ਕਰਦਿਆਂ ਪੰਜਾਬੀ ਇਤਿਹਾਸਕ ਨਾਟਕ ਦਾ ਇਤਿਹਾਸਕ ਪਰਿਪੇਖ ਉਸਾਰਿਆ ਗਿਆ ਹੈ। ਦੂਜੇ ਅਧਿਆਇ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਦਾ ਲੜੀਵਾਰ ਅਧਿਐਨ ਕਰਦਿਆਂ ਗੁਰੂ ਸਾਹਿਬਾਨ, ਸਿੱਖ ਨਾਇਕਾਂ, ਸਿੱਖ ਇਤਿਹਾਸ ਦੀਆਂ ਪ੍ਰਮੁੱਖ ਘਟਨਾਵਾਂ ਅਤੇ ਸਿੱਖ ਇਤਿਹਾਸ ਤੋਂ ਪ੍ਰੇਰਿਤ ਸੁਤੰਤਰਤਾ ਸੰਗਰਾਮ ਨਾਲ ਸੰਬੰਧਿਤ ਨਾਟਕਾਂ ਦਾ ਅਧਿਐਨ ਕੀਤਾ ਗਿਆ ਹੈ।

ਤੀਜੇ ਅਧਿਆਇ ਵਿਚ ਪੰਜ ਪ੍ਰਮੁੱਖ ਨਾਟਕਾਂ ਦਾ ਅਧਿਐਨ ਕੀਤਾ ਗਿਆ ਹੈ। ਜਿਹੜੇ ਕ੍ਰਮਵਾਰ ਗੁਰੂ ਸਾਹਿਬਾਨ (ਸੁਰਜੀਤ ਸਿੰਘ ਸੇਠੀ ਰਚਿਤ 'ਗੁਰ ਬਿਨ ਘੋਰ ਅੰਧਾਰ', ਆਤਮਜੀਤ ਰਚਿਤ 'ਤੱਤੀ ਤੱਵੀ ਦਾ ਸੱਚ', ਅਤੇ ਹਰਚਰਨ ਸਿੰਘ ਰਚਿਤ 'ਚਮਕੌਰ ਦੀ ਗੜ੍ਹੀ') ਅਤੇ ਸਿੱਖ ਨਾਇਕਾਂ (ਸੰਤ ਸਿੰਘ ਸੇਖੋਂ ਰਚਿਤ 'ਬੰਦਾ ਬਹਾਦਰ', ਅਤੇ ਸਤੀਸ਼ ਕੁਮਾਰ ਵਰਮਾ ਰਚਿਤ 'ਲੋਕ ਮਨਾਂ ਦਾ ਰਾਜਾ, ਮਹਾਰਾਜਾ ਰਣਜੀਤ ਸਿੰਘ') ਨਾਲ ਸੰਬੰਧਿਤ ਹਨ।

ਉਪਰੋਕਤ ਚਾਰੇ ਅਧਿਆਵਾਂ ਰਾਹੀਂ ਵਿਸ਼ੇ ਦੇ ਅਧਿਐਨ ਉਪਰੰਤ ਪ੍ਰਸਤੁਤ ਪੰਜਵੇਂ ਅਧਿਆਇ ਦੇ ਰੂਪ ਵਿਚ ਨਿਤਰੀਆਂ ਸਥਾਪਨਾਵਾਂ ਤੇ ਸਿੱਟੇ ਇਸ ਪ੍ਰਕਾਰ ਹਨ:

ਗੁਰੂ ਸਾਹਿਬਾਨ ਨਾਲ ਸੰਬੰਧਿਤ ਸੁਰਜੀਤ ਸਿੰਘ ਸੇਠੀ ਦੀ ਰਚਨਾ 'ਗੁਰ ਬਿਨ ਘੋਰ ਅੰਧਾਰ' ਆਲੋਚਨਾਤਮਕ ਅਧਿਐਨ ਹਿਤ ਸਭ ਤੋਂ ਪਹਿਲਾ ਡਾ. ਸੁਰਜੀਤ ਸਿੰਘ ਸੇਠੀ ਦਾ 'ਗੁਰ ਬਿਨ ਘੋਰ ਅੰਧਾਰ' ਸਾਹਮਣੇ ਆਉਂਦਾ ਹੈ ਜਿਹੜਾ ਗੁਰੂ ਨਾਨਕ ਦੇਵ ਬਾਰੇ ਪੰਜਵੀਂ ਜਨਮ ਸ਼ਤਾਬਦੀ ਸਮੇਂ ਯਥਾਰਥਵਾਦੀ ਨਾਟ-ਸ਼ੈਲੀ ਅਧੀਨ ਲਿਖਿਆ ਗਿਆ। ਇਸ ਨਾਟਕ ਵਿਚ ਉਨ੍ਹਾਂ ਸੱਜਣ ਠੱਗ ਵਾਲੀ ਸਾਖੀ ਨੂੰ ਆਧਾਰ ਬਣਾਉਂਦੇ ਹੋਏ ਇਹ ਦੱਸਿਆ ਹੈ ਕਿ ਅਸਲ ਵਿਚ ਉਸ ਸਮੇਂ ਦੀ ਸਮੁੱਚੀ ਦੁਨੀਆਂ ਹੀ ਸੱਜਣ ਠੱਗ ਵਰਗੀ ਹੋ ਚੁੱਕੀ ਸੀ ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਸਿੱਧੇ ਰਸਤੇ ਪਾਇਆ। ਇਸ ਤੋਂ ਇਲਾਵਾ ਉਨ੍ਹਾਂ ਨੇ ਉਸ ਸਮੇਂ ਦੇ ਪੰਜਾਬ ਦੀ ਰਾਜਸੀ, ਧਾਰਮਿਕ ਤੇ ਸਮਾਜਿਕ ਸਥਿਤੀ ਨੂੰ ਪਿਛੋਕੜ ਵਿਚ ਰੱਖ ਕੇ ਨਾਟਕ ਦੀ ਰਚਨਾ ਕੀਤੀ ਹੈ। ਇਸ ਤੋਂ ਇਲਾਵਾ ਨਾਟਕਕਾਰ ਨੇ ਜਿਸ ਕਲਾ ਪ੍ਰਬੀਨਤਾ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਸ਼ਖਸੀਅਤ ਦੀ ਤਸਵੀਰ ਨੂੰ ਰੰਗਮੰਚ ਤੇ ਪੇਸ਼ ਕਰਨ ਦਾ ਯਤਨ ਕੀਤਾ ਹੈ, ਉਹ ਪੂਰੀ ਤਰ੍ਹਾਂ ਆਪਣੇ ਆਪ ਵਿਚ ਬਾ-ਕਮਾਲ ਹੈ। ਇਸ ਨਾਟਕ ਦੀ ਸਟੇਜ ਸੈਟਿੰਗ ਸਾਦਾ ਤੇ ਪ੍ਰਭਾਵ ਪਾਊ ਦਿਖਾਈ ਗਈ ਹੈ। ਕੋਈ ਵੀ ਅਜਿਹੀ ਘਟਨਾ ਨਹੀਂ ਦਰਸਾਈ ਜਿਸ ਦੀ ਪੇਸ਼ਕਾਰੀ ਰੰਗਮੰਚ ਤੇ ਅਸੰਭਵ ਹੋਵੇ। ਨਾਟਕ ਦੀ ਵਾਰਤਾਲਾਪ ਵੀ ਜਨ ਪੱਧਰ ਦੀ ਹੈ ਜਿਸ ਨੂੰ ਦਰਸ਼ਕ ਸੌਖ ਨਾਲ ਸਮਝ ਸਕਦੇ ਹਨ।

ਇਸੇ ਲੜੀ ਵਿਚ 'ਤੱਤੀ ਤਵੀ ਦਾ ਸੱਚ' ਨਾਟਕ ਆਤਮਜੀਤ ਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚੌਥੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹੈ। ਇਸ ਨਾਟਕ ਵਿਚ ਨਾਟਕਕਾਰ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿੱਛੇ ਕਿਹੜੇ ਕਿਹੜੇ ਦੁਸ਼ਟਾਂ ਦਾ ਹੱਥ ਸੀ, ਉਸ ਨੂੰ ਡੂੰਘੀ ਖੋਜ ਦੁਆਰਾ ਅੰਕਿਤ ਕੀਤਾ ਹੈ। ਨਾਟਕਕਾਰ ਨੇ ਇਸ ਨਾਟਕ ਵਿਚ ਦੱਸਿਆ ਹੈ ਕਿ ਮੁਜੱਦਿਦ ਤੇ ਉਸ ਦੇ ਉਸਤਾਦ ਬਾਕੀ ਬਿੱਲਾ ਨੇ ਜਹਾਂਗੀਰ ਦੇ ਤਖ਼ਤ ਤੇ ਬੈਠਣ ਵੇਲੇ ਉਸ ਤੋਂ ਇਹ ਵਚਨ ਲੈ ਲਿਆ ਸੀ ਕਿ ਉਹ ਸ੍ਰੀ ਗੁਰੂ ਅਰਜਨ ਦੇਵ ਨੂੰ ਸ਼ਹੀਦ ਕਰੇਗਾ। ਭਾਵੇਂ ਪਿਰਥੀਆ ਤੇ ਚੰਦੂ ਦਾ ਵੀ ਇਸ ਵਿਚ ਹੱਥ ਸੀ ਪਰ ਉਹ ਇਤਨਾ ਵੱਡਾ ਫੈਸਲਾ ਨਹੀਂ ਲੈ ਸਕਦੇ ਸਨ। ਇਸ ਤੋਂ ਇਲਾਵਾ ਇਸ ਨਾਟਕ ਵਿਚ ਉਸ ਵੇਲੇ ਦੀ ਧਾਰਮਿਕ ਕੱਟੜਤਾ, ਰਾਜਨੀਤੀ, ਲੋਕਾਂ ਦਾ ਰਹਿਣ-ਸਹਿਣ, ਘਰੋਗੀ ਸਾੜਾ ਤੇ ਮਸੰਦ ਪ੍ਰਥਾ ਵਿਚ ਆ ਚੁੱਕੀ ਗਿਰਾਵਟ ਅਤੇ ਗੁਰੂ ਜੀ ਦੀ ਸ਼ਹੀਦੀ ਦਾ ਸਭ ਤੋਂ ਵੱਡਾ ਕਾਰਨ ਉਸ ਵੇਲੇ ਦੀ ਘਟੀਆ ਰਾਜਨੀਤੀ ਨੂੰ ਦੱਸਿਆ ਹੈ। ਰੰਗਮੰਚ ਦੇ ਪੱਖ ਤੋਂ ਇਸ ਨੂੰ ਸਾਧਾਰਨ ਰੰਗਮੰਚੀ ਨਾਟਕ ਦੇ ਰੂਪ ਵਿਚ, ਬਹੁ-ਵਿਧਾਈ ਦੇ ਰੂਪ ਵਿਚ, ਲਾਈਟ ਐਂਡ ਸਾਊਂਡ ਨਾਟਕ ਦੇ ਤੌਰ ਤੇ ਅਤੇ ਮਲਟੀ ਮੀਡੀਆ ਦੇ ਰੂਪ ਵਿਚ ਪ੍ਰਸਤੁਤ ਕੀਤਾ ਜਾ ਸਕਦਾ ਹੈ। ਇਸ ਨਾਟਕ ਨੂੰ ਲਾਈਟ ਐਂਡ ਸਾਊਂਡ ਦੇ ਰੂਪ ਰਾਹੀਂ ਮੱਧ ਸਟੇਜ ਉਤੇ ਕੋਰਸ ਅਤੇ ਰਾਗੀਆਂ ਦੇ ਦ੍ਰਿਸ਼, ਦੂਜੀਆਂ ਦੋ ਸਟੇਜਾਂ ਵਿਚੋਂ ਇਕ ਉਤੇ ਕਮਲਾ ਅਤੇ ਸਿਆਣਾ ਦੇ ਦ੍ਰਿਸ਼ ਤੇ ਤੀਸਰੀ ਸਟੇਜ ਉਤੇ ਸੈਟ ਬਦਲ ਬਦਲ ਕੇ ਬਾਕੀ ਦੇ ਸਾਰੇ ਦ੍ਰਿਸ਼ ਦਿਖਾਏ ਹਨ। ਇਹ ਨਾਟਕ ਯਥਾਰਥਵਾਦੀ ਨਾਟ-ਸ਼ੈਲੀ ਤੋਂ ਸਿਵਾ ਹੋਰ ਨਾਟ-ਸ਼ੈਲੀਆਂ ਦੇ ਪ੍ਰਯੋਗਾਂ ਨੂੰ ਵੀ ਪ੍ਰਸਤੁਤ ਕਰਦਾ ਹੈ। ਇਸ ਨਾਟਕ ਵਿਚ ਭਾਵੇਂ ਪਾਤਰ

ਜਿਆਦਾ ਹਨ ਪਰ ਨਾਟਕਕਾਰ ਨੇ ਇਸ ਨੂੰ ਮੰਚ ਤੇ ਪੇਸ਼ ਕਰਨ ਦਾ ਸੌਖਾ ਹੱਲ ਵੀ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਨਾਟਕਕਾਰ ਨੇ ਸਿੱਖ ਇਤਿਹਾਸ ਨੂੰ ਰੰਗਮੰਚ ਉਤੇ ਨਾਟਕ ਵਿਚਲੀ ਸਮੇਂ, ਸਥਾਨ ਅਤੇ ਕਾਰਜ ਦੀ ਏਕਤਾ ਨੂੰ ਕਾਇਮ ਰੱਖਿਆ ਹੈ। ਇਸ ਤਰ੍ਹਾਂ ਇਸ ਨਾਟਕ ਨੂੰ ਰੰਗਮੰਚ ਦੇ ਪੱਖੋਂ ਇਕ ਸਫ਼ਲ ਨਾਟਕ ਕਿਹਾ ਜਾ ਸਕਦਾ ਹੈ।

ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ 'ਚਮਕੌਰ ਦੀ ਗੜ੍ਹੀ' ਨਾਟਕ ਯਥਾਰਥਵਾਦੀ ਨਾਟ-ਸ਼ੈਲੀ ਤੇ ਐਪਿਕ ਥੀਏਟਰ ਸ਼ੈਲੀ ਦੇ ਆਧਾਰ ਤੇ ਲਿਖਿਆ ਅਤੇ ਮੰਚਿਤ ਕੀਤਾ ਜਾ ਚੁੱਕਿਆ ਹੈ। ਇਸ ਨਾਟਕ ਵਿਚ ਨਾਟਕਕਾਰ ਨੇ ਸਿੱਖਾਂ ਦੀਆਂ ਬਹਾਦਰੀ ਭਰੀਆਂ ਘਟਨਾਵਾਂ ਨੂੰ ਅੰਕਿਤ ਕੀਤਾ ਹੈ। ਇਸ ਤੋਂ ਇਲਾਵਾ ਅੱਜ ਦਾ ਮਨੁੱਖ ਪਦਾਰਥਵਾਦੀ ਯੁੱਗ ਵਿਚ ਆਪਣੇ ਵਿਰਸੇ ਨੂੰ ਭੁਲਦਾ ਜਾ ਰਿਹਾ ਹੈ ਉਸ ਨੂੰ ਆਪਣੇ ਗੌਰਵਮਈ ਵਿਰਸੇ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਜੋ ਉਹ ਪ੍ਰੇਰਣਾ ਲੈ ਕੇ ਆਪਣੇ ਧਰਮ, ਦੇਸ਼ ਪ੍ਰਤੀ ਵਫ਼ਾਦਾਰੀ ਤੇ ਪਿਆਰ ਨੂੰ ਨਿਭਾ ਸਕੇ।

ਰੰਗਮੰਚ ਦੇ ਪੱਖੋਂ ਇਹ ਨਾਟਕ ਸਫ਼ਲ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਵਿਚ ਪਾਤਰ ਵੀ ਘੱਟ ਹਨ ਤੇ ਸਮੇਂ, ਸਥਾਨ ਅਤੇ ਕਾਰਜ ਦੀ ਏਕਤਾ ਵੀ ਕਾਇਮ ਰਹਿੰਦੀ ਹੈ। 'ਚਮਕੌਰ ਦੀ ਗੜ੍ਹੀ' ਨਾਟਕ ਦੇ ਤਿੰਨ ਭਾਗ ਲਏ ਜਾਣ ਤੇ ਇਸ ਵਿਚ ਸ਼ਾਮਲ ਦੋ ਹੋਰ ਇਕਾਂਗੀ ਨਾਟਕ 'ਜ਼ਫ਼ਰਨਾਮਾ' ਅਤੇ 'ਸਰਹੰਦ ਦੀ ਕੰਧ' ਹਨ। ਚਮਕੌਰ ਦੀ ਗੜ੍ਹੀ ਵਿਚ ਨਾਟਕਕਾਰ ਨੇ ਬਰੋਟੇ ਰਾਹੀਂ ਸਿੱਖ ਇਤਿਹਾਸ ਦੀ ਤਵਾਰੀਖ਼ ਤੇ ਚਾਨਣਾ ਪਾਇਆ ਹੈ ਤੇ ਸਰੋਤਿਆਂ ਨੂੰ ਆਪਣੇ ਗੌਰਵਮਈ ਇਤਿਹਾਸ ਨਾਲ ਜੋੜਿਆ ਹੈ। ਇਕਾਂਗੀ ਨਾਟਕ 'ਜ਼ਫ਼ਰਨਾਮਾ' ਵਿਚ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਜਿਨ੍ਹਾਂ ਨੂੰ

ਔਰੰਗਜ਼ੇਬ ਨੇ ਸਰਹੰਦ ਦੇ ਵਜ਼ੀਰ ਖਾਂ ਵੱਲੋਂ ਨੀਹਾਂ ਵਿਚ ਚਿਣਵਾ ਕੇ ਸ਼ਹੀਦ ਕਰਵਾ ਦਿੱਤਾ ਸੀ। ਇਸ ਦੇ ਪ੍ਰਤੀਕਰਮ ਵਜੋਂ ਗੁਰੂ ਗੋਬਿੰਦ ਸਿੰਘ ਨੇ ਆਪਣੇ ਨਾਲ ਹੋਏ ਅਨਿਆਇ ਕਾਰਨ ਔਰੰਗਜ਼ੇਬ ਨੂੰ ਪਿੰਡ ਦੀਨਾਂ ਕਾਂਗੜ ਤੋਂ 'ਜ਼ਫ਼ਰਨਾਮਾ' ਸਿਰਲੇਖ ਹੇਠ ਇਕ ਚਿੱਠੀ ਲਿਖੀ, ਜਿਸ ਵਿਚ ਉਨ੍ਹਾਂ ਵੱਲੋਂ ਔਰੰਗਜ਼ੇਬ ਨੂੰ ਸੰਬੋਧਨ ਕਰਕੇ ਲਾਹਨਤਾਂ ਪਾਈਆਂ ਹਨ। ਇਸ ਜ਼ਫ਼ਰਨਾਮੇ ਦੇ ਪ੍ਰਤੀਕਰਮ ਵਜੋਂ ਔਰੰਗਜ਼ੇਬ ਆਪਣੇ ਮਨ ਦਾ ਚੈਨ ਗਵਾ ਬੈਠਦਾ ਹੈ ਤੇ ਉਸ ਦੀ ਮੌਤ ਹੋ ਜਾਂਦੀ ਹੈ। ਇਸ ਨਾਟਕ ਦੇ ਤੀਸਰੇ ਤੇ ਆਖ਼ਰੀ ਇਕਾਂਗੀ 'ਸਰਹੰਦ ਦੀ ਕੰਧ' ਵਿਚ ਸਰਹੰਦ ਦੇ ਸੂਬੇਦਾਰ ਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣੇ ਜਾਣ ਦਾ ਦ੍ਰਿਸ਼ ਹੈ ਜਿਥੇ ਵਜ਼ੀਰ ਖਾਂ ਦੀ ਜ਼ਮੀਰ ਦੀ ਇਕ ਆਵਾਜ਼ ਉਸ ਨੂੰ ਫਿਟਕਾਰਾਂ ਪਾਉਂਦੀ ਹੈ ਤੇ ਦੂਜੀ ਉਸ ਦੇ ਭਰਮ ਦੀ ਆਵਾਜ਼ ਉਸਨੂੰ ਸਹੀ ਕਹਿੰਦੀ ਹੈ। ਇਸ ਤੋਂ ਇਲਾਵਾ ਵਜ਼ੀਰ ਖਾਂ ਨੂੰ ਸਾਹਿਬਜ਼ਾਦਿਆਂ ਦੇ ਜਿੰਦਾ ਹੋਣ ਦਾ ਭਰਮ ਹੈ। ਬੰਦਾ ਬਹਾਦਰ ਦੁਆਰਾ ਸਰਹੰਦ ਤੇ ਹਮਲਾ ਕਰਨ ਦੀ ਖ਼ਬਰ ਸੁਣ ਕੇ ਉਹ ਮਨ ਦਾ ਚੈਨ ਖੋ ਬੈਠਦਾ ਹੈ। ਇਸ ਤੋਂ ਇਲਾਵਾ ਨਾਟਕਕਾਰ ਨੇ ਇਸ ਨਾਟਕ ਵਿਚ ਉਸ ਸਮੇਂ ਦੀ ਸਮਾਜਿਕ ਸਥਿਤੀ ਦੇ ਨਾਲ ਨਾਲ ਧਾਰਮਿਕ ਵਾਤਾਵਰਨ ਦੀ ਪੇਸ਼ਕਾਰੀ ਵੀ ਕੀਤੀ ਹੈ। ਇਸ ਨਾਟਕ ਦੇ ਮੁੱਖ ਪਾਤਰਾਂ ਦੀ ਅਣਹੋਂਦ ਵਿਚ ਵੀ ਨਾਟਕਕਾਰ ਨੇ ਨਾਟਕੀ ਜੁਗਤਾਂ ਰਾਹੀਂ ਹੋਂਦ ਦਾ ਪੂਰਾ ਅਹਿਸਾਸ ਕਰਵਾਇਆ ਹੈ। ਸਟੇਜ ਸੈਟਿੰਗ ਸਾਧਾਰਨ ਹੋਣ ਕਾਰਨ ਬਹੁਤੀ ਸਮੱਗਰੀ ਵੀ ਨਹੀਂ ਵਰਤੀ ਗਈ ਕਿਉਂਕਿ ਸਾਰੀਆਂ ਘਟਨਾਵਾਂ ਇਕੋ ਸਥਾਨ ਤੇ ਹੀ ਵਾਪਰਦੀਆਂ ਹਨ। ਇਸ ਤਰ੍ਹਾਂ ਰੰਗਮੰਚ ਦੇ ਪੱਖ ਤੋਂ ਇਸ ਨੂੰ ਸਫ਼ਲ ਨਾਟਕ ਕਿਹਾ ਜਾ ਸਕਦਾ ਹੈ।

ਗੁਰੂ ਸਾਹਿਬਾਨ ਨਾਲ ਸੰਬੰਧਿਤ ਨਾਟਕਾਂ ਤੋਂ ਇਲਾਵਾ ਪ੍ਰਮੁੱਖ ਸਿੱਖ ਨਾਇਕਾਂ ਬਾਰੇ ਰਚੇ ਗਏ ਨਾਟਕਾਂ ਵਿਚੋਂ ਸੰਤ ਸਿੰਘ ਸੇਖੋਂ ਦਾ 'ਬੰਦਾ ਬਹਾਦਰ' ਨਾਟਕ ਯਥਾਰਥਵਾਦੀ ਨਾਟ-ਸ਼ੈਲੀ ਤੇ ਕਾਲ ਨਾਲ ਸੰਬੰਧਿਤ ਹੈ। ਇਸ ਨਾਟਕ ਵਿਚ ਨਾਟਕਕਾਰ ਨੇ ਬੰਦਾ ਬਹਾਦਰ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤਪਾਨ ਕਰਕੇ ਨਾਂਦੇੜ ਤੋਂ ਛੋਟੇ ਸਾਹਿਬਜ਼ਾਦਿਆਂ ਦਾ ਬਦਲਾ ਲੈਣ ਤੇ ਅਤਿਆਚਾਰ ਦਾ ਨਾਸ ਕਰਨ ਲਈ ਪੰਜਾਬ ਵੱਲ ਨੂੰ ਕੂਚ ਕੀਤਾ। ਉਨ੍ਹਾਂ ਨੇ ਸਿਹਰ-ਖੇੜਾ ਪਿੰਡ ਵਿਚ ਆ ਕੇ ਡੇਰਾ ਲਾਇਆ ਤੇ ਇਥੋਂ ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਸਿੰਘਾਂ ਦੇ ਨਾਮ ਭੇਜੇ ਗਏ ਹੁਕਮਨਾਮੇ ਭੇਜੇ ਗਏ ਤੇ ਪੰਜਾਬ ਦੇ ਸਿੱਖ ਸਰਦਾਰ ਵਹੀਰਾਂ ਘੱਤ ਕੇ ਬੰਦਾ ਬਹਾਦਰ ਦੀ ਸੈਨਾ ਵਿਚ ਆ ਕੱਠੇ ਹੋਏ। ਬੰਦਾ ਬਹਾਦਰ ਨੇ ਹੋਰ ਜਿੱਤਾਂ ਜਿੱਤਣ ਤੋਂ ਇਲਾਵਾ ਸਰਹੰਦ ਤੇ ਫ਼ਤਹਿ ਦਾ ਝੰਡਾ ਝੁਲਾਇਆ ਤੇ ਵਜ਼ੀਰ ਖਾਂ ਨੂੰ ਉਸ ਦੇ ਕੀਤੇ ਪਾਪਾਂ ਦੀ ਸਜ਼ਾ ਦਿੱਤੀ। ਅਖ਼ੀਰ ਤੇ ਨੰਗਲ ਗੜ੍ਹੀ ਵਿਚੋਂ ਬੰਦਾ ਬਹਾਦਰ ਦੀ ਗ੍ਰਿਫ਼ਤਾਰੀ ਤੇ ਦਿੱਲੀ ਵਿਖੇ ਉਸ ਦੇ ਸਾਥੀ ਸਿੱਖਾਂ ਸਮੇਤ ਬਾਦਸ਼ਾਹ ਫ਼ਰਖੁਸੀਅਰ ਦੁਆਰਾ ਉਨ੍ਹਾਂ ਨੂੰ ਕਤਲ ਕੀਤਾ ਗਿਆ ਇਸ ਬਾਰੇ ਦੱਸਿਆ ਹੈ। ਰੰਗਮੰਚ ਦੇ ਪੱਖ ਤੋਂ ਇਸ ਵਿਚ ਪਾਤਰ ਬਹੁਤੇ ਹੋਣ ਕਾਰਨ ਅਤੇ ਵੱਡੇ ਵੱਡੇ ਸੰਵਾਦ ਹੋਣ ਕਾਰਨ ਇਤਿਹਾਸਕਤਾ ਦਾ ਵਰਣਨ ਕਰਨ ਤੋਂ ਸਿਵਾ ਨਾਟਕੀ ਅੰਸ਼ਾਂ ਦੀ ਘਾਟ ਪਾਈ ਗਈ ਹੈ। ਇਹ ਨਾਟਕ ਬਹੁਤਾ ਰੰਗਮੰਚ ਤੇ ਸਫ਼ਲ ਨਹੀਂ ਹੋ ਸਕਿਆ।

ਇਸੇ ਕੜੀ ਵਿਚਲਾ ਮਹਾਰਾਜਾ ਰਣਜੀਤ ਸਿੰਘ ਨਾਲ ਸੰਬੰਧਿਤ ਨਾਟਕ 'ਲੋਕ ਮਨਾਂ ਦਾ ਰਾਜਾ' ਟੋਟਲ ਥੀਏਟਰ ਸ਼ੈਲੀ ਤੇ ਆਧਾਰਿਤ ਹੈ। ਇਸ ਵਿਚ ਨਾਟਕਕਾਰ ਨੇ ਮਹਾਰਾਜਾ ਰਣਜੀਤ ਸਿੰਘ ਦੁਆਰਾ ਜਿੱਤਾਂ ਜਿੱਤ ਕੇ ਵਿਸ਼ਾਲ ਸਿੱਖ ਰਾਜ ਦਾ ਵਿਸਥਾਰ ਕਰਨ ਤੋਂ ਇਲਾਵਾ ਲੋਕਾਂ ਦੇ ਮਨਾਂ ਨੂੰ ਜਿੱਤਣ ਵਾਲਾ ਤੇ ਲੋਕ ਪੱਖੀ, ਉਨ੍ਹਾਂ ਦਾ ਹਮਾਇਤੀ ਹੋਣ ਦਾ ਸਬੂਤ ਦਿੱਤਾ

ਹੈ। ਇਹ ਨਾਟਕ ਰੰਗਮੰਚ ਦੇ ਪੱਖ ਤੋਂ ਇਕ ਨਵੀਂ ਤਕਨੀਕ ਦੇ ਆਧਾਰ ਤੇ ਲਿਖਿਆ ਗਿਆ ਹੈ, ਜਿਸ ਵਿਚ ਰੰਗਮੰਚ ਦੀ ਪੇਸ਼ਕਾਰੀ ਰੋਸ਼ਨੀ ਤੇ ਲਾਈਟਾਂ ਦੇ ਸਹਾਰੇ ਇਕ ਹੀ ਰੰਗਮੰਚ ਤੇ ਵੱਖ ਵੱਖ ਮੰਚਾਂ ਤੇ ਅਦਾਕਾਰੀ ਦਿਖਾ ਕੇ ਇਕ ਸਫ਼ਲ ਪੇਸ਼ਕਾਰੀ ਕੀਤੀ ਹੈ। ਪਾਤਰ ਬਹੁਤੇ ਵੀ ਹੋਣ ਤੇ ਇਕ ਹੀ ਲੈਅ, ਸਮੇਂ ਤੇ ਸਥਾਨ ਵਿਚ ਬੱਝੇ ਹੋਏ ਹਨ। ਇਸ ਨਾਟਕ ਵਿਚਲੇ ਵਾਰਤਾਲਾਪ ਬੜੇ ਜ਼ੋਰਦਾਰ, ਚੁਸਤ, ਹਾਜ਼ਰ-ਜੁਆਬੀ ਭਰੇ ਤੇ ਕਹਾਣੀ ਨੂੰ ਅੱਗੇ ਤੋਰਨ ਵਾਲੇ ਹਨ।

ਉਪਰੋਕਤ ਸਥਾਪਨਾਵਾਂ ਤੇ ਸਿੱਟੇ ਸਪਸ਼ਟ ਕਰਦੇ ਹਨ ਕਿ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਦਾ ਆਲੋਚਨਾਤਮਕ ਅਧਿਐਨ ਉਪਰੰਤ ਇਹ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕ ਨਾਲ ਪੰਜਾਬੀ ਰੰਗਮੰਚ ਦਾ ਘੇਰਾ ਵਿਸ਼ਾਲ ਹੋਇਆ ਹੈ। ਇਨ੍ਹਾਂ ਨਾਟਕਾਂ ਵਿਚ ਪੰਜਾਬੀ ਸਭਿਆਚਾਰ, ਇਸ ਦੇ ਇਤਿਹਾਸ, ਧਾਰਮਿਕ ਅਕੀਦਿਆਂ, ਕਦਰਾਂ-ਕੀਮਤਾਂ ਅਤੇ ਵਿਸ਼ਵਾਸਾਂ ਦੀ ਤਰਜਮਾਨੀ ਹੋਈ ਹੈ ਤੇ ਸਿੱਖ ਇਤਿਹਾਸ ਨੂੰ ਪੂਰੀ ਗੌਰਵਤਾ ਨਾਲ ਰੰਗਮੰਚ ਤੇ ਮੰਚਿਤ ਕੀਤਾ ਜਾ ਰਿਹਾ ਹੈ। ਇਸ ਧਾਰਮਿਕ ਨਾਟਕ ਨੇ ਪੰਜਾਬੀਆਂ ਵਿਚ ਰੰਗਮੰਚ ਨੂੰ ਲੋਕਪ੍ਰਿਅ ਬਣਾ ਕੇ ਉਨ੍ਹਾਂ ਵਿਚ ਨਾਟਕੀ ਚੇਤਨਾ ਵੀ ਪੈਦਾ ਕੀਤੀ ਹੈ। ਪੰਜਾਬੀ ਰੰਗਮੰਚ ਨੂੰ ਯਥਾਰਥਵਾਦ ਤੋਂ ਇਲਾਵਾਂ ਨਵੀਆਂ ਤਕਨੀਕਾਂ ਨਾਲ ਜੋੜ ਕੇ ਵਿਕਸਿਤ ਵੀ ਕੀਤਾ ਹੈ। ਇਨ੍ਹਾਂ ਧਾਰਮਿਕ ਨਾਟਕਾਂ ਨੇ ਪੰਜਾਬੀ ਨਾਟਕ ਤੇ ਰੰਗਮੰਚ ਨੂੰ ਵਿਸ਼ਾਲ ਬਣਾ ਕੇ ਬਹੁਤ ਸਾਰੀਆਂ ਨਵੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਹਨ ਜੋ ਇਸ ਦਾ ਭਵਿੱਖ ਉਜਲਾ ਹੋਣ ਦਾ ਸਬੂਤ ਦਿੰਦੇ ਹਨ। ਇਸ ਪ੍ਰਕਾਰ ਸਿੱਖ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਨੇ ਪੰਜਾਬੀ ਨਾਟਕ ਤੇ ਰੰਗਮੰਚ ਨੂੰ ਵਿਕਸਿਤ ਕੀਤਾ ਹੈ।

# ਪੁਸਤਕ-ਸੂਚੀ

# ਪੁਸਤਕ-ਸੂਚੀ

## I. ਪੰਜਾਬੀ

### (ੳ) ਪੁਸਤਕਾਂ


ਉੱਪਲ, ਕਮਲੇਸ਼ — *ਐਬਸਰਡਵਾਦ ਅਤੇ ਪੰਜਾਬੀ ਰੰਗਮੰਚ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986

ਉਹੀ — *ਰੰਗਮੰਚ ਦੇ ਰੰਗ*, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2001

ਉਹੀ — *ਪੰਜਾਬੀ ਨਾਟਕ ਅਤੇ ਰੰਗਮੰਚ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004

ਅਚਾਰੀਆ, ਹਜ਼ਾਰੀ ਪ੍ਰਸ਼ਾਦ — *ਭਾਰਤੀ ਨਾਟਯ-ਸ਼ਾਸਤਰ ਦੀ ਪਰੰਪਰਾ* (ਅਨੁ. ਪਰਸ਼ੋਤਮ ਸ਼ਰਮਾ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, 1981

ਅਮਰ, ਆਤਮਜੀਤ ਸਿੰਘ — *ਗੁਰੂ ਨਾਨਕ ਨਾਟ ਅਧਿਐਨ*, ਅਮੋਲ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1972

ਅਰਸ਼ੀ, ਗੁਰਚਰਨ ਸਿੰਘ (ਸੰਪਾ.) — *ਪੰਜਾਬੀ ਸਭਿਆਚਾਰ ਅਤੇ ਰੰਗਮੰਚ*, ਪੰਜਾਬੀ ਅਕਾਦਮੀ, ਦਿੱਲੀ, 1987

ਆਹੂਜਾ, ਰੋਸ਼ਨ ਲਾਲ — *ਨਾਟ ਸ਼ਾਸਤਰ*, ਪੰਜਾਬੀ ਰਾਈਟਰਜ਼, ਕੋਆਪਰੇਟਿਵ ਸੁਸਾਇਟੀ ਲਿਮਟਿਡ, ਲੁਧਿਆਣਾ, ਮਿਤੀਹੀਨ

ਉਹੀ — *ਨਾਟਕ ਤੇ ਰੰਗਮੰਚ*, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਲੁਧਿਆਣਾ, 1994

ਆਤਮਜੀਤ — *ਤੱਤੀ ਤਵੀ ਦਾ ਸੱਚ*, ਪੰਜਾਬੀ ਸਭਿਆਚਾਰ ਕੇਂਦਰ, ਨਵੀਂ ਦਿੱਲੀ, 2006

| | |
|---|---|
| ਔਲਖ, ਅਜੀਤ ਸਿੰਘ (ਡਾ.) | *ਪੰਜਾਬੀ ਲੋਕ-ਨਾਟ ਪਰੰਪਰਾ*, ਨਵੀਨ ਪ੍ਰਕਾਸ਼ਨ, ਅੰਮ੍ਰਿਤਸਰ, 1982 |
| ਸਾਗਰ, ਸਬਿੰਦਰਜੀਤ ਸਿੰਘ | *ਪੰਜਾਬੀ ਨਾਟਕ ਦਾ ਇਤਿਹਾਸ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1998 |
| ਸੇਖੋਂ, ਸੰਤ ਸਿੰਘ | *ਮੁਇਆਂ ਸਾਰ ਨਾ ਕਾਈ*, ਲਾਹੌਰ ਬੁਕ ਸ਼ਾਪ, ਲੁਧਿਆਣਾ, 1954 |
| ਉਹੀ | *ਵਾਰਿਸ*, ਹਿੰਦ ਪਬਲਿਸ਼ਰਜ਼, ਅੰਮ੍ਰਿਤਸਰ, 1955 |
| ਉਹੀ | *ਮਿੱਤਰ ਪਿਆਰਾ*, ਲਾਹੌਰ ਬੁਕ ਸ਼ਾਪ, ਲੁਧਿਆਣਾ, 1970 |
| ਉਹੀ | *ਨਾਟਕ ਕਲਾ ਤੇ ਮੇਰਾ ਅਨੁਭਵ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1978 |
| ਉਹੀ | *ਬੰਦਾ ਬਹਾਦਰ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1985 |
| ਉਹੀ | *ਵੱਡਾ ਘੱਲੂਘਾਰਾ*, ਲਾਹੌਰ ਬੁਕ ਸ਼ਾਪ, ਲੁਧਿਆਣਾ, 1986 |
| ਉਹੀ | *ਬੇੜਾ ਬੰਧਿ ਨਾ ਸਕਿਓ*, ਅਤਰ ਚੰਦ ਕਪੂਰ, ਨਵੀਂ ਦਿੱਲੀ, ਮਿਤੀਹੀਣ |
| ਸੁਤੰਤਰਜੋਤ ਸਿੰਘ | *ਪੰਜਾਬੀ ਨਾਟਕ ਵਿਚ ਆਧੁਨਿਕਤਾ ਦਾ ਸੰਕਲਪ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1987 |
| ਸੇਠੀ, ਸੁਰਜੀਤ ਸਿੰਘ | *ਗੁਰ ਬਿਨ ਘੋਰ ਅੰਧਾਰ*, (ਦੂਜੀ ਵਾਰ 1978), ਨਿਊ ਬੁੱਕ ਕੰਪਨੀ, ਜਲੰਧਰ, 1960 |

ਉਹੀ — *ਮਰਦ ਮਰਦ ਨਹੀਂ, ਤੀਵੀਂ ਤੀਵੀਂ ਨਹੀਂ,* ਪੰਜਾਬੀ ਨਾਟਕ ਅਕੈਡਮੀ, ਪਟਿਆਲਾ, 1969

ਉਹੀ — ਕਾਦਰਯਾਰ (ਦੂਜੀ ਵਾਰ), ਨਿਊ ਬੁਕ ਕੰਪਨੀ, ਜਲੰਧਰ, 1973

ਉਹੀ — *ਕਿੰਗ ਮਿਰਜ਼ਾ ਤੇ ਸਪੇਰਾ* (ਦੂਜੀ ਵਾਰ), ਨਿਊ ਬੁਕ ਕੰਪਨੀ, ਜਲੰਧਰ, 1975

ਸੈਨੀ, ਪ੍ਰੀਤਮ — *ਹਰਚਰਨ ਸਿੰਘ ਦੀ ਨਾਟਕ ਕਲਾ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1975

ਸਾਗਰ, ਕਿਰਪਾ — *ਮਹਾਰਾਜਾ ਰਣਜੀਤ ਸਿੰਘ* (ਭਾਗ ਪਹਿਲਾ), ਲੇਖਕ ਆਪ, ਲਾਹੌਰ, 1924

ਉਹੀ — *ਮਹਾਰਾਜਾ ਰਣਜੀਤ ਸਿੰਘ* (ਭਾਗ ਦੂਜਾ), ਲੇਖਕ ਆਪ, ਲਾਹੌਰ, 1928

ਉਹੀ — *ਡੀਡੋ ਜਮਵਾਲ,* ਕਿਰਪਾ ਸਾਗਰ ਪ੍ਰੈਸ, ਲਾਹੌਰ, 1934

ਹਰਸਰਨ ਸਿੰਘ — *ਲੰਮੇ ਸਮੇਂ ਦਾ ਨਰਕ,* ਸੀਮਾ ਪ੍ਰਕਾਸ਼ਨ, ਜਲੰਧਰ, 1975

ਉਹੀ — *ਨਿਜ਼ਾਮ ਸੱਕਾ,* ਆਰਸੀ ਪਬਲਿਸ਼ਰਜ਼, ਦਿੱਲੀ, 1977

ਉਹੀ — *ਨਾਟਕ ਕਲਾ ਤੇ ਮੇਰਾ ਅਨੁਭਵ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1979

ਉਹੀ — *ਰਾਜਾ ਪਰਜਾ,* ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1981

ਉਹੀ — *ਥੀਏਟਰ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1988

ਉਹੀ — *ਪੰਜਾਬ ਦੀ ਨਾਟ-ਪਰੰਪਰਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996

ਹਰਚਰਨ ਸਿੰਘ — *ਰਾਜਾ ਪੋਰਸ,* ਸਿੰਘ ਬ੍ਰਦਰਜ਼, ਲਾਹੌਰ, 1938

ਉਹੀ — *ਇਤਿਹਾਸ ਜਵਾਬ ਮੰਗਦਾ ਹੈ,* ਨਿਊ ਬੁਕ ਕੰਪਨੀ, ਜਲੰਧਰ, 1968

ਉਹੀ — *ਸ਼ੋਭਾ ਸ਼ਕਤੀ,* ਨਵਯੁਗ ਪਬਲਿਸ਼ਰਜ਼, ਦਿੱਲੀ, 1968

ਉਹੀ — *ਚਮਕੌਰ ਦੀ ਗੜ੍ਹੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1969

ਉਹੀ — *ਪੁੰਨਿਆ ਦਾ ਚੰਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1969

ਉਹੀ — *ਮਿਟੀ ਧੁੰਧ ਜਗਿ ਚਾਨਣ ਹੋਆ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1969

ਉਹੀ — *ਨਾਟਕ ਕਲਾ ਅਤੇ ਹੋਰ ਲੇਖ,* ਪੈਪਸੂ ਬੁੱਕ ਡਿਪੂ, ਪਟਿਆਲਾ, 1972

ਉਹੀ — *ਹਿੰਦ ਦੀ ਚਾਦਰ,* ਲਾਹੌਰ ਬੁਕ ਸ਼ਾਪ, ਲੁਧਿਆਣਾ, 1975

ਉਹੀ — *ਪੰਜਾਬ ਵਿਚ ਇਕੋ ਇਕ ਮਰਦ ਰਾਣੀ ਜਿੰਦਾਂ,* ਨਵਯੁਗ ਪਬਲਿਸ਼ਰਜ਼, ਦਿੱਲੀ, 1981

ਉਹੀ — *ਕਾਮਾਗਾਟਾ* ਮਾਰੂ, ਰਘਬੀਰ ਪ੍ਰਕਾਸ਼ਨ, ਚੰਡੀਗੜ੍ਹ, 1985

ਹਰਭਜਨ ਸਿੰਘ — *ਪੰਜਾਬੀ ਇਤਿਹਾਸਕ ਨਾਟਕ,* ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2002

ਹਰਿਭਜਨ ਸਿੰਘ — *ਸਾਹਿਤ ਅਧਿਐਨ* (ਸੰਪਾ. ਸਤਿੰਦਰ ਸਿੰਘ), ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981

ਹਰਨਾਮ ਸਿੰਘ — *ਚਾਰ ਸਾਹਿਬਜ਼ਾਦੇ*, ਗੁਰੂ ਖਾਲਸਾ ਪ੍ਰੈਸ, ਅੰਮ੍ਰਿਤਸਰ, 1936

ਕਾਂਗ, ਅਮਰਜੀਤ ਸਿੰਘ ਤੇ ਕਾਂਗ, ਜਸਪਾਲ ਕੌਰ — *ਮੱਧਕਾਲੀ ਪੰਜਾਬੀ ਸਾਹਿਤ ਵਿਵੇਕ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2001

ਕੁਲਦੀਪ ਸਿੰਘ (ਸੰਪਾ.) — *ਪੰਜਾਬੀ ਨਾਟਕ ਦੇ ਮੋਢੀ*, ਸਾਹਿਤ ਕੇਂਦਰ ਪ੍ਰਕਾਸ਼ਨ, ਅੰਮ੍ਰਿਤਸਰ, 1966

ਖੋਸਲਾ, ਗੁਰਦਿਆਲ ਸਿੰਘ — *ਬੂਹੇ ਬੈਠੀ ਧੀ*, ਮਾਡਰਨ ਪਬਲੀਕੇਸ਼ਨ, ਲਾਹੌਰ, 1944

ਗੁਰਚਰਨ ਸਿੰਘ — *ਪੰਜਾਬੀ ਨਾਟਕਕਾਰ*, ਹਿੰਦ ਪਬਲਿਸ਼ਰਜ਼, ਅੰਮ੍ਰਿਤਸਰ, 1951

ਗੁਰਸ਼ਰਨ ਸਿੰਘ — *ਚਾਂਦਨੀ ਚੌਕ ਤੋਂ ਸਰਹੰਦ ਤੀਕ*, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮ੍ਰਿਤਸਰ, 1981

ਉਹੀ — *ਸੀਸ ਤਲੀ 'ਤੇ*, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮ੍ਰਿਤਸਰ, ਮ.ਨ.

ਗਾਰਗੀ, ਬਲਵੰਤ — *ਰੰਗਮੰਚ*, ਨਵਯੁਗ ਪਬਲਿਸ਼ਰਜ਼, ਦਿੱਲੀ, 1961

ਉਹੀ — *ਲੋਕ ਨਾਟਕ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966

ਘੁੰਮਣ, ਨਵਨਿੰਦਰਾ — *ਪੰਜਾਬੀ ਰੰਗਮੰਚ*, ਸੀਮਾ ਪ੍ਰਕਾਸ਼ਨ, ਜਲੰਧਰ, 1973

ਜਸੂਜਾ, ਗੁਰਚਰਨ ਸਿੰਘ — *ਚੜ੍ਹਿਆ ਸੋਧਣ ਧਰਤ ਲੁਕਾਈ,* ਸਾਹਿਤ ਅਕਾਦੇਮੀ, ਲੁਧਿਆਣਾ, 1970

ਉਹੀ — *ਇਕਾਂਗੀ ਨਾਟਕ: ਸਿਧਾਂਤ ਅਤੇ ਤਕਨੀਕ,* ਪੰਜਾਬੀ ਰਾਈਟਰਜ਼ ਕੋਆਪਰੇਟਿਵ ਇੰਡਸਟਰੀਅਲ ਸੋਸਾਇਟੀ ਲਿਮਟਿਡ, ਨਵੀਂ ਦਿੱਲੀ, 1987

ਜੋਸ਼ੀ, ਟੀ.ਡੀ. — *ਬਲਵੰਤ ਗਾਰਗੀ ਦੀ ਨਾਟਕ ਕਲਾ,* ਨਿਊ ਬੁੱਕ ਕੰਪਨੀ, ਜਲੰਧਰ, 1991

ਜੱਗੀ, ਰਤਨ ਸਿੰਘ — *ਸਾਹਿਤ ਦੇ ਰੂਪ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1989

ਦੁਸਾਂਝ, ਸੁਰਿੰਦਰ ਸਿੰਘ — *ਪੰਜਾਬੀ ਇਤਿਹਾਸਕ ਨਾਵਲ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2005

ਦੁੱਗਲ, ਕਰਤਾਰ ਸਿੰਘ — *ਦੁੱਗਲ ਦੇ ਨਾਟਕ* (ਪਹਿਲੀ ਸੈਂਚੀ), ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1998

ਧੀਰ, ਕੁਲਦੀਪ ਸਿੰਘ — *ਸੁਤੰਤਰਤਾ ਪਿੱਛੋਂ ਪੰਜਾਬੀ ਨਾਟਕ: ਇਕ ਸਰਬਪੱਖੀ ਵਿਸ਼ਲੇਸ਼ਣ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1980

ਨਗੇਂਦ੍ਰ (ਡਾ.) — *ਅਰਸਤੂ ਦਾ ਕਾਵਿ-ਸ਼ਾਸਤਰ,* (ਅਨੁ.) ਹਰਿਭਜਨ ਸਿੰਘ), ਐਸ.ਚਾਂਦ ਐਂਡ ਕੰਪਨੀ, ਨਵੀਂ ਦਿੱਲੀ, 1964

ਨਨਕਾਣਵੀ, ਪਾਂਧੀ — *ਹੱਕ ਪਰਾਇਆ ਨਾਨਕਾ,* ਪੰਜਾਬੀ ਬੁਕ ਸਟੋਰ, ਦਿੱਲੀ, 1969

ਉਹੀ — *ਆਨੰਦਪੁਰ ਦੀ ਅਵਾਜ਼,* ਲਾਹੌਰ ਬੁਕ ਸ਼ਾਪ, ਲੁਧਿਆਣਾ, 1972

ਉਹੀ *ਗੁਰੂ ਅਰਜਨ ਵਿਟਹੁ ਕੁਰਬਾਨੀ,* ਪੰਜਾਬੀ ਬੁਕ ਸਟੋਰ, ਦਿੱਲੀ, 1978

ਉਹੀ *ਦੋ ਰਾਤਾਂ ਚਮਕੌਰ ਦੀਆਂ,* ਨਾਟਕ ਕਲਾ ਪ੍ਰਕਾਸ਼ਨ, ਦਿੱਲੀ, 1984

ਨੂਰ, ਸੁਤਿੰਦਰ ਸਿੰਘ *ਸਾਹਿਤ: ਸਿਧਾਂਤ ਤੇ ਵਿਹਾਰ,* ਆਰਸੀ ਪਬਲਿਸ਼ਰਜ਼, ਦਿੱਲੀ, 1997

ਨੂਰ, ਪਰਮਜੀਤ ਕੌਰ *ਪੰਜਾਬੀ ਨਾਟਕ ਅਤੇ ਅਜਮੇਰ ਔਲਖ,* ਵਾਰਿਸ ਸ਼ਾਹ ਫਾਊਡੇਸ਼ਨ, ਅੰਮ੍ਰਿਤਸਰ, 1991

ਫੁੱਲ, ਗੁਰਦਿਆਲ ਸਿੰਘ (ਪ੍ਰੋ.) ਅਤੇ ਸੇਠੀ, ਕੁਲਦੀਪ ਸਿੰਘ, *ਨਾਟਕ ਸਿਧਾਂਤ ਤੇ ਪੰਜਾਬੀ ਨਾਟਕਕਾਰ,* ਕੁਲਦੀਪ ਪ੍ਰੈਸ, ਅੰਮ੍ਰਿਤਸਰ, 1957

ਫੁੱਲ ਗੁਰਦਿਆਲ ਸਿੰਘ *ਅਸੀਂ ਦੂਣ ਸਵਾਏ ਹੋਏ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1972

ਉਹੀ *ਆਪਣਾ ਮੂਲ ਪਛਾਣ,* ਫੁੱਲ ਪ੍ਰਕਾਸ਼ਨ, ਅੰਮ੍ਰਿਤਸਰ, 1977

ਉਹੀ *ਪੰਜਾਬੀ ਨਾਟਕ: ਸਰੂਪ ਸਿਧਾਂਤ ਤੇ ਵਿਕਾਸ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988

ਉਹੀ *ਰੰਗਮੰਚ ਕਲਾ,* ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਮਿਤੀਹੀਣ

ਬਨਵੈਤ, ਅਮਰੀਕ ਸਿੰਘ *ਹਰਚਰਨ ਸਿੰਘ ਦੀ ਨਾਟਕ ਕਲਾ-ਹਰਚਰਨ ਸਿੰਘ ਦੀ ਜ਼ਬਾਨੀ,* ਪੈਪਸੂ ਬੁੱਕ ਡਿਪੂ, ਪਟਿਆਲਾ, 1974

ਬਵੇਜਾ, ਨਸੀਬ *ਹਰਸਰਨ ਸਿੰਘ ਦੀ ਨਾਟਕ ਕਲਾ,* ਨਿਸ਼ਾਂਤ ਪ੍ਰਕਾਸ਼ਨ, ਫ਼ਰੀਦਾਬਾਦ, 1988

ਬਹਿਲ, ਨਵਨਿੰਦਰਾ (ਸੰਪਾ.) *ਰੰਗਮੰਚ ਅਤੇ ਟੈਲੀਵਿਜ਼ਨ ਨਾਟਕ,* ਪੰਜਾਬੀ ਅਕਾਦਮੀ, ਦਿੱਲੀ, 1989

ਉਹੀ *ਨਾਟਕੀ ਸਾਹਿਤ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991

ਬਲਬੀਰ ਸਿੰਘ *ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ,* ਨਿਊ ਬੁਕ ਕੰਪਨੀ, ਜਲੰਧਰ, 1958

ਬਖ਼ਸ਼ੀਸ਼ ਸਿੰਘ *ਪੰਜਾਬੀ ਨਾਟਕ ਵਿਚ ਲੋਕ-ਤੱਤ,* ਪੰਜਾਬ ਪ੍ਰਕਾਸ਼ਨ, ਚੰਡੀਗੜ੍ਹ, 1987

ਬ੍ਰਹਮਜਗਦੀਸ਼ ਸਿੰਘ *ਨਾਟਕ ਅਤੇ ਰੰਗਮੰਚ,* ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2002

ਭਰਤਮੁਨੀ ਨਾਟਯ-ਸ਼ਾਸਤਰ, (ਅਨੁ.ਜੀ.ਐਨ. ਰਾਜਗੁਰੂ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986

ਭੋਗਲ, ਪਿਆਰਾ ਸਿੰਘ (ਪ੍ਰੋ.) *ਪੰਜਾਬੀ ਸਾਹਿਤ ਦਾ ਇਤਿਹਾਸ,* ਹਿਰਦੇਜੀਤ ਪ੍ਰਕਾਸ਼ਨ, ਜਲੰਧਰ, 1975

ਭੂਪਾਲ ਦਾਸ *ਪੰਜਾਬੀ ਨਾਟ-ਚੇਤਨਾ ਦਾ ਸਫ਼ਰ,* ਬਲਵੰਤ ਪ੍ਰਕਾਸ਼ਨ, ਜਲੰਧਰ, 1989

ਉਹੀ *ਪੰਜਾਬੀ ਨਾਟ-ਆਲੋਚਨਾ,* ਬਲਵੰਤ ਪ੍ਰਕਾਸ਼ਨ, ਜਲੰਧਰ, 1994

ਮਨਜੀਤ ਪਾਲ ਕੌਰ (ਸੰਪਾ.) *ਪੰਜਾਬੀ ਨਾਟਕ ਤੇ ਰੰਗਮੰਚ: ਵਿਕਾਸ ਦੀਆਂ ਸਮੱਸਿਆਵਾਂ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1993

ਮਨਜੀਤਪਾਲ ਕੌਰ ਅਤੇ ਵਰਮਾ, ਸਤੀਸ਼ ਕੁਮਾਰ *ਨਾਟਧਾਰਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997

ਮਾਨ, ਗੁਰਦੇਵ ਸਿੰਘ — *ਸਤਿਗੁਰ ਨਾਨਕ ਪ੍ਰਗਟਿਆ*, ਲਾਹੌਰ ਬੁਕ ਸ਼ਾਪ, ਲੁਧਿਆਣਾ, 1969

ਰਘਬੀਰ ਕੌਰ (ਡਾ.) — *ਪੰਜਾਬੀ ਦੁਖਾਂਤ ਨਾਟਕ: ਪਰੰਪਰਾ ਤੇ ਪ੍ਰਵਾਹ*, ਜਲੰਧਰ ਬੁੱਕ ਸ਼ਾਪ, ਜਲੰਧਰ, 2004

ਰੋਡੇ, ਅਜਮੇਰ — *ਕਾਮਾਗਾਟਾ ਮਾਰੂ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1984

ਰੰਗਾਚਾਰੀਆ, ਆਦਿੱਯ — *ਭਾਰਤ ਰੰਗਮੰਚ*, (ਅਨੁ. ਗੁਰਮੁਖ ਸਿੰਘ ਸਹਿਗਲ) ਨੈਸ਼ਨਲ ਬੁੱਕ ਟਰੱਸਟ, ਨਵੀਂ ਦਿੱਲੀ, 1971

ਵਰਮਾ, ਸਤੀਸ਼ ਕੁਮਾਰ — *ਬਰੈਖ਼ਤ ਅਤੇ ਪੰਜਾਬੀ ਨਾਟਕ*, ਸ੍ਰੀਮਤੀ ਦਵਾਰਕੀ ਦੇਵੀ ਮੈਮੋਰੀਅਲ ਪ੍ਰਕਾਸ਼ਨ, ਪਟਿਆਲਾ, 1983

ਉਹੀ — *ਪੰਜਾਬੀ ਨਾਟ-ਚਿੰਤਨ*, ਜੈਨ ਸੰਨਜ਼ ਪ੍ਰਕਾਸ਼ਨ, ਸਰਹੰਦ, 1989

ਉਹੀ — *ਨਾਟਕਕਾਰਾਂ ਨਾਲ ਸੰਵਾਦ*, ਪੰਜਾਬੀ ਸਾਹਿਤ ਅਕਾਦਮੀ, ਚੰਡੀਗੜ੍ਹ, 1997

ਉਹੀ — *ਪੰਜਾਬੀ ਰੰਗਮੰਚ ਦੀ ਭੂਮਿਕਾ*, ਬ਼ਿਸਨ ਚੰਦ ਐਂਡ ਸੰਨਜ਼, ਦਿੱਲੀ, 2003

ਉਹੀ — *ਪੰਜਾਬੀ ਨਾਟਕ: ਪ੍ਰਗਤੀ ਤੇ ਪਾਸਾਰ*, ਕ੍ਰਿਤੀ ਪ੍ਰਕਾਸ਼ਨ, ਦਿੱਲੀ, 2003

ਉਹੀ — *ਲੋਕ ਮਨਾਂ ਦਾ ਰਾਜਾ*, ਸ੍ਰੀ ਪ੍ਰਕਾਸ਼ਨ, ਦਿੱਲੀ, 2004

ਉਹੀ — *ਪੰਜਾਬੀ ਨਾਟਕ ਦਾ ਇਤਿਹਾਸ*, ਪੰਜਾਬੀ ਅਕਾਦਮੀ, ਦਿੱਲੀ, 2005

ਉਹੀ — *ਵੀਹਵੀਂ ਸਦੀ ਦਾ ਪੰਜਾਬੀ ਨਾਟਕ*, ਸਾਹਿਤ ਅਕਾਦੇਮੀ, ਨਵੀਂ ਦਿੱਲੀ, 2002

ਉਹੀ — *ਨਾਟਕ ਕਲਾ*, ਪੰਜਾਬੀ ਨਾਟਕ ਅਕੈਡਮੀ, ਪਟਿਆਲਾ, 1974

ਉਹੀ — *ਸਿਰਜਨਾਤਮਿਕ ਨਾਟਕ-ਨਿਰਦੇਸ਼ਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985

ਵਰਮਾ, ਪਰਮਜੀਤ — *ਪੰਜਾਬੀ ਬਾਲ ਨਾਟਕ: ਸਰਵੇਖਣ ਤੇ ਮੁਲਾਂਕਣ*, ਸ਼ਿਲਾਲੇਖ, ਦਿੱਲੀ, 2000

ਸ਼ਰਮਾ, ਜੀ.ਐਲ. — *ਨਾਟਕ ਸਿਧਾਂਤ ਤੇ ਰੰਗ-ਮੰਚ*, ਏਕਤਾ ਪ੍ਰਕਾਸ਼ਨ, ਅੰਮ੍ਰਿਤਸਰ, 1987

## (ਅ) ਹਵਾਲਾ ਪੁਸਤਕਾਂ

ਜੱਗੀ, ਰਤਨ ਸਿੰਘ — *ਸਾਹਿਤ ਕੋਸ਼*, (ਪਰਿਭਾਸ਼ਕ ਸ਼ਬਦਾਵਲੀ),ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989

## (ੲ) ਖੋਜ-ਪ੍ਰਬੰਧ/ਖੋਜ-ਨਿਬੰਧ

ਗੁਰਬਚਨ ਸਿੰਘ — *ਧਾਰਮਿਕ ਨਾਟਕ ਦੀ ਪੰਜਾਬੀ ਰੰਗਮੰਚ ਨੂੰ ਦੇਣ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982

ਦੇਵਿੰਦਰ ਕੁਮਾਰ — *ਗੁਰਦਿਆਲ ਸਿੰਘ ਫੁੱਲ ਦੇ ਨਾਟਕਾਂ ਦਾ ਰੰਗਮੰਚੀ ਅਧਿਐਨ*, ਪੀ-ਐਚ.ਡੀ., ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਨਸੀਬ ਸਿੰਘ — ਹਰਚਰਨ ਸਿੰਘ ਦੇ ਨਾਟਕਾਂ ਦਾ ਆਲੋਚਨਾਤਮਕ ਅਧਿਐਨ, ਪੀ-ਐਚ.ਡੀ., ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993

ਬੇਦੀ, ਪਰਮਜੀਤ — *ਆਤਮਜੀਤ ਦੇ ਨਾਟਕਾਂ ਦਾ ਰੰਗਮੰਚੀ ਅਧਿਐਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਐਮ.ਫਿਲ ਲਈ ਪ੍ਰਵਾਨਿਤ ਖੋਜ-ਨਿਬੰਧ, 1987

ਰਵੇਲ ਸਿੰਘ — *ਪੰਜਾਬ ਦੀ ਲੋਕ-ਨਾਟ ਪਰੰਪਰਾ ਅਤੇ ਪੰਜਾਬੀ ਨਾਟਕ,* ਪੀ-ਐਚ.ਡੀ. ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998

ਰਾਜਿੰਦਰ ਕੁਮਾਰ — *1975 ਤੋਂ ਬਾਅਦ ਦੇ ਪੰਜਾਬੀ ਨਾਟਕ ਦੀਆਂ ਨਾਟ-ਜੁਗਤਾਂ,* ਪੀ-ਐਚ.ਡੀ. ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992

(ਸ) ਖੋਜ-ਪੱਤਰ:

ਵਰਮਾ, ਸਤੀਸ਼ ਕੁਮਾਰ — *ਵਰਤਮਾਨ ਪ੍ਰਸਥਿਤੀਆਂ ਵਿਚ ਰੰਗਮੰਚ ਦੀ ਭੂਮਿਕਾ ਤੇ ਸਾਰਥਕਤਾ,* ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ, ਪੰਜਾਬੀ ਅਕਾਦਮੀ ਦਿੱਲੀ ਦੇ ਸਹਿਯੋਗ ਨਾਲ ਆਯੋਜਿਤ 'ਪੰਜਾਬੀ ਸਾਹਿਤ, ਸਭਿਆਚਾਰ ਤੇ ਰੰਗਮੰਚ ਸੈਮੀਨਾਰ' 7-8 ਫਰਵਰੀ, 1987 ਵਿਚ ਪ੍ਰਸਤੁਤ ਖੋਜ-ਪੱਤਰ

ਉਹੀ — *ਪੰਜਾਬੀ ਨਾਟਕ ਅਤੇ ਰੰਗਮੰਚ ਦੇ ਸਰੋਕਾਰ ਅਤੇ ਚੁਣੌਤੀਆਂ,* ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ 15-17 ਮਾਰਚ,2000 ਨੂੰ ਆਯੋਜਿਤ ਸੈਮੀਨਾਰ ਵਿਚ ਪ੍ਰਸਤੁਤ ਖੋਜ-ਪੱਤਰ

ਉਹੀ — *ਸੰਯੁਕਤ ਪੰਜਾਬੀ ਨਾਟਕ ਦੀ ਇਤਿਹਾਸਕਾਰੀ,* ਪੰਜਾਬੀ ਅਕਾਦਮੀ ਦਿੱਲੀ ਦੇ ਸਹਿਯੋਗ ਨਾਲ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ,

ਪਟਿਆਲਾ ਵੱਲੋਂ 2005 ਵਿਚ ਆਯੋਜਿਤ ਸੈਮੀਨਾਰ ਵਿਚ ਪ੍ਰਸਤੁਤ ਖੋਜ-ਪੱਤਰ

ਉਪੱਲ, ਕਮਲੇਸ਼ — *ਸੁਰਜੀਤ ਸੇਠੀ ਦੀ ਪੰਜਾਬੀ ਰੰਗਮੰਚ ਨੂੰ ਦੇਣ,* ਪੰਜਾਬੀ ਸਭਿਆਚਾਰ ਅਕਾਦਮੀ ਵੱਲੋਂ ਅਯੋਜਿਤ ਨਾਟ-ਸੈਮੀਨਾਰ ਅਤੇ ਨਾਟ ਸਮਾਰੋਹ ਤੇ 14 ਦਸੰਬਰ, 1996 ਨੂੰ ਪ੍ਰਸਤੁਤ ਖੋਜ-ਪੱਤਰ

ਬਹਿਲ, ਨਵਨਿੰਦਰਾ — *ਪੰਜਾਬੀ ਰੰਗਮੰਚ: ਪੇਸ਼ਕਾਰੀ ਦੀਆਂ ਵਿਧੀਆਂ,* ਪੰਜਾਬੀ ਵਿਭਾਗ, ਪਟਿਆਲਾ ਵੱਲੋਂ ਪੰਜਾਬੀ ਅਕਾਦਮੀ, ਦਿੱਲੀ ਦੇ ਸਹਿਯੋਗ ਨਾਲ ਆਯੋਜਿਤ 'ਪੰਜਾਬੀ ਸਾਹਿਤ, ਸਭਿਆਚਾਰ ਤੇ ਰੰਗਮੰਚ ਸੈਮੀਨਾਰ, 7-8 ਫਰਵਰੀ, 1987 ਵਿਚ ਪ੍ਰਸਤੁਤ ਖੋਜ-ਪੱਤਰ

## (ਹ) ਰਸਾਲੇ/ਮੈਗਜ਼ੀਨ :

ਆਲੋਚਨਾ — *ਪੰਜਾਬੀ ਸਾਹਿਤ ਅਕਾਡ਼ਮੀ,* ਲੁਧਿਆਣਾ, ਜੁਲਾਈ-ਦਸੰਬਰ, 1997

ਸਾਹਿਤ ਸਮਾਚਾਰ — *ਨਾਟਕ ਅੰਕ, ਲਾਹੌਰ ਬੁੱਕ ਸ਼ਾਪ,* ਲੁਧਿਆਣਾ, 1970.

ਸਿਰਜਣਾ — ਜੁਲਾਈ-ਸਤੰਬਰ, ਚੰਡੀਗੜ੍ਹ, 1999, ਅੰਕ 113

ਖੋਜ ਦਰਪਣ — *ਪੰਜਾਬੀ ਅਧਿਐਨ ਸਕੂਲ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜੁਲਾਈ 1996, ਅੰਕ 2

ਖੋਜ-ਪਤ੍ਰਿਕਾ — *ਨਾਟਕ ਵਿਸ਼ੇਸ਼ ਅੰਕ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985

ਖੋਜ ਪਤ੍ਰਿਕਾ — *ਨਾਟ-ਸ਼ੈਲੀਆਂ ਵਿਸ਼ੇਸ਼ ਅੰਕ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997

ਪੰਜਾਬੀ ਦੁਨੀਆ — *ਨਾਟਕ ਵਿਸ਼ੇਸ਼ ਅੰਕ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਮਾਰਚ 1966

ਪੰਜਾਬੀ ਦੁਨੀਆ — *ਭਾਸ਼ਾ ਵਿਭਾਗ ਪੰਜਾਬ*, ਪਟਿਆਲਾ, ਫਰਵਰੀ 1987, ਮਈ 1988

**II. हिन्दी**

कथुरिआ, सुंदर लाल — *समकालीन हिन्दी नाटक*, पंकज पुस्तक मंदर, नई दिल्ली, 1992

गारगी, संतोष — *आधुनिक हिन्दी और पंजाबी नाटक*, भाषा विभाग, पटियाला, 1974

गौतम, रमेश — *सातवे दशक के प्रतीकात्मक नाटक*, राजेश प्रकाशन, दिल्ली, 1977

चतुरर्वेदी, सीता राम — *भारतीय तथा पाश्चात्य रंगमंच*, हिन्दी संगीत सूचना विभाग, लखनऊ, 1964

चातक, गोबिन्द (डा.) — *रंगमंच कला और दृष्टि*, तकशिला प्रकाशन, दिल्ली, 1976

जैन, नेमिचंद्र — *रंग–दर्शन*, अक्षर प्रकाशन, दिल्ली, 1967

त्रिपाठी, विशनु कुमार — *नाटक तत्त्व : सिद्धांत और समीकिसा*, सिमरती, ईलाहाबाद, 1973

दुबे, चंदु लाल — *नाटक और रंगमंच*, नैशनल पब्लिशिंग हाऊस, नई दिल्ली, 1979

लक्ष्मी, नारायण लाल (डा.) *पारसी–हिन्दी रंगमंच*, राजपाल अैंड संन्ज, दिल्ली, 1972

**III. ENGLISH**

Adya. Rangacharya — *The Indian Theatre*, National Book Trust, New Delhi, 1971

Allardyce, Nicoll — *The Theatre and Dramatic Theory*, George. Harrap, Landon, 1962

Boulton Marjorie — *Anatomy of Drama*, Routledge & Kegan Paul Limited, Broadway House, London, 1960

Elmar D. Mitchell — *The Theory of Play*, The Ronald press company, New York, 1934

Esslin, Matin — *Brecht : A choice of Evils*, Eyre Metheren, London, 1980

James, L. Calderwood — *Press perceives of Drama*, Oxford university Press, London, 1968

Peacock, Ronald — *The Art of Drama*, Roultedge of Kegan Paul, London, 1957

Priestley, J.B. — *The Art of the Dramtist*, Heinmann Ltd., London, 1957

Styan, J.L. — *The Elements of Drama*, Cambridge University Press, 1963

Theodore, W.Hatlen — *Drama, Principles & Plays,* Prentice Hall Englewood, Cliffs New Jersey, 1975.

P.U. LIBRARY CHANDIGARH
692477